RE/MAX NORTH CENTRAL
6401 Eldorado Pkwy Ste. 219, Mckinney, TX 75070
Serving in North Texas
We can help with finance
Ph: 972-529-5555
Email: info@remaxnorthcentral.com
www.remaxnorthcentral.com
PL Contact For Residential Needs only

Ad Space Available
Please Call
Ph: 847-359-0746


ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 37, September 15, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਨਸ਼ਾ ਤਸਕਰੀ: ਮਜੀਠੀਏ ਦੀ 'ਤਾਕਤ' ਤੋਂ ਹਾਈ ਕੋਰਟ ਵੀ ਦੰਗ

## ਕੈਪਟਨ ਦੀ ਰਣਨੀਤੀ 'ਤੇ ਵੀ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ 6 ਹਜ਼ਾਰ ਕਰੋੜ ਦੀ ਨਸ਼ਾ ਤਸਕਰੀ ਵਾਲੇ ਕੇਸ ਵਿਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਸ਼ਮੂਲੀਅਤ ਦਾ ਮਾਮਲਾ ਫਿਰ ਭਖ ਗਿਆ ਹੈ। ਇਸ ਮਾਮਲੇ ਦੀ ਸੁਣਵਾਈ ਦੌਰਾਨ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਅਧਿਕਾਰੀਆਂ ਨੇ ਇਸ ਅਕਾਲੀ ਆਗੂ ਨੂੰ ਹੱਥ ਪਾਉਣ ਵਿਚ ਬੇਵਸੀ ਜ਼ਹਿਰ ਕਰਕੇ ਨਵੀਂ ਚਰਚਾ ਛੇੜ ਦਿੱਤੀ ਹੈ। ਦੱਸ ਦਈਏ ਕਿ ਇਸ ਮਾਮਲੇ ਵਿਚ ਸਾਬਕਾ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ, ਉਸ ਦੇ ਲੜਕੇ ਦਮਨਵੀਰ ਸਿੰਘ ਫਿਲੌਰ, ਸਾਬਕਾ ਸੰਸਦੀ ਸਕੱਤਰ ਅਵਿਨਾਸ਼ ਚੰਦਰ ਅਤੇ ਜਗਜੀਤ ਸਿੰਘ ਚਾਹਲ ਦੀ ਪਤਨੀ ਇੰਦਰਜੀਤ ਕੌਰ ਵਿਰੁਧ ਦੋਸ਼ ਤੈਅ ਹੋਣੇ ਸਨ ਪਰ ਈ.ਡੀ. ਅਧਿਕਾਰੀ ਨਿਰੰਜਣ ਸਿੰਘ ਨੇ ਜੱਜ ਦਾ ਇਹ ਕਹਿ ਕੇ ਪਾਰਾ ਚਾੜ੍ਹ ਦਿੱਤਾ ਕਿ ਇਸ ਮਾਮਲੇ ਵਿਚ ਅਜੇ ਮਜੀਠੀਆ ਤੋਂ ਪੁੱਛਗਿਛ ਕਰਨੀ ਹੈ ਜੋ ਕੇਸ ਵਿਚ ਬਿਲਕੁਲ ਸਹਿਯੋਗ ਨਹੀਂ ਕਰ ਰਿਹਾ।

ਯਾਦ ਰਹੇ ਕਿ ਈ.ਡੀ. ਕੋਲ ਮਜੀਠੀਆ ਦੀ ਗ੍ਰਿਫਤਾਰੀ ਦਾ ਹੱਕ ਹੈ ਪਰ ਅਜੇ ਤਕ ਅਜਿਹਾ ਕੀਤਾ ਨਹੀਂ ਗਿਆ। ਇਸ 'ਤੇ ਈ.ਡੀ. ਨੂੰ ਝਾੜ ਪਾਉਂਦਿਆਂ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਨੇ ਆਖ ਦਿੱਤਾ ਕਿ ਹੁਣ ਬਹੁਤ ਸਬਰ ਹੋ ਗਿਆ, ਬੱਸ ਹੋਰ ਨਹੀਂ। ਅਦਾਲਤ ਦੀ ਇਹ ਸਖਤੀ ਸੰਕੇਤ ਦੇ ਰਹੀ ਹੈ ਕਿ ਅਕਾਲੀ ਦਲ ਦੇ ਇਸ ਤਾਕਤਵਰ ਆਗੂ ਅੱਗੇ ਜਾਂਚ ਏਜੰਸੀਆਂ ਦੀ ਬੇਵੱਸੀ ਕਿਸ ਹੱਦ ਤੱਕ ਪੁੱਜ ਗਈ ਹੈ। ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀ ਮਜੀਠੀਆ ਨਾਲ ਲਿਹਾਜ਼ ਬਾਰੇ ਸਵਾਲ ਚੁੱਕੇ ਹਨ। ਖਹਿਰਾ ਨੇ ਇਥੋਂ ਤੱਕ ਆਖ ਦਿੱਤਾ ਕਿ ਜਦ ਈ.ਡੀ. ਕੋਲ ਸਾਰੇ ਸਬੂਤ ਹਨ, ਜੇ ਫਿਰ ਵੀ ਮਜੀਠੀਆ ਨੂੰ ਹੱਥ ਨਹੀਂ ਪਾਇਆ ਜਾ ਰਿਹਾ ਤਾਂ ਕੁਝ ਗੜਬੜ ਜ਼ਰੂਰ ਹੈ।

ਚੇਤੇ ਰਹੇ ਕਿ ਇਸ ਮਾਮਲੇ ਵਿਚ ਮੁੱਖ ਮੁਲਜ਼ਮ ਜਗਦੀਸ਼ ਸਿੰਘ ਭੋਲਾ ਨੇ ਪੁਲਿਸ ਹਿਰਾਸਤ ਵਿਚ ਸ਼ਰੇਆਮ ਮਜੀਠੀਆ ਦਾ ਨਾਂ ਲਿਆ ਸੀ। ਇਸ ਪਿਛੋਂ ਈ.ਡੀ. ਨੇ ਮਜੀਠੀਆ ਨੂੰ ਪੁੱਛਗਿਛ ਲਈ ਸੱਦਿਆ ਸੀ ਪਰ ਇਸ ਤੋਂ ਅੱਗੇ ਕੀ ਕਾਰਵਾਈ



ਹੋਈ, ਇਸ ਦੀ ਭਾਫ ਤੱਕ ਨਹੀਂ ਕੱਢੀ ਗਈ। ਅਕਾਲੀ ਸਰਕਾਰ ਸਮੇਂ ਇਹ ਮਾਮਲਾ ਕਾਫੀ ਭਖਿਆ ਸੀ, ਪਰ ਉਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੁੱਲ੍ਹ ਕੇ ਮਜੀਠੀਆ ਦੇ ਹੱਕ ਵਿਚ ਡਟੇ ਰਹੇ। ਮਜੀਠੀਆ ਦੇ ਅਸਤੀਫੇ ਦੀ ਮੰਗ ਉਠੀ ਤਾਂ ਬਾਦਲ ਨੇ ਇਹੀ ਤਰਕ ਦਿੱਤਾ ਕਿ ਜਾਂਚ ਜਾਰੀ ਹੈ, ਕਾਨੂੰਨ ਆਪਣਾ ਕੰਮ ਕਰ ਰਿਹਾ ਹੈ। ਹੁਣ ਇਹੀ ਰਟ ਕੈਪਟਨ ਅਮਰਿੰਦਰ ਸਰਕਾਰ ਨੇ ਲਾਈ ਹੋਈ ਹੈ। ਹਾਲਾਂਕਿ ਵਿਧਾਨ ਸਭਾ ਚੋਣਾਂ ਵਿਚ ਮਜੀਠੀਏ ਦੀ ਗ੍ਰਿਫਤਾਰੀ ਦਾ ਮੁੱਦਾ ਵੱਡੇ ਪੱਧਰ ਉਤੇ ਉਭਾਰਿਆ ਗਿਆ ਸੀ। ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਦਾਅਵਾ ਕੀਤਾ ਸੀ ਕਿ ਸਰਕਾਰ ਬਣਦਿਆਂ ਪਹਿਲਾ ਕੰਮ ਮਜੀਠੀਏ ਨੂੰ ਅੰਦਰ ਕਰਨਾ ਹੋਵੇਗਾ। ਹੁਣ ਕਾਂਗਰਸ ਦੀ ਸਰਕਾਰ ਬਣਿਆਂ ਪੌਣੇ ਦੋ ਸਾਲ ਹੋ ਗਏ ਹਨ ਅਤੇ ਇਸ ਧਿਰ ਦੇ ਆਪਣੇ ਮੰਤਰੀ ਵੀ ਕੈਪਟਨ ਅਮਰਿੰਦਰ ਸਿੰਘ ਨੂੰ ਵਾਅਦਾ ਚੇਤੇ ਕਰਵਾ ਰਹੇ ਹਨ, ਪਰ ਹੁਣ ਕੈਪਟਨ ਵੀ ਸਾਬਕਾ ਮੁੱਖ ਮੰਤਰੀ ਬਾਦਲ ਵਾਲਾ ਜਵਾਬ ਹੀ ਦੇ ਰਹੇ ਹਨ। ਕੈਪਟਨ ਨੇ ਚੋਣਾਂ ਤੋਂ ਪਹਿਲਾਂ ਚਾਰ ਹਫਤਿਆਂ ਵਿਚ ਨਸ਼ਿਆਂ ਦਾ ਖਾਤਮਾ ਕਰਨ ਦਾ ਵਾਅਦਾ ਵੀ ਕੀਤਾ ਸੀ ਪਰ ਇਸ ਪਾਸੇ ਅਜੇ ਤੱਕ ਕੋਈ ਠੋਸ ਕਾਰਵਾਈ ਨਹੀਂ ਹੋ ਸਕੀ। ਕੈਪਟਨ ਨੇ ਸਰਕਾਰ ਬਣਦੇ ਸਾਰ ਇਸ ਸਬੰਧੀ ਵਿਸ਼ੇਸ਼ ਟਾਸਕ ਫੋਰਸ ਬਣਾਈ ਸੀ ਪਰ ਹੁਣ ਇਹ ਵੀ ਵਿਵਾਦਾਂ ਦਾ ਵਿਸ਼ਾ ਬਣੀ ਹੋਈ ਹੈ।

ਕੈਪਟਨ ਨੇ ਅਚਾਨਕ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਨੂੰ ਹਟਾ ਦਿੱਤਾ ਹੈ। ਸਿੱਧੂ ਦੀ ਥਾਂ ਡੀ.ਜੀ. ਪੀ. ਰੈਂਕ ਦੇ ਅਧਿਕਾਰੀ ਮੁਹੰਮਦ ਮੁਸਤਫਾ ਐਸ.ਟੀ.ਐਫ. ਦੀ ਕਮਾਨ ਸਾਂਭਣਗੇ। ਪੰਜਾਬ ਪੁਲਿਸ ਦੇ ਏ.ਡੀ.ਜੀ.ਪੀ. ਹਰਪ੍ਰੀਤ ਸਿੱਧੂ ਸਖਤ ਪੁਲਿਸ ਅਫਸਰ ਵਜੋਂ ਜਾਣੇ ਜਾਂਦੇ ਹਨ। ਹਰਪ੍ਰੀਤ ਸਿੱਧੂ ਨੇ ਹੀ ਕੁਝ ਸਮਾਂ ਪਹਿਲਾਂ ਮਜੀਠੀਆ ਬਾਰੇ ਆਪਣੀ ਰਿਪੋਰਟ ਵਿਚ ਖੁਲਾਸਾ ਕੀਤਾ ਸੀ। ਰਿਪੋਰਟ ਵਿਚ ਬਿਕਰਮ ਮਜੀਠੀਆ ਵਿਰੁਧ ਅੱਗੇ ਜਾਂਚ ਕਰਨ ਦੀ ਸਿਫਾਰਸ਼ ਵੀ ਕੀਤੀ ਗਈ ਸੀ। ਹਾਈ ਕੋਰਟ ਨੇ ਸਿੱਧੂ ਦੀ ਇਹ ਰਿਪੋਰਟ ਪੰਜਾਬ ਸਰਕਾਰ ਨੂੰ ਐਕਸ਼ਨ ਲੈਣ ਲਈ ਭੇਜੀ ਹੋਈ ਹੈ।

ਸਿੱਧੂ ਵੱਲੋਂ ਹਾਈ ਕੋਰਟ ਵਿਚ ਰਿਪੋਰਟ ਦੇਣ ਤੋਂ ਕੈਪਟਨ ਬਹੁਤੇ ਖੁਸ਼ ਨਹੀਂ ਸਨ। ਇੰਨਾ ਹੀ ਨਹੀਂ, ਪੰਜਾਬ ਪੁਲਿਸ ਦੇ ਡੀ.ਜੀ.ਪੀ. ਪੱਧਰ ਦੇ ਅਧਿਕਾਰੀਆਂ ਦਾ ਟੋਲਾ ਵੀ ਸਿੱਧੂ ਨਾਲ ਖਾਰ ਖਾਂਦਾ ਸੀ। ਕੈਪਟਨ ਨੇ ਖੁਦ ਦੀ ਸਿੱਧੂ ਬਾਰੇ ਇਕ ਵਾਰ

*(ਬਾਕੀ ਸਫਾ 6 ਉਤੇ)*

# ਹਿੰਸਕ ਹੋਈਆਂ ਪੰਚਾਇਤੀ ਚੋਣਾਂ

**ਚੰਡੀਗੜ੍ਹ:** ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ ਸਬੰਧੀ ਨਾਮਜ਼ਦਗੀਆਂ ਮੌਕੇ ਵੱਡੇ ਪੱਧਰ ਉਤੇ ਵੱਢ-ਟੁੱਕ ਅਤੇ ਗੋਲੀ ਚੱਲਣ ਦੀ ਘਟਨਾਵਾਂ ਨੇ ਪੰਜਾਬ ਵਿਚ ਅਮਨ-ਕਾਨੂੰਨ ਵਿਵਸਥਾ ਦੀ ਮਾੜੀ ਸਥਿਤੀ ਉਤੇ ਸਵਾਲ ਚੁੱਕੇ ਹਨ। ਨਾਮਜ਼ਦਗੀਆਂ ਦੇ ਆਖਰੀ ਦਿਨ ਤਰਨ ਤਾਰਨ, ਪੱਟੀ ਅਤੇ ਮੋਗਾ ਜ਼ਿਲ੍ਹੇ ਦੇ ਧਰਮਕੋਟ ਵਿਚ ਅਕਾਲੀ ਦਲ ਅਤੇ ਕਾਂਗਰਸੀ ਵਰਕਰਾਂ ਵਿਚਕਾਰ ਝੜਪਾਂ ਦੌਰਾਨ ਗੋਲੀਆਂ ਚੱਲੀਆਂ। ਇਸ ਦੌਰਾਨ ਕਈ ਅਕਾਲੀ ਤੇ ਕਾਂਗਰਸੀ ਵਰਕਰ ਜਖ਼ਮੀ ਹੋਏ। ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਦੀ ਕੁੱਟਮਾਰ ਕੀਤੀ ਗਈ। ਕੁਝ ਉਮੀਦਵਾਰਾਂ ਤੋਂ ਕਾਗਜ਼ ਖੋਹੇ ਗਏ। ਬਠਿੰਡਾ ਵਿਚ ਆਮ ਆਦਮੀ ਪਾਰਟੀ ਦੇ ਇਕ ਉਮੀਦਵਾਰ ਦੀ ਹੱਤਿਆ ਕਰ ਦਿੱਤੀ ਗਈ।


ਇਸ ਹਿੰਸਾ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਦੋਵੇਂ ਪੱਖਾਂ ਵੱਲੋਂ ਇਕ-ਦੂਜੇ 'ਤੇ ਲਗਭਗ 100 ਗੋਲੀਆਂ ਚਲਾਈਆਂ ਗਈਆਂ। ਹਾਲਾਂਕਿ ਪੁਲਿਸ ਨੇ ਗੋਲੀਬਾਰੀ ਵਿਚ ਸ਼ਾਮਲ ਲੋਕਾਂ ਦੀ ਸ਼ਨਾਖ਼ਤ ਨਹੀਂ ਕੀਤੀ, ਫਿਰ ਵੀ ਇਸ ਹਿੰਸਾ ਵਿਚ ਕਰੀਬ ਦੋ ਦਰਜਨ ਲੋਕ ਜਖ਼ਮੀ ਹੋਏ ਹਨ। ਇਸ ਹਿੰਸਾ ਲਈ ਅਕਾਲੀ ਅਤੇ ਕਾਂਗਰਸੀ ਨੇਤਾਵਾਂ ਵਲੋਂ ਇਕ-ਦੂਜੇ ਉਤੇ ਧੱਕੇਸ਼ਾਹੀ ਦੇ ਦੋਸ਼ ਲਗਾਏ ਗਏ। ਪੰਜਾਬ ਵਿਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਦੀ ਆਖਰੀ ਤਰੀਕ ਨੂੰ ਇਕ-ਦੂਜੇ ਤੋਂ ਪਹਿਲਾਂ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਦੌੜ ਵਿਚ ਰਾਜਨੀਤਕ ਪਾਰਟੀਆਂ ਦੇ ਕਾਰਕੁਨ ਆਪਸ ਵਿਚ ਟਕਰਾਉਂਦੇ ਰਹੇ। ਡੇਰਾ ਬਾਬਾ ਨਾਨਕ ਤੇ ਪੱਟੀ ਵਿਚ ਵੀ ਸਿਆਸੀ ਪਾਰਟੀਆਂ ਦੇ ਵੱਖ-ਵੱਖ ਧੜਿਆਂ ਵਿਚਾਲੇ ਪਥਰਾਅ ਕੀਤੇ ਜਾਣ ਅਤੇ ਲਾਠੀਆਂ ਨਾਲ ਇਕ-ਦੂਜੇ ਦੇ ਕਾਰਕੁਨਾਂ ਨੂੰ ਖਦੇੜੇ ਜਾਣ ਦੀਆਂ ਖਬਰਾਂ ਹਨ।

ਆਮ ਆਦਮੀ ਪਾਰਟੀ ਦੇ ਕਾਰਕੁਨਾਂ ਨੇ ਵੀ ਨਾਮਜ਼ਦਗੀ ਪੱਤਰ ਦਾਖ਼ਲ ਕਰਨ 'ਚ ਪਾਈ ਰੁਕਾਵਟ ਦਾ ਦੋਸ਼ ਲਾਇਆ ਹੈ। ਇਸ ਦੇ ਬਾਵਜੂਦ ਨਾਮਜ਼ਦਗੀ ਪੱਤਰ

*(ਬਾਕੀ ਸਫਾ 6 ਉਤੇ)*


Ad Space Available
Please Call
Ph: 847-359-0746


Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ


Harpreet Singh
WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App

Sarbjit Singh Khakh
(Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਪੁਰਬ ਸਬੰਧੀ ਸਜਿਆ ਨਗਰ ਕੀਰਤਨ

**ਰਿਚਮੰਡ ਹਿੱਲ, ਨਿਊ ਯਾਰਕ (ਬਿਊਰੋ):** ਈਸਟ ਕੋਸਟ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀ ਤਰਜਮਾਨੀ ਕਰਦੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀਆਂ ਸੰਗਤਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਪੁਰਬ ਨੂੰ ਸਮਰਪਿਤ 8ਵਾਂ ਮਹਾਨ ਨਗਰ ਕੀਰਤਨ 9 ਸਤੰਬਰ, ਐਤਵਾਰ ਨੂੰ ਸਜਾਇਆ ਗਿਆ। ਨਗਰ ਕੀਰਤਨ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜ ਨਿਸ਼ਾਨਚੀਆਂ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਵਲੋਂ ਅਰਦਾਸ ਕੀਤੇ ਜਾਣ ਉਪਰੰਤ ਕਰੀਬ 12:30 ਵਜੇ ਅਰੰਭ ਹੋਇਆ।

ਨਗਰ ਕੀਰਤਨ ਵਿਚ ਸਭ ਤੋਂ ਅੱਗੇ ਗੁਰਦੁਆਰਾ ਸਾਹਿਬ ਦੇ ਬੱਚਿਆਂ ਦਾ ਬਾਬਾ ਜੁਝਾਰ ਸਿੰਘ ਮਾਰਚਿੰਗ ਬੈਂਡ ਚੱਲ ਰਿਹਾ ਸੀ। ਉਸ ਪਿਛੇ ਦਸਮੇਸ਼ ਨਗਾਰਾ ਜਥੇ ਦੇ ਸਿੰਘ ਨਗਾਰੇ ਵਜਾਉਂਦੇ ਜੈਕਾਰਿਆਂ ਦੀ ਗੂੰਜ ਨਾਲ ਨਗਰ ਕੀਰਤਨ ਨੂੰ ਅਲੌਕਿਕ ਬਣਾ ਰਹੇ ਸਨ। ਉਨ੍ਹਾਂ ਤੋਂ ਬਾਅਦ ਸਿੱਖ ਸੰਗਤਾਂ ਨਗਰ ਕੀਰਤਨ ਦੇ ਰਸਤੇ ਦੀ ਝਾੜੂਆਂ ਨਾਲ ਸਫਾਈ ਕਰ ਰਹੀਆਂ ਸਨ। ਦੋ ਸਿੰਘ ਕੇਸਰੀ ਨਿਸ਼ਾਨ ਸਾਹਿਬ ਤੇ ਅਮਰੀਕਨ ਫਲੈਗ ਫੜ੍ਹ ਕੇ ਚਲ ਰਹੇ ਸਨ। ਨਿਸ਼ਾਨਚੀਆਂ ਦੇ ਅੱਗੇ-ਅੱਗੇ ਸੰਗਤਾਂ ਜਲ ਛਿੜਕ ਰਹੀਆਂ ਸਨ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੇ ਪਿਛੇ ਪਿਛੇ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਦੀਆਂ ਚਲ ਰਹੀਆਂ ਸਨ।

ਮੌਸਮ ਖਰਾਬ ਹੋਣ ਦੇ ਬਾਵਜੂਦ ਨਗਰ ਕੀਰਤਨ ਵਿਚ ਸੰਗਤਾਂ ਨੇ ਵੱਧ ਚੜ੍ਹ ਕੇ ਪੂਰੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਅਤੇ ਸਾਬਕਾ ਹਜ਼ੂਰੀ ਅਰਦਾਸੀਏ ਭਾਈ ਧਰਮ ਸਿੰਘ ਨੇ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।

ਨਗਰ ਕੀਰਤਨ ਵਿਚ ਕੁਈਨਜ਼ ਬੋਰੋਫ ਪ੍ਰੈਜੀਡੈਂਟ ਮਿਸ ਮੇਲਿੰਡਾ ਕੈਟਜ਼, ਅਸੈਂਬਲੀਮੈਨ ਡੇਵਿਡ ਵੇਪਰਿਨ, 102 ਪ੍ਰੀਸਿੰਟ ਕਮਾਂਡਿੰਗ ਅਫਸਰ ਕੈਪਟਨ ਕਾਰਟਨੀ ਬੀ. ਨੀਲਾਨ, ਐਨ. ਵਾਈ. ਪੀ. ਡੀ. ਕੁਈਨਜ਼ ਸਾਊਥ ਅਸਿਸਟੈਂਟ ਚੀਫ ਡੇਵਿਡ ਬਰਾਰੇ ਨੇ ਵੀ ਹਾਜ਼ਰੀ ਭਰ ਕੇ ਸਮੂਹ ਸਿੱਖ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ।

ਨਗਰ ਕੀਰਤਨ ਦੌਰਾਨ ਪੰਥ ਪ੍ਰਸਿਧ ਕੀਰਤਨੀ ਜਥੇ ਭਾਈ ਗਗਨਦੀਪ ਸਿੰਘ ਅਲਵਰ ਵਾਲੇ ਅਤੇ ਭਾਈ ਬਲਜਿੰਦਰ ਸਿੰਘ ਪੇਹੋਵੇ ਵਾਲਿਆਂ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਨਾਲ ਜੋੜਿਆ। ਭਾਈ ਲਖਵੀਰ ਸਿੰਘ ਕੋਮਲ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਅਤੇ ਭਾਈ ਸੁੱਚਾ ਸਿੰਘ ਡੇਰਾ ਮਠਾਣਾ ਦੇ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਸਿੱਖਸ ਫਾਰ ਜਸਟਿਸ, ਸਿੱਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਹੋਰ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਬੱਚਿਆਂ ਨੇ ਗਤਕੇ ਦੇ ਜੌਹਰ ਦਿਖਾਏ।

ਨਗਰ ਕੀਰਤਨ 101 ਐਵੀਨਿਊ 'ਤੇ ਸਥਿਤ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਪਹੁੰਚਿਆ, ਜਿਥੇ ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤਾਂ ਨੇ ਫੁੱਲਾਂ ਦੀ ਵਰਖਾ ਕੀਤੀ ਅਤੇ ਰੁਮਾਲਾ ਸਾਹਿਬ ਭੇਟਾ ਕੀਤਾ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ।

ਨਗਰ ਕੀਰਤਨ ਦੇ ਰਾਸਤੇ ਵਿਚ ਸੰਗਤਾਂ ਲਈ ਥਾਂ-ਥਾਂ 'ਤੇ ਲਾਏ ਗਏ ਲੰਗਰ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਸੰਗਤਾਂ ਨੇ ਹੱਥਾਂ ਵਿਚ ਕੇਸਰੀ ਝੰਡੀਆਂ ਫੜ੍ਹੀਆਂ ਹੋਈਆਂ ਸਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ। ਸ. ਕੁਲਵਿੰਦਰ ਸਿੰਘ ਨੂੰ ਸੁਖ ਆਸਨਾਂ 'ਤੇ ਬਿਰਾਜਮਾਨ ਕੀਤਾ ਗਿਆ। ਨਗਰ ਕੀਰਤਨ ਵਾਪਸ ਗੁਰੂ ਘਰ ਪਹੁੰਚ ਕੇ ਜੈਕਾਰਿਆਂ ਦੀ ਗੂੰਜ ਵਿਚ ਸਮਾਪਤ ਹੋਇਆ।

ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਅਤੇ ਕੁਲਦੀਪ ਸਿੰਘ ਵੜੈਚ ਨੇ ਨਗਰ ਕੀਰਤਨ ਦੌਰਾਨ ਸਟੇਜ ਦੀ ਕਾਰਵਾਈ ਬਹੁਤ ਹੀ ਸੁਚਜੇ ਢੰਗ ਨਾਲ ਨਿਭਾਈ। ਕੋਆਰਡੀਨੇਟਰ ਗੁਰਦੇਵ ਸਿੰਘ ਕੰਗ ਤੇ ਚੇਅਰਮੈਨ ਸੁਰਜੀਤ ਸਿੰਘ ਮੂਧਲ ਨੇ ਨਗਰ ਕੀਰਤਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਪੂਰਾ ਯੋਗਦਾਨ ਪਾਇਆ। ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਨੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਸਮੂਹ ਜਗਤ ਨੂੰ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਪੁਰਬ ਦੀ ਵਧਾਈ ਦਿਤੀ।

## ਫਰਿਜ਼ਨੋ ਵਿਚ ਪੰਜਾਬੀ ਜੋੜਾ ਕਤਲ

**ਫਰਿਜ਼ਨੋ (ਬਿਊਰੋ):** ਐਤਵਾਰ ਸਵੇਰੇ ਸਾਊਥ ਈਸਟ ਫਰਿਜ਼ਨੋ ਵਿਚ ਇਕ ਪੰਜਾਬੀ ਜੋੜੇ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕਾਂ ਦੀ ਪਛਾਣ ਰਵਿੰਦਰਪਾਲ ਸਿੰਘ ਅਤੇ ਰਾਜਬੀਰ ਕੌਰ ਵਜੋਂ ਹੋਈ ਹੈ। ਦੋਵੇਂ 59 ਸਾਲ ਦੇ ਸਨ।

ਪੁਲਿਸ ਚੀਫ ਜੈਰੀ ਡਾਇਰ ਅਨੁਸਾਰ ਕਥਿਤ ਕਾਤਲ ਦਰਸ਼ਨ ਸਿੰਘ ਧੰਜਲ (65) ਦੀ ਵਾਰਦਾਤ ਵੇਲੇ ਦੀ ਪੂਰੀ ਵੀਡੀਓ ਕੈਮਰੇ ਵਿਚ ਕੈਦ ਹੋ ਗਈ। ਉਹਨੇ ਆਪਣੇ ਮੁੰਡੇ ਦੇ ਸਹੁਰੇ ਤੇ ਸੱਸ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।

ਪੁਲਿਸ ਜਦੋਂ ਐਤਵਾਰ ਨੂੰ 911 ਕਾਲ 'ਤੇ ਸਵੇਰੇ 11:30 ਵਜੇ ਵਾਰਦਾਤ ਵਾਲੀ ਥਾਂ ਪਹੁੰਚੀ ਤਾਂ ਘਰ ਦੇ ਲਿਵਿੰਗ ਏਰੀਏ ਵਿਚ ਰਵਿੰਦਰਪਾਲ ਸਿੰਘ ਤੇ ਰਾਜਬੀਰ ਕੌਰ ਦੀਆਂ ਲਾਸ਼ਾਂ ਪਈਆਂ ਸਨ। ਪੁਲਿਸ ਅਨੁਸਾਰ ਮ੍ਰਿਤਕ ਜੋੜਾ ਆਪਣੇ ਜਵਾਈ ਤੇ ਕੁੜੀ ਨਾਲ ਇੱਕੋ ਘਰ ਵਿਚ ਹੋਰ ਪਰਿਵਾਰਕ ਮੈਂਬਰਾਂ ਨਾਲ ਰਹਿ ਰਿਹਾ ਸੀ। ਜਦੋਂ ਕਥਿਤ ਦੋਸ਼ੀ ਦਰਸ਼ਨ ਧੰਜਲ ਨੇ ਇਨ੍ਹਾਂ 'ਤੇ ਗੋਲੀਆਂ ਚਲਾਈਆਂ, ਉਹ ਲਿਵਿੰਗ ਰੂਮ ਵਿਚ ਟੀ. ਵੀ. ਵੇਖ ਰਹੇ ਸਨ।

ਦਰਸ਼ਨ ਧੰਜਲ ਦੀ ਨੂੰਹ ਨੇ ਦੱਸਿਆ ਕਿ ਜਦੋਂ ਉਹ ਚੀਕਾਂ ਸੁਣ ਕੇ ਆਪਣੀ ਛੋਟੀ ਬੇਟੀ ਨਾਲ ਪੌੜੀਆਂ ਉਤਰ ਕੇ ਹੇਠਾਂ ਗਈ ਤਾਂ ਖੂਨ ਨਾਲ ਲੱਥਪੱਥ ਲਾਸ਼ਾਂ ਕੋਲ ਉਸ ਦਾ ਸਹੁਰਾ ਦਰਸ਼ਨ ਸਿੰਘ ਧੰਜਲ ਪਿਸਤੌਲ ਲਈ ਖੜ੍ਹਾ ਸੀ।

ਦਰਸ਼ਨ ਨੇ ਉਸ ਉਪਰ ਵੀ ਗੰਨ ਤਾਣ ਲਈ ਪਰ ਉਸ ਨੇ ਭੱਜ ਕੇ ਆਪਣੇ ਕਮਰੇ ਦਾ ਦਰਵਾਜਾ ਬੰਦ ਕਰਕੇ ਆਪਣੀ ਜਾਨ ਬਚਾਈ। ਉਪਰੰਤ ਦਰਸ਼ਨ ਸਿੰਘ ਧੰਜਲ ਨੇ ਗੰਨ ਆਪਣੇ ਕਮਰੇ ਵਿਚ ਲੁਕਾਈ ਤੇ ਆਪ ਕਾਰ ਲੈ ਕੇ ਉਥੋਂ ਫਰਾਰ ਹੋ ਗਿਆ। ਪੁਲਿਸ ਨੇ ਉਸ ਨੂੰ ਨੇੜਿਓਂ ਹੀ ਟੈਪਰਿੰਸ ਅਤੇ ਸੈਂਟਰਲ ਤੋਂ ਦਬੋਚ ਲਿਆ। ਹੁਣ ਦਰਸ਼ਨ ਸਿੰਘ ਫਰਿਜ਼ਨੋ ਕਾਊਂਟੀ ਜੇਲ੍ਹ ਵਿਚ ਬੰਦ ਹੈ।

## ਜਿਣਸੀ ਸਬੰਧਾਂ ਲਈ ਉਕਸਾਉਣਾ ਵੀ ਅਪਰਾਧ

**ਨਵੀਂ ਦਿੱਲੀ:** ਨਵੇਂ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਜਿਣਸੀ ਸਬੰਧ ਬਣਾਉਣ ਲਈ ਉਕਸਾਉਣ ਤੇ ਅਜਿਹੀ ਪੇਸ਼ਕਸ਼ ਨੂੰ ਸਵੀਕਾਰ ਕਰਨ ਨੂੰ ਵੱਢੀ ਲੈਣ ਦੇ ਤੁਲ ਸਮਝਦਿਆਂ ਮੁਲਜ਼ਮ ਨੂੰ ਸੱਤ ਸਾਲ ਤੱਕ ਦੀ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ। ਭ੍ਰਿਸ਼ਟਾਚਾਰ ਰੋਕੂ (ਸੋਧ) ਐਕਟ 2018 ਵਿਚ 'ਬੇਲੋੜਾ ਲਾਹਾ' ਨਾਂ ਦੇ ਸ਼ਬਦ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਸ ਤੋਂ ਭਾਵ ਕਿਸੇ ਵੀ ਤਰ੍ਹਾਂ ਦਾ ਭ੍ਰਿਸ਼ਟਾਚਾਰ ਕਰਨਾ ਹੈ।

ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਪ੍ਰਵਾਨਗੀ ਮਗਰੋਂ ਕੇਂਦਰ ਸਰਕਾਰ ਨੇ ਇਸ ਸਾਲ ਜੁਲਾਈ ਵਿਚ ਇਸ ਐਕਟ ਨੂੰ ਨੋਟੀਫਾਈ ਕਰ ਦਿੱਤਾ ਸੀ।

ਇਹ ਕਾਨੂੰਨ 30 ਸਾਲ ਪੁਰਾਣੇ ਭ੍ਰਿਸ਼ਟਾਚਾਰ ਰੋਕੂ ਐਕਟ 1988, ਜਿਸ ਦੇ ਘੇਰੇ ਵਿਚ ਪਹਿਲਾਂ ਸਰਕਾਰੀ ਨੌਕਰੀ 'ਤੇ ਲੱਗੇ ਮੁਲਾਜ਼ਮਾਂ ਨਾਲ ਸਬੰਧਤ ਭ੍ਰਿਸ਼ਟਾਚਾਰ ਦੀਆਂ ਘਟਨਾਵਾਂ ਹੀ ਆਉਂਦੀਆਂ ਸਨ, ਦੀ ਥਾਂ ਲਏਗਾ।

## 14ਵੇਂ ਵਿਸ਼ਵ ਕਬੱਡੀ ਕੱਪ ਦੇ ਸਾਰੇ ਪ੍ਰਬੰਧ ਮੁਕੰਮਲ

**ਯੂਨੀਅਨ ਸਿਟੀ (ਬਿਊਰੋ):** ਯੁਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ 16 ਸਤੰਬਰ, ਐਤਵਾਰ ਨੂੰ ਇਥੇ ਲੋਗਨ ਹਾਈ ਸਕੂਲ ਵਿਚ ਸਵੇਰੇ 9 ਵਜੇ ਤੋਂ ਹੋ ਰਹੇ 14ਵੇਂ ਵਿਸ਼ਵ ਕਬੱਡੀ ਕੱਪ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਚੋਟੀ ਦੇ ਕਬੱਡੀ ਖਿਡਾਰੀ ਕੈਲੀਫੋਰਨੀਆ ਦੀ ਧਰਤੀ 'ਤੇ ਪਹੁੰਚ ਚੁਕੇ ਹਨ।

ਕਲੱਬ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਸ ਵਾਰ ਪਹਿਲਾਂ ਨਾਲੋਂ ਵੀ ਵਧੇਰੇ ਦਰਸ਼ਕਾਂ ਦੇ ਪਹੁੰਚਣ ਦੀ ਆਸ ਹੈ। ਪਾਰਕਿੰਗ, ਲੰਗਰ, ਚਾਹ-ਪਾਣੀ ਅਤੇ ਸਕਿਓਰਿਟੀ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ



ਅਮੋਲਕ ਸਿੰਘ ਗਾਖਲ

ਹਨ। ਕਬੱਡੀ ਦੇ ਖੁੱਲ੍ਹੇ ਮੁਕਾਬਲਿਆਂ ਵਿਚ ਸ਼ੇਰੇ-ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ (ਲੱਛਰ ਭਰਾ), ਬੇ-ਏਰੀਆ ਸਪੋਰਟਸ ਕਲੱਬ (ਬਲਜੀਤ ਸੰਧੂ), ਰਾਇਲ ਕਿੰਗ ਯੂ. ਐਸ. ਏ. (ਸ਼ੱਬਾ ਥਿਆੜਾ), ਮਿਡ ਵੈਸਟ ਕਲੱਬ (ਵਿੱਕੀ ਅਤੇ ਤਾਰੀ) ਅਤੇ ਕੈਨੇਡਾ ਕਲੱਬ (ਸੇਵਾ ਸਿੰਘ ਰੰਧਾਵਾ ਤੇ ਪੰਮਾ ਦਿਓਲ) ਹਿੱਸਾ ਲੈ ਰਹੇ ਹਨ, ਜਦੋਂਕਿ ਅੰਡਰ-20 ਫਾਈਵ ਵਿਚ ਯੂਬਾ ਬ੍ਰਦਰਜ਼, ਖਾਲਸਾ ਸਪੋਰਟਸ ਕਲੱਬ ਯੂਬਾ ਸਿਟੀ, ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਦੀਆਂ ਕਬੱਡੀ ਟੀਮਾਂ ਭਿੜਨਗੀਆਂ।

ਉਨ੍ਹਾਂ ਕਿਹਾ ਕਿ ਤਕਰੀਬਨ ਇੱਕ ਦਰਜਨ ਤੋਂ ਵੱਧ ਪੁਲਿਸ ਅਫਸਰ ਅਤੇ 30 ਦੇ ਕਰੀਬ ਸਕਿਓਰਿਟੀ ਅਫਸਰ ਇਸ ਖੇਡ ਮੇਲੇ ਦੀ ਦੇਖ-ਰੇਖ ਕਰਦੇ ਰਹਿਣਗੇ। ਟੂਰਨਾਮੈਂਟ ਦਾ ਉਦਘਾਟਨ ਸੁਰਜੀਤ ਸਿੰਘ ਟੁੱਟ, ਮਾਈਕ ਬੋਪਾਰਾਏ, ਜਸਪ੍ਰੀਤ ਸਿੰਘ ਅਟਾਰਨੀ, ਮੇਜਰ ਸਿੰਘ ਬੈਂਸ ਅਤੇ ਹਰਦੁੰਮਣ ਸਿੰਘ ਬਿੱਲਾ ਸੰਘੇੜਾ ਕਰਨਗੇ।

ਖਡੂਰ ਸਾਹਿਬ ਵਾਲੇ ਸੰਤ ਬਾਬਾ ਸੇਵਾ ਸਿੰਘ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਣਗੇ।

ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਇਕਬਾਲ ਸਿੰਘ ਗਾਖਲ, ਤੀਰਥ ਸਿੰਘ ਗਾਖਲ, ਸਰਦੂਲ ਸਿੰਘ ਰੰਧਾਵਾ, ਅਜੀਤ ਸਿੰਘ ਬੱਲ ਅਤੇ ਜਗੀਰ ਸਿੰਘ ਸਾਰੇ ਕਬੱਡੀ ਕੱਪ ਦੌਰਾਨ ਮੈਚਾਂ ਦੇ ਤਕਨੀਕੀ ਪ੍ਰਬੰਧਾਂ ਦੀ ਜ਼ਿੰਮੇਵਾਰੀ ਸੰਭਾਲਣਗੇ। ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਤਕਨੀਕੀ ਕਮੇਟੀ ਦਾ ਗਠਨ ਇਸ ਲਈ ਜ਼ਰੂਰੀ ਹੈ ਕਿ ਕਿਸੇ ਵੇਲੇ ਪੁਆਇੰਟ ਏਧਰ ਓਧਰ ਹੋਣ ਕਾਰਨ ਨਾਰਾਜ਼ਗੀਆਂ ਹੋ ਜਾਂਦੀਆਂ ਹਨ।

ਉਨ੍ਹਾਂ ਕਿਹਾ ਕਿ ਤਕਨੀਕੀ ਕਮੇਟੀ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰੇਗੀ। ਕਮੇਟੀ ਦੇ ਤਿੰਨ ਮੈਂਬਰਾਂ ਦੀ ਸਹਿਮਤੀ ਵਾਲਾ ਫੈਸਲਾ ਹੀ ਲਾਗੂ ਕੀਤਾ ਜਾਵੇਗਾ।

ਰਾਜਾ ਸਵੀਟਸ ਵਿਖੇ ਪ੍ਰਬੰਧਾਂ ਦੇ ਨਿਰੀਖਣ ਲਈ ਹੋਈ ਮੀਟਿੰਗ ਵਿਚ ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਬਲਬੀਰ ਭਾਟੀਆ, ਪਲਵਿੰਦਰ ਸਿੰਘ ਗਾਖਲ, ਇੰਦਰਜੀਤ ਥਿੰਦ, ਸਾਧੂ ਸਿੰਘ ਖਲੌਰ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਐਸ. ਅਸ਼ੋਕ ਭੌਰਾ ਤੋਂ ਇਲਾਵਾ ਵੱਖ ਵੱਖ ਖੇਡ ਕਲੱਬਾਂ ਦੇ ਨੁਮਾਇੰਦੇ ਅਤੇ ਚੋਣਵੇਂ ਖਿਡਾਰੀ ਵੀ ਹਾਜ਼ਰ ਸਨ।

ਮੱਖਣ ਸਿੰਘ ਬੈਂਸ ਨੇ ਕਿਹਾ ਕਿ ਰਾਜਾ ਸਵੀਟਸ ਵਲੋਂ ਚਾਹ-ਪਕੌੜਿਆਂ ਦੀ ਸੇਵਾ ਮੁਫਤ ਕੀਤੀ ਜਾਵੇਗੀ। ਗੁਰੂ ਕਾ ਲੰਗਰ ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਫਰੀਮਾਂਟ, ਮਿਲਪੀਟਸ ਅਤੇ ਸਟਾਕਟਨ ਵਲੋਂ ਵਰਤਾਇਆ ਜਾਵੇਗਾ।

ਸ. ਗਾਖਲ ਨੇ ਸਮੂਹ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਸਭ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਬੇਨਤੀ ਕੀਤੀ। ਹੋਰ ਜਾਣਕਾਰੀ ਲਈ ਜਨਰਲ ਸਕੱਤਰ ਐਸ. ਅਸ਼ੋਕ ਭੌਰਾ ਨਾਲ ਫੋਨ: 510-415-3315 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਭਾਰਤ ਵਿਚ ਨਾਰੀ ਅੱਜ ਵੀ 'ਵਿਚਾਰੀ'

**ਪਟਿਆਲਾ:** ਵਿਸ਼ਵ ਭਰ ਦੇ ਲੋਕਾਂ ਨੂੰ ਸਿੱਖਿਅਤ ਤੇ ਜਾਗਰੂਕ ਕਰਨ ਦੇ ਮਕਸਦ ਨਾਲ ਯੂਨੈਸਕੋ ਨੇ 8 ਸਤੰਬਰ ਨੂੰ ਕੌਮਾਂਤਰੀ ਸਾਖਰਤਾ ਦਿਵਸ ਵਜੋਂ ਮਨਾਉਣ ਦਾ ਐਲਾਨ 17 ਨਵੰਬਰ 1965 ਨੂੰ ਕੀਤਾ ਸੀ। ਯੂਨੈਸਕੋ ਦੀ 2017 ਦੀ ਰਿਪੋਰਟ ਅਨੁਸਾਰ ਸੰਸਾਰ ਦੀ ਸਾਖਰਤਾ ਦਰ 91.4 ਫੀਸਦੀ ਹੈ, ਇਸ ਵਿਚ 92.8 ਫੀਸਦੀ ਮਰਦ 89.9 ਫੀਸਦੀ ਔਰਤਾਂ ਸ਼ਾਖਰ ਹਨ। ਜੇਕਰ ਭਾਰਤ ਦੀ ਸਾਖਰਤਾ ਦਰ 'ਤੇ ਝਾਤ ਮਾਰੀਏ ਤਾਂ ਸਾਲ 2001 ਦੀ ਜਨਗਣਨਾ ਅਨੁਸਾਰ 64.84 ਫੀਸਦੀ ਭਾਰਤੀ ਲੋਕ ਸ਼ਾਖਰ ਸਨ ਜਿਨ੍ਹਾਂ 'ਚ 75.26 ਫੀਸਦੀ ਮਰਦ ਤੇ 53.67 ਫੀਸਦੀ ਔਰਤਾਂ ਪੜ੍ਹ ਲਿਖ ਸਕਦੀਆਂ ਸਨ ਜਦੋਂ ਕਿ 2011 ਦੌਰਾਨ 74.04 ਫੀਸਦੀ ਭਾਰਤ ਦੀ ਸਾਖਰਤਾ ਦਰ ਸੀ, ਜਿਸ ਵਿਚ 82.14 ਫੀਸਦੀ ਮਰਦ ਸ਼ਾਖਰ ਹਨ ਜਦੋਂ ਕਿ 65.14 ਫੀਸਦੀ ਔਰਤਾਂ ਪੜ੍ਹ ਲਿਖ ਸਕਦੀਆਂ ਹਨ।



ਭਾਰਤ ਦੀ ਸਾਖਰਤਾ ਦਰ 'ਚ ਵੀ ਔਰਤਾਂ ਪਛੜੀਆਂ ਹੋਈਆਂ ਹਨ। ਜਨਗਣਨਾ 2001 ਦੇ ਅੰਕੜਿਆਂ ਅਨੁਸਾਰ ਪੰਜਾਬ ਦੇ 69.7 ਫੀਸਦੀ ਲੋਕ ਸ਼ਾਖਰ ਸਨ, ਜਿਨ੍ਹਾਂ 'ਚ ਮਰਦਾਂ ਦੀ ਗਿਣਤੀ 75.2 ਫੀਸਦੀ ਸੀ ਜਦੋਂ ਕਿ 63.4 ਫੀਸਦੀ ਔਰਤਾਂ ਸਨ।

ਸਾਲ 2011 ਦੌਰਾਨ ਪੰਜਾਬ ਦੀ ਕੁਲ ਸਾਖਰਤਾ ਦਰ 'ਚ ਵਾਧਾ ਹੋਇਆ ਤੇ ਹੁਣ 76.7 ਫੀਸਦੀ ਪੰਜਾਬ ਵਾਸੀ ਸ਼ਾਖਰ ਹਨ, ਜਿਨ੍ਹਾਂ ਵਿਚ 81.5 ਫੀਸਦੀ ਮਰਦ ਸ਼ਾਖਰ ਸਨ ਜਦੋਂ ਕਿ 71.3 ਫੀਸਦੀ ਗਿਣਤੀ ਔਰਤਾਂ ਦੀ ਹੈ। ਇਨ੍ਹਾਂ ਅੰਕੜਿਆਂ 'ਤੇ ਸਰਸਰੀ ਝਾਤ ਤੋਂ ਪਤਾ ਚਲਦਾ ਹੈ ਕਿ ਦੋਵਾਂ ਸੈਸ਼ਨ ਦੌਰਾਨ ਔਰਤਾਂ ਸਾਖਰਤਾ ਦਰ ਮਰਦਾਂ ਨਾਲੋਂ ਕਾਫੀ ਘੱਟ ਹੈ। ਯੂਨੈਸਕੋ ਦੇ ਅੰਕੜਾ ਵਿਭਾਗ ਦੀ 2017 ਦੀ ਰਿਪੋਰਟ ਅਨੁਸਾਰ ਸੰਸਾਰ ਦੇ ਨੌਜਵਾਨ ਵਰਗ ਦੀ ਸਾਖਰਤਾ ਦਰ 91.4 ਰਹੀ ਹੈ, ਜਿਸ ਵਿਚ ਮੁੰਡਿਆਂ ਦੀ 92.8 ਤੇ ਕੁੜੀਆਂ ਦੀ ਸਾਖਰਤਾ 89.9 ਹੈ। ਇਸ ਤੋਂ ਇਲਾਵਾ ਸੰਸਾਰ 'ਚ ਵਡੇਰੀ ਉਮਰ ਵਰਗ ਦੇ ਲੋਕਾਂ 'ਚ ਕੁੱਲ ਸਾਖਰਤਾ ਦਰ 13.8 ਫੀਸਦੀ ਹੈ ਜਿਸ ਵਿਚ ਮਰਦਾਂ 9.3 ਫੀਸਦੀ ਤੇ ਔਰਤਾਂ 17.3 ਫੀਸਦੀ ਸ਼ਾਖਰ ਹਨ।

ਸੰਸਾਰ ਵਿਚ ਖੇਤਰਾਂ ਦੀ ਵੰਡ ਮੁਤਾਬਕ ਸਭ ਤੋਂ ਘੱਟ 75.4 ਫੀਸਦੀ ਨਾਲ ਸਬ ਸਹਾਰਨ ਅਫਰੀਕਾ ਦਾ ਨੌਜਵਾਨ ਵਰਗ ਸ਼ਾਖਰ ਹੈ ਜਦੋਂ ਕਿ ਇਸ ਦੇ ਮੁਕਾਬਲੇ ਮੱਧ ਏਸ਼ੀਆ ਦੇ ਨੌਜਵਾਨ ਵਰਗ 99.9 ਫੀਸਦੀ ਸ਼ਾਖਰ ਹਨ। ਇਸ ਤੋਂ ਇਲਾਵਾ ਸੰਸਾਰ ਦੇ ਵਡੇਰੀ ਉਮਰ ਦੇ ਲੋਕਾਂ ਦੀ ਸਾਖਰਤਾ 'ਚ ਸਭ ਤੋਂ ਜ਼ਿਆਦਾ ਸ਼ਾਖਰ ਲੋਕ 47.1 ਫੀਸਦੀ ਨਾਲ ਦੱਖਣ ਏਸ਼ੀਆ ਦੇ ਹਨ ਜਦੋਂ ਕਿ ਮੱਧ ਏਸ਼ੀਆ ਦੇ ਵਡੇਰੇ ਉਮਰ ਦੇ ਕੁੱਲ 1.1 ਫੀਸਦੀ ਵਰਗ ਹੀ ਸ਼ਾਖਰ ਹੈ। ਯੂਨੈਸਕੋ ਦੀ ਰਿਪੋਰਟ ਮੁਤਾਬਕ ਸੰਸਾਰ ਵਿਚ 15 ਸਾਲ ਦੀ ਉਮਰ ਤੋਂ ਘੱਟ ਮਰਦ 90 ਫੀਸਦੀ ਤੇ ਔਰਤਾਂ 83 ਫੀਸਦੀ, 15 ਤੋਂ 24 ਸਾਲ ਦੀ ਉਮਰ ਸ਼੍ਰੇਣੀ ਵਿਚ ਮਰਦ 93 ਤੇ ਔਰਤਾਂ 90 ਫੀਸਦੀ, 25 ਤੋਂ 64 ਸਾਲ ਦੀ ਉਮਰ ਵਿਚ ਮਰਦ 90 ਫੀਸਦੀ ਤੇ ਔਰਤਾਂ 82 ਫੀਸਦੀ ਅਤੇ 65 ਸਾਲ ਤੋਂ ਵਡੇਰੀ ਉਮਰ ਦੇ ਮਰਦ 83 ਫੀਸਦੀ ਤੇ ਔਰਤਾਂ 73 ਫੀਸਦੀ ਸ਼ਾਖਰ ਹਨ।

### ਔਰਤਾਂ ਦੀ ਸਾਖਰਤਾ ਪੱਖੋਂ ਕੇਰਲਾ ਅੱਗੇ

2011 'ਚ ਹੋਈ ਜਨਗਣਨਾ ਅਨੁਸਾਰ ਕੇਰਲਾ 'ਚ ਸਭ ਤੋਂ ਵੱਧ 93.91 ਫੀਸਦੀ ਅਤੇ ਤੇਲੰਗਾਨਾ 'ਚ ਸਭ ਤੋਂ ਘੱਟ 66.5 ਫੀਸਦੀ ਸਾਖਰ ਹਨ। ਭਾਰਤ ਦੇ ਲਕਸ਼ਦੀਪ 'ਚ 92.28 ਫੀਸਦੀ, ਮਿਜ਼ੋਰਮ 'ਚ 91.58, ਤ੍ਰਿਪੁਰਾ 'ਚ 87.75, ਗੋਆ ਵਿਚ 87.40, ਦਮਨ ਤੇ ਦਾਊ 'ਚ 87.07, ਪੁਡੂਚੇਰੀ ਵਿਚ 86.55, ਅੰਡੇਮਾਨ ਤੇ ਨਿਕੋਬਾਰ 'ਚ 86.27, ਹਿਮਾਚਲ 'ਚ 83.78, ਮਹਾਰਾਸ਼ਟਰ 'ਚ 82.91, ਸਿੱਕਮ 'ਚ 82.20, ਤਾਮਿਲਨਾਡੂ 80.33, ਨਾਗਾਲੈਂਡ 80.11, ਮਨੀਪੁਰ 79.85, ਉਤਰਾਖੰਡ 79.63, ਦਾਦਰ ਤੇ ਨਗਰ ਹਵੇਲੀ 'ਚ 77.65 ਫੀਸਦੀ ਸਾਖਰਤਾ ਦਰ ਹੈ।

### ਪੰਜਾਬ ਵਿਚ ਵੀ ਹਾਲਾਤ ਚੰਗੇ ਨਹੀਂ

2011 ਦੀ ਜਨਗਣਨਾ ਅਨੁਸਾਰ ਪੰਜਾਬ ਦਾ ਹੁਸ਼ਿਆਰਪੁਰ ਜ਼ਿਲ੍ਹੇ ਦੇ 85.4 ਫੀਸਦੀ ਲੋਕ ਸ਼ਾਖਰ ਹਨ ਜਿਨ੍ਹਾਂ 'ਚ 89.9 ਫੀਸਦੀ ਮਰਦ ਤੇ 80.2 ਫੀਸਦੀ ਔਰਤਾਂ ਹਨ ਜਦੋਂ ਕਿ ਸਾਖਰਤਾ ਪੱਖ ਤੋਂ ਐਸ.ਏ.ਐਸ. ਨਗਰ ਮੋਹਾਲੀ ਦਾ ਦੂਜਾ ਸਥਾਨ ਹੈ, ਜਿਥੇ ਦੀ ਸਾਖਰਤਾ ਦਰ 84.9 ਫੀਸਦੀ ਹੈ, ਜਦੋਂ ਕਿ ਪੰਜਾਬ 'ਚ ਮਾਨਸਾ ਜ਼ਿਲ੍ਹਾ ਸਾਖਰਤਾ ਪੱਖੋਂ ਸੂਬੇ 'ਚ ਸਭ ਤੋਂ ਜ਼ਿਆਦਾ ਪਛੜ ਗਿਆ ਹੈ, ਜਿਸ ਦੀ ਸਾਖਰਤਾ ਦਰ 62.8 ਫੀਸਦੀ ਹੈ।

ਤੰਦੂਰੀਏ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ
ਪਤੀ-ਪਤਨੀ ਨੂੰ ਪਹਿਲ
ਸੰਪਰਕ ਕਰੋ: ਮਿ. ਸਿੰਘ
ਫੋਨ: 515-291-1961
37-38

# ਭਾਈ ਮਹਿੰਦਰ ਸਿੰਘ ਨੂੰ ਸਦਮਾ ਮਾਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਅਤੇ ਗੁਰਦੁਆਰਾ ਵ੍ਹੀਟਨ ਦੇ ਮੌਜੂਦਾ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੂੰ ਉਦੋਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਨਿਹਾਲ ਕੌਰ ਲੰਘੀ 8 ਸਤੰਬਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 91 ਸਾਲਾਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਢਿੱਲੇ ਸਨ।

ਮਾਤਾ ਨਿਹਾਲ ਕੌਰ ਦਾ ਜਨਮ ਮੁਕਤਸਰ ਸਾਹਿਬ ਵਿਚ 2 ਫਰਵਰੀ 1927 ਨੂੰ ਹੋਇਆ ਅਤੇ ਉਨ੍ਹਾਂ ਦਾ ਵਿਆਹ ਸੰਗਰੂਰ ਜਿਲੇ ਦੇ ਪਿੰਡ ਚੂਹਲ ਕਲਾਂ ਦੇ ਵਾਸੀ ਸ. ਪ੍ਰੀਤਮ ਸਿੰਘ ਨਾਲ ਹੋਇਆ। ਉਹ 1986 ਵਿਚ ਆਪਣੇ ਪੁੱਤਰ ਗਿਆਨੀ ਮਹਿੰਦਰ ਸਿੰਘ ਕੋਲ ਅਮਰੀਕਾ ਪੱਕੇ ਤੌਰ 'ਤੇ ਆ ਗਏ। ਉਹ ਬਹੁਤ ਹੀ ਮਿਠਬੋਲੜੇ ਤੇ ਨਿਘੇ ਸੁਭਾਅ ਦੇ ਸਨ ਅਤੇ ਪੱਕੇ ਨਿੱਤਨੇਮੀ ਸਨ। ਉਨ੍ਹਾਂ ਦਾ ਸ਼ਿਕਾਗੋ ਅਤੇ ਮੈਰੀਲੈਂਡ (ਜਿਥੇ ਉਨ੍ਹਾਂ ਦਾ ਛੋਟਾ ਬੇਟਾ ਗੁਰਦਰਸ਼ਨ ਪ੍ਰਕਾਸ਼ ਸਿੰਘ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਵਿਚ



ਹੈਡ ਗ੍ਰੰਥੀ ਹੈ) ਦੀਆਂ ਸੰਗਤਾਂ ਵਿਚ ਬਹੁਤ ਹੀ ਪਿਆਰ ਤੇ ਸਤਿਕਾਰ ਸੀ। ਉਹ ਪਿੰਡ ਚੂਹਲ ਕਲਾਂ ਵਿਚ ਵੀ ਬਹੁਤ ਹਰਮਨ ਪਿਆਰੇ ਸਨ।

ਬੀਬੀ ਨਿਹਾਲ ਕੌਰ ਆਪਣੇ ਪਿੱਛੇ ਪਤੀ ਪ੍ਰੀਤਮ ਸਿੰਘ, ਚਾਰ ਪੁੱਤਰ-ਭਾਈ ਮਹਿੰਦਰ ਸਿੰਘ, ਸੁਰਿੰਦਰ ਸਿੰਘ, ਭਾਈ ਗੁਰਦਰਸ਼ਨ ਸਿੰਘ ਤੇ ਸੁਖਦੇਵ ਸਿੰਘ ਅਤੇ ਦੋ ਧੀਆਂ-ਗੁਰਦੇਵ ਕੌਰ ਤੇ ਬਲਵਿੰਦਰ ਕੌਰ ਤੋਂ ਇਲਾਵਾ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਬੀਬੀ ਨਿਹਾਲ ਕੌਰ ਦਾ ਇਕ ਪੁੱਤਰ ਮੁਖਤਿਆਰ ਸਿੰਘ ਕੁਝ ਸਾਲ ਪਹਿਲਾਂ ਅਕਾਲ ਚਲਾਣਾ ਕਰ ਗਿਆ ਸੀ।

ਬੀਬੀ ਨਿਹਾਲ ਕੌਰ ਦਾ ਸਸਕਾਰ ਮੰਗਲਵਾਰ ਨੂੰ ਕਰ ਦਿੱਤਾ ਗਿਆ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਪੈਲਾਟਾਈਨ ਵਿਖੇ ਹੋਈ। ਪਰਿਵਾਰ ਨਾਲ ਸੰਪਰਕ ਭਾਈ ਮਹਿੰਦਰ ਸਿੰਘ ਫੋਨ: 847-293-3122 ਰਾਹੀਂ ਕੀਤਾ ਜਾ ਸਕਦਾ ਹੈ।

# ਅਰਬ ਦੇਸ਼ਾਂ ਵਿਚ ਰੁਲੀ ਪੰਜਾਬ ਦੀ ਜਵਾਨੀ

**ਗੁਰਦਾਸਪੁਰ:** ਰੋਜ਼ੀ ਰੋਟੀ ਕਮਾਉਣ ਪੰਜਾਬ ਦੇ ਨੌਜਵਾਨ ਵਿਦੇਸ਼ਾਂ ਵੱਲ ਰੁੱਖ ਕਰ ਰਹੇ ਹਨ ਪਰ ਬਾਹਰਲੇ ਦੇਸ਼ਾਂ ਬਾਰੇ ਪੂਰੀ ਜਾਣਕਾਰੀ ਨਾ ਹੋਣ ਕਾਰਨ ਉਹ ਅਕਸਰ ਹੀ ਗਲਤ ਏਜੰਟਾਂ ਦੇ ਹੱਥ ਚੜ੍ਹ ਜਾਂਦੇ ਹਨ ਜੋ ਉਨ੍ਹਾਂ ਨੂੰ ਵਿਦੇਸ਼ਾਂ 'ਚ ਫਸਾ ਦਿੰਦੇ ਹਨ। ਅਜਿਹੀ ਹੀ ਘਟਨਾ ਦੇ ਸ਼ਿਕਾਰ ਹੋਇਆ ਗੁਰਦਾਸਪੁਰ ਦਾ ਨੌਜਵਾਨ ਕਮਲ ਮਨਜਿੰਦਰ ਸਿੰਘ ਇਕ ਸਾਲ ਬਾਅਦ ਆਪਣੇ ਘਰ ਵਾਪਸ ਪਰਤਿਆ ਹੈ।

ਕਮਲ ਮਨਜਿੰਦਰ ਸਿੰਘ ਨੂੰ 4 ਮਹੀਨੇ ਸਾਊਦੀ ਅਰਬ ਦੀ ਸਫਰ ਜੇਲ੍ਹ 'ਚ ਕੱਟਣੇ ਪਏ ਜਿਥੋਂ ਕੁਝ ਦਿਨ ਪਹਿਲਾਂ ਜੇਲ੍ਹ 'ਚ ਬੰਦ ਨੌਜਵਾਨਾਂ ਨੇ ਜੇਲ੍ਹ ਅੰਦਰੋਂ ਸੋਸ਼ਲ ਮੀਡੀਆ 'ਤੇ ਆਪਣੀ ਵੀਡੀਓ ਪਾਉਣ ਤੋਂ ਬਾਅਦ ਪਰਿਵਾਰ ਵੱਲੋਂ ਡਿਪਟੀ ਕਮਿਸ਼ਨਰ ਰਾਹੀਂ ਸੰਸਦ ਮੈਂਬਰ ਭਗਵੰਤ ਮਾਨ, ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਆਪਣੇ ਪੁੱਤਰ ਦੀ ਰਿਹਾਈ ਲਈ ਮੰਗ ਪੱਤਰ ਭੇਜੇ ਜਿਸ ਤੋਂ ਬਾਅਦ ਸਾਊਦੀ ਅਰਬ 'ਚ ਸਥਿਤ ਭਾਰਤ ਦੀ ਅੰਬੈਸੀ ਵੱਲੋਂ ਜੇਲ੍ਹ 'ਚ ਬੰਦ ਨੌਜਵਾਨ ਨਾਲ ਰਾਬਤਾ ਕਾਇਮ ਕਰਕੇ ਉਸ ਨੂੰ ਘਰ ਵਾਪਸ ਭੇਜ ਦਿੱਤਾ ਗਿਆ। ਜੇਲ੍ਹ ਕੱਟ ਕੇ ਭਾਰਤ ਵਾਪਸ ਪਰਤੇ ਕਮਲ ਮਨਜਿੰਦਰ ਸਿੰਘ ਨੇ ਦੱਸਿਆ ਕਿ ਪਹਿਲਾਂ ਤਾਂ ਏਜੰਟ ਨੇ ਉਸ ਨੂੰ ਵੱਡੇ ਟਰੱਕਾਂ ਦੀ ਡਰਾਈਵਰੀ ਲਈ ਸਾਊਦੀ ਅਰਬ ਭੇਜਿਆ ਜਿਸ ਸਬੰਧੀ ਉਸ ਨੂੰ ਕੋਈ ਖਾਸ ਜਾਣਕਾਰੀ ਨਹੀਂ ਸੀ। ਉਸ ਤੋਂ ਬਾਅਦ ਆਬੂ ਤਾਲਿਮ ਨਾਂ ਦੀ ਕੰਪਨੀ ਦੇ ਮਾਲਕ ਰਸ਼ੀਦ ਵੱਲੋਂ ਉਸ ਤੋਂ ਅੱਠ ਮਹੀਨੇ ਮਕੈਨਿਕ ਦਾ ਕੰਮ ਲਿਆ ਗਿਆ ਤੇ ਉਸ ਨੂੰ ਕੋਈ ਤਨਖਾਹ ਨਹੀਂ ਦਿੱਤੀ ਗਈ। ਅੱਠ ਮਹੀਨੇ ਬਾਅਦ ਉਸ ਨੂੰ ਡਰਾਈਵਿੰਗ ਲਾਈਸੈਂਸ ਬਣਾ ਕੇ ਦਿੱਤਾ ਗਿਆ। ਉਪਰੰਤ ਕੰਪਨੀ ਦੇ ਮਾਲਕ ਰਸ਼ੀਦ ਵੱਲੋਂ ਉਸ ਉਪਰ ਚੋਰੀ ਦਾ ਝੂਠਾ ਕੇਸ ਪਵਾ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਜੇਲ੍ਹ ਦੇ ਹਾਲਤ ਬਾਰੇ ਜਾਣਕਾਰੀ ਦਿੰਦਿਆਂ ਕਮਲ ਮਨਜਿੰਦਰ ਸਿੰਘ ਨੇ ਦੱਸਿਆ ਕਿ ਕੇਰਲ ਦੇ ਰਹਿਣ ਵਾਲੇ ਦੋ ਨੌਜਵਾਨ ਅੰਨ੍ਹਾ ਤੇ ਇਤਨਾਨ ਸਾਊਦੀ ਅਰਬ ਦੀ ਪੁਲਿਸ ਨਾਲ ਮਿਲ ਕੇ ਜੇਲ੍ਹ 'ਚ ਬੰਦ ਨੌਜਵਾਨਾਂ ਦੀ ਲੁੱਟ ਕਰ ਰਹੇ ਹਨ। ਜੇਲ੍ਹ ਵਿਚ ਫੋਨ ਦੀਆਂ ਬੈਟਰੀਆਂ ਚਾਰਜ ਕਰਨ ਦਾ ਕੰਮ ਇਹ ਦੋਨੋਂ ਹੀ ਕਰਦੇ ਹਨ ਤੇ ਇਕ ਵਾਰ ਬੈਟਰੀ ਚਾਰਜ ਕਰਨ ਦੇ 5 ਰਿਆਲ ਲੈਂਦੇ ਹਨ। ਇਸੇ ਤਰ੍ਹਾਂ ਜੇਲ੍ਹ ਵਿਚ ਨਸ਼ਾ ਤੇ ਹੋਰ ਸਮੱਗਰੀ ਵੇਚ ਕੇ ਇਹ ਦੋਵੇਂ ਭਾਰੀ ਮੁਨਾਫਾ ਕਰਦੇ ਹਨ, ਜਿਸ ਵਿਚ ਪੁਲਿਸ ਦਾ ਵੀ ਹਿੱਸਾ ਹੁੰਦਾ ਹੈ।

## ਸ਼ੇਖਾਂ ਨੂੰ ਵੇਚੀ ਪੰਜਾਬਣ ਦੀ ਦਿਲ ਕੰਬਾਊ ਦਾਸਤਾਨ

**ਚੰਡੀਗੜ੍ਹ:** ਟਰੈਵਲ ਏਜੰਟਾਂ ਵੱਲੋਂ ਪੰਜਾਬ ਦੀਆਂ ਕੁੜੀਆਂ ਨੂੰ ਕੰਮ ਬਹਾਨੇ ਅਰਬ ਦੇਸ਼ਾਂ ਵਿਚ ਲਿਜਾ ਕੇ ਵੇਚਣ ਤੇ ਸ਼ੋਸ਼ਣ ਕਰਨ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਪਿਛਲੇ 9 ਮਹੀਨਿਆਂ ਪਿੱਛੋਂ ਸ਼ੇਖਾਂ ਦੇ ਕਬਜ਼ੇ ਵਿਚੋਂ ਰਿਹਾਅ ਹੋ ਕੇ ਅੰਮ੍ਰਿਤਸਰ ਦੇ ਹਵਾਈ ਅੱਡੇ ਪਹੁੰਚੀ ਇਕ ਔਰਤ ਨੇ ਆਪ ਬੀਤੀ ਦੱਸਦੇ ਹੋਏ ਦਿਲ ਕੰਬਾਊ ਖੁਲਾਸੇ ਕੀਤੇ ਹਨ।

ਜਲੰਧਰ ਦੀ ਰਹਿਣ ਵਾਲੀ ਪਰਵੀਨ ਰਾਣੀ ਨੂੰ ਏਜੰਟਾਂ ਨੇ ਇਹ ਭਰੋਸਾ ਦਿੱਤਾ ਸੀ ਕਿ ਉਸ ਨੂੰ ਦੁਬਈ ਭੇਜਿਆ ਜਾਵੇਗਾ ਜਿਥੇ ਉਸ ਲਈ ਚੰਗੀ ਨੌਕਰੀ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਪਰ ਨੌਕਰੀ ਤਾਂ ਦੂਰ ਦੀ ਗੱਲ, ਜਦੋਂ ਉਹ ਇਥੇ ਪੁੱਜੀ ਤਾਂ ਉਸ ਨੂੰ ਮਸਕਟ ਦੇ ਕਿਸੇ ਸ਼ੇਖ ਤੋਂ ਮੋਟੀ ਰਕਮ ਲੈ ਕੇ ਵੇਚ ਦਿੱਤਾ ਗਿਆ। ਪਰਵੀਨ ਉਥੋਂ ਦਿਨ ਰਾਤ ਕੰਮ ਕਰਦੀ ਰਹੀ ਪਰ ਰਾਤ ਨੂੰ ਉਸ ਨੂੰ ਖਾਣਾ ਵੀ ਨਸੀਬ ਨਹੀਂ ਹੁੰਦਾ ਸੀ। ਕਿਸੇ ਤਰ੍ਹਾਂ ਉਸ ਨੇ ਮੋਬਾਈਲ ਰਾਹੀਂ ਆਪਣਾ ਸੁਨੇਹਾ ਭੇਜਿਆ। ਜਿਸ ਵਿਚ ਉਸ ਨੇ ਮਦਦ ਦੀ ਗੁਹਾਰ ਲਗਾਈ। ਜਿਸ ਤੋਂ ਬਾਅਦ ਇਕ ਸਮਾਜਿਕ ਸੰਸਥਾ ਤੇ ਐਸਪੀ ਓਬਰਾਏ ਨੇ ਉਸ ਦੀ ਮਦਦ ਕੀਤੀ ਤੇ ਸ਼ੇਖ ਨੂੰ ਪੈਸੇ ਦੇ ਕੇ ਆਜ਼ਾਦ ਕਰਵਾਇਆ।

# ਆਸਟਰੇਲੀਆ ਵੱਲੋਂ ਨਵੀਂ ਆਵਾਸ ਨੀਤੀ ਦੀ ਤਿਆਰੀ

**ਸਿਡਨੀ:** ਆਸਟਰੇਲੀਆ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਆਵਾਸ ਬਾਰੇ ਗੱਲ ਕਰਦਿਆਂ ਕਿਹਾ ਕਿ ਸਰਕਾਰ ਨਵੀਂ ਨੀਤੀ 'ਤੇ ਕੰਮ ਕਰ ਰਹੀ ਹੈ। ਹੁਣ ਸਖਤ ਨਿਯਮਾਂ ਨਾਲ ਦੇਸ਼ ਦੇ ਹੋਰ ਹਿੱਸੇ ਲਈ ਇਕ ਵੱਖਰੀ ਆਵਾਸ ਨੀਤੀ ਦੀ ਵਰਤੋਂ ਕਰਨੀ ਹੋਵੇਗੀ। ਸਿਡਨੀ ਅਤੇ ਮੈਲਬਰਨ ਤੋਂ ਬਾਅਦ ਹੁਣ ਹੋਰ ਸ਼ਹਿਰਾਂ ਲਈ ਸਖਤ ਆਵਾਸ ਨੀਤੀ ਲਈ ਕੰਮ ਕਰਨਾ ਹੋਵੇਗਾ।

ਇਕ ਇੰਟਰਵਿਊ ਦੌਰਾਨ ਸ੍ਰੀ ਮੌਰੀਸਨ ਨੇ ਕਿਹਾ ਕਿ ਸਖਤ ਨਿਯਮਾਂ ਨਾਲ ਹੀ ਸ਼ਹਿਰਾਂ ਵਿਚੋਂ ਅਬਾਦੀ ਦੇ ਦਬਾਅ ਨੂੰ ਘਟਾਇਆ ਜਾ ਸਕਦਾ ਹੈ। ਅਜਿਹੇ ਖੇਤਰਾਂ ਵਿਚ ਕੁਝ ਅਸਥਾਈ ਪਰਵਾਸੀਆਂ ਦਾ ਦਾਖਲਾ ਕਰਨਾ ਹੋਵੇਗਾ ਜਿਥੇ ਕਾਮਿਆਂ ਦੀ ਲੋੜ ਹੈ।

ਫੈਡਰਲ ਸਰਕਾਰ ਮੁਲਕ 'ਚ ਜਿਥੇ ਵਿਕਾਸ ਦੀ ਜ਼ਰੂਰਤ ਹੈ ਅਤੇ ਟਰੇਡ ਦੀ ਘਾਟ ਹੈ, ਲਈ ਅਜਿਹੇ ਕਦਮ ਚੁੱਕੇ ਜਾਣ ਬਾਰੇ ਵਿਚਾਰ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਵਿਚਾਰ ਇਹ ਵੀ ਹੈ ਕਿ ਛੋਟੇ ਸ਼ਹਿਰਾਂ ਜਾਂ ਖੇਤਰੀ ਖੇਤਰਾਂ ਵਿਚ ਜਾਣ ਵਾਲੇ ਅਸਥਾਈ ਕਰਮਚਾਰੀਆਂ ਨੂੰ ਫਾਸਟ-ਟਰੈਕ ਕਰਨ ਲਈ ਇਕ ਅੰਕ ਸਿਸਟਮ ਦੀ ਵਰਤੋਂ ਹੋਵੇ। ਜੋ ਵੱਡੇ ਸ਼ਹਿਰਾਂ ਦੇ ਖੇਤਰਾਂ 'ਚ ਦਾਖਲੇ ਨੂੰ ਘਟਾਉਂਦੀ ਹੋਵੇ।

ਆਸਟਰੇਲੀਆ ਦੀ ਕੁੱਲ ਅਬਾਦੀ ਦੇ ਵਾਧੇ 'ਚੋਂ ਅੱਧੇ ਤੋਂ ਜ਼ਿਆਦਾ ਸਿਡਨੀ ਤੇ ਮੈਲਬੋਰਨ ਵਿਚ ਹੈ। ਜੂਨ 2017 ਵਿਚ ਸਿਡਨੀ ਦੀ ਅਬਾਦੀ 'ਚ 102000 ਦਾ ਵਾਧਾ ਹੋਇਆ ਸੀ। ਇਨ੍ਹਾਂ 'ਚ ਪਰਵਾਸੀਆਂ ਦਾ ਯੋਗਦਾਨ 85000 ਸੀ।

# Matrimonials

## ਵਰ ਦੀ ਲੋੜ ਹੈ

Wanted suitable match for Saini Sikh girl, 28, 5'-6", computer science graduate, working in Chandigarh, with 10 year multipurpose USA visa. The boy should be professionally qualified, well settled with good family values. Girl's elder sister married and settled in California. Contact, Ph: +91-98154-47677 (India) or 408-621-7329 (USA) 34-37

## ਲੜਕੀ ਦੀ ਲੋੜ ਹੈ

27 ਸਾਲਾ, 5'-9", ਗਰੇਵਾਲ, ਅਮਰੀਕਨ ਸਿਟੀਜ਼ਨ, ਮਾਸਟਰ ਡਿਗਰੀ ਪ੍ਰਾਪਤ ਇੰਜੀਨੀਅਰ ਚੰਗੀ ਨੌਕਰੀ ਕਰ ਰਹੇ ਅੰਮ੍ਰਿਤਧਾਰੀ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਲੜਕਾ ਪਰਿਵਾਰ ਸਮੇਤ ਬੇਅ ਏਰੀਆ, ਕੈਲੀਫੋਰਨੀਆ ਰਹਿੰਦਾ ਹੈ। ਸੰਪਰਕ ਕਰੋ, ਫੋਨ: 408-505-0456 grewalsj408@gmail.com 34-37

Saini Sikh clean shave boy, 28, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 34-41

## ਲੜਕੀ ਦੀ ਲੋੜ ਹੈ

ਅਮਰੀਕੀ ਗਰੀਨ ਕਾਰਡ ਹੋਲਡਰ ਜੱਟ ਸਿੱਖ, 28 ਸਾਲ, 6 ਫੁੱਟ ਲੜਕੇ ਲਈ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਉਸ ਦੇ ਵੱਡੇ ਭਰਾ 31 ਸਾਲ, 6 ਫੁੱਟ (ਭਾਰਤ) ਨੂੰ ਕੈਨੇਡਾ ਜਾਂ ਅਮਰੀਕਾ ਵਿਚ ਰਿਸ਼ਤਾ ਕਰਵਾ ਸਕਦੇ ਹੋਣ। ਤਸਵੀਰ ਤੇ ਵੇਰਵੇ ਸਮੇਤ ਸੰਪਰਕ ਕਰੋ: jdeep9801@gmail.com 36-39

Wanted suitable match for Jatt Sikh Pannu boy 27, 6'-1", Bachelor of Computer Science Engineering, Software Engineering Technician (Canada) post graduate, working on work permit in Winnipeg (Canada), Canadian PR in process. Contact, Ph: 204-915-5591 (Canada), 937-328-5102 (USA) or email: Er.pawandeep23@gmail.com 35-38

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 33-36

wwwpunjabtimesusa.com


ਤੰਦੂਰੀ ਸ਼ੈਫ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀ ਸ਼ੈਫ ਅਤੇ ਵੇਟਰ ਦੀ ਫੌਰੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 757-240-9348

37-39



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com



Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਈਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai Cell:734-644-1010 Office:734-747-4298

# 'ਆਪ' ਨੇ ਪੰਜਾਬ 'ਚ ਕਾਂਗਰਸ ਨਾਲ ਗੱਠਜੋੜ ਤੋਂ ਪਾਸਾ ਵੱਟਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਲੀਡਰਸ਼ਿਪ ਸਾਲ 2019 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਰਾਜ ਵਿਚ ਕਾਂਗਰਸ ਨਾਲ ਚੋਣ ਗੱਠਜੋੜ ਕਰਨ ਦੇ ਰੌਅ ਵਿਚ ਨਹੀਂ ਹੈ। ਦੱਸਣਯੋਗ ਹੈ ਕਿ ਕੌਮੀ ਪੱਧਰ 'ਤੇ 'ਆਪ' ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਰੁੱਧ ਮਹਾਂਗੱਠਬੰਧਨ ਬਣਾਉਣ ਦੇ ਦਾਅਵੇ ਕਰਨ ਵਾਲੀਆਂ ਹੋਰ ਵਿਰੋਧੀ ਪਾਰਟੀਆਂ ਦੇ ਲੀਡਰਾਂ ਦੇ ਸੰਪਰਕ ਵਿਚ ਹਨ।

ਸੂਤਰਾਂ ਅਨੁਸਾਰ ਪਿਛਲੇ ਦਿਨੀਂ ਦਿੱਲੀ ਵਿਚ ਪੰਜਾਬ ਦੀ ਪ੍ਰਮੁੱਖ ਲੀਡਰਸ਼ਿਪ ਅਤੇ ਵਿਧਾਇਕਾਂ ਦੀ ਕੇਜਰੀਵਾਲ ਨਾਲ ਹੋਈ ਲੰਮੀ-ਚੌੜੀ ਮੀਟਿੰਗ ਦੌਰਾਨ ਪੰਜਾਬ ਵਿਚ ਕਾਂਗਰਸ ਨਾਲ ਗੱਠਜੋੜ ਕਰਨ ਦੀਆਂ ਸੰਭਾਵਨਾ ਬਾਰੇ ਖੁੱਲ੍ਹ ਕੇ ਵਿਚਾਰ ਹੋਏ ਸਨ। ਇਕ-ਅੱਧੇ ਵਿਧਾਇਕ ਨੂੰ ਛੱਡ ਕੇ ਬਾਕੀ ਸਾਰੇ ਵਿਧਾਇਕਾਂ ਤੇ ਸੂਬਾਈ ਲੀਡਰਸ਼ਿਪ ਨੇ ਪੰਜਾਬ ਵਿਚ ਕਾਂਗਰਸ ਨਾਲ ਚੋਣ ਸਮਝੌਤਾ ਨਾ ਕਰਨ ਦੇ ਬੜੇ ਸਪਸ਼ਟ ਵਿਚਾਰ ਦਿੱਤੇ ਹਨ। ਪੰਜਾਬ ਦੇ ਆਗੂਆਂ ਨੇ ਕੇਜਰੀਵਾਲ ਨੂੰ ਦੱਸਿਆ ਕਿ ਜੇ ਪੰਜਾਬ ਵਿਚ ਪਾਰਟੀ ਕਾਂਗਰਸ ਨਾਲ ਸਾਂਝ ਪਾਉਂਦੀ ਹੈ ਤਾਂ ਸੂਬੇ ਵਿਚ 'ਆਪ' ਦੀ ਅਸੂਲੀ ਲੜਾਈ ਹੀ ਖਤਮ ਹੋ ਜਾਵੇਗੀ ਅਤੇ ਸਿਆਸੀ ਤੌਰ 'ਤੇ ਵੀ ਇਹ ਸੌਦਾ ਲਾਹੇਵੰਦ ਨਹੀਂ ਰਹੇਗਾ ਕਿਉਂਕਿ ਪੰਜਾਬ ਦੇ ਲੋਕ 'ਆਪ' ਨੂੰ ਤੀਸਰੀ ਧਿਰ ਵਜੋਂ ਦੇਖਣਾ ਚਾਹੁੰਦੇ ਹਨ।

ਸੂਤਰਾਂ ਅਨੁਸਾਰ ਜਿਹੜੇ ਇਕ-ਅੱਧੇ ਵਿਧਾਇਕ ਨੇ ਕਾਂਗਰਸ ਨਾਲ ਸਮਝੌਤਾ ਕਰਨ ਦੀ ਸਲਾਹ ਦਿੱਤੀ ਸੀ, ਉਸ ਦਾ ਤਰਕ ਸੀ ਕਿ ਪੰਜਾਬ ਵਿਚ ਪਾਰਟੀ ਦੀ ਖੁਰੀ ਸਾਖ ਕਾਰਨ ਅਜਿਹਾ ਸਿਆਸੀ ਗੱਠਜੋੜ ਸਾਲ 2019 ਦੀਆਂ ਚੋਣਾਂ ਵਿਚ ਸਹਾਈ ਸਿੱਧ ਹੋ ਸਕਦਾ ਹੈ ਪਰ ਇਸ ਰਾਏ ਉਪਰ ਕਿਸੇ ਨੇ ਵੀ ਹਾਮੀ ਨਹੀਂ ਭਰੀ। ਸੂਤਰਾਂ ਅਨੁਸਾਰ ਸ੍ਰੀ ਕੇਜਰੀਵਾਲ ਨੇ ਵੀ ਪੰਜਾਬ ਦੀ ਲੀਡਰਸ਼ਿਪ ਦੀ ਸਲਾਹ ਨੂੰ ਅਸੂਲੀ ਤੌਰ 'ਤੇ ਜਾਇਜ਼ ਹੀ ਦੱਸਿਆ ਹੈ।

ਪਤਾ ਲੱਗਾ ਹੈ ਕਿ ਇਸ ਮੀਟਿੰਗ ਵਿਚ ਸ੍ਰੀ ਕੇਜਰੀਵਾਲ ਨੇ ਪੰਜਾਬ ਦੀ ਲੀਡਰਸ਼ਿਪ ਨੂੰ ਦੱਸਿਆ ਹੈ ਕਿ ਫਿਲਹਾਲ ਕੌਮੀ ਪੱਧਰ 'ਤੇ ਵੀ ਕਾਂਗਰਸ ਨਾਲ ਗੱਠਜੋੜ ਕਰਨ ਉਪਰ ਕਿਸੇ ਤਰ੍ਹਾਂ ਦੀ ਗੱਲ ਨਹੀਂ ਹੋਈ।



ਪਾਰਟੀ ਸੂਤਰਾਂ ਅਨੁਸਾਰ ਇਸ ਸਥਿਤੀ ਵਿਚ ਪੰਜਾਬ ਵਿਚ 'ਆਪ' ਦੀ ਕਾਂਗਰਸ ਨਾਲ ਚੋਣ ਸਾਂਝ ਪੈਣ ਦੀ ਸੰਭਾਵਨਾ ਘੱਟ ਹੈ ਪਰ ਕੌਮੀ ਪੱਧਰ 'ਤੇ ਭਾਜਪਾ ਵਿਰੋਧੀ ਗੱਠਬੰਧਨ ਵਿਚ 'ਆਪ' ਕਿਸੇ ਢੰਗ ਨਾਲ ਸਾਂਝ ਪਾਉਣ ਉਪਰ ਸੋਚ ਸਕਦੀ ਹੈ। ਦੱਸਣਯੋਗ ਹੈ ਕਿ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਵੀ ਕਹਿ ਚੁੱਕੇ ਹਨ ਕਿ ਇਹ ਕਿਵੇਂ ਸੰਭਵ ਹੈ ਕਿ ਪੰਜਾਬ ਦੀ ਮੁੱਖ ਵਿਰੋਧੀ ਧਿਰ 'ਆਪ' ਵੱਲੋਂ ਹੁਕਮਰਾਨ ਕਾਂਗਰਸ ਨਾਲ ਸਾਂਝ ਪਾਈ ਜਾ ਸਕਦੀ ਹੈ। ਪਿਛਲੇ ਸਮੇਂ ਜਦੋਂ ਸੁਖਪਾਲ ਸਿੰਘ ਖਹਿਰਾ ਵਿਰੋਧੀ ਧਿਰ ਦੇ ਆਗੂ ਸਨ ਤਾਂ ਉਨ੍ਹਾਂ ਵਿਧਾਇਕ ਦਲ ਦੀ ਮੀਟਿੰਗ ਵਿਚ ਇਹ ਮੁੱਦਾ ਲਿਆਂਦਾ ਸੀ ਪਰ ਉਸ ਵੇਲੇ ਵੀ ਬਹੁਗਿਣਤੀ ਵਿਧਾਇਕਾਂ ਨੇ ਸੂਬੇ ਵਿਚ ਕਾਂਗਰਸ ਨਾਲ ਚੋਣ ਗੱਠਜੋੜ ਕਰਨ ਦੀ ਹਾਮੀ ਨਹੀਂ ਭਰੀ ਸੀ। ਇਸ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ ਐਚ.ਐਸ. ਫੂਲਕਾ ਨੇ ਵੀ ਸਾਫ ਕਰ ਦਿੱਤਾ ਹੈ ਕਿ ਜੇ 'ਆਪ' ਸਾਲ 2019 ਦੀਆਂ ਚੋਣਾਂ ਦੌਰਾਨ ਸਾਲ 1984 ਦੇ ਸਿੱਖ ਕਤਲੇਆਮ ਦੀ ਦੋਸ਼ੀ ਮੰਨੀ ਜਾਂਦੀ ਕਾਂਗਰਸ ਨਾਲ ਚੋਣ ਸਮਝੌਤਾ ਕਰੇਗੀ ਤਾਂ ਉਹ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਪਾਰਟੀ ਤੋਂ ਕਿਨਾਰਾ ਕਰ ਲੈਣਗੇ।

ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਪੰਜਾਬ ਵਿਚ 'ਆਪ' ਨਾਲ ਚੋਣ ਗੱਠਜੋੜ ਕਰਨ ਦੀਆਂ ਸੰਭਾਵਨਾਵਾਂ ਰੱਦ ਕਰ ਚੁੱਕੇ ਹਨ।

## ਜਮੀਨ ਖਾਤਰ ਪੁੱਤਰਾਂ ਨੇ ਮਾਂ ਨੂੰ ਜਿਉਂਦਾ ਸਾੜਿਆ

**ਫਾਜ਼ਿਲਕਾ:** ਫਾਜ਼ਿਲਕਾ ਦੇ ਸਰਹੱਦੀ ਪਿੰਡ ਗੁਲਾਬਾਂ ਭੈਣੀ ਦੇ ਤਿੰਨ ਪੁੱਤਰਾਂ ਨੇ ਜ਼ਮੀਨ ਦੀ ਵੰਡ ਨੂੰ ਲੈ ਕੇ ਆਪਣੀ ਬਜ਼ੁਰਗ ਮਾਤਾ ਨੂੰ ਕੁੱਟਮਾਰ ਕਰਨ ਤੋਂ ਬਾਅਦ ਤਸੀਹੇ ਦੇ ਕੇ ਜਿਊਂਦਾ ਸਾੜ ਦਿੱਤਾ। ਪਿੰਡ ਗੁਲਾਬਾਂ ਭੈਣੀ ਦੀ ਰਹਿਣ ਵਾਲੀ ਮਾਲ੍ਹੋਂ ਬਾਈ ਵਿਧਵਾ ਗੁਰਦਿਆਲ ਸਿੰਘ ਦੇ ਚਾਰ ਪੁੱਤਰ ਹਨ। ਉਸ ਨੇ ਆਪਣੇ ਚਾਰਾਂ ਪੁੱਤਰਾਂ ਵਿਚ ਜ਼ਮੀਨ ਵੰਡ ਦਿੱਤੀ ਅਤੇ ਢਾਈ ਏਕੜ ਦੇ ਕਰੀਬ ਜ਼ਮੀਨ ਆਪਣੇ ਹਿੱਸੇ ਦੀ ਕੋਲ ਰੱਖ ਲਈ।

ਉਸ ਨੇ ਫੈਸਲਾ ਕੀਤਾ ਕਿ ਜੋ ਉਸ ਦੀ ਸੇਵਾ ਕਰੇਗਾ, ਉਸ ਨੂੰ ਜ਼ਮੀਨ ਦਿੱਤੀ ਜਾਵੇਗੀ। ਉਹ ਆਪਣੇ ਇਕ ਲੜਕੇ ਰਮੇਸ਼ ਸਿੰਘ ਕੋਲ ਰਹਿ ਰਹੀ ਸੀ, ਜਦੋਂ ਕਿ ਉਸ ਦੇ ਬਾਕੀ ਤਿੰਨ ਲੜਕੇ ਪ੍ਰੀਤਮ ਸਿੰਘ, ਸੁਰਿੰਦਰ ਸਿੰਘ ਤੇ ਬਲਵਿੰਦਰ ਸਿੰਘ ਪਿਛਲੇ ਕਾਫੀ ਸਮੇਂ ਤੋਂ ਉਸ ਦੇ ਨਾਂ 'ਤੇ ਲੱਗੀ ਜ਼ਮੀਨ ਨੂੰ ਵੰਡਣਾ ਚਾਹੁੰਦੇ ਸਨ। ਜਦੋਂ ਮਾਲ੍ਹੋਂ ਬਾਈ ਆਪਣੇ ਖੇਤ ਜੋ ਕਿ ਉਸ ਦੇ ਘਰ ਦੇ ਕੋਲ ਹੀ ਹੈ, 'ਚ ਗਈ, ਜਿਥੇ ਉਸ ਦੇ ਲੜਕੇ ਰਮੇਸ਼ ਸਿੰਘ ਦਾ ਪਰਿਵਾਰ ਪਸ਼ੂਆਂ ਲਈ ਚਾਰਾ ਕੱਟ ਰਿਹਾ ਸੀ। ਉਸੇ ਥਾਂ 'ਤੇ ਪਹਿਲਾਂ ਹੀ ਤਾਕ ਵਿਚ ਬੈਠੇ ਤਿੰਨੇ ਪੁੱਤਰਾਂ ਤੇ ਪਰਿਵਾਰਕ ਮੈਂਬਰਾਂ ਨੇ ਮਾਲ੍ਹੋਂ ਬਾਈ ਨੂੰ ਫੜ ਕੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ, ਜਦੋਂ ਉਹ ਹੇਠਾਂ ਡਿਗ ਪਈ ਤਾਂ ਉਸ ਨੂੰ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ।

# ਅਹੁਦਾ ਖੁੱਸਣ ਪਿਛੋਂ ਵੀ ਵਿਧਾਨ ਸਭਾ 'ਚ ਖਹਿਰਾ ਦੀ ਚੜ੍ਹਤ

**ਚੰਡੀਗੜ੍ਹ:** ਵਿਧਾਨ ਸਭਾ ਵਿਚ ਬੇਅਦਬੀ ਕਾਂਡ ਦੀ ਰਿਪੋਰਟ 'ਤੇ ਬਹਿਸ ਦੇ ਅੰਕੜੇ ਸਾਹਮਣੇ ਆ ਗਏ ਹਨ। ਬੀਤੀ 27 ਅਗਸਤ ਨੂੰ ਪੰਜਾਬ ਵਿਧਾਨ ਸਭਾ ਵਿਚ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੇਸ਼ ਕੀਤੀ ਗਈ ਸੀ ਅਤੇ ਇਸ ਤੋਂ ਅਗਲੇ ਦਿਨ ਰਿਪੋਰਟ 'ਤੇ ਦੋ ਘੰਟੇ ਬਹਿਸ ਕੀਤੀ ਜਾਣੀ ਸੀ। ਤਕਰੀਬਨ 6 ਘੰਟੇ 50 ਮਿੰਟ ਚੱਲੀ ਇਸ ਬਹਿਸ ਵਿਚ ਵਿਰੋਧੀ ਧਿਰ ਨੇ ਆਪਣੀ ਸ਼ਮੂਲੀਅਤ ਤਾਂ ਕੀਤੀ ਪਰ ਮੌਜੂਦਾ ਵਿਰੋਧੀ ਧਿਰ ਦੇ ਨੇਤਾ ਪੁਰਾਣੇ ਐਲ.ਓ.ਪੀ. ਵਾਂਗ ਆਪਣੀ ਹਾਜ਼ਰੀ ਨਹੀਂ ਲਵਾ ਸਕੇ।



ਬੀਤੀ 28 ਅਗਸਤ ਨੂੰ ਹੋਈ ਬਹਿਸ ਵਿਚ ਜਿਥੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਾਕਆਊਟ ਕਰ ਕੇ ਰਿਪੋਰਟ 'ਤੇ ਬਹਿਸ ਵਿਚ ਆਪਣੀ ਸ਼ਮੂਲੀਅਤ ਦਰਜ ਹੀ ਨਹੀਂ ਕੀਤੀ, ਉਥੇ ਹੀ ਕਾਂਗਰਸ, ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਵਿਧਾਇਕਾਂ ਨੇ ਆਪੋ-ਆਪਣੀ ਗੱਲ ਰੱਖੀ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਆਪਣੀ ਗੱਲ ਰੱਖਣ ਲਈ 8 ਮਿੰਟ ਦਾ ਸਮਾਂ ਲਿਆ ਉਥੇ ਹੀ ਸਾਬਕਾ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਖਹਿਰਾ ਇਸ ਮਾਮਲੇ ਉਤੇ 21 ਮਿੰਟ ਬੋਲੇ।

ਇੰਨਾ ਹੀ ਨਹੀਂ ਖਹਿਰਾ ਧੜੇ ਦੇ 'ਥੰਮ੍ਹ' ਕੰਵਰ ਸੰਧੂ ਨੇ ਵਿਰੋਧੀ ਧਿਰ ਵਿਚੋਂ ਸਭ ਤੋਂ ਵੱਧ ਸਮਾਂ ਲਿਆ। ਸੰਧੂ ਨੇ ਪੂਰੇ 25 ਵਿਚ ਆਪਣੀ ਗੱਲ ਰੱਖੀ, ਜਦਕਿ ਸਭ ਤੋਂ ਘੱਟ ਰੂਪਨਗਰ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਸਿਰਫ ਇਕ ਮਿੰਟ ਵਿਚ ਰਿਪੋਰਟ 'ਤੇ ਆਪਣੇ ਵਿਚਾਰ ਰੱਖੇ। ਆਮ ਆਦਮੀ ਪਾਰਟੀ ਦੀ ਸਾਬਕਾ ਭਾਈਵਾਲ ਲੋਕ ਇਨਸਾਫ ਪਾਰਟੀ ਨੂੰ ਆਪਣੀ ਗੱਲ ਰੱਖਣ ਲਈ ਸਿਰਫ ਦੋ ਮਿੰਟ ਮਿਲੇ ਸਨ, ਜਦਕਿ ਸਿਮਰਜੀਤ ਸਿੰਘ ਬੈਂਸ ਪੂਰੇ 10 ਮਿੰਟ ਤੱਕ ਬੋਲਦੇ ਰਹੇ।

ਉਧਰ, ਕਾਂਗਰਸੀ ਵਿਧਾਇਕ ਬਹਿਸ ਦੇ ਪੂਰੇ 6.50 ਘੰਟਿਆਂ ਵਿਚੋਂ 4.06 ਘੰਟੇ ਬੋਲਦੇ ਰਹੇ। ਜੇਲ੍ਹ ਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਭ ਤੋਂ ਵੱਧ 54 ਮਿੰਟਾਂ ਦਾ ਸਮਾਂ ਲਿਆ। ਜਦਕਿ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ 41 ਮਿੰਟਾਂ ਵਿਚ ਆਪਣੀ ਗੱਲ ਰੱਖੀ। ਹਾਕਮ ਧਿਰ ਵਿਚ ਵਿੱਤ ਮੰਤਰੀ ਆਪਣੇ ਬਾਕੀ ਸਾਥੀਆਂ ਨਾਲੋਂ ਸਭ ਤੋਂ ਘੱਟ ਬੋਲੇ। ਉਨ੍ਹਾਂ 13 ਮਿੰਟਾਂ ਵਿਚ ਹੀ ਆਪਣੀ ਗੱਲ ਨਿਬੇੜ ਦਿੱਤੀ। ਕੈਪਟਨ ਅਮਰਿੰਦਰ ਸਿੰਘ ਨੇ ਸਾਰਿਆਂ ਦੀ ਗੱਲ ਸੁਣੀ ਅਤੇ 14 ਮਿੰਟਾਂ ਵਿਚ ਸਾਰੀ ਬਹਿਸ ਦਾ ਜਵਾਬ ਦਿੱਤਾ।

## ਖਹਿਰਾ ਨੇ 2022 ਦੀਆਂ ਚੋਣਾਂ ਬਾਰੇ ਬਣਾਈ ਰਣਨੀਤੀ

**ਰੂਪਨਗਰ:** ਆਮ ਆਦਮੀ ਪਾਰਟੀ ਦੇ ਬਾਗੀ ਨੇਤਾ ਤੇ ਦਿੱਲੀ ਹਾਈ ਕਮਾਨ ਦਾ ਸਮਰਥਨ ਪ੍ਰਾਪਤ ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਮਾਨ ਵਿਚਾਲੇ ਸ਼ਬਦੀ ਜੰਗ ਦਿਨੋਂ-ਦਿਨ ਤੇਜ਼ ਹੁੰਦੀ ਜਾਪਦੀ ਹੈ।

ਸੁਖਪਾਲ ਸਿੰਘ ਖਹਿਰਾ ਨੇ ਦਾਅਵਾ ਕੀਤਾ ਹੈ ਕਿ ਆਉਂਦੀਆਂ 2022 ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿਚੋਂ ਉਮੀਦਵਾਰਾਂ ਦੀ ਚੋਣ ਵਾਲੰਟੀਅਰ ਖੁਦ ਕਰਨਗੇ ਨਾ ਕਿ ਦਿੱਲੀ ਤੋਂ ਟਿਕਟਾਂ ਦੀ ਚੋਣ ਹੋਵੇਗੀ। ਖਹਿਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਕਿਸੇ ਇਕ ਵਿਅਕਤੀ ਦੀ ਨਹੀਂ, ਬਲਕਿ ਪੰਜਾਬ ਦੇ ਲੋਕਾਂ ਦੀ ਆਪਣੀ ਪਾਰਟੀ ਹੈ ਪਰ ਲੋਕ ਹੁਣ ਜਾਗ ਰਹੇ ਹਨ ਤੇ ਪਾਰਟੀ ਵਿਚ ਆਤਮਵਿਸ਼ਵਾਸ ਪੈਦਾ ਹੋਇਆ ਹੈ।

ਪੰਜਾਬ ਵਿਚ ਦਿੱਲੀ ਹਾਈਕਮਾਨ ਦੀ ਤਰਜਮਾਨੀ ਕਰਦੇ ਭਗਵੰਤ ਮਾਨ 'ਤੇ ਸੱਟ ਮਾਰਦਿਆਂ ਖਹਿਰਾ ਨੇ ਕਿਹਾ ਕਿ ਉਸ ਦੀ ਹੈਂਕੜ ਨੇ ਹੀ ਪਾਰਟੀ ਨੂੰ 100 ਸੀਟਾਂ ਤੋਂ 20 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਨੇ ਕਿਸੇ ਚੰਗੇ ਬੰਦਿਆਂ ਨੂੰ ਪਾਰਟੀ ਵਿਚ ਆਉਣ ਹੀ ਨਹੀਂ ਦਿੱਤਾ ਅਤੇ ਜੋ ਵੀ ਚੰਗੇ ਲੋਕ ਸਨ, ਉਨ੍ਹਾਂ ਨੂੰ ਪਾਰਟੀ 'ਚੋਂ ਬਾਹਰ ਦਾ ਰਾਹ ਦਿਖਾ ਦਿੱਤਾ।

## ਸਿਮਰਨਜੀਤ ਸਿੰਘ ਮਾਨ ਬਗਾਵਤ ਤੇ ਦੇਸ਼ ਧ੍ਰੋਹ ਦੇ ਮੁਕੱਦਮੇ 'ਚੋਂ ਬਰੀ

**ਫਤਿਹਗੜ੍ਹ ਸਾਹਿਬ:** ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਅਦਾਲਤ ਨੇ ਦੇਸ਼ ਧ੍ਰੋਹ ਤੇ ਬਗਾਵਤ ਦੇ ਕੇਸ ਵਿਚੋਂ ਬਾਇੱਜ਼ਤ ਬਰੀ ਕਰਨ ਦੇ ਹੁਕਮ ਦਿੱਤੇ ਹਨ। ਸ੍ਰੀ ਮਾਨ ਖਿਲਾਫ ਤਹਿਸੀਲ ਬਸੀ ਪਠਾਣਾਂ ਵਿਚ 8 ਮਾਰਚ 2006 ਨੂੰ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵੀ ਸ੍ਰੀ ਮਾਨ ਪੰਜਾਬ ਅਤੇ ਹੋਰਨਾਂ ਸਥਾਨਾਂ ਉਪਰ ਦੇਸ਼ ਧ੍ਰੋਹ ਅਤੇ ਬਗਾਵਤ ਦੇ ਦਰਜ ਲਗਭਗ 74 ਕੀਤੇ ਕੇਸਾਂ ਵਿਚੋਂ ਬਰੀ ਹੋ ਚੁੱਕੇ ਹਨ।



ਸ੍ਰੀ ਮਾਨ ਖਿਲਾਫ ਬਸੀ ਪਠਾਣਾਂ ਵਿਚ ਚੱਲ ਰਹੇ ਆਖਰੀ ਮੁਕੱਦਮੇ ਵਿਚੋਂ ਬਰੀ ਹੋਣ ਉਪਰੰਤ ਸਮੁੱਚੀ ਸਿੱਖ ਕੌਮ, ਸਿੱਖ ਸੰਗਠਨਾਂ, ਜਥੇਬੰਦੀਆਂ ਅਤੇ ਪਾਰਟੀ ਵਰਕਰਾਂ ਨੇ ਉਨ੍ਹਾਂ ਨੂੰ ਮੁਬਾਰਕਾਂ ਦਿੱਤੀਆਂ। ਸ੍ਰੀ ਮਾਨ ਖਿਲਾਫ਼ 2006 ਵਿਚ ਇਕ ਸੀਡੀ ਨੂੰ ਆਧਾਰ ਬਣਾ ਕੇ ਮੁਕੱਦਮਾ ਦਰਜ ਕੀਤਾ ਗਿਆ ਸੀ, ਜਿਸ ਵਿਚ ਖਾਲਿਸਤਾਨ ਦੀ ਗੱਲ ਕਰਨ ਉਤੇ ਦੇਸ਼ ਧ੍ਰੋਹ ਦਾ ਦੋਸ਼ ਲਾਇਆ ਗਿਆ ਸੀ। ਉਸ ਸਮੇਂ ਕਾਂਗਰਸ ਦਾ ਰਾਜ ਸੀ।

ਮੁਕੱਦਮੇ ਦੀ ਮਨਜ਼ੂਰੀ ਲੈਣ ਲਈ ਜਦੋਂ ਗ੍ਰਹਿ ਵਿਭਾਗ ਕੋਲ ਭੇਜਿਆ ਗਿਆ ਤਾਂ ਗ੍ਰਹਿ ਵਿਭਾਗ ਨੇ ਮਨਜ਼ੂਰੀ ਨਹੀਂ ਦਿੱਤੀ। ਛੇ ਸਾਲ ਬਾਅਦ ਜਦੋਂ ਪ੍ਰਕਾਸ਼ ਸਿੰਘ ਬਾਦਲ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਸ ਸਮੇਂ ਇਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਅਤੇ 2012 ਵਿਚ ਚਲਾਨ ਪੇਸ਼ ਕੀਤਾ ਗਿਆ। ਸ੍ਰੀ ਮਾਨ ਉਤੇ ਹੁਣ ਤੱਕ 75 ਕੇਸ ਬਣਾਏ ਗਏ ਅਤੇ ਇਹ 75ਵਾਂ ਕੇਸ ਸੀ, ਜਿਸ ਵਿਚੋਂ ਉਹ ਬਰੀ ਹੋਏ ਹਨ।

# ਪੰਜਾਬ ਦੇ ਭਖਦੇ ਮਸਲਿਆਂ ਲਈ ਜਗਮੀਤ ਬਰਾੜ ਤੇ ਡਾ. ਗਾਂਧੀ ਨੇ ਮਿਲਾਏ ਹੱਥ

**ਬਠਿੰਡਾ:** ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਅਤੇ 'ਆਪ' ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਪੰਜਾਬ ਦੇ ਭਖਦੇ ਮੁੱਦਿਆਂ 'ਤੇ ਬਠਿੰਡਾ ਵਿਚ ਮਹਾਂ ਯਾਤਰਾ ਦੌਰਾਨ ਹੱਥ ਮਿਲਾ ਲਏ ਹਨ। ਜਗਮੀਤ ਬਰਾੜ ਦੀ ਮਹਾਂ ਯਾਤਰਾ ਨੂੰ ਡਾ. ਧਰਮਵੀਰ ਗਾਂਧੀ ਦੀ ਸ਼ਮੂਲੀਅਤ ਨੇ ਹੁਲਾਰਾ ਦਿੱਤਾ ਹੈ।

ਉਧਰ ਜਗਮੀਤ ਬਰਾੜ ਨੇ ਖਸਖਸ ਦੀ ਖੇਤੀ ਦੀ ਹਮਾਇਤ ਕਰਕੇ ਡਾ. ਧਰਮਵੀਰ ਗਾਂਧੀ ਨੂੰ ਸਿਆਸੀ ਬਲ ਦਿੱਤਾ ਹੈ। ਜਗਮੀਤ ਬਰਾੜ ਵੱਲੋਂ ਮੁਕਤਸਰ ਤੋਂ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਮਹਾਂ ਯਾਤਰਾ ਸ਼ੁਰੂ ਕੀਤੀ ਗਈ ਸੀ, ਜੋ ਤਲਵੰਡੀ ਸਾਬੋ ਵਿਖੇ ਸਮਾਪਤ ਹੋਈ। ਜਗਮੀਤ ਬਰਾੜ ਦੀ ਮਹਾਂ ਯਾਤਰਾ ਨੂੰ ਉਦੋਂ ਸਿਆਸੀ ਤੁਣਕਾ ਲੱਗ ਗਿਆ ਜਦੋਂ ਡਾ. ਧਰਮਵੀਰ ਗਾਂਧੀ ਬਠਿੰਡਾ 'ਚ ਮਹਾਂ ਯਾਤਰਾ ਵਿਚ ਸ਼ਾਮਲ ਹੋਣ ਲਈ ਪੁੱਜ ਗਏ। ਡਾ. ਗਾਂਧੀ ਨੇ ਆਖਿਆ ਕਿ ਉਨ੍ਹਾਂ ਦੀ ਜਗਮੀਤ ਬਰਾੜ ਨਾਲ ਕੋਈ ਸਿਆਸੀ ਸਾਂਝ ਨਹੀਂ ਬਲਕਿ ਉਨ੍ਹਾਂ ਦੀ ਇਹ ਸਾਂਝ ਪੰਜਾਬ ਦੇ ਭਖਦੇ ਮੁੱਦਿਆਂ 'ਤੇ ਲੜਾਈ ਲੜਨ ਦੀ ਹੈ। ਜਗਮੀਤ ਬਰਾੜ ਨੇ ਪੰਜਾਬ ਵਿਚ ਖਸਖਸ ਦੀ ਖੇਤੀ ਲਈ ਪ੍ਰਵਾਨਗੀ ਦਿੱਤੇ ਜਾਣ ਦੀ ਮੰਗ ਕੀਤੀ। ਬਰਾੜ ਨੇ ਆਖਿਆ ਕਿ ਇਹ ਜਾਨਲੇਵਾ ਨਸ਼ਾ ਨਹੀਂ ਹੈ ਬਲਕਿ ਇਸ ਨੂੰ ਤਾਂ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਹੈ।

ਉਨ੍ਹਾਂ ਆਖਿਆ ਕਿ ਉਹ ਗਾਂਧੀ ਦੇ ਇਸ ਮੁੱਦੇ ਦਾ ਸਮਰਥਨ ਕਰਦੇ ਹਨ। ਦੂਸਰੀ ਤਰਫ



ਡਾ. ਗਾਂਧੀ ਨੇ ਆਖਿਆ ਕਿ ਜਿਹੜੇ ਮੁੱਦੇ ਜਗਮੀਤ ਬਰਾੜ ਨੇ ਚੁੱਕੇ ਹਨ, ਉਹ ਸਾਂਝੇ ਮਸਲੇ ਹਨ, ਜਿਨ੍ਹਾਂ ਦਾ ਉਹ ਸਮਰਥਨ ਕਰਦੇ ਹਨ। ਉਨ੍ਹਾਂ ਆਖਿਆ ਕਿ ਕੇਂਦਰੀ ਵਿਤਕਰੇ ਨੇ ਪੰਜਾਬ ਦੇ ਹਿੱਤਾਂ ਨੂੰ ਢਾਹ ਲਾਈ ਅਤੇ ਪੰਜਾਬ ਅੱਜ ਹਰ ਨੁਕਤੇ ਤੋਂ ਪਛੜ ਗਿਆ ਹੈ। ਕਿਸਾਨੀ ਸੰਕਟ ਅੰਨਦਾਤੇ ਲਈ ਫਾਹਾ ਬਣ ਗਿਆ ਹੈ ਤੇ ਖੇਤੀ ਸੰਕਟ ਨਜਿੱਠਣ ਲਈ ਖਸਖਸ ਦੀ ਖੇਤੀ ਸਹਾਈ ਹੋ ਸਕਦੀ ਹੈ।

ਜਗਮੀਤ ਬਰਾੜ ਨੇ ਦੱਸਿਆ ਕਿ ਉਹ ਮਹਾਂ ਯਾਤਰਾ ਦਾ ਦੂਸਰਾ ਪੜਾਅ ਦੁਆਬੇ ਤੋਂ ਸ਼ੁਰੂ



ਕਰਨਗੇ, ਜਿਸ ਲਈ ਸੁਲਤਾਨਪੁਰ ਲੋਧੀ ਨੂੰ ਚੁਣਿਆ ਗਿਆ ਹੈ। ਉਸ ਮਗਰੋਂ ਮਾਝੇ ਵਿੱਚ ਤੀਸਰਾ ਪੜਾਅ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਉਹ ਸਮਾਜਿਕ ਮੁੱਦਿਆਂ ਨੂੰ ਲੈ ਕੇ ਮਹਾਂ ਯਾਤਰਾ ਕਰ ਰਹੇ ਹਨ ਅਤੇ ਇਸ ਦਾ ਕੋਈ ਸਿਆਸੀ ਤਅੱਲਕ ਨਹੀਂ।

# ਅਕਾਲੀ ਦਲ ਬਾਦਲ ਦੇ 'ਅੱਛੇ ਦਿਨ' ਆਉਣ ਦੀਆਂ ਉਮੀਦਾਂ ਟੁੱਟੀਆਂ

**ਚੰਡੀਗੜ੍ਹ:** ਪੰਜਾਬ ਦੀ ਰਾਜਨੀਤੀ ਉਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦਾ ਸਪੱਸ਼ਟ ਪਰਛਾਵਾਂ ਦੇਖਿਆ ਜਾ ਸਕਦਾ ਹੈ। ਇਸ ਦਾ ਸਭ ਤੋਂ ਜ਼ਿਆਦਾ ਸੇਕ ਸ਼੍ਰੋਮਣੀ ਅਕਾਲੀ ਦਲ ਨੂੰ ਝੱਲਣਾ ਪੈ ਰਿਹਾ ਹੈ। ਸੱਤਾਹੀਣ ਹੋਣ ਤੋਂ ਬਾਅਦ ਅਕਾਲੀਆਂ ਨੂੰ ਜਾਪਦਾ ਸੀ ਕਿ ਬਰਗਾੜੀ ਦਾ ਬੇਅਦਬੀ ਮਾਮਲਾ ਅਤੇ ਗੋਲੀ ਕਾਂਡ ਦੀਆਂ ਘਟਨਾਵਾਂ ਨਾਲ ਹੁਣ ਮੌਕੇ ਦੀ ਹਕੂਮਤ (ਕਾਂਗਰਸ) ਨੇ ਹੀ ਜੂਝਣਾ ਹੈ। ਅਕਾਲੀ ਖੁਦ ਨੂੰ ਸੁਰਖਰੂ ਸਮਝੀ ਬੈਠੇ ਸਨ ਪਰ ਸੱਤਾ ਤਬਦੀਲੀ ਮਗਰੋਂ ਮਾਮਲਾ ਠੰਢਾ ਹੋਣ ਦੀ ਥਾਂ ਜ਼ਿਆਦਾ ਭਖਦਾ ਮੁੱਦਾ ਬਣ ਗਿਆ ਤੇ ਸਿਆਸੀ ਪਾਰਟੀਆਂ ਨੇ ਰੋਟੀਆਂ ਸੇਕਣੀਆਂ ਸ਼ੁਰੂ ਕਰ ਦਿੱਤੀਆਂ ਹਨ। ਦੂਜਾ ਵਿਧਾਨ ਸਭਾ ਵਿਚ ਪੇਸ਼ ਹੋਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਵਿਚ ਬਹਿਸ ਤੋਂ ਭੱਜਣਾ ਵੀ ਅਕਾਲੀ ਦਲ ਨੂੰ ਪੁੱਠਾ ਪੈ ਗਿਆ।

'ਬਰਗਾੜੀ' ਪੰਜਾਬ ਦੇ ਸਿਆਸੀ ਨਕਸ਼ੇ ਉਤੇ ਇਕ ਅਜਿਹੇ ਪਿੰਡ ਵਜੋਂ ਉਭਰ ਕੇ ਸਾਹਮਣੇ ਆਉਣ ਲੱਗਾ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰਨਾਂ ਸਿੱਖ ਸੰਸਥਾਵਾਂ ਦਾ ਕੰਟਰੋਲ ਕਰਦੀ ਆ ਰਹੀ 'ਪੰਥਕ ਪਾਰਟੀ' ਲਈ ਡਰਾਉਣਾ ਬਣਦਾ ਜਾ ਰਿਹਾ ਹੈ। ਪੰਥਕ ਧਿਰਾਂ ਵੱਲੋਂ ਬਰਗਾੜੀ ਵਿਚ ਪਿਛਲੇ ਕਈ ਮਹੀਨਿਆਂ ਤੋਂ ਲਾਇਆ ਮੋਰਚਾ ਭਾਵੇਂ ਕਿਸੇ ਪਾਰਟੀ ਨੂੰ ਫਾਇਦਾ ਦੇਵੇ ਜਾਂ ਨਾ ਪਰ ਅਕਾਲੀਆਂ ਦੀ ਸਿਆਸੀ ਬੇੜੀ ਵਿਚ ਵੱਟੇ ਪਾਉਣ ਦਾ ਕੰਮ ਜ਼ਰੂਰ ਕਰ ਰਿਹਾ ਹੈ। ਦੇਖਿਆ ਜਾਵੇ ਤਾਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਮੁੱਦਾ ਅਕਾਲੀਆਂ ਦੀ ਡਾਵਾਂਡੋਲ ਕਿਸ਼ਤੀ ਮੂਹਰੇ ਤੂਫਾਨ ਬਣਿਆ ਖੜ੍ਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪੀੜਾ ਸਮਝੀ ਜਾ ਸਕਦੀ ਹੈ। ਇਹੀ ਕਾਰਨ ਹੈ ਕਿ ਛੋਟੇ ਬਾਦਲ ਇਨ੍ਹੀਂ ਦਿਨੀਂ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦਾ ਰਾਗ ਕੁਝ ਜ਼ਿਆਦਾ ਹੀ ਅਲਾਪ ਰਹੇ ਹਨ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ 'ਬਰਗਾੜੀ ਮੋਰਚਾ'



ਅਕਾਲੀਆਂ ਦੀ ਸਿਆਸਤ ਉਤੇ ਭਾਰੂ ਪੈ ਰਿਹਾ ਹੈ।

ਸਾਲ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਵੀ ਇਸ ਦਾ ਸਪੱਸ਼ਟ ਅਸਰ ਪੈਂਦਾ ਦਿਖਾਈ ਦੇ ਰਿਹਾ ਹੈ। ਪੰਜਾਬ ਦੀ ਸਿਆਸਤ ਉਤੇ ਪੈਦਾ ਹੋਏ ਤਾਜ਼ਾ ਹਾਲਾਤ ਨਾਲ ਸਿੱਝਣ ਲਈ ਅਕਾਲੀਆਂ ਦੀ ਕੋਈ ਠੋਸ ਰਣਨੀਤੀ ਨਜ਼ਰ ਨਹੀਂ ਆਉਂਦੀ। ਕੋਰ ਕਮੇਟੀ ਦੀਆਂ ਮੀਟਿੰਗਾਂ ਕਰ ਕੇ ਕਾਂਗਰਸ ਨੂੰ ਭੰਡਣ 'ਤੇ ਜ਼ੋਰ ਤਾਂ ਲਾਇਆ ਜਾ ਰਿਹਾ ਹੈ ਪਰ ਪਿਛਲੀਆਂ ਗਲਤੀਆਂ ਨੂੰ ਸੁਧਾਰਨ ਦੀ ਲੋੜ ਨਹੀਂ ਸਮਝੀ ਜਾ ਰਹੀ। ਸੁਖਬੀਰ ਸਿੰਘ ਬਾਦਲ ਵੱਲੋਂ ਬਚਾਅ ਲਈ ਸ਼ੁਰੂ ਕੀਤੀ 'ਪੋਲ ਖੋਲ੍ਹ' ਮੁਹਿੰਮ ਸਿਆਸੀ ਮਾਹੌਲ ਆਪਣੇ ਪੱਖ ਦਾ ਬਣਾਉਣ ਦੀ ਥਾਂ ਟਕਰਾਅ ਵਾਲੀ ਰਣਨੀਤੀ ਵਜੋਂ ਜ਼ਿਆਦਾ ਦਿਖਾਈ ਦੇ ਰਹੀ ਹੈ। ਪੰਜਾਬ ਦੇ ਮਾਲਵਾ ਖਿੱਤੇ ਦੇ ਇਨ੍ਹਾਂ ਜ਼ਿਲ੍ਹਿਆਂ ਉਤੇ ਬਾਦਲਾਂ ਦਾ ਪ੍ਰਭਾਵ ਰਿਹਾ ਹੈ। ਪਿੰਡ ਬਰਗਾੜੀ, ਜਿਸ ਸੰਸਦੀ ਹਲਕੇ ਵਿਚ ਪੈਂਦਾ ਹੈ, ਉਸ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਿੰਨ ਸੰਸਦ ਮੈਂਬਰ ਵਜੋਂ ਨੁਮਾਇੰਦਗੀ ਕਰ ਚੁੱਕੇ ਹਨ। ਇਹ ਹਲਕਾ ਰਾਖਵੇਂਕਰਨ ਅਧੀਨ ਆਉਣ ਤੋਂ ਬਾਅਦ ਬਾਦਲਾਂ ਨੇ ਆਪਣੀ ਸਿਆਸਤ ਦਾ ਧੁਰਾ ਬਠਿੰਡਾ ਬਣਾ ਲਿਆ ਸੀ। ਇਸ ਹਲਕੇ ਦੀ ਨੁਮਾਇੰਦਗੀ ਪਿਛਲੇ 9 ਸਾਲਾਂ ਤੋਂ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਕਰ ਰਹੇ ਹਨ।

ਸਿਆਸੀ ਤੌਰ 'ਤੇ ਇਹ ਮੰਨਿਆ ਜਾ ਰਿਹਾ ਹੈ ਕਿ 'ਬਰਗਾੜੀ' ਤੇ ਆਸ-ਪਾਸ ਹੋਈਆਂ ਘਟਨਾਵਾਂ ਅਤੇ ਬਰਗਾੜੀ ਵਿਚ ਲੱਗੇ ਮੋਰਚੇ ਦਾ ਅਸਰ ਫਰੀਦਕੋਟ, ਬਠਿੰਡਾ ਅਤੇ ਫਿਰੋਜ਼ਪੁਰ ਵਿਚ ਅਕਾਲੀ ਸਿਆਸਤ ਉਤੇ ਪੈ ਰਿਹਾ ਹੈ ਤੇ ਅਕਾਲੀਆਂ ਲਈ ਇਹ ਖੇਤਰ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਖੁੱਲ੍ਹ ਕੇ ਭਾਵੇਂ ਇਸ ਅਸਰ ਨੂੰ ਕਬੂਲ ਨਹੀਂ ਕਰ ਰਹੇ ਪਰ ਦਬਵੀਂ ਸੁਰ ਵਿਚ ਮੰਨਦੇ ਹਨ ਕਿ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਅਕਾਲੀ ਦਲ ਦੇ ਅਕਸ ਨੂੰ ਸਿਆਸੀ ਤੌਰ 'ਤੇ ਡੂੰਘੀ ਸੱਟ ਮਾਰ ਰਹੀਆਂ ਹਨ। ਸਿੱਖਾਂ ਦੀ ਨੁਮਾਇੰਦਗੀ ਕਰਦੀ ਆ ਰਹੀ ਇਸ ਪਾਰਟੀ ਵੱਲੋਂ ਬਦਲੀਆਂ ਹੋਈਆਂ ਰਣਨੀਤੀਆਂ ਅਤੇ ਸੋਸ਼ਲ ਇੰਜੀਨੀਅਰਿੰਗ ਦੇ ਸਿਆਸੀ ਜਾਲ ਨੇ ਇਸ ਖੇਤਰ ਵਿਚ ਵੱਡੀ ਸੱਟ ਮਾਰੀ ਸੀ। ਦੇਸ਼ ਦੇ ਸਿਆਸੀ ਨਕਸ਼ੇ 'ਤੇ ਉਭਰੀ 'ਆਮ ਆਦਮੀ ਪਾਰਟੀ' ਨੂੰ ਵੀ ਪਹਿਲਾਂ ਸੰਸਦੀ ਚੋਣਾਂ ਵਿਚ 4 ਸੀਟਾਂ ਸਿਰਫ ਮਾਲਵਾ ਖੇਤਰ ਵਿਚੋਂ ਹੀ ਮਿਲੀਆਂ ਅਤੇ ਉਸ ਤੋਂ ਬਾਅਦ ਵਿਧਾਨ ਸਭਾ ਚੋਣਾਂ ਵਿਚ ਵੀ 20 ਵਿਚੋਂ 18 ਐਮ.ਐਲ.ਏ. ਮਾਲਵੇ ਵਿਚੋਂ ਹੀ ਜਿੱਤ ਕੇ ਆਏ।

ਇਨ੍ਹਾਂ ਝਟਕਿਆਂ ਤੋਂ ਬਾਅਦ ਵੀ ਅਕਾਲੀ ਦਲ ਸੰਭਲਿਆ ਨਹੀਂ। ਡੇਢ ਕੁ ਸਾਲ ਪਹਿਲਾਂ ਸੱਤਾ ਤੋਂ ਲਾਂਭੇ ਹੋਣ ਅਤੇ ਨਮੋਸ਼ੀ ਭਰੀ ਹਾਰ ਪੱਲੇ ਪਾਉਣ ਵਿਚ ਇਨ੍ਹਾਂ ਘਟਨਾਵਾਂ ਨੂੰ ਪ੍ਰਮੁੱਖ ਮੰਨਿਆ ਜਾਂਦਾ ਹੈ। ਦੇਖਿਆ ਜਾਵੇ ਤਾਂ ਸਾਲ 2007 ਅਤੇ 2012 ਦੀਆਂ ਚੋਣਾਂ ਦੌਰਾਨ ਵੀ ਅਕਾਲੀ ਦਲ ਨੂੰ ਮਾਲਵੇ ਵਿਚੋਂ ਘੱਟ ਸੀਟਾਂ ਮਿਲੀਆਂ ਸਨ। ਇਸ ਤਰ੍ਹਾਂ ਨਾਲ ਅਕਾਲੀਆਂ ਦਾ ਆਪਣਾ ਪੱਕਾ ਵੋਟ ਬੈਂਕ ਖਿਸਕਿਆ ਹੋਇਆ ਹੈ ਤੇ ਭਵਿੱਖ ਵਿਚ ਸਿਆਸੀ ਤੌਰ 'ਤੇ ਚੁਣੌਤੀਆਂ ਹੋਰ ਵੀ ਵਧ ਸਕਦੀਆਂ ਹਨ।

## ਟਕਸਾਲੀ ਆਗੂਆਂ ਦੀ ਬਗਾਵਤ ਨੇ ਚਿੰਤਾ ਵਧਾਈ

**ਚੰਡੀਗੜ੍ਹ:** ਟਕਸਾਲੀ ਆਗੂਆਂ ਦੀਆਂ ਵਿਰੋਧੀ ਸੁਰਾਂ ਨੇ ਇਨ੍ਹੀਂ ਦਿਨੀਂ ਅਕਾਲੀ ਦਲ ਦੀ ਚਿੰਤਾ 'ਚ ਵਾਧਾ ਕਰ ਦਿੱਤਾ ਹੈ। ਅਕਾਲੀ ਦਲ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਦੇ ਕਰੀਬੀ ਸਾਥੀ ਰਹੇ ਸੁਖਦੇਵ ਸਿੰਘ ਢੀਂਡਸਾ ਵਰਗੇ ਟਕਸਾਲੀ ਆਗੂ ਵੱਲੋਂ ਡੇਰਾ ਮੁਖੀ ਨੂੰ ਮੁਆਫੀ ਮਾਮਲੇ 'ਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਜ਼ਿੰਮੇਵਾਰ ਠਹਿਰਾ ਕੇ ਅਸਤੀਫੇ ਦੀ ਮੰਗ ਕਰ ਦਿੱਤੀ, ਉਥੇ ਅਕਾਲੀ ਦਲ ਦੇ ਟਕਸਾਲੀ ਪਰਿਵਾਰ ਨਾਲ ਸਬੰਧ ਰੱਖਦੀ ਬੀਬੀ ਕਿਰਨਜੀਤ ਕੌਰ ਨੇ ਸਿੱਧੇ ਤੌਰ 'ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਹੀ ਮੰਗ ਲਿਆ। ਅਕਾਲੀ ਦਲ ਦੇ ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ ਪਾਰਟੀ ਨੂੰ ਅਲਵਿਦਾ ਕਹਿ ਗਏ। ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਵਾਇਰਲ ਹੋਈ ਵੀਡੀਓ ਨੇ ਵੀ ਅਕਾਲੀ ਦਲ ਦੀ ਸਥਿਤੀ ਨੂੰ ਲੈ ਕੇ ਕਈ ਸਵਾਲ ਖੜ੍ਹੇ ਕਰ ਦਿੱਤੇ।

## ਬਾਦਲ ਨੇ ਸੰਭਾਲਿਆ ਮੋਰਚਾ

**ਚੰਡੀਗੜ੍ਹ:** ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਚ ਬਹਿਬਲ ਕਲਾਂ ਗੋਲੀਕਾਂਡ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਦੱਸੇ ਜਾਣ ਕਰਕੇ ਚਹੁੰਪਾਸਿਉਂ ਘਿਰੇ ਅਕਾਲੀ ਦਲ ਨੂੰ ਪੈਰਾਂ ਸਿਰ ਕਰਨ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੋਰਚਾ ਸੰਭਾਲ ਲਿਆ ਹੈ। ਪਿਛਲੇ ਕਾਫੀ ਸਮੇਂ ਤੋਂ ਖਾਮੋਸ਼ ਬੈਠੇ ਬਾਦਲ ਨੇ ਇਥੋਂ ਤੱਕ ਆਖ ਦਿੱਤਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਅਣਗਿਣਤ ਸੁਖਬੀਰ ਕੁਰਬਾਨ ਕਰਨ ਲਈ ਵੀ ਤਿਆਰ ਹਨ। ਸ੍ਰੀ ਬਾਦਲ ਨੇ ਬੇਅਦਬੀ ਦੇ ਦੋਸ਼ਾਂ ਲਈ ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੂੰ ਆਪਣੇ ਖਿਲਾਫ਼ ਕਾਰਵਾਈ ਕਰਨ ਲਈ ਲਲਕਾਰਦਿਆਂ ਕਿਹਾ ਕਿ ਸੱਤਾਧਾਰੀ ਪਾਰਟੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਗੁਟਕਾ ਸਾਹਿਬ ਦੀ ਕੀਤੀ ਬੇਅਦਬੀ ਤੋਂ ਧਿਆਨ ਹਟਾਉਣ ਲਈ ਉਨ੍ਹਾਂ ਖਿਲਾਫ਼ ਇਹ ਝੂਠਾ ਮਾਮਲਾ ਉਛਾਲ ਰਹੀ ਹੈ।

# ਸੁਖਬੀਰ ਦੀ ਫੇਰੀ ਮੌਕੇ ਪੰਥਕ ਧਿਰਾਂ ਤੇ ਅਕਾਲੀ ਵਰਕਰਾਂ 'ਚ ਟਕਰਾਅ

**ਫਰੀਦਕੋਟ:** ਬੇਅਦਬੀ ਕਾਂਡ ਕਾਰਨ ਸ਼੍ਰੋਮਣੀ ਅਕਾਲੀ ਬਾਦਲ ਦਾ ਵਿਰੋਧ ਜਾਰੀ ਹੈ। ਅਕਾਲੀਆਂ ਦੀਆਂ ਰੈਲੀਆਂ ਵਿਚ ਥਾਂ-ਥਾਂ ਬਾਦਲਾਂ ਨੂੰ ਘੇਰਾ ਪਾਇਆ ਜਾ ਰਿਹਾ ਹੈ। ਇਸ ਤੋਂ ਦੁਖੀ ਹੋਏ ਅਕਾਲੀ ਆਗੂ ਆਗੂਆਂ ਨੇ ਵੀ ਪ੍ਰਦਰਸ਼ਨਕਾਰੀਆਂ ਨੂੰ ਬਰਾਬਰ ਦੀ ਟੱਕਰ ਦੇਣ ਦੀ ਰਣਨੀਤੀ ਬਣਾਈ ਹੈ। ਰੈਲੀਆਂ ਵਾਲੀਆਂ ਥਾਵਾਂ ਉਤੇ ਹੁਣ ਅਕਾਲੀ ਆਗੂ ਵੀ ਹਥਿਆਰਾਂ ਸਮੇਤ ਪੂਰੀ ਤਿਆਰੀ ਕਰ ਕੇ ਜਾਣ ਲੱਗੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਫਰੀਦਕੋਟ ਫੇਰੀ ਦਾ ਪੰਥਕ ਧਿਰਾਂ ਨੇ ਜ਼ਬਰਦਸਤ ਵਿਰੋਧ ਕੀਤਾ, ਇਸ ਦੇ ਚੱਲਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਅਤੇ ਪੰਥਕ ਧਿਰਾਂ ਦਰਮਿਆਨ ਚਾਂਦ ਪੈਲੇਸ ਦੇ ਬਾਹਰ ਟਕਰਾਅ ਹੋ ਗਿਆ। ਸੁਖਬੀਰ ਬਾਦਲ ਦੀ ਫੇਰੀ ਤੋਂ ਇਕ ਘੰਟਾ ਪਹਿਲਾਂ ਪੰਥਕ ਧਿਰਾਂ ਨੇ ਸ਼੍ਰੋਮਣੀ ਅਕਾਲੀ ਦਲ ਖਿਲਾਫ ਨਾਅਰੇਬਾਜ਼ੀ ਕੀਤੀ ਅਤੇ ਰੈਲੀ ਵਾਲੀ ਥਾਂ ਉਤੇ ਇਕੱਤਰ ਹੋ ਗਏ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਕਰੀਬ 300 ਵਰਕਰ ਵੀ ਪੂਰੀ ਤਿਆਰੀ ਨਾਲ ਪਰਮਬੰਸ ਸਿੰਘ ਬੰਟੀ ਰੋਮਾਣਾ ਦੀ ਅਗਵਾਈ ਵਿਚ ਰੈਲੀ ਵਾਲੀ ਥਾਂ ਉਤੇ ਪੁੱਜ ਗਏ। ਜ਼ਿਲ੍ਹਾ ਪੁਲਿਸ ਨੂੰ ਟਕਰਾਅ ਦੀ ਸੂਚਨਾ ਪਹਿਲਾਂ ਹੀ ਮਿਲ ਚੁੱਕੀ ਸੀ, ਇਸ ਕਰ ਕੇ ਸੁਖਬੀਰ ਬਾਦਲ ਦੀ ਰੈਲੀ ਵਾਲੀ ਥਾਂ ਉਤੇ ਵੱਡੀ ਗਿਣਤੀ ਵਿਚ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਸਨ। ਅਕਾਲੀ ਆਗੂਆਂ ਨੇ ਪੰਥਕ ਧਿਰਾਂ ਨਾਲ ਸਿੱਧੀ ਟੱਕਰ ਲੈਣ ਦੀ ਨੀਅਤ ਨਾਲ ਹੱਲਾ ਬੋਲ ਦਿੱਤਾ।

ਪੰਥਕ ਧਿਰਾਂ ਨਾਲੋਂ ਅਕਾਲੀ ਦਲ ਦੇ ਵਰਕਰਾਂ ਦੀ ਗਿਣਤੀ ਕਰੀਬ ਤਿੰਨ ਗੁਣਾ ਜ਼ਿਆਦਾ ਸੀ। ਜ਼ਿਲ੍ਹਾ ਪੁਲਿਸ ਨੇ ਲੰਬੀ ਮੁਸ਼ੱਕਤ ਤੋਂ ਬਾਅਦ ਦੋਹਾਂ ਧਿਰਾਂ ਦਰਮਿਆਨ ਪੈਦਾ ਹੋਏ ਟਕਰਾਅ ਨੂੰ ਟਾਲ ਦਿੱਤਾ। ਕਾਫੀ ਜੱਦੋਜਹਿਦ ਤੋਂ ਬਾਅਦ ਪੰਥਕ ਧਿਰਾਂ ਦੀ ਅਗਵਾਈ ਕਰ ਰਹੇ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਅਤੇ ਦਵਿੰਦਰ ਸਿੰਘ ਹਰੀਏਵਾਲਾ ਆਦਿ ਮੌਕੇ ਤੋਂ ਚਲੇ ਗਏ। ਇਸ ਵਿਵਾਦ ਵਿਚ ਗੁਰਦੁਆਰਾ ਖਾਲਸਾ ਦੀਵਾਨ ਦੇ ਪ੍ਰਧਾਨ ਤੇ ਅਕਾਲੀ ਆਗੂ ਅਵਤਾਰ ਸਿੰਘ ਖੋਸਾ ਮਾਮੂਲੀ ਜ਼ਖਮੀ ਹੋ ਗਏ।

ਅਕਾਲੀ ਆਗੂ ਪਰਮਬੰਸ ਸਿੰਘ ਬੰਟੀ ਰੋਮਾਣਾ ਨੇ ਕਿਹਾ ਕਿ ਪੰਥਕ ਧਿਰਾਂ ਉਨ੍ਹਾਂ ਦੀ ਸ਼ਰਾਫਤ ਦਾ ਨਾਜਾਇਜ਼ ਫਾਇਦਾ ਉਠਾ ਰਹੀਆਂ ਸਨ, ਇਸ ਲਈ ਉਹ ਇਸ ਦਾ ਪ੍ਰਬੰਧ ਕਰਕੇ ਆਏ ਸਨ।

ਦੂਜੇ ਪਾਸੇ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿਚ ਅਕਾਲੀ ਦਲ ਦੀ ਸਿੱਧੀ ਸ਼ਮੂਲੀਅਤ ਹੈ, ਇਸ ਲਈ ਅਕਾਲੀ ਦਲ ਦਾ ਜਨਤਕ ਤੌਰ 'ਤੇ ਵਿਰੋਧ ਕੀਤਾ ਜਾਵੇਗਾ। ਵਿਵਾਦ ਸਮਾਪਤ ਹੋਣ ਤੋਂ ਬਾਅਦ ਹੀ ਸੁਖਬੀਰ ਸਿੰਘ ਬਾਦਲ ਰੈਲੀ ਸਥਾਨ ਉਤੇ ਪੁੱਜੇ।

## ਸੁਖਬੀਰ ਵੱਲੋਂ ਮੁਤਵਾਜ਼ੀ ਜਥੇਦਾਰਾਂ ਵੱਲ ਉਂਗਲ

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਬਲਜੀਤ ਸਿੰਘ ਦਾਦੂਵਾਲ ਤੇ ਜਥੇਦਾਰ ਧਿਆਨ ਸਿੰਘ ਮੰਡ ਕਾਂਗਰਸ ਦੇ ਇਸ਼ਾਰੇ 'ਤੇ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਬਰਗਾੜੀ ਧਰਨੇ 'ਤੇ ਬੈਠੇ ਪੰਥਕ ਆਗੂਆਂ ਦੇ ਇਤਿਹਾਸ ਨੂੰ ਪਰਖਣ ਦੀ ਲੋੜ ਹੈ। ਕੁਝ ਪੰਥਕ ਆਗੂਆਂ ਨੂੰ ਰੋਜ਼ਾਨਾ ਲੱਖਾਂ ਰੁਪਏ ਫੰਡ ਆ ਰਿਹਾ ਹੈ ਅਤੇ ਇਸੇ ਫੰਡ ਦੇ ਲਾਲਚ ਲਈ ਉਹ ਮੋਰਚਾ ਲਾਈ ਬੈਠੇ ਹਨ।



# ਬਰਗਾੜੀ ਮੋਰਚੇ ਨੂੰ ਮਿਲੇ ਹੁੰਗਾਰੇ ਨੇ ਚਿੰਤਾ ਵਧਾਈ

**ਫਰੀਦਕੋਟ:** ਬੇਅਦਬੀ ਕਾਂਡ ਤੋਂ ਬਾਅਦ ਬਰਗਾੜੀ ਅਤੇ ਬਹਿਬਲ ਕਲਾਂ ਵਿਚ ਵਾਪਰੀਆਂ ਘਟਨਾਵਾਂ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਹੋਣ ਤੋਂ ਬਾਅਦ ਪੰਥਕ ਜਥੇਬੰਦੀਆਂ ਵੱਲੋਂ ਬਰਗਾੜੀ ਵਿਚ ਪਹਿਲੀ ਜੂਨ ਤੋਂ ਸ਼ੁਰੂ ਕੀਤੇ ਮੋਰਚੇ ਵਿਚ ਸੰਗਤ ਦੀ ਗਿਣਤੀ ਵਿਚ ਵਾਧਾ ਦੇਖਿਆ ਜਾ ਰਿਹਾ ਹੈ। ਪਿੰਡ ਬਰਗਾੜੀ ਦੀ ਅਨਾਜ ਮੰਡੀ ਵਿਚ ਵੱਡਾ ਇਕੱਠ ਹੋ ਗਿਆ ਹੈ। ਸੰਗਤ ਦੀ ਗਿਣਤੀ ਨੂੰ ਵਧਦਾ ਦੇਖ ਜ਼ਿਲ੍ਹਾ ਪੁਲਿਸ ਨੇ ਬਰਗਾੜੀ ਪਿੰਡ ਨੂੰ ਜਾਣ ਵਾਲੀਆਂ ਸੜਕਾਂ 'ਤੇ ਸੁਰੱਖਿਆ ਵਧਾ ਦਿੱਤੀ ਹੈ।

ਬਰਗਾੜੀ ਮੋਰਚੇ ਵਿਚ ਸੰਗਤ ਨੂੰ ਲਿਆਉਣ ਲਈ ਪਿੰਡਾਂ ਵਿਚ ਬਕਾਇਦਾ ਤੌਰ ਉਤੇ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਮੋਰਚੇ ਦੀ ਕਮਾਨ ਸੰਭਾਲ ਰਹੇ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਕਿਹਾ ਕਿ ਕਮਿਸ਼ਨ ਦੀ ਰਿਪੋਰਟ ਨੇ ਇਹ ਗੱਲ ਸਾਬਤ ਕੀਤੀ ਹੈ ਕਿ ਬਹਿਬਲ ਕਲਾਂ ਕਾਂਡ ਵਿਚ ਉਸ ਵੇਲੇ ਦੀ ਸਰਕਾਰ ਦਾ ਹੀ ਹੱਥ ਸੀ। ਉਨ੍ਹਾਂ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਦੀ ਗ੍ਰਿਫਤਾਰੀ ਹੋਣ ਤੱਕ ਮੋਰਚਾ ਜਾਰੀ ਰਹੇਗਾ। ਮੋਰਚੇ 'ਚ ਪਹਿਲਾਂ 100 ਤੋਂ 200 ਵਿਅਕਤੀ ਸ਼ਾਮਲ ਹੁੰਦੇ ਸਨ ਪਰ ਹੁਣ ਇਹ ਗਿਣਤੀ 1500 ਤੋਂ 2000 ਤੱਕ ਪੁੱਜ ਗਈ ਹੈ।

## ਹੈਦਰਾਬਾਦ ਧਮਾਕੇ ਮਾਮਲੇ 'ਚ ਦੋ ਨੂੰ ਸਜ਼ਾ-ਏ-ਮੌਤ

**ਹੈਦਰਾਬਾਦ:** ਅਦਾਲਤ ਨੇ 2007 ਦੇ ਹੈਦਰਾਬਾਦ ਦੋਹਰੇ ਬੰਬ ਧਮਾਕਿਆਂ ਲਈ ਦੋਸ਼ੀ ਠਹਿਰਾਏ ਗਏ ਦੋ ਅਤਿਵਾਦੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ ਨਾਲ ਸਬੰਧਤ ਇਕ ਹੋਰ ਅਤਿਵਾਦੀ ਨੂੰ ਦੋਸ਼ੀ ਠਹਿਰਾਏ ਜਾਣ ਉਪਰੰਤ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

25 ਅਗਸਤ 2007 ਨੂੰ ਹੋਏ ਇਨ੍ਹਾਂ ਧਮਾਕਿਆਂ 'ਚ 44 ਵਿਅਕਤੀਆਂ ਦੀ ਮੌਤ ਹੋਈ ਸੀ, ਜਦਕਿ ਕਰੀਬ 68 ਵਿਅਕਤੀ ਜ਼ਖ਼ਮੀ ਹੋਏ ਸਨ। ਬੀਤੀ 4 ਸਤੰਬਰ ਨੂੰ ਅਨੀਕ ਸ਼ਫੀਕ ਸਈਦ ਅਤੇ ਮੁਹੰਮਦ ਅਕਬਰ ਇਸਮਾਇਲ ਚੌਧਰੀ ਨੂੰ ਇਸ ਮਾਮਲੇ 'ਚ ਦੋਸ਼ੀ ਠਹਿਰਾਇਆ ਗਿਆ ਸੀ, ਜਦੋਂਕਿ ਫਾਰੂਕ ਸਰਫੂਦੀਨ ਤਰਕਸ਼ ਅਤੇ ਮੁਹੰਮਦ ਸਦੀਕ ਇਸਰਾਰ ਅਹਿਮਦ ਸ਼ੇਖ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਸੀ।

# ਬੇਅਦਬੀ ਕਾਂਡ: ਜਾਂਚ ਲਈ ਵਿਸ਼ੇਸ਼ ਟੀਮ ਦਾ ਗਠਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੋਟਕਪੂਰਾ, ਬਹਿਬਲ ਕਲਾਂ ਅਤੇ ਬਰਗਾੜੀ ਦੀਆਂ ਘਟਨਾਵਾਂ ਨਾਲ ਸਬੰਧਤ ਦਰਜ 4 ਫੌਜਦਾਰੀ ਕੇਸਾਂ ਦੀ ਅੱਗੋਂ ਜਾਂਚ ਦਾ ਕੰਮ ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਪ੍ਰਬੋਧ ਕੁਮਾਰ 'ਤੇ ਅਧਾਰਿਤ 5 ਮੈਂਬਰੀ ਟੀਮ ਨੂੰ ਦੇਣ ਦਾ ਫੈਸਲਾ ਲਿਆ ਹੈ।

ਰਾਜ ਦੇ ਡਾਇਰੈਕਟਰ ਜਨਰਲ ਆਫ ਪੁਲਿਸ ਦੇ ਦਸਤਖਤਾਂ ਹੇਠ ਜਾਰੀ ਹੁਕਮਾਂ ਅਨੁਸਾਰ ਜਾਂਚ ਟੀਮ ਵਿਚ ਆਈ.ਜੀ. ਕਰਾਈਮ ਅਰੁਣਪਾਲ ਸਿੰਘ ਅਤੇ ਕੁੰਵਰਵਿਜੈ ਪ੍ਰਤਾਪ ਸਿੰਘ ਨੂੰ ਲਿਆ ਗਿਆ ਹੈ, ਜਦੋਂਕਿ ਕਪੂਰਥਲਾ ਦੇ ਮੌਜੂਦਾ ਪੁਲਿਸ ਮੁਖੀ ਸਤਿੰਦਰ ਸਿੰਘ ਅਤੇ ਕਮਾਂਡੈਂਟ ਪੀ.ਆਰ.ਟੀ.ਸੀ. ਜਹਾਨ ਖੇਲਾ ਭੁਪਿੰਦਰ ਸਿੰਘ ਨੂੰ ਜਾਂਚ ਟੀਮ ਵਿਚ ਸ਼ਾਮਲ ਕੀਤਾ ਗਿਆ ਹੈ।

ਰਾਜ ਸਰਕਾਰ ਵੱਲੋਂ 24 ਅਗਸਤ, 2018 ਨੂੰ ਕੋਟਕਪੂਰਾ ਵਿਚ ਦਰਜ ਐਫ.ਆਈ.ਆਰ. 129 ਮਿਤੀ 7 ਅਗਸਤ, 2018 ਅਤੇ ਬਾਜਾਖਾਨਾ ਪੁਲਿਸ ਸਟੇਸ਼ਨ ਵਿਚ ਦਰਜ ਐਫ.ਆਈ.ਆਰ. ਨੰਬਰ 130 ਮਿਤੀ 21 ਅਕਤੂਬਰ, 2015 ਦੀ ਜਾਂਚ ਸੀ.ਬੀ.ਆਈ. ਨੂੰ ਦਿੱਤੇ ਜਾਣ ਦਾ ਫੈਸਲਾ ਲਿਆ ਗਿਆ ਸੀ ਪਰ ਰਾਜ ਸਰਕਾਰ ਵੱਲੋਂ 6 ਸਤੰਬਰ, 2018 ਨੂੰ ਸੀ.ਬੀ.ਆਈ. ਨੂੰ ਉਕਤ ਜਾਂਚ ਲਈ ਦਿੱਤੇ ਕੇਸ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਵਾਪਸ ਲੈ ਲਏ ਗਏ ਸਨ।

ਵਰਣਨਯੋਗ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਇਕ ਮਤਾ ਪਾਸ ਕਰਕੇ ਰਾਜ ਸਰਕਾਰ ਨੂੰ ਇਹ ਕੇਸ ਵਾਪਸ ਲੈ ਕੇ ਕੇਸਾਂ ਉਤੇ ਸਮਾਂਬੱਧ ਤਰੀਕੇ ਨਾਲ ਜਾਂਚ ਕਰਕੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਕਿਹਾ ਗਿਆ ਸੀ। ਜਿਸ ਤੋਂ ਬਾਅਦ ਰਾਜ ਸਰਕਾਰ ਨੇ ਇਹ ਕੇਸ ਰਾਜ ਦੀ ਪੁਲਿਸ 'ਤੇ ਆਧਾਰਿਤ ਜਾਂਚ ਟੀਮ ਨੂੰ ਦੇਣ ਦਾ ਫੈਸਲਾ ਲਿਆ ਹੈ।

ਡੀ.ਜੀ.ਪੀ. ਵੱਲੋਂ ਜਾਰੀ ਕੀਤੇ ਹੁਕਮਾਂ ਅਨੁਸਾਰ ਉਨ੍ਹਾਂ ਦੇ ਆਦੇਸ਼ਾਂ ਹੇਠ ਬਣਾਈ ਗਈ ਇਹ ਵਿਸ਼ੇਸ਼ ਜਾਂਚ ਟੀਮ ਜਾਂਚ ਦੇ ਕੰਮ ਲਈ ਕਿਸੇ ਹੋਰ ਪੁਲਿਸ ਅਧਿਕਾਰੀ ਨੂੰ ਵੀ ਆਪਣੇ ਨਾਲ ਲੋੜ ਅਨੁਸਾਰ ਸ਼ਾਮਲ ਕਰ ਸਕੇਗੀ।

ਇਨ੍ਹਾਂ ਹੁਕਮਾਂ ਅਨੁਸਾਰ ਜਾਂਚ ਟੀਮ ਨੂੰ ਆਪਣਾ ਕੰਮ ਪੂਰਾ ਕਰਨ ਲਈ ਕੋਈ ਨਿਸ਼ਚਿਤ ਸਮਾਂ ਸੀਮਾ ਨਹੀਂ ਦਿੱਤੀ ਗਈ, ਜੋ ਮੰਗ ਵਿਧਾਨ ਸਭਾ ਵਿਚ ਬੜੇ ਜ਼ੋਰ ਨਾਲ ਉਠੀ ਸੀ ਅਤੇ ਦੂਜੀਆਂ ਪਾਰਟੀਆਂ ਵੱਲੋਂ ਵੀ ਇਸ ਕੰਮ ਨੂੰ ਨਿਰਧਾਰਤ ਸਮੇਂ ਵਿਚ ਪੂਰਾ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਦਿਲਚਸਪ ਗੱਲ ਇਹ ਹੈ ਕਿ ਰਾਜ ਸਰਕਾਰ ਵੱਲੋਂ ਸੀ.ਬੀ.ਆਈ. ਤੋਂ ਕੇਸ ਵਾਪਸ ਲੈਣ ਸਬੰਧੀ ਜੋ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ, ਉਸ ਸਬੰਧੀ ਸੀ.ਬੀ.ਆਈ. ਵੱਲੋਂ ਹੁਣ ਤੱਕ ਕੋਈ ਪ੍ਰਤੀਕਰਮ ਨਹੀਂ ਦਿੱਤਾ ਗਿਆ ਅਤੇ ਨਾ ਹੀ ਇਸ ਸਬੰਧੀ ਕੋਈ ਸਥਿਤੀ ਸਪੱਸ਼ਟ ਹੋਈ ਹੈ ਕਿ ਮਗਰਲੀ ਅਕਾਲੀ-ਭਾਜਪਾ ਸਰਕਾਰ ਵੱਲੋਂ 2015 ਦੌਰਾਨ ਕੋਈ ਤਿੰਨ ਸਾਲ ਪਹਿਲਾਂ ਜਾਂਚ ਲਈ ਦਿੱਤੇ ਗਏ ਕੇਸ ਰਾਜ ਸਰਕਾਰ ਨੂੰ ਵਾਪਸ ਮਿਲ ਸਕਣਗੇ ਜਾਂ ਨਹੀਂ ਕਿਉਂਕਿ ਸੁਪਰੀਮ ਕੋਰਟ ਇਸ ਤੋਂ ਪਹਿਲਾਂ ਕਈ ਕੇਸਾਂ ਵਿਚ ਰਾਜਾਂ ਵੱਲੋਂ ਕੇਸ ਵਾਪਸ ਮੰਗਣ ਦੀਆਂ ਬੇਨਤੀਆਂ ਰੱਦ ਕਰ ਚੁੱਕੀ ਹੈ ਅਤੇ ਪੰਜਾਬ ਸਰਕਾਰ ਦਾ ਵੀ ਇਹ ਕਹਿਣਾ ਹੈ ਕਿ ਜੇਕਰ ਸੀ.ਬੀ.ਆਈ. ਵੱਲੋਂ ਇਹ ਕੇਸ ਉਨ੍ਹਾਂ ਨੂੰ ਵਾਪਸ ਨਹੀਂ ਕੀਤੇ ਜਾਂਦੇ ਤਾਂ ਸਰਕਾਰ ਸੁਪਰੀਮ ਕੋਰਟ ਤੱਕ ਪਹੁੰਚ ਕਰੇਗੀ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਯੂਨੀਵਰਸਿਟੀ ਵਿਦਿਆਰਥੀ ਚੋਣਾਂ 'ਚ ਐਸ. ਐਫ. ਐਸ. ਨੇ ਸਿਰਜਿਆ ਇਤਿਹਾਸ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਵਿਦਿਆਰਥੀ ਚੋਣਾਂ ਵਿਚ ਸਟੂਡੈਂਟਸ ਫਾਰ ਸੁਸਾਇਟੀ (ਐਸ.ਐਫ.ਐਸ.) ਨੇ ਇਤਿਹਾਸ ਸਿਰਜਦਿਆਂ ਜਿੱਤ ਦਰਜ ਕੀਤੀ ਹੈ। ਐਸ.ਐਫ.ਐਸ. ਵੱਲੋਂ ਪ੍ਰਧਾਨਗੀ ਲਈ ਉਮੀਦਵਾਰ ਕਨੂਪ੍ਰਿਯਾ ਨੇ 2802 ਵੋਟਾਂ ਹਾਸਲ ਕੀਤੀਆਂ ਤੇ ਉਹ ਪੰਜਾਬ ਯੂਨੀਵਰਸਿਟੀ ਵਿਦਿਆਰਥੀ ਕੌਂਸਲ ਦੀ ਪਹਿਲੀ ਮਹਿਲਾ ਪ੍ਰਧਾਨ ਬਣ ਗਈ ਹੈ।

ਕਨੂਪ੍ਰਿਯਾ ਨੇ ਏ.ਬੀ.ਵੀ.ਪੀ. ਦੇ ਆਸ਼ੀਸ਼ ਰਾਣਾ (2083) ਨੂੰ 719 ਵੋਟਾਂ ਦੇ ਫਰਕ ਨਾਲ ਹਰਾਇਆ। ਬਾਕੀ ਦੇ ਦੋ ਅਹੁਦਿਆਂ 'ਤੇ ਸੋਈ ਗੱਠਜੋੜ ਦੇ ਸਹਿਯੋਗੀ ਅਤੇ ਇਕ 'ਤੇ ਐਨ.ਐਸ.ਯੂ.ਆਈ. ਦਾ ਉਮੀਦਵਾਰ ਜੇਤੂ ਰਿਹਾ। ਕਨੂਪ੍ਰਿਯਾ ਦੀ ਪ੍ਰਧਾਨਗੀ ਦੇ ਅਹੁਦੇ ਲਈ ਜਿੱਤ ਨਾਲ ਮੁੱਦਿਆਂ ਉਤੇ ਆਧਾਰਿਤ ਵਿਦਿਆਰਥੀ ਸਿਆਸਤ 'ਤੇ ਤਾਂ ਮੋਹਰ ਲੱਗੀ ਹੀ ਹੈ, ਕੌਂਸਲ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਕੋਈ ਵਿਦਿਆਰਥਣ ਪ੍ਰਧਾਨ ਬਣੀ ਹੋਵੇ। ਯੂਨੀਵਰਸਿਟੀ ਵਿਚ ਕੁੜੀਆਂ ਦੀ ਗਿਣਤੀ ਭਾਵੇਂ 60 ਫੀਸਦੀ ਤੋਂ ਉਪਰ ਹੈ ਪਰ ਕੋਈ ਵੀ ਵਿਦਿਆਰਥੀ ਧਿਰ ਇਸ ਅਹੁਦੇ ਲਈ ਕੁੜੀ ਨੂੰ ਉਮੀਦਵਾਰ ਬਣਾਉਣ ਬਾਰੇ ਸੁਪਨਾ ਵੀ ਨਾ ਲੈ ਸਕੀ। ਇਸ ਜਥੇਬੰਦੀ ਨੇ ਅਸਲ ਵਿਚ ਯੂਨੀਵਰਸਿਟੀ ਦੀ ਵਿਦਿਆਰਥੀ ਸਿਆਸਤ ਵਿਚ ਬਹੁਤ ਸਾਰੀਆਂ ਨਵੀਆਂ ਪਹਿਲਕਦਮੀਆਂ ਕੀਤੀਆਂ।

ਕਨੂਪ੍ਰਿਯਾ ਦੀ ਇਹ ਜਿੱਤ ਇਸ ਕਰਕੇ ਵੀ ਅਹਿਮ ਹੈ ਕਿਉਂਕਿ ਇਸ ਨੇ ਭਾਰਤੀ ਜਨਤਾ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਪਾਰਟੀਆਂ, ਜਿਹੜੀਆਂ ਚੋਣਾਂ ਜਿੱਤਣ ਲਈ ਹਰ ਹਰਬਾ ਵਰਤਣ ਲਈ ਪੱਬਾਂ ਭਾਰ ਰਹਿੰਦੀਆਂ ਹਨ, ਦੇ ਵਿਦਿਆਰਥੀ ਵਿੰਗਾਂ ਨੂੰ ਪਛਾੜਿਆ ਹੈ। ਐਸ.ਐਫ.ਐਸ. ਦੀ ਚੋਣ ਮੁਹਿੰਮ ਦਾ ਇਕ ਹੋਰ ਅਹਿਮ ਪਹਿਲੂ ਇਹ ਵੀ ਰਿਹਾ ਕਿ ਇਸ ਨੇ ਵਿਦਿਆਰਥੀਆਂ ਨੂੰ ਪਹਾੜੀ ਸੈਰ-ਸਪਾਟੇ ਕਰਵਾਉਣ, ਮੁਫਤ ਖਾਣਾ ਖੁਆਉਣ, ਫਿਲਮਾਂ ਦਿਖਾਉਣ ਅਤੇ ਇਸ ਤਰ੍ਹਾਂ ਦੇ ਹੋਰ ਲੁਭਾਊ ਲਾਲਚਾਂ ਦਾ ਭੋਗ ਪਾ ਦਿੱਤਾ। ਦਰਅਸਲ, ਐਸ. ਐਫ. ਐਸ. ਨੇ ਵੱਖ ਵੱਖ ਵਿਭਾਗਾਂ ਅਤੇ ਹੋਸਟਲਾਂ ਵਿਚ ਜਾ ਕੇ ਇਕੱਲੇ ਇਕੱਲੇ ਵੋਟਰ ਨੂੰ ਮਿਲਣ ਲਈ ਅਜਿਹੀ ਸਾਦਾ, ਪਰ ਅਸਰਦਾਰ ਮੁਹਿੰਮ ਚਲਾਈ ਕਿ ਬਾਕੀਆਂ ਨੂੰ ਰੀਸ ਕਰਨੀ ਪੈ ਗਈ।

ਪਿਛਲੇ ਕੁਝ ਸਮੇਂ ਦੌਰਾਨ ਮੁਲਕ ਦੀਆਂ ਯੂਨੀਵਰਸਿਟੀਆਂ ਅਤੇ ਉਚ ਸਿਖਿਆ ਨਾਲ ਸਬੰਧਤ ਹੋਰ ਅਦਾਰਿਆਂ ਦਾ ਮਿਥ ਕੇ ਭਗਵਾਕਰਨ ਕੀਤਾ ਜਾ ਰਿਹਾ ਹੈ। ਅਜਿਹੇ ਦੌਰ ਵਿਚ ਐਸ.ਐਫ.ਐਸ. ਵਰਗੀ ਖੱਬੇ ਪੱਖ ਵਾਲੀ ਜਥੇਬੰਦੀ ਦੀ ਉਮੀਦਵਾਰ ਦਾ ਦੇਸ-ਦੁਨੀਆਂ ਅਤੇ ਵਿਦਿਆਰਥੀਆਂ ਦੇ ਮੁੱਦਿਆਂ ਨੂੰ ਆਧਾਰ ਬਣਾ ਕੇ ਸਰਗਰਮੀ ਕਰਨਾ, ਚੋਣ ਲੜਨਾ ਅਤੇ ਫਿਰ ਜਿੱਤਣ ਦੇ ਵੱਡੇ ਅਰਥ ਹਨ। ਇਸ ਜਥੇਬੰਦੀ ਨੇ ਯੂਨੀਵਰਸਿਟੀ ਵਿਚ ਆਪਣੀ ਸ਼ੁਰੂਆਤ ਵਿਚਾਰ-ਵਟਾਂਦਰੇ ਵਾਲੇ ਗਰੁੱਪ ਤੋਂ ਕੀਤੀ ਸੀ। 2010 ਵਿਚ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਹੋਣਾ ਕਿ ਇਸ ਗਰੁੱਪ ਨੇ ਆਉਣ ਵਾਲੇ ਵਕਤ ਦੌਰਾਨ ਕੈਂਪਸ ਦੀ ਵਿਦਿਆਰਥੀ ਸਿਆਸਤ ਵਿਚ ਇੰਨੀ ਵੱਡੀ ਤਬਦੀਲੀ ਦਾ ਜ਼ਰੀਆ ਬਣਨਾ ਹੈ।

# ਦੁਨੀਆ 'ਚ ਹਰ ਸਾਲ 8 ਲੱਖ ਲੋਕ ਕਰਦੇ ਨੇ ਖੁਦਕੁਸ਼ੀਆਂ

ਸੰਯੁਕਤ ਰਾਸ਼ਟਰ: ਦੁਨੀਆਂ ਵਿਚ ਹਰ ਸਾਲ ਅੱਠ ਲੱਖ ਲੋਕ ਖੁਦਕੁਸ਼ੀ ਕਰਦੇ ਹਨ। ਵਿਸ਼ਵ ਸਿਹਤ ਅਦਾਰੇ ਦੇ ਇਕ ਦਸਤਾਵੇਜ਼ ਮੁਤਾਬਕ ਸਾਲ 2016 ਦੌਰਾਨ 15-29 ਸਾਲ ਦੀ ਉਮਰ ਦੇ ਲੋਕਾਂ ਅੰਦਰ ਖੁਦਕੁਸ਼ੀ ਮੌਤਾਂ ਦਾ ਦੂਜਾ ਸਭ ਤੋਂ ਵੱਡਾ ਕਾਰਨ ਸੀ।

ਵਿਸ਼ਵ ਸਿਹਤ ਅਦਾਰੇ (ਡਬਲਿਊ. ਐਚ. ਓ.) ਅਤੇ ਮੈਂਟਲ ਹੈਲਥ ਕਮਿਸ਼ਨ ਆਫ ਕੈਨੇਡਾ ਵੱਲੋਂ ਵਿਸ਼ਵ ਖੁਦਕੁਸ਼ੀ ਰੋਕਥਾਮ ਦਿਵਸ ਮੌਕੇ ਸਮਾਜੀ ਫਿਰਕਿਆਂ ਲਈ ਖੁਦਕੁਸ਼ੀਆਂ ਤੋਂ ਬਚਾਅ ਲਈ ਇਕ ਟੂਲ ਕਿਟ ਜਾਰੀ ਕੀਤੀ ਗਈ। ਇਸ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਅਮੀਰ ਹੋਵੇ ਭਾਵੇਂ ਗਰੀਬ, ਖੁਦਕੁਸ਼ੀਆਂ ਹਰ ਮੁਲਕ ਤੇ ਖਿੱਤੇ ਵਿਚ ਹੁੰਦੀਆਂ ਹਨ। ਉਂਜ, ਇਹ ਵੀ ਸੱਚ ਹੈ ਕਿ ਬਹੁਤੀਆਂ ਖੁਦਕੁਸ਼ੀਆਂ ਉਨ੍ਹਾਂ ਮੁਲਕਾਂ ਵਿਚ ਹੁੰਦੀਆਂ ਹਨ ਜਿਥੋਂ ਦੇ ਲੋਕਾਂ ਦੀ ਆਮਦਨ ਘੱਟ ਤੇ ਦਰਮਿਆਨੀ ਹੁੰਦੀ ਹੈ। 2016 ਦੌਰਾਨ ਦੁਨੀਆਂ ਦੀਆਂ ਕੁੱਲ ਖੁਦਕੁਸ਼ੀਆਂ ਦਾ 80 ਫੀਸਦੀ ਇਨ੍ਹਾਂ ਮੁਲਕਾਂ ਵਿਚ ਹੀ ਹੁੰਦੀਆਂ ਹਨ। ਖੁਦਕੁਸ਼ੀਆਂ ਦਾ ਬੋਝ ਬਹੁਤ ਜ਼ਿਆਦਾ ਹੈ। ਹਰ ਸਾਲ 8 ਲੱਖ ਤੋਂ ਵੱਧ ਲੋਕ ਖੁਦਕੁਸ਼ੀ ਕਰਦੇ ਹਨ ਤੇ 15-29 ਸਾਲ ਦੀ ਉਮਰ ਵਰਗ ਵਿਚ ਇਹ ਮੌਤਾਂ ਦਾ ਦੂਜਾ ਸਭ ਤੋਂ ਵੱਡਾ ਕਾਰਨ ਹੈ।

# ਅਕਾਲ ਤਖਤ ਦੇ ਜਥੇਦਾਰ ਨੂੰ ਬਦਲਣ ਦੀ ਚਰਚਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਸੰਕਟ ਵਿਚ ਘਿਰਨ ਤੋਂ ਬਾਅਦ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਛੁੱਟੀ ਹੋਣ ਦੀਆਂ ਸੰਭਾਵਨਾਵਾਂ ਵਧਦੀਆਂ ਜਾ ਰਹੀਆਂ ਹਨ।

ਸੂਤਰਾਂ ਦਾ ਦੱਸਣਾ ਹੈ ਕਿ ਇਸ ਮੁੱਦੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰਨਾਂ ਸੀਨੀਅਰ ਆਗੂਆਂ ਨਾਲ ਵਿਚਾਰ ਚਰਚਾ ਕਰ ਲਈ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਕਿਸੇ ਵੀ ਸਮੇਂ ਜਥੇਦਾਰ ਤੋਂ ਅਸਤੀਫਾ ਲਿਆ ਜਾ ਸਕਦਾ ਹੈ ਅਤੇ ਨਵੇਂ ਜਥੇਦਾਰ ਦੀ ਨਿਯੁਕਤੀ ਲਈ ਸਰਗਰਮੀਆਂ ਵੀ ਤੇਜ਼ ਕੀਤੀਆਂ ਹੋਈਆਂ ਹਨ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਤਾਜ਼ਾ ਘਟਨਾਕ੍ਰਮ ਦੇ ਚਲਦਿਆਂ ਜਥੇਦਾਰ ਦੀ ਤਬਦੀਲੀ ਸਬੰਧੀ ਹੋ ਰਹੀ ਚਰਚਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਖੇਤਰ ਦੀ ਕਿਸੇ ਕੱਦਾਵਰ ਸਿੱਖ ਹਸਤੀ ਨੂੰ ਇਸ ਵਕਾਰੀ ਅਹੁਦੇ 'ਤੇ ਬਿਠਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਪਾਰਟੀ ਦੇ ਇਸ ਆਗੂ ਦਾ ਇਹ ਵੀ ਕਹਿਣਾ ਹੈ ਕਿ ਕਿਸੇ ਸਿਆਸੀ ਆਗੂ ਨੂੰ ਅਕਾਲ ਤਖਤ ਦਾ ਜਥੇਦਾਰ ਨਹੀਂ ਥਾਪਿਆ ਜਾ ਸਕਦਾ ਕਿਉਂਕਿ ਅਕਾਲੀ ਦਲ ਪਹਿਲਾਂ ਹੀ ਸਿਆਸੀ ਸੰਕਟ ਵਿਚ ਘਿਰਿਆ ਹੋਇਆ ਹੈ।

ਪੰਜਾਬ ਵਿਧਾਨ ਸਭਾ ਵਿਚ ਦੋ ਕੁ ਹਫਤੇ ਪਹਿਲਾਂ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ 'ਤੇ ਅਧਾਰਿਤ ਕਮਿਸ਼ਨ ਦੀ ਰਿਪੋਰਟ 'ਤੇ ਹੋਈ ਬਹਿਸ ਦੌਰਾਨ ਜਥੇਦਾਰ ਗਿਆਨੀ ਗੁਰਬਚਨ ਸਿੰਘ ਬਾਰੇ ਵੀ ਤਿੱਖੀਆਂ ਟਿੱਪਣੀਆਂ ਹੋਣ ਤੋਂ ਬਾਅਦ ਅਕਾਲੀ ਆਗੂ ਨਮੋਸ਼ੀ ਮਹਿਸੂਸ ਕਰ ਰਹੇ ਹਨ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਦੋ ਹਫਤਿਆਂ ਬਾਅਦ ਹੀ ਲੋਕਾਂ ਦੇ ਸਾਹਮਣੇ ਆਏ ਹਨ। ਅਕਾਲੀ ਨੇਤਾਵਾਂ ਨੂੰ ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖਤ ਸਾਹਿਬ ਵੱਲੋਂ ਸਾਲ 2015 ਵਿਚ ਦਿੱਤੀ ਮੁਆਫੀ ਦੇ ਮੁੱਦੇ 'ਤੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਸੀਨੀਅਰ ਆਗੂਆਂ ਨੇ ਜਥੇਦਾਰ ਨੂੰ ਅਹੁਦੇ ਤੋਂ ਖੁਦ-ਬ-ਖੁਦ ਹੀ ਲਾਂਭੇ ਹੋਣ ਦਾ ਮਸ਼ਵਰਾ ਵੀ ਦਿੱਤਾ ਸੀ।

# ਡੀ.ਜੀ.ਪੀ. ਅਰੋੜਾ ਦੀ ਡੇਰਾ ਬਿਆਸ ਮੁਖੀ ਨਾਲ ਮੀਟਿੰਗ ਨੇ ਛੇੜੀ ਚਰਚਾ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਦੀ ਚੰਡੀਗੜ੍ਹ ਵਿਚ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਗੁਪਤ ਮੀਟਿੰਗ ਨੇ ਸਿਆਸੀ ਤੇ ਪ੍ਰਸ਼ਾਸਕੀ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਪੁਲਿਸ ਦੇ ਮੁਖੀ ਡੇਰਾ ਮੁਖੀ ਦੀ ਸੈਕਟਰ 8 ਵਿਚਲੀ ਨਿੱਜੀ ਰਿਹਾਇਸ਼ 'ਤੇ ਅਚਾਨਕ ਹੀ ਪਹੁੰਚੇ ਤੇ ਡੇਰਾ ਮੁਖੀ ਨਾਲ ਤਕਰੀਬਨ ਅੱਧਾ ਘੰਟਾ ਗੁਫਤਗੂ ਕੀਤੀ।

ਬਾਬਾ ਗੁਰਿੰਦਰ ਸਿੰਘ ਵੀ ਸਵੇਰੇ ਹੀ ਚੰਡੀਗੜ੍ਹ ਪਹੁੰਚੇ ਸਨ। ਪੰਜਾਬ ਦੇ ਬਦਲੇ ਹੋਏ ਸਿਆਸੀ ਮਾਹੌਲ ਅਤੇ ਸ੍ਰੀ ਅਰੋੜਾ ਦੀ ਸੇਵਾ ਮੁਕਤੀ ਨਜ਼ਦੀਕ ਹੋਣ ਕਾਰਨ ਪੁਲਿਸ ਮੁਖੀ ਦੀ ਡੇਰਾ ਮੁਖੀ ਨਾਲ ਮੀਟਿੰਗ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਪੰਜਾਬ ਵਿਚ ਚੋਣਾਂ ਦੌਰਾਨ ਇਸ ਡੇਰੇ ਸਮੇਤ ਹੋਰ ਕਈ ਡੇਰੇ ਅਕਸਰ ਚਰਚਾ ਵਿਚ ਰਹਿੰਦੇ ਹਨ। ਪੰਜਾਬ ਦੇ ਹੀ ਨਹੀਂ ਕੌਮੀ ਪੱਧਰ ਦੇ ਸਿਆਸਤਦਾਨਾਂ ਵੱਲੋਂ ਵੀ ਡੇਰਾ ਬਿਆਸ ਵਿਚ ਹਾਜ਼ਰੀ ਲਗਾ ਕੇ ਅਕਸਰ 'ਮਦਦ' ਦੀ ਉਮੀਦ ਕੀਤੀ ਜਾਂਦੀ ਹੈ। ਪੰਜਾਬ ਦੇ ਕਈ ਵੱਡੇ ਸਿਆਸਤਦਾਨਾਂ ਦੇ ਡੇਰਾ ਮੁਖੀ ਨਾਲ ਸਬੰਧ ਸੁਖਾਵੇਂ ਮੰਨੇ ਜਾਂਦੇ ਹਨ। ਸ੍ਰੀ ਅਰੋੜਾ ਵੀ ਅਕਾਲੀ ਦਲ ਤੇ ਕਾਂਗਰਸ ਦੋਹਾਂ ਪਾਰਟੀਆਂ ਨਾਲ ਸਬੰਧਤ ਪ੍ਰਮੁੱਖ ਆਗੂਆਂ ਦੇ ਕਰੀਬੀ ਮੰਨੇ ਜਾਂਦੇ ਹਨ।

# ਨਸ਼ਾ ਤਸਕਰੀ: ਮਜੀਠੀਏ ਦੀ 'ਤਾਕਤ' ਤੋਂ ਹਾਈ ਕੋਰਟ ਵੀ ਦੰਗ

*(ਸਫਾ ਇਕ ਦੀ ਬਾਕੀ)*

ਵਿਧਾਨ ਸਭਾ ਵਿਚ ਕਿਹਾ ਸੀ ਕਿ ਐਸ.ਟੀ.ਐਫ. ਵਿਚ ਮੈਂ ਇਹੋ ਜਿਹਾ ਅਫਸਰ ਲਾਇਆ ਹੈ, ਜਿਹੜਾ ਮੇਰੀ ਸਿਫਾਰਸ਼ ਵੀ ਨਹੀਂ ਮੰਨਦਾ। ਹੁਣ ਵੱਡਾ ਸਵਾਲ ਇਹ ਹੈ ਕਿ ਅਜਿਹੇ ਅਫਸਰ ਤੋਂ ਕੈਪਟਨ ਦਾ ਮੋਹ ਇੰਨੀ ਛੇਤੀ ਭੰਗ ਕਿਉਂ ਹੋਇਆ।

ਇਕ ਹੋਰ ਗੱਲ, ਜਦ ਕੈਪਟਨ ਨੇ ਹਰਪ੍ਰੀਤ ਸਿੱਧੂ ਨੂੰ ਐਸ.ਟੀ.ਐਫ. ਚੀਫ ਬਣਾਉਣ ਲਈ ਸੈਂਟਰਲ ਡੈਪੂਟੇਸ਼ਨ ਤੋਂ ਅੱਧ ਵਿਚਾਲੇ ਵਾਪਸ ਬੁਲਾਇਆ ਸੀ, ਉਦੋਂ ਵੀ ਡੀ.ਜੀ.ਪੀ. ਮੁਹੰਮਦ ਮੁਸਤਫ਼ਾ ਪੰਜਾਬ ਵਿਚ ਆਪਣੀਆਂ ਸੇਵਾਵਾਂ ਦੇ ਰਹੇ ਸਨ। ਜੇ ਕੈਪਟਨ ਨੂੰ ਮੁਸਤਫਾ ਇੰਨੇ ਕਾਬਲ ਲੱਗਦੇ ਹਨ ਤਾਂ ਉਦੋਂ ਹੀ ਸਿੱਧੂ ਦੀ ਥਾਂ ਮੁਸਤਫਾ ਨੂੰ ਹੀ ਐਸ.ਟੀ.ਐਫ. ਦਾ ਮੁਖੀ ਕਿਉਂ ਨਹੀਂ ਲਗਾ ਦਿੱਤਾ ਗਿਆ। ਸੱਤਾ ਦੇ ਗਲਿਆਰਿਆਂ ਵਿਚ ਇਹ ਚਰਚਾ ਹੈ ਕਿ ਪੁਲਿਸ ਦੀ ਇਕ 'ਲਾਬੀ' ਨੇ ਹਰਪ੍ਰੀਤ ਸਿੱਧੂ ਨੂੰ ਖੁੱਡੇ ਲਾਉਣ ਲਈ ਸੀ.ਐਮ.ਓ. ਵਿਚ ਵੱਡੇ ਰੈਂਕ ਦੇਣ ਦੀ ਚਾਲ ਚੱਲੀ ਹੈ, ਜਿਥੇ ਇਹੋ ਨਹੀਂ ਪਤਾ ਕਿ ਉਹ ਕਰਨਗੇ ਕੀ?

# ਹਿੰਸਕ ਹੋਈਆਂ ਪੰਚਾਇਤੀ ਚੋਣਾਂ

*(ਸਫਾ ਇਕ ਦੀ ਬਾਕੀ)*

ਦਾਖਲ ਕਰਨ ਦਾ ਅਮਲ ਪੂਰਾ ਹੋਇਆ ਅਤੇ ਹੁਣ 19 ਸਤੰਬਰ ਨੂੰ ਚੋਣਾਂ ਹੋ ਰਹੀਆਂ ਹਨ। ਇਹ ਪਹਿਲੀ ਵਾਰ ਨਹੀਂ ਜਦੋਂ ਚੋਣਾਂ ਮੌਕੇ ਸਿਆਸੀ ਧਿਰਾਂ ਵਿਚ ਅਜਿਹਾ ਟਕਰਾਓ ਹੋਇਆ ਹੋਵੇ। ਇਸ ਤੋਂ ਪਹਿਲਾਂ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵਿਚ ਵੀ ਵੱਡੇ ਪੱਧਰ ਉਤੇ ਵੱਢ-ਟੁੱਕ ਹੋਈ ਸੀ। ਉਸ ਸਮੇਂ ਅਕਾਲੀਆਂ ਨੇ ਚੋਣਾਂ ਦਾ ਬਾਈਕਾਟ ਕਰ ਦਿੱਤਾ ਸੀ। ਹਾਲਾਤ ਹੁਣ ਵੀ ਉਸੇ ਤਰ੍ਹਾਂ ਹਨ।

# ਖਾਲਸਾ ਏਡ ਦੇ ਬਾਨੀ ਰਵਿੰਦਰ ਸਿੰਘ ਨੂੰ ਬ੍ਰਿਟਿਸ਼ ਪਾਰਲੀਮੈਂਟ 'ਚ ਸਨਮਾਨ

**ਚੰਡੀਗੜ੍ਹ:** ਖਾਲਸਾ ਏਡ ਦੇ ਬਾਨੀ ਰਵਿੰਦਰ ਸਿੰਘ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਬ੍ਰਿਟਿਸ਼ ਪਾਰਲੀਮੈਂਟ ਵਿਚ 'ਪੰਜਾਬ ਸੁਸਾਇਟੀ ਆਫ ਬ੍ਰਿਟਿਸ਼' ਵੱਲੋਂ 'ਐਕਸੀਲੈਂਸ ਐਂਡ ਅਚੀਵਮੈਂਟ ਐਵਾਰਡ' ਨਾਲ ਸਨਮਾਨਤ ਕੀਤਾ ਗਿਆ। ਰਵਿੰਦਰ ਸਿੰਘ ਨੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਨੂੰ ਉਨ੍ਹਾਂ ਦੀ ਬਰਸੀ ਮੌਕੇ ਇਹ ਐਵਾਰਡ ਸਮਰਪਿਤ ਕੀਤਾ।

ਰਵਿੰਦਰ ਸਿੰਘ ਨੇ ਖਾਲਸਾ ਏਡ ਵੱਲੋਂ ਕੀਤੇ ਜਾਂਦੇ ਸਮਾਜ ਭਲਾਈ ਦੇ ਕੰਮਾਂ ਦਾ ਸਿਹਰਾ ਪਟਿਆਲਾ ਤੋਂ ਖਾਲਸਾ ਏਡ ਦੇ ਡਾਇਰੈਕਟਰ ਅਮਰਪ੍ਰੀਤ ਸਿਰ ਬੰਨ੍ਹਿਆ। ਜ਼ਿਕਰਯੋਗ ਹੈ ਕਿ ਖਾਲਸਾ ਏਡ ਭਾਰਤ ਤੇ ਵਿਦੇਸ਼ਾਂ 'ਚ ਕਈ ਮੁਹਿੰਮਾਂ ਵਿਚ ਹਿੱਸਾ ਲੈ ਚੁੱਕੀ ਹੈ। ਇਰਾਕ 'ਚ ਖਾਲਸਾ ਏਡ ਦੀਆਂ ਸਰਗਰਮੀਆਂ ਤੋਂ ਇਹ ਸੰਸਥਾ ਵਿਸ਼ਵ ਪੱਧਰ ਉਤੇ ਸੁਰਖੀਆਂ 'ਚ ਆਈ ਸੀ। ਇਸ ਸੰਸਥਾ ਨੇ ਇਰਾਕ 'ਚ ਆਈ.ਐਸ. ਤੋਂ ਰਿਹਾ ਹੋਈਆਂ ਔਰਤਾਂ ਦੇ ਮੁੜ ਵਸੇਬੇ ਦੇ ਵੀ ਯਤਨ ਕੀਤੇ। 2014 ਤੋਂ ਇਹ ਸੰਸਥਾ ਯਹੂਦੀਆਂ ਤੇ ਸੀਰੀਅਨ ਸ਼ਰਨਾਰਥੀਆਂ ਲਈ ਕੰਮ ਕਰ ਰਹੀ ਹੈ। ਹਾਲ ਹੀ ਵਿਚ ਕੇਰਲਾ 'ਚ ਹੜ੍ਹ ਪੀੜਤਾਂ ਲਈ ਵੀ ਇਹ ਸੰਸਥਾ ਰੱਬ ਬਣ ਬਹੁੜੀ ਸੀ। ਕੇਰਲਾ 'ਚ ਲੋਕਾਂ ਲਈ ਖਾਲਸਾ ਏਡ ਵੱਲੋਂ ਭੋਜਨ ਦੇ ਨਾਲ-ਨਾਲ ਦਵਾਈਆਂ ਤੇ ਹੋਰ ਜ਼ਰੂਰੀ ਵਸਤਾਂ ਮੁਹੱਈਆ ਕਰਵਾਈਆਂ ਗਈਆਂ ਸਨ।

# ਸ੍ਰੀ ਹਰਿਮੰਦਰ ਸਾਹਿਬ ਵਿਖੇ 250 ਗ੍ਰਾਮ ਸੋਨੇ ਦਾ ਚੌਰ ਸਾਹਿਬ ਭੇਟ

**ਅੰਮ੍ਰਿਤਸਰ:** ਗੁਰੂ ਨਗਰੀ ਦੇ ਇਕ ਸ਼ਰਧਾਲੂ ਵੱਲੋਂ ਸ਼ਰਧਾ ਸਹਿਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰੀਬ 250 ਗ੍ਰਾਮ ਸ਼ੁੱਧ ਸੋਨੇ ਨਾਲ ਬਣਿਆ ਇਕ ਸੁਨਹਿਰੀ ਚੌਰ ਸਾਹਿਬ ਭੇਟ ਕੀਤਾ ਗਿਆ। ਤਰਲੋਚਨ ਸਿੰਘ ਖਾਲਸਾ ਨਾਂ ਦੇ ਇਸ ਸ਼ਰਧਾਲੂ ਵੱਲੋਂ ਚੌਰ ਸਾਹਿਬ ਭੇਟ ਕੀਤੇ ਜਾਣ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਵੱਲੋਂ ਅਰਦਾਸ ਕੀਤੀ ਗਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਕਰਤਾਰਪੁਰ ਲਾਂਘਾ: ਹੁਣ ਮੋਦੀ ਸਰਕਾਰ ਵੱਲ ਨਜ਼ਰਾਂ

**ਨਵੀਂ ਦਿੱਲੀ:** ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਸਾਂਝੇ ਲਾਂਘੇ ਲਈ ਪਾਕਿਸਤਾਨ ਨੇ ਹਾਮੀ ਭਰ ਦਿੱਤੀ ਹੈ ਤੇ ਹੁਣ ਸਿੱਖਾਂ ਦੀਆਂ ਨਜ਼ਰਾਂ ਮੋਦੀ ਸਰਕਾਰ ਵੱਲ ਹਨ। ਅਗਲੇ ਵਰ੍ਹੇ ਭਾਰਤ ਵਿਚ ਲੋਕ ਸਭਾ ਚੋਣਾਂ ਹਨ ਤੇ ਇਸ ਲਈ ਇਹ ਤੈਅ ਹੈ ਕਿ ਮੋਦੀ ਸਰਕਾਰ ਸਿੱਖਾਂ ਦੀ ਨਾਰਾਜ਼ਗੀ ਨਹੀਂ ਸਹੇੜੇਗੀ। ਇਸ ਲਈ ਪੂਰੀ ਉਮੀਦ ਹੈ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਅਗਲੇ ਵਰ੍ਹੇ ਮਨਾਏ ਜਾ ਰਹੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਿੱਖ ਕੌਮ ਲਈ ਵੱਡੀ ਖੁਸ਼ਖ਼ਬਰੀ ਛੇਤੀ ਹੀ ਆਉਣ ਵਾਲੀ ਹੈ।

ਹੁਣ ਸਵਾਲ ਇਹ ਉੱਠ ਰਿਹਾ ਹੈ ਕਿ ਸਿਰਫ ਪੌਣੇ ਦੋ ਮੀਲ ਦੇ ਸਫਰ ਲਈ ਪੌਣੀ ਸਦੀ ਦੀ ਉਡੀਕ ਕਿਉਂ ਕਰਨੀ ਪਈ? ਸਿੱਖਾਂ ਨੂੰ ਭਾਰਤ ਤੋਂ ਸਿਰਫ ਪੌਣੇ ਦੋ ਮੀਲ ਦੀ ਦੂਰੀ ਉਤੇ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰੇ ਦੇ ਦਰਸ਼ਨਾਂ ਲਈ ਦੂਰਬੀਨ ਦੀ ਮਦਦ ਲੈਣੀ ਪਈ। ਅਸਲ ਵਿਚ, ਇਸ ਵਿਚ ਕੋਈ ਕਾਨੂੰਨੀ ਅੜਿੱਕਾ ਜਾਂ ਕਿਸੇ ਦੇਸ਼ ਦੀ ਕੌਮੀ ਸੁਰੱਖਿਆ ਨੂੰ ਢਾਹ ਲੱਗਣਾ ਦਾ ਸਵਾਲ ਨਹੀਂ ਸੀ, ਇਹ ਸਭ ਦੋਵਾਂ ਦੇਸ਼ਾਂ ਦੀਆਂ ਸਿਆਸੀ ਧਿਰਾਂ ਦੀ ਹੈਂਕੜ ਸੀ। ਪਰ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਫੇਰੀ ਤੇ ਇਥੋਂ ਦੇ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨਾਲ ਮੁਲਾਕਾਤ ਨੇ ਇਸ ਮਸਲੇ ਨੂੰ ਨਵਾਂ ਮੋੜ ਦਿੱਤਾ। ਪਾਕਿਸਤਾਨ ਨੇ ਇਸ ਮੁਲਾਕਾਤ ਦੌਰਾਨ ਹਾਂ ਪੱਖੀ ਹੁੰਗਾਰਾ ਭਰਿਆ ਤੇ ਬਾਅਦ ਵਿਚ ਪੰਜਾਬ ਵਿਧਾਨ ਸਭਾ



'ਚ ਇਸ ਸਬੰਧੀ ਪ੍ਰਸਤਾਵ ਵੀ ਪਾਸ ਕੀਤਾ ਗਿਆ ਹੈ। ਪਰ ਇਹ ਲਾਂਘਾ ਖੁੱਲ੍ਹਣ ਦਾ ਇਕੋ ਇਕ ਪ੍ਰੈਕਟੀਕਲ (ਵਿਹਾਰਕ) ਹੱਲ ਇਹ ਸੀ ਕਿ ਸਭ ਤੋਂ ਪਹਿਲਾਂ ਦੋਵੇਂ ਪਾਸੇ ਦੀਆਂ ਸਰਕਾਰਾਂ ਆਪਸ ਵਿਚ 'ਮੈਮੋਰੰਡਮ ਆਫ ਅੰਡਰਸਟੈਂਡਿੰਗ' ਭਾਵ ਇਸ ਸਾਂਝੇ ਲਾਂਘੇ ਨੂੰ ਲੈ ਕੇ ਆਪਸੀ ਲਿਖਤੀ ਸਮਝੌਤਾ ਕਰਨ।

ਪਾਕਿ ਸਰਕਾਰ ਇਸ ਸਾਂਝੇ ਲਾਂਘੇ ਨੂੰ ਲੈ ਕੇ ਇਸ ਤੋਂ ਪਹਿਲਾਂ ਵੀ ਕਈ ਵਾਰ ਆਪਣੀ ਸਹਿਮਤੀ ਜ਼ਾਹਿਰ ਕਰ ਚੁੱਕੀ ਹੈ ਅਤੇ ਇਧਰ ਭਾਰਤ ਸਰਕਾਰ ਵੀ ਲੰਮੇ ਅਰਸੇ ਤੋਂ ਇਸ ਲਾਂਘੇ ਲਈ ਹਾਂ-ਪੱਖੀ ਹੁੰਗਾਰਾ ਭਰਦੀ ਆ ਰਹੀ ਹੈ। ਇਸ ਦੇ ਬਾਵਜੂਦ ਦੋਵੇਂ ਪਾਸੇ ਦੀਆਂ ਸਰਕਾਰਾਂ ਵੱਲੋਂ ਅਜੇ ਤੱਕ ਇਸ ਸਾਂਝੇ ਲਾਂਘੇ ਨੂੰ ਲੈ ਕੇ ਆਪਸੀ ਲਿਖਤੀ ਸਮਝੌਤਾ ਨਾ ਕੀਤੇ ਜਾਣ ਕਾਰਨ ਇਹ ਅਤਿ ਜ਼ਰੂਰੀ ਅਤੇ ਮਹੱਤਵਪੂਰਨ ਕਾਰਜ ਸਿਰੇ ਨਹੀਂ ਚੜ੍ਹ ਸਕਿਆ ਹੈ। ਹੁਣ ਅਗਲੇ ਵਰ੍ਹੇ ਲੋਕ ਸਭਾ ਚੋਣਾਂ ਹਨ ਤੇ ਇਸ ਤੋਂ ਕੁਝ ਮਹੀਨੇ ਪਹਿਲਾਂ ਜਿਸ ਤਰ੍ਹਾਂ ਪਾਕਿਸਤਾਨ ਨੇ ਹਾਮੀ ਭਰੀ ਹੈ, ਇਸ ਪਿੱਛੋਂ ਭਾਰਤ ਸਰਕਾਰ ਕੋਲ ਵੀ "ਹਾਂ' ਤੋਂ ਬਿਨਾਂ ਕੋਈ ਰਾਹ ਨਹੀਂ। ਸਿਆਸੀ ਮਾਹਿਰ ਭਾਰਤ ਵੱਲੋਂ ਕੀਤੀ ਜਾ ਰਹੀ ਦੇਰੀ ਪਿੱਛੇ ਇਹ ਤਰਕ ਵੀ ਦੇ ਰਹੇ ਹਨ ਕਿ ਜੇਕਰ ਮੋਦੀ ਸਰਕਾਰ ਹੁਣ ਇਕਦਮ 'ਹਾਂ' ਕਰਦੀ ਹੈ ਤਾਂ ਸਾਰਾ ਸਿਹਰਾ ਕਾਂਗਰਸ ਸਰਕਾਰ ਨੂੰ ਜਾਵੇਗਾ। ਇਸ ਲਈ ਭਾਰਤ ਵਿਚ ਇਸ ਸਬੰਧੀ ਵੱਡੇ ਪੱਧਰ ਉਥੇ ਰਣਨੀਤੀ ਤਿਆਰ ਕਰਨ ਦੀਆਂ ਦੀ ਕੋਸ਼ਿਸ਼ਾਂ ਦੀ ਚਰਚਾ ਹੈ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਉਹ ਮੁਕੱਦਸ ਅਸਥਾਨ ਹੈ, ਜਿਥੋਂ ਜਾਤ-ਪਾਤ ਅਤੇ ਊਚ-ਨੀਚ ਦੇ ਹਨੇਰੇ ਵਿਚ ਡੁੱਬੇ ਇਸ ਸੰਸਾਰ ਨੂੰ ਚਾਨਣ ਦੀ ਰਾਹ ਵਿਖਾ ਕੇ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਪਾਸ ਪ੍ਰਸਥਾਨ ਕੀਤਾ। ਇਸ ਆਜ਼ਾਦ ਤੇ ਸਾਂਝੇ ਲਾਂਘੇ ਲਈ ਕੌਮਾਂਤਰੀ ਪੱਧਰ 'ਤੇ ਪਹਿਲੀ ਵਾਰ ਸਾਲ 1999 ਵਿਚ ਇਹ ਮੁੱਦਾ ਉਦੋਂ ਉਭਰਿਆ ਜਦੋਂ ਦਿੱਲੀ-ਲਾਹੌਰ ਬੱਸ ਸੇਵਾ ਦੀ ਸ਼ੁਰੂਆਤ 'ਤੇ ਭਾਰਤ ਦੇ ਤਤਕਾਲੀਨ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਪਾਕਿਸਤਾਨ ਦੌਰੇ ਉਤੇ ਗਏ। ਨਵੰਬਰ 2000 'ਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਹਾੜੇ ਉਤੇ ਲਾਹੌਰ 'ਚ ਹੋਏ ਸੈਮੀਨਾਰ 'ਚ ਐਲਾਨ ਕੀਤਾ ਗਿਆ ਕਿ ਪਾਕਿ ਸਰਕਾਰ ਸ੍ਰੀ ਕਰਤਾਰਪੁਰ ਸਾਹਿਬ ਤਰਫੋਂ ਡੇਰਾ ਬਾਬਾ ਨਾਨਕ ਲਈ ਸਾਂਝਾ ਲਾਂਘਾ ਬਣਾਉਣ ਲਈ ਤਿਆਰ ਹੈ, ਪਰ ਇਹ ਕਾਰਜ ਭਾਰਤ ਸਰਕਾਰ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲਣ 'ਤੇ ਹੀ ਸੰਭਵ ਹੋ ਸਕੇਗਾ।

## ਸਿੱਧੂ ਨੇ ਸੁਸ਼ਮਾ ਤੋਂ ਦਖਲ ਮੰਗਿਆ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਲਾਂਘਾ ਖੋਲ੍ਹਣ ਲਈ ਕੇਂਦਰੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਦੇ ਦਖ਼ਲ ਦੀ ਮੰਗ ਕਰਦਿਆਂ ਉਨ੍ਹਾਂ ਨੂੰ ਪੱਤਰ ਲਿਖਿਆ ਹੈ। ਸ੍ਰੀ ਸਿੱਧੂ ਨੇ ਵਿਦੇਸ਼ ਮੰਤਰੀ ਨੂੰ ਕਿਹਾ ਹੈ ਕਿ ਪਾਕਿਸਤਾਨ ਵੱਲੋਂ ਭਰੇ ਹੁੰਗਾਰੇ ਦਾ ਹਾਂ-ਪੱਖੀ ਜਵਾਬ ਦਿੰਦਿਆਂ ਇਸ ਕਾਰਜ ਨੂੰ ਸਿਰੇ ਚਾੜ੍ਹ ਕੇ ਕਰੋੜਾਂ ਸਿੱਖਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵੰਡ ਸਮੇਂ ਪਾਕਿਸਤਾਨ ਵਿਚ ਰਹਿ ਗਏ ਇਤਿਹਾਸਿਕ ਗੁਰਦੁਆਰਿਆਂ ਵਿਚੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਹ ਉਹ ਅਸਥਾਨ ਹੈ ਜਿਥੇ ਗੁਰੂ ਨਾਨਕ ਦੇਵ ਨੇ ਆਪਣੀ ਜ਼ਿੰਦਗੀ ਦੇ ਲਗਭਗ 18 ਸਾਲ ਬਿਤਾਏ। ਗੁਰਦੁਆਰਾ ਸਾਹਿਬ ਕੌਮਾਂਤਰੀ ਸਰਹੱਦ ਦੇ ਬਹੁਤ ਨਜ਼ਦੀਕ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਲਾਂਘਾ ਤਿਆਰ ਕਰਨ ਦੀ ਪੇਸ਼ਕਸ਼

**ਅੰਮ੍ਰਿਤਸਰ:** ਪਾਕਿਸਤਾਨ ਦੀ ਨਵੀਂ ਬਣੀ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਵਾਸਤੇ ਲਾਂਘਾ ਖੋਲ੍ਹਣ ਦੀ ਦਿੱਤੀ ਸਹਿਮਤੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੇਕਰ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਲਾਂਘਾ ਖੋਲ੍ਹਣ ਲਈ ਰਜ਼ਾਮੰਦ ਹੁੰਦੀਆਂ ਹਨ ਤਾਂ ਸ਼੍ਰੋਮਣੀ ਕਮੇਟੀ ਇਹ ਲਾਂਘਾ ਬਣਾਉਣ ਲਈ ਤਿਆਰ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਸੰਗਤ ਦੀ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਇਸ ਮੰਗ ਨੂੰ ਸੰਜੀਦਗੀ ਨਾਲ ਲੈਂਦਿਆਂ ਇਸ ਲਾਂਘੇ ਨੂੰ ਬਿਨਾਂ ਵੀਜ਼ਾ ਮਨਜ਼ੂਰੀ ਦਿੱਤੀ ਜਾਵੇ। ਉਨ੍ਹਾਂ ਆਖਿਆ ਕਿ ਇਸ ਮਾਮਲੇ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ, ਸਗੋਂ ਇਸ ਕਾਰਜ ਲਈ ਸਿਆਸਤ ਤੋਂ ਉਪਰ ਉਠ ਕੇ ਸਾਂਝੇ ਯਤਨ ਹੋਣੇ ਚਾਹੀਦੇ ਹਨ।

# ਪੰਜਾਬ ਸਰਕਾਰ ਨੇ ਲੋਕ ਭਲਾਈ ਸਕੀਮਾਂ ਲਈ ਢਿੱਲੀ ਕੀਤੀ ਜੇਬ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਸਥਾਨਕ ਸਰਕਾਰਾਂ ਅਤੇ ਸਿਹਤ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਅਤੇ ਵਿਕਾਸ ਪ੍ਰੋਜੈਕਟਾਂ ਲਈ 1200 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਹਨ। ਇਸ ਤਹਿਤ ਸਮਾਜ ਸੁਰੱਖਿਆ ਪੈਨਸ਼ਨ ਲਈ 140 ਕਰੋੜ ਰੁਪਏ ਅਤੇ ਬਿਜਲੀ ਸਬਸਿਡੀ ਲਈ 300 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਇਹ ਫੰਡ ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਸੂਬੇ ਵਿੱਚ ਵਿਕਾਸ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਜਾਰੀ ਕੀਤੇ ਹਨ। 30 ਜੂਨ ਤੱਕ ਸੇਵਾ ਮੁਕਤੀ ਦੇ ਲਾਭ ਵਾਸਤੇ 197.12 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਵੱਖ-ਵੱਖ ਵਿਕਾਸ ਪ੍ਰੋਗਰਾਮਾਂ ਲਈ 165.09 ਕਰੋੜ ਰੁਪਏ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿਚ ਬਾਹਰੀ ਸਹਾਇਤਾ ਪ੍ਰੋਜੈਕਟ (ਈ.ਏ.ਪੀ.) ਅਤੇ ਨਾਬਾਰਡ ਈ.ਏ.ਪੀ. ਦਿਹਾਤੀ ਜਲ ਸਪਲਾਈ ਸਕੀਮ, ਕੇਂਦਰੀ ਸੜਕੀ ਫੰਡ, ਸੰਗਠਿਤ ਬਾਲ ਵਿਕਾਸ ਸੇਵਾਵਾਂ, ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਤੇ ਸਰਹੱਦੀ ਇਲਾਕਾ ਵਿਕਾਸ ਪ੍ਰੋਗਰਾਮ ਸ਼ਾਮਲ ਹਨ। 6 ਸਤੰਬਰ, 2018 ਤੱਕ ਵੈਟ ਅਤੇ ਜੀ.ਐਸ.ਟੀ. ਦੇ ਮੁੜ ਭੁਗਤਾਨ ਵਾਸਤੇ 92 ਕਰੋੜ ਅਤੇ 36.42 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਮੈਡੀਕਲ, ਪੀ.ਓ.ਐਲ., ਜਲ/ਬਿਜਲੀ, ਸਮੱਗਰੀ ਸਪਲਾਈ ਅਤੇ ਦਫਤਰੀ ਖਰਚਿਆਂ ਲਈ ਵੀ 75.73 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਰਾਸ਼ਟਰੀ ਸਿਹਤ ਮਿਸ਼ਨ ਅਤੇ ਭਗਤ ਪੂਰਨ ਸਿੰਘ ਸਿਹਤ ਬੀਮਾ ਸਕੀਮ ਦੇ ਹੇਠ 75.16 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਖਜ਼ਾਨੇ ਵੱਲੋਂ ਪੀ.ਆਈ.ਡੀ.ਬੀ. ਲਈ ਗਰਾਂਟ-ਇਨ-ਏਡ (ਤਨਖਾਹ ਨਹੀਂ) ਲਈ 50.72 ਕਰੋੜ ਰੁਪਏ ਦੇ ਬਿੱਲ ਜਾਰੀ ਕੀਤੇ ਹਨ ਜਦਕਿ ਐਸ.ਸੀ. ਪੋਸਟ ਮੈਟਰਿਕ ਸਕਾਲਰਸ਼ਿਪ ਲਈ 22.90 ਕਰੋੜ ਰੁਪਏ, ਖੇਡਾਂ ਲਈ 19 ਕਰੋੜ ਰੁਪਏ, ਛੋਟੇ-ਮੋਟੇ ਕਾਰਜਾਂ ਲਈ 9.06 ਕਰੋੜ ਰੁਪਏ, ਸਥਾਨਕ ਸਰਕਾਰ ਦੇ ਵਿਆਜ ਭੁਗਤਾਨ ਲਈ 5.12 ਕਰੋੜ ਰੁਪਏ, ਲਾਟਰੀਜ਼ ਲਈ 3.63 ਕਰੋੜ ਰੁਪਏ ਅਤੇ ਫੁਟਕਲ ਖਰਚਿਆਂ ਲਈ 8.05 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

# 12ਵੀਂ ਦੀ ਇਤਿਹਾਸ ਦੀ ਕਿਤਾਬ ਦਾ ਫਿਰ ਪਿਆ ਪੁਆੜਾ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਦੀ ਕਿਤਾਬ ਇਕ ਵਾਰ ਫਿਰ ਸਵਾਲਾਂ ਦੇ ਘੇਰੇ ਵਿਚ ਗਈ ਹੈ। ਹੁਣ ਬਾਰ੍ਹਵੀਂ ਜਮਾਤ ਦੀ ਦੂਜਾ ਅਧਿਆਇ 'ਗੁਰੂ ਨਾਨਕ ਸਾਹਿਬ: ਇਕ ਨਵਾਂ ਧਰਮ ਤੇ ਨਵਾਂ ਪੰਥ' ਬੋਰਡ ਨੇ ਵੈਬਸਾਈਟ 'ਤੇ ਅਪਲੋਡ ਕੀਤਾ ਹੈ, ਉਸ ਵਿਚ ਖੱਤਰੀ ਤੇ ਬ੍ਰਾਹਮਣ ਜਾਤੀ ਨੂੰ ਨਕਾਰਾਤਮਕ ਢੰਗ ਨਾਲ ਪੇਸ਼ ਕਰਨ ਦੇ ਇਲਜ਼ਾਮ ਲੱਗਣੇ ਸ਼ੁਰੂ ਹੋ ਗਏ ਹਨ।

ਅਧਿਆਇ ਦੇ 3.2 ਹਿੱਸੇ ਵਿਚ ਦੋਵਾਂ ਜਾਤੀਆਂ ਨੂੰ ਦਮਨਕਾਰੀ ਸ਼ਾਸਕਾਂ ਦਾ ਹਿੱਸਾ ਬਣਨ ਸਬੰਧੀ ਦੱਸਿਆ ਗਿਆ ਹੈ। ਇਸ ਦੇ ਨਾਲ ਹੀ ਅਧਿਆਇ ਨੰਬਰ 6.3 ਵਿਚ ਇਸ ਦੇ ਉਲਟ ਖੱਤਰੀ ਸਮਾਜ ਨੂੰ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂਆਂ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਦੋਵੇਂ ਗੱਲਾਂ ਵਿਰੋਧੀ ਹਨ। ਇਸ ਦੇ ਨਾਲ ਵਿਦਿਆਰਥੀਆਂ ਵਿਚ ਜਾਤੀਆਂ ਸਬੰਧੀ ਨਫਰਤ ਦੇ ਆਸਾਰ ਹਨ। ਉਧਰ, ਅਧਿਆਪਕ ਵੀ ਪਰੇਸ਼ਾਨ ਹਨ ਕਿ ਆਖਰ ਉਹ ਕਿਸ ਪਹਿਲੂ ਨੂੰ ਸਹੀ ਮੰਨਣ।

ਕਿਤਾਬ ਦੇ ਦੂਜੇ ਪਾਠ ਦਾ ਨਾਂ ਗੁਰੂ ਨਾਨਕ ਸਾਹਿਬ: ਇਕ ਨਵਾਂ ਧਰਮ ਤੇ ਨਵਾਂ ਪੰਥ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇਸ ਪੂਰੇ ਪਾਠ ਵਿਚ ਉਨ੍ਹਾਂ ਦੇ ਹੀ ਜੀਵਨ, ਪਰਿਵਾਰ ਜਾਂ ਉਦਾਸੀਆਂ ਬਾਰੇ ਕੋਈ ਵੇਰਵਾ ਨਹੀਂ, ਬੱਸ ਇਕ ਡੱਬੇ ਵਿਚ ਥੋੜੀ ਜਿਹੀ ਜਾਣਕਾਰੀ ਨਾਲ ਹੀ ਸਾਰਿਆ ਗਿਆ ਹੈ, ਜਦਕਿ ਗੁਰੂ ਨਾਨਕ ਦੇਵ ਜੀ ਬਾਰੇ ਦੱਸਿਆ ਜਾਣਾ ਬੇਹੱਦ ਜ਼ਰੂਰੀ ਹੈ।

ਕਿਤਾਬ ਦੇ ਇੰਗਲਿਸ਼ ਐਡੀਸ਼ਨ ਵਿਚ ਗੁਰੂ ਨਾਨਕ ਦੇਵ ਜੀ ਨੂੰ 'ਗੁਰੂ ਨਾਨਕ' ਹੀ ਲਿਖਿਆ ਗਿਆ ਹੈ ਤੇ ਗੁਰਬਾਣੀ ਦੀਆਂ ਤੁਕਾਂ ਵਿਚ ਵੀ ਕਈ ਗਲਤੀਆਂ ਹਨ, ਜਦਕਿ ਹਿੰਦੀ ਐਡੀਸ਼ਨ ਅਜੇ ਉਪਲਬਧ ਹੀ ਨਹੀਂ ਕਰਾਇਆ ਗਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਬਾਰੇ ਵਿਵਾਦ ਉਠਿਆ ਸੀ, ਜਿਸ 'ਤੇ ਬਣੀ ਸਰਕਾਰੀ ਕਮੇਟੀ ਨੇ ਕਿਤਾਬ ਨੂੰ ਗਲਤ ਠਹਿਰਾ ਦਿੱਤਾ ਸੀ। ਹੁਣ ਨਹੀਂ ਕਿਤਾਬ ਵੀ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ।

# ਬਾਦਲਾਂ ਦੀ ਟਰਾਂਸਪੋਰਟ ਅਜਾਰੇਦਾਰੀ ਤੋੜਨ ਬਾਰੇ ਬਦਲੇ ਕੈਪਟਨ ਦੇ ਤੇਵਰ

**ਬਠਿੰਡਾ:** ਕਾਂਗਰਸ ਸਰਕਾਰ ਨਵੇਂ ਬਣੇ ਸਿਆਸੀ ਮਾਹੌਲ 'ਚ ਬਾਦਲਾਂ ਦੀ ਟਰਾਂਸਪੋਰਟ ਦੀ ਅਜਾਰੇਦਾਰੀ ਨੂੰ ਤੋੜਨਾ ਚਾਹੁੰਦੀ ਹੈ ਅਤੇ ਹੁਣ ਸਰਕਾਰ ਦੇ ਤੇਵਰ ਬਦਲੇ ਹੋਏ ਜਾਪਦੇ ਹਨ। ਇਸ ਕਾਰਨ ਟਰਾਂਸਪੋਰਟ ਮਹਿਕਮੇ ਨੇ ਬੱਸਾਂ ਦੀ ਨਵੇਂ ਸਿਰਿਓਂ ਸਮਾਂ ਸੂਚੀ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਹਾਲਾਂਕਿ ਫਰਵਰੀ ਵਿਚ ਵੀ ਅਜਿਹਾ ਹੰਭਲਾ ਮਾਰਿਆ ਗਿਆ ਸੀ ਪਰ ਉਦੋਂ ਬਾਦਲ ਪਰਿਵਾਰ ਨੇ ਟਰਾਂਸਪੋਰਟ ਅਫਸਰਾਂ ਦੇ ਨੱਕ ਮੋੜ ਦਿੱਤੇ ਸਨ। ਰਿਜਨਲ ਟਰਾਂਸਪੋਰਟ ਅਥਾਰਟੀ ਫਿਰੋਜ਼ਪੁਰ ਨੇ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਨੂੰ 30 ਅਗਸਤ ਨੂੰ ਪੱਤਰ ਜਾਰੀ ਕਰ ਕੇ ਕਿਹਾ ਸੀ ਕਿ ਜੇਕਰ ਉਹ ਆਪਣੀਆਂ ਬੱਸਾਂ ਦੀ ਸਮਾਂ ਸੂਚੀ ਵਿਚ ਕੋਈ ਤਬਦੀਲੀ ਚਾਹੁੰਦੇ ਹਨ ਤਾਂ ਇਕ ਹਫਤੇ ਵਿਚ ਇਸ ਦੀ ਤਜਵੀਜ਼ ਪੇਸ਼ ਕੀਤੀ ਜਾਵੇ।

ਇਸੇ ਤਰ੍ਹਾਂ ਰਿਜਨਲ ਟਰਾਂਸਪੋਰਟ ਅਥਾਰਟੀ ਪਟਿਆਲਾ ਨੇ ਵੀ ਇਸੇ ਦਿਨ ਹੀ ਅਜਿਹਾ ਪੱਤਰ ਲਿਖਿਆ ਸੀ। ਪਟਿਆਲਾ ਨੇ ਤਾਂ ਸਮਾਂ ਸੂਚੀ ਨਵੇਂ ਸਿਰਿਓਂ ਤਿਆਰ ਕਰਨ ਲਈ ਸੁਣਵਾਈ ਦੀਆਂ ਤਰੀਕਾਂ ਵੀ ਐਲਾਨ ਦਿੱਤੀਆਂ ਹਨ ਜਿਸ ਤਹਿਤ 17 ਸਤੰਬਰ ਤੋਂ 24 ਸਤੰਬਰ ਤੱਕ ਸੁਣਵਾਈ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਬੀਤੇ ਇਕ ਦਹਾਕੇ ਤੋਂ ਬਾਦਲਾਂ ਸਮੇਤ ਵੱਡੇ ਘਰਾਣਿਆਂ ਦੀ ਟਰਾਂਸਪੋਰਟ ਨੂੰ ਬੱਸ ਅੱਡਿਆਂ ਉਤੇ ਟਾਈਮ ਦੇ ਗੱਫੇ ਦਿੱਤੇ ਹੋਏ ਹਨ ਜਿਸ ਦਾ ਵੱਡਾ ਨੁਕਸਾਨ ਸਰਕਾਰੀ ਟਰਾਂਸਪੋਰਟ ਨੂੰ ਹੁੰਦਾ ਹੈ। ਵੱਡੇ ਘਰਾਣੇ ਦੀ ਹਰ ਬੱਸ ਨੂੰ ਬੱਸ ਅੱਡੇ 'ਤੇ ਸਵਾਰੀ ਚੁੱਕਣ ਲਈ ਦਸ-ਦਸ ਜਾਂ ਫਿਰ 12-12 ਮਿੰਟ ਮਿਲਦੇ ਹਨ। ਕਾਂਗਰਸ ਨੇ ਚੋਣਾਂ ਵੇਲੇ ਇਕਸਾਰ ਟਾਈਮ ਟੇਬਲ ਦਾ ਵਾਅਦਾ ਵੀ ਕੀਤਾ ਸੀ। ਔਰਬਿਟ ਅਤੇ ਡੱਬਵਾਲੀ ਬੱਸ ਕੰਪਨੀ ਦੇ ਲੁਧਿਆਣਾ, ਜਲੰਧਰ ਅਤੇ ਸੰਗਰੂਰ ਲਈ ਕਰੀਬ 34 ਰੂਟ ਬਠਿੰਡਾ ਤੋਂ ਹੀ ਚਲਦੇ ਹਨ। ਪਟਿਆਲਾ ਅਤੇ ਚੰਡੀਗੜ੍ਹ ਦੇ ਰੂਟ ਵੱਖਰੇ ਹਨ। ਬਠਿੰਡਾ-ਬਰਨਾਲਾ ਰੂਟ 'ਤੇ ਬਠਿੰਡਾ ਬੱਸ ਅੱਡੇ 'ਚੋਂ ਕਰੀਬ 193 ਰੂਟ (ਆਮ ਬੱਸਾਂ ਦੇ) ਚਲਦੇ ਹਨ ਜਿਨ੍ਹਾਂ 'ਚੋਂ ਦਰਜਨ ਆਮ ਬੱਸਾਂ ਨੂੰ ਤਾਂ ਸਿਰਫ ਦੋ ਦੋ ਮਿੰਟ ਦਾ ਸਮਾਂ ਅਤੇ 62 ਬੱਸਾਂ ਨੂੰ ਸਿਰਫ ਤਿੰਨ ਤਿੰਨ ਮਿੰਟ ਹੀ ਅੱਡੇ ਵਿਚ ਸਵਾਰੀ ਚੁੱਕਣ ਲਈ ਮਿਲਦੇ ਹਨ।

ਵੱਡੇ ਘਰਾਣੇ ਨੂੰ ਦਸ ਦਸ ਮਿੰਟ ਵੀ ਮਿਲ ਰਹੇ ਹਨ। ਜਦੋਂ ਫਰਵਰੀ 'ਚ ਆਰ.ਟੀ.ਏ. ਫਿਰੋਜ਼ਪੁਰ ਨੇ ਸਮਾਂ ਸੂਚੀ ਵਿਚ ਸੋਧ ਕੀਤੀ ਤਾਂ




ਮੁੜ ਵੱਡੇ ਘਰਾਂ ਨੂੰ ਗੱਫੇ ਮਿਲ ਗਏ। ਮਿਸਾਲ ਵਜੋਂ ਫਰੀਦਕੋਟ-ਕੋਟਕਪੂਰਾ ਦੇ 176 ਰੂਟਾਂ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਜਿਨ੍ਹਾਂ 'ਚ 22 ਰੂਟ ਡੱਬਵਾਲੀ ਅਤੇ ਔਰਬਿਟ ਟਰਾਂਸਪੋਰਟ ਦੇ ਹਨ। ਇਨ੍ਹਾਂ ਨੂੰ ਬਾਕੀਆਂ ਨਾਲੋਂ ਵੱਧ ਸਮਾਂ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਪੀ.ਆਰ.ਟੀ.ਸੀ. ਵੱਲੋਂ ਕਰੀਬ ਦੋ ਮਹੀਨੇ ਪਹਿਲਾਂ ਟਰਾਂਸਪੋਰਟ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਪੱਤਰ ਲਿਖਿਆ ਗਿਆ ਕਿ ਸਮਾਂ ਸੂਚੀ ਵਿਚ ਸੋਧ ਕਰਕੇ ਸਮਾਂ ਇਕਸਾਰ ਕੀਤਾ ਜਾਵੇ, ਟਾਈਮ ਟੇਬਲ ਤੇ ਹਰ ਰੂਟ ਨਾਲ ਬੱਸ ਦਾ ਪਰਮਿਟ ਨੰਬਰ ਅਤੇ ਉਸ ਦਾ ਅਸਲੀ ਰੂਟ ਲਿਖਿਆ ਜਾਵੇ। ਉਦੋਂ ਟਰਾਂਸਪੋਰਟ ਵਿਭਾਗ ਨੇ ਆਰ.ਟੀ.ਏਜ਼. ਨੂੰ ਪੱਤਰ ਤਾਂ ਜਾਰੀ ਕੀਤਾ ਸੀ ਪਰ ਉਹ ਪੱਤਰ ਠੰਢੇ ਬਸਤੇ ਵਿਚ ਪੈ ਗਿਆ ਸੀ। ਕਰੀਬ ਇਕ ਮਹੀਨਾ ਪਹਿਲਾਂ ਮੁੜ ਪੀ.ਆਰ.ਟੀ.ਸੀ. ਨੇ ਹਕੀਕਤ ਤੋਂ ਜਾਣੂ ਕਰਾ ਦਿੱਤਾ ਜਿਸ ਮਗਰੋਂ ਹੁਣ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ 20 ਅਗਸਤ ਨੂੰ ਪੱਤਰ ਜਾਰੀ ਕੀਤਾ ਹੈ। ਪੀ.ਆਰ.ਟੀ.ਸੀ. ਕੋਲ ਇਸ ਵੇਲੇ ਤਕਰੀਬਨ 1150 ਅਤੇ ਪੰਜਾਬ ਰੋਡਵੇਜ਼ ਕੋਲ ਕਰੀਬ 1800 ਬੱਸਾਂ ਹਨ।

ਪੰਜਾਬ ਰੋਡਵੇਜ਼ ਐਂਪਲਾਈਜ਼ ਯੂਨੀਅਨ (ਆਜ਼ਾਦ) ਦੇ ਜਨਰਲ ਸਕੱਤਰ ਨਛੱਤਰ ਸਿੰਘ ਨੇ ਕਿਹਾ ਕਿ ਜੇ ਸਰਕਾਰ ਸੰਜੀਦਾ ਹੈ ਤਾਂ ਅਦਾਲਤੀ ਹੁਕਮਾਂ ਮੁਤਾਬਕ ਬੱਸਾਂ ਦੇ ਪਰਮਿਟ ਰੱਦ ਕਰੇ ਅਤੇ ਉਸ ਮਗਰੋਂ ਸਮਾਂ ਸੂਚੀ ਤਿਆਰ ਕਰੇ। ਹੁਣ ਤਾਂ ਭਰੋਸਾ ਨਹੀਂ ਰਿਹਾ ਕਿ ਕੈਪਟਨ ਸਰਕਾਰ ਵੀ ਸਰਕਾਰੀ ਬੱਸ ਸੇਵਾ ਦੇ ਭਲੇ ਬਾਰੇ ਸੋਚੇਗੀ। ਉਨ੍ਹਾਂ ਕਿਹਾ ਕਿ ਜੇ ਸਮਾਂ ਸੂਚੀ ਇਕਸਾਰ ਬਣ ਜਾਵੇ ਤਾਂ ਚੰਗਾ ਹੈ।

## ਬਠਿੰਡਾ ਦੇ ਦੀਪਕ ਵਿਨਾਇਕ ਨੂੰ ਆਸਟਰੇਲੀਆ ਦਾ ਸਰਵਸ੍ਰੇਸ਼ਠ ਪੁਰਸਕਾਰ

**ਚੰਡੀਗੜ੍ਹ:** ਮੈਲਬਰਨ ਰਹਿੰਦੇ ਜ਼ਿਲ੍ਹਾ ਬਠਿੰਡਾ ਦੇ ਕਸਬਾ ਰਾਮਪੁਰਾ ਫੂਲ ਦੇ ਜੰਮਪਲ ਦੀਪਕ ਵਿਨਾਇਕ ਨੂੰ ਸਮਾਜ ਭਲਾਈ ਦੇ ਖੇਤਰ ਵਿਚ ਸ਼ਾਨਦਾਰ ਸੇਵਾਵਾਂ ਨਿਭਾਉਣ ਬਦਲੇ ਆਸਟਰੇਲੀਆ ਦੇ ਵਿਕਟੋਰੀਆ ਸੂਬੇ ਵਿਚ 'ਆਰਡਰ ਆਫ ਆਸਟਰੇਲੀਆ ਮੈਡੀਅਲ' (ਓ.ਏ.ਐਮ.) ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ।

ਉਨ੍ਹਾਂ ਨੂੰ ਇਹ ਪੁਰਸਕਾਰ ਵਿਕਟੋਰੀਆ ਦੇ ਰਾਜਪਾਲ ਤੇ ਇੰਗਲੈਂਡ ਦੀ ਰਾਣੀ ਐਲਿਜ਼ਾਬੈਥ-2 ਦੇ ਨੁਮਾਇੰਦੇ ਲਿੰਡਾ ਦੇਸਾਊ ਏ.ਸੀ. ਵੱਲੋਂ ਭੇਟ ਕੀਤਾ ਗਿਆ। ਸ੍ਰੀ ਵਿਨਾਇਕ ਨੂੰ ਇਸ ਤੋਂ ਪਹਿਲਾਂ ਵੀ ਸਮਾਜਿਕ ਕੰਮਾਂ ਬਦਲੇ ਕਈ ਪੁਰਸਕਾਰ ਮਿਲ ਚੁੱਕੇ ਹਨ। ਰਾਜ ਭਵਨ ਵਿਚ ਕਰਵਾਏ ਸਮਾਰੋਹ ਮੌਕੇ ਸ੍ਰੀ ਵਿਨਾਇਕ ਦੇ ਪਰਿਵਾਰਕ ਮੈਂਬਰ ਤੇ ਪੰਜਾਬੀ ਭਾਈਚਾਰੇ ਦੇ ਲੋਕ ਮੌਜੂਦ ਸਨ।

ਸ੍ਰੀ ਵਿਨਾਇਕ ਨੇ ਆਖਿਆ, "ਮੈਨੂੰ ਆਸਟਰੇਲੀਆ ਦੇ ਲੋਕਾਂ ਤੇ ਸਰਕਾਰ ਨੇ ਬਹੁਤ ਪਿਆਰ-ਸਤਿਕਾਰ ਬਖ਼ਸ਼ਿਆ ਅਤੇ ਮਦਦ ਕੀਤੀ ਤੇ ਉਤਸ਼ਾਹਿਤ ਕੀਤਾ।" ਉਸ ਨੇ ਆਖਿਆ ਕਿ ਇਹ ਸਨਮਾਨ ਮੇਰੇ ਲਈ ਕੁਝ ਨਹੀਂ ਹੈ ਪਰ ਮੈਂ ਖੁਸ਼ਕਿਸਮਤ ਹਾਂ ਕਿ ਐਨੇ ਚੰਗੇ ਲੋਕ ਮੇਰੇ ਨਾਲ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਹਨ।

# ਪੈਟਰੋਲ ਕੀਮਤਾਂ 'ਤੇ ਪਿਆ ਮੋਦੀ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਪੈਟਰੋਲ, ਡੀਜ਼ਲ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਤਾਂ ਸਿਆਸੀ ਪਾਰਟੀਆਂ ਲਈ ਵੱਡਾ ਮੁੱਦਾ ਬਣ ਗਿਆ ਤੇ ਲੋਕਾਂ ਵਿਚ ਹੀ ਜ਼ਿਆਦਾਤਰ ਚਰਚਾ ਪੈਟਰੋਲ, ਡੀਜ਼ਲ ਦੀਆਂ ਵਧ ਰਹੀਆਂ ਕੀਮਤਾਂ ਨੂੰ ਲੈ ਕੇ ਹੋ ਰਹੀ ਹੈ। ਪੂਰੇ ਦੇਸ਼ ਵਿਚ ਵਿਰੋਧੀ ਧਿਰਾਂ ਸਮੇਤ ਆਮ ਲੋਕਾਂ ਨੇ ਮੋਦੀ ਸਰਕਾਰ ਨੂੰ ਘੇਰਾ ਪਾ ਲਿਆ ਹੈ। ਥਾਂ-ਥਾਂ ਧਰਨੇ ਤੇ ਰੋਸ ਪ੍ਰਦਰਸ਼ਨਾਂ ਪਿੱਛੋਂ ਮੋਦੀ ਸਰਕਾਰ ਲਈ ਵੱਡੀ ਸਿਰਦਰਦੀ ਸ਼ੁਰੂ ਹੋ ਗਈ ਹੈ। ਦੱਸ ਦਈਏ ਕਿ ਰੋਜ਼ਾਨਾ ਕੀਮਤਾਂ ਲਈ ਲਾਗੂ ਕੀਤੀ ਗਈ ਯੋਜਨਾ ਤੇ ਇਕ ਸਾਲ ਵਿਚ ਹੀ ਪੈਟਰੋਲ, ਡੀਜ਼ਲ ਦੀਆਂ ਵਧੀਆਂ ਕੀਮਤਾਂ ਨਾਲ ਆਮ ਲੋਕਾਂ ਦਾ ਬਜਟ ਹਿੱਲ ਗਿਆ ਹੈ।

ਪੈਟਰੋਲ 'ਚ ਹੀ 15.32 ਰੁਪਏ ਤੇ ਡੀਜ਼ਲ ਵਿਚ ਕਰੀਬ 17.65 ਰੁਪਏ ਪ੍ਰਤੀ ਲੀਟਰ ਇਕ ਸਾਲ, ਦੋ ਮਹੀਨੇ 'ਚ ਹੀ ਵਾਧਾ ਹੋਇਆ ਹੈ। 16 ਜੂਨ, 2017 'ਚ ਪੈਟਰੋਲ ਦੀ ਕੀਮਤ 70.70 ਰੁਪਏ ਪ੍ਰਤੀ ਲੀਟਰ ਸੀ ਤੇ 8 ਸਤੰਬਰ, 2018 ਨੂੰ ਇਸ ਦੀ ਕੀਮਤ 86.02 ਰੁਪਏ ਪ੍ਰਤੀ ਲੀਟਰ ਹੋ ਗਈ। 16 ਜੂਨ, 2017 ਤੋਂ ਲੈ ਕੇ 8 ਸਤੰਬਰ, 2018 ਤੱਕ ਦੇ ਸਮੇਂ ਦੌਰਾਨ ਅੰਦਾਜ਼ਨ ਪੈਟਰੋਲ ਦੀ ਕੀਮਤ 77.12 ਰੁਪਏ ਪ੍ਰਤੀ ਲੀਟਰ ਰਹੀ, ਜਿਸ ਵਿਚ 2 ਜੁਲਾਈ 2017 ਨੂੰ ਪੈਟਰੋਲ 68.20 ਰੁਪਏ ਪ੍ਰਤੀ ਲੀਟਰ ਵਿਕਿਆ, ਜਦਕਿ 8 ਸਤੰਬਰ, 2018 ਨੂੰ ਇਸ ਦੀ ਕੀਮਤ ਜ਼ਿਆਦਾ ਤੋਂ ਜ਼ਿਆਦਾ 86.02 ਰੁਪਏ ਪ੍ਰਤੀ ਲੀਟਰ ਦਰਜ ਕੀਤੀ ਗਈ ਹੈ। ਇਸੇ ਤਰ੍ਹਾਂ ਪਹਿਲੀ ਜੁਲਾਈ, 2017 ਨੂੰ ਅੰਦਾਜ਼ਨ ਡੀਜ਼ਲ ਦੀ ਕੀਮਤ ਘੱਟ ਤੋਂ ਘੱਟ 53.80 ਰੁਪਏ ਪ੍ਰਤੀ ਲੀਟਰ ਰਹੀ, ਜਦਕਿ 8 ਸਤੰਬਰ, 2018 ਨੂੰ ਡੀਜ਼ਲ ਦੀ ਕੀਮਤ ਸਭ ਤੋਂ ਜ਼ਿਆਦਾ ਦਰਜ ਕੀਤੀ ਗਈ। ਡੀਜ਼ਲ ਇਕ



ਸਾਲ 'ਚ 17.65 ਰੁਪਏ ਪ੍ਰਤੀ ਲੀਟਰ ਮਹਿੰਗਾ ਹੋਇਆ ਹੈ। 16 ਜੂਨ, 2017 ਨੂੰ ਡੀਜ਼ਲ ਦੀ ਕੀਮਤ 54.95 ਰੁਪਏ ਪ੍ਰਤੀ ਲੀਟਰ ਸੀ ਜਦਕਿ 8 ਸਤੰਬਰ, 2018 ਨੂੰ ਇਸ ਦੀ ਕੀਮਤ 72.60 ਰੁਪਏ ਪ੍ਰਤੀ ਲੀਟਰ ਤੱਕ ਪੁੱਜ ਗਈ।

ਦੱਸ ਦਈਏ ਕਿ ਕੌਮਾਂਤਰੀ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ ਟੁੱਟਣ ਦੇ ਬਾਵਜੂਦ ਇਸ ਦਾ ਲਾਭ ਵੱਡੀਆਂ ਕੰਪਨੀਆਂ ਹੀ ਸਾਂਭ ਰਹੀਆਂ ਹਨ, ਜਦ ਕਿ ਆਮ ਖਪਤਕਾਰ ਉਤੇ ਵੱਡੀ ਮਾਰ ਪੈ ਰਹੀ ਹੈ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਅਸਮਾਨ ਛੂ ਰਹੀਆਂ ਹਨ ਤੇ ਸਰਕਾਰ ਖੜ੍ਹੀ ਤਮਾਸ਼ਾ ਵੇਖ ਰਹੀ ਹੈ। ਤੇਲ ਅਜਿਹੀ ਵਸਤ ਹੈ ਜਿਸ ਦੀਆਂ ਕੀਮਤਾਂ ਵਧਣ ਦਾ ਸਿੱਧਾ ਅਸਰ ਹੋਰ ਖੇਤਰਾਂ ਉਤੇ ਪੈਂਦਾ ਹੈ। ਅਗਾਂਹ ਮਹਿੰਗਾਈ ਵਿਚ ਤਿੱਖਾ ਵਾਧਾ ਹੁੰਦਾ ਹੈ। ਖੇਤੀ ਖੇਤਰ ਉਤੇ ਵੀ ਇਸ ਦੀ ਮਾਰ ਪੈਂਦੀ ਹੈ। ਹੁਣ ਪਿਛਲੇ ਡੇਢ ਹਫਤੇ ਤੋਂ ਤੇਲ ਕੀਮਤਾਂ ਦੇ ਲਗਾਤਾਰ ਵਾਧੇ ਨਾਲ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਪੈਟਰੋਲ 85.15 ਰੁਪਏ ਅਤੇ ਡੀਜ਼ਲ 75.15 ਰੁਪਏ ਫੀ ਲਿਟਰ ਤੱਕ ਜਾ ਪਹੁੰਚਿਆ ਹੈ।

ਪੰਜਾਬ ਵਿਚ ਪੈਟਰੋਲ ਦੀ ਕੀਮਤ 87 ਰੁਪਏ ਨੂੰ ਪਾਰ ਕਰ ਗਈ ਹੈ। ਧਿਆਨ ਦੇਣ ਵਾਲਾ ਨੁਕਤਾ ਇਹ ਹੈ ਕਿ ਤੇਲ ਦੀ ਮੁਢਲੀ ਕੀਮਤ ਮਹਿਜ਼ 39.21 ਰੁਪਏ ਫੀ ਲਿਟਰ ਹੈ। ਸਰਕਾਰ ਇਸ ਉਤੇ 19.48 ਰੁਪਏ ਐਕਸਾਈਜ਼ ਡਿਊਟੀ ਅਤੇ 16.83 ਰੁਪਏ ਵੈਟ ਲਗਾ ਦਿੰਦੀ ਹੈ। ਡੀਲਰਾਂ ਦਾ ਕਮਿਸ਼ਨ 3.63 ਰੁਪਏ ਫੀ ਲਿਟਰ ਦੇ ਹਿਸਾਬ ਕੁੱਲ ਕੀਮਤ ਵਿਚ ਜੁੜ ਜਾਂਦਾ ਹੈ। ਇਉਂ ਪੈਟਰੋਲ ਉਤੇ ਮੁਢਲੀ ਕੀਮਤ ਨਾਲੋਂ ਵੀ ਵੱਧ ਹੋਰ ਭਾਰ ਪੈ ਜਾਂਦਾ ਹੈ। ਕੇਂਦਰ ਸਰਕਾਰ ਮੰਗ ਉਠਣ ਦੇ ਬਾਵਜੂਦ ਤੇਲ ਕੀਮਤਾਂ ਨੂੰ ਜੀ.ਐਸ.ਟੀ. ਹੇਠ ਲਿਆਉਣ ਤੋਂ ਨਾਂਹ ਕਰ ਰਹੀ ਹੈ। ਜੀ.ਐਸ.ਟੀ. ਦੀ ਸਭ ਤੋਂ ਉਚੀ ਦਰ 28 ਫੀਸਦੀ ਹੈ। ਇਸ ਹਿਸਾਬ ਨਾਲ ਮੁਢਲੀ ਕੀਮਤ ਉਥੇ ਜੀ.ਐਸ.ਟੀ. ਲਾ ਕੇ ਪੈਟਰੋਲ ਦੀ ਕੁੱਲ ਕੀਮਤ 50 ਰੁਪਏ ਦੇ ਕਰੀਬ ਬਣਦੀ ਹੈ। ਇੰਨਾ ਜ਼ਿਆਦਾ ਟੈਕਸ ਤਾਰ ਰਹੇ ਖਪਤਕਾਰਾਂ ਦਾ ਇਹ ਇਤਰਾਜ਼ ਵੀ ਹੈ ਕਿ ਸਰਕਾਰ ਮੋੜਵੇਂ ਰੂਪ ਵਿਚ ਕੋਈ ਸਹੂਲਤ ਵੀ ਨਹੀਂ ਦੇ ਰਹੀ। ਆਉਣ ਵਾਲੇ ਦਿਨਾਂ ਵਿਚ ਤੇਲ ਕੀਮਤਾਂ ਵਿਚ ਇਹ ਵਾਧਾ ਵਿਰੋਧੀ ਧਿਰ ਲਈ ਬਾਲਣ ਦਾ ਕੰਮ ਕਰੇਗਾ। ਉਪਰੋਂ ਕੁਝ ਸੂਬਿਆਂ ਵਿਚ ਚੋਣਾਂ ਇਸੇ ਸਾਲ ਹੋਣੀਆਂ ਹਨ ਅਤੇ ਲੋਕ ਸਭਾ ਚੋਣਾਂ ਵੀ ਆਈਆਂ ਖੜ੍ਹੀਆਂ ਹਨ।

## ਪੀ. ਡੀ. ਪੀ. ਵੱਲੋਂ ਪੰਚਾਇਤੀ ਚੋਣਾਂ ਦੇ ਬਾਈਕਾਟ ਦਾ ਐਲਾਨ

**ਸ੍ਰੀਨਗਰ:** ਪੀਪਲਜ਼ ਡੈਮੋਕਰੈਟਿਕ ਪਾਰਟੀ ਤੇ ਜੰਮੂ-ਕਸ਼ਮੀਰ ਦੀਆਂ ਹੋਰ ਖੇਤਰੀ ਪਾਰਟੀਆਂ ਵੱਲੋਂ ਇਸ ਮਹੀਨੇ ਦੇ ਅਖੀਰ ਵਿਚ ਹੋਣ ਵਾਲੀਆਂ ਪੰਚਾਇਤੀ ਤੇ ਮਿਊਂਸਪਲ ਚੋਣਾਂ ਦੇ ਬਾਈਕਾਟ ਦਾ ਐਲਾਨ ਕੀਤਾ ਗਿਆ ਹੈ। ਨੈਸ਼ਨਲ ਕਾਨਫਰੰਸ ਵੱਲੋਂ ਕੁਝ ਦਿਨ ਪਹਿਲਾਂ ਹੀ ਚੋਣਾਂ ਤੋਂ ਦੂਰ ਰਹਿਣ ਦਾ ਐਲਾਨ ਕਰ ਦਿੱਤਾ ਗਿਆ ਸੀ। ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਤੇ ਪੀ.ਡੀ.ਪੀ. ਦੀ ਮੁਖੀ ਮਹਿਬੂਬਾ ਮੁਫਤੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਹ ਚੋਣਾਂ ਨਹੀਂ ਲੜੀਆਂ ਜਾਣਗੀਆਂ ਕਿਉਂਕਿ ਹਾਲਾਤ ਠੀਕ ਨਹੀਂ ਹਨ। ਉਨ੍ਹਾਂ ਕਿਹਾ ਕਿ ਧਾਰਾ 35ਏ ਲਈ ਉਹ ਕਿਸੇ ਵੀ ਹੱਦ ਤੱਕ ਜਾਣਗੇ। ਸੂਬੇ ਦੇ ਲੋਕਾਂ ਨੇ ਕਾਫੀ ਕੁਰਬਾਨੀਆਂ ਦਿੱਤੀਆਂ ਹਨ ਅਤੇ ਕੋਈ ਵੀ ਧਾਰਾ 35ਏ ਦੀ ਵੈਧਤਾ ਨੂੰ ਵੰਗਾਰ ਨਹੀਂ ਸਕਦਾ।

ਇਸੇ ਦੌਰਾਨ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਉਮਰ ਅਬਦੁੱਲਾ ਨੇ ਜੰਮੂ-ਕਸ਼ਮੀਰ 'ਚ ਸਰਕਾਰ ਬਣਾਉਣ ਲਈ ਭਾਜਪਾ ਨਾਲ ਗੱਠਜੋੜ ਕਰਨ ਸਬੰਧੀ ਖਬਰ ਨੂੰ ਮੁੱਢੋਂ ਰੱਦ ਕੀਤਾ। ਉਨ੍ਹਾਂ ਕਿਹਾ ਕਿ ਇਹ ਗਲਤ ਖਬਰ ਹੈ ਅਤੇ ਕੋਈ ਜਾਣ-ਬੁੱਝ ਕੇ ਉਨ੍ਹਾਂ ਦੀ ਪਾਰਟੀ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਆਰ. ਐਸ. ਐਸ. ਦੀ ਕਾਨਫਰੰਸ ਵਿਰੁਧ ਘੱਟ ਗਿਣਤੀਆਂ ਵਲੋਂ ਮੁਜਾਹਰਾ

**ਸ਼ਿਕਾਗੋ (ਬਿਊਰੋ):** ਆਰ. ਐਸ. ਐਸ. ਵਲੋਂ 7, 8 ਤੇ 9 ਸਤੰਬਰ ਨੂੰ ਇਥੋਂ ਦੀ ਸਬਰਬ ਲਾਮਬਾਰਡ 'ਚ ਇੱਕ ਕਾਨਫਰੰਸ ਕੀਤੀ ਗਈ ਜਿਸ ਵਿਚ ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਆਰ. ਐਸ. ਐਸ. ਦੇ ਮੁਖੀ ਮੋਹਨ ਭਾਗਵਤ ਅਤੇ ਹੋਰ ਨਾਮੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਕਾਨਫਰੰਸ ਵਿਚ ਯੂ. ਪੀ. ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਆਉਣ ਦਾ ਵੀ ਪ੍ਰੋਗਰਾਮ ਸੀ ਪਰ ਉਹ ਆਏ ਨਹੀਂ।

ਆਰ. ਐਸ. ਐਸ. ਦੇ ਮੈਂਬਰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਤੋਂ ਪਹੁੰਚੇ ਹੋਏ ਸਨ। ਇਸ ਹਿੰਦੂ ਸੰਸਥਾ ਦੇ ਨਾਲ ਕੰਮ ਕਰ ਰਹੀਆਂ ਇਸ ਦੀਆਂ ਹੋਰ ਸ਼ਾਖਾਵਾਂ ਦੇ ਨੁਮਾਇੰਦੇ ਪਹੁੰਚੇ। ਇੱਕ ਨਾਮਧਾਰੀ ਸੰਸਥਾ ਜਿਸ ਦੇ ਮੁਖੀ ਦਲੀਪ ਸਿੰਘ ਆਪਣੇ ਆਪ ਨੂੰ ਹਿੰਦੂਆਂ ਦੀ ਸੰਤਾਨ ਦੱਸਦੇ ਹਨ, ਵੀ ਵਿਸ਼ੇਸ਼ ਤੌਰ 'ਤੇ ਇਸ ਕਾਨਫਰੰਸ ਵਿਚ ਪਹੁੰਚੇ ਹੋਏ ਸਨ।

ਦੂਜੇ ਪਾਸੇ ਘੱਟ ਗਿਣਤੀ ਕੌਮਾਂ ਦੀਆਂ ਵੱਖ ਵੱਖ ਸਿਆਸੀ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਇਸ ਕਾਨਫਰੰਸ ਵਿਰੁਧ ਰੋਸ ਮੁਜ਼ਾਹਰਾ ਕੀਤਾ। ਮੁਜ਼ਾਹਰਾਕਾਰੀਆਂ ਨੇ ਆਰ. ਐਸ. ਐਸ. ਦੀ ਸੋਚ ਵਿਰੁਧ ਵੱਡੇ ਵੱਡੇ ਬੈਨਰ ਅਤੇ ਨਾਅਰਿਆਂ ਵਾਲੀਆਂ ਤਖਤੀਆਂ ਫੜ੍ਹੀਆਂ ਹੋਈਆਂ ਸਨ। ਵੱਖ ਵੱਖ ਨੁਮਾਇੰਦਿਆਂ ਨੇ ਆਰ. ਐਸ. ਐਸ. ਦੇ ਕਥਿਤ ਲੁਕਵੇਂ ਏਜੰਡੇ ਤਹਿਤ ਘੱਟ ਗਿਣਤੀ ਕੌਮਾਂ ਨੂੰ ਹਿੰਦੂ ਧਰਮ ਵਿਚ ਜਜ਼ਬ ਕੀਤੇ ਜਾਣ ਦੀਆਂ ਚਾਲਾਂ ਵਿਰੁਧ ਘੱਟ ਗਿਣਤੀਆਂ




ਨੂੰ ਸੁਚੇਤ ਰਹਿਣ ਲਈ ਕਿਹਾ ਤੇ ਭਾਰਤ ਵਿਚ ਰਾਜ ਕਰ ਰਹੀ ਇਸ ਦੀ ਇਕ ਹੋਰ ਸ਼ਾਖਾ ਭਾਰਤੀ ਜਨਤਾ ਪਾਰਟੀ (ਬੀ. ਜੇ. ਪੀ.) ਦਾ ਚਿਹਰਾ ਵੀ ਦੁਨੀਆਂ ਸਾਹਮਣੇ ਉਜਾਗਰ ਕੀਤਾ।

ਰੋਸ ਮੁਜ਼ਾਹਰਾ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਐਸ.ਸੀ.ਸੀ.ਈ.ਸੀ.) ਦੀ ਅਗਵਾਈ ਹੇਠ ਕਰਵਾਇਆ ਗਿਆ ਜਿਸ ਵਿਚ ਸਿੱਖਸ ਫਾਰ ਜਸਟਿਸ, ਕੌਂਸਲ ਆਫ ਖਾਲਿਸਤਾਨ, ਸ਼੍ਰੋਮਣੀ ਅਕਾਲੀ ਦਲ-ਅੰਮ੍ਰਿਤਸਰ, ਖਾਲਿਸਤਾਨ ਅਫੇਅਰਜ਼ ਸੈਂਟਰ, ਗੁਰਦੁਆਰਾ ਪੈਲਾਟਾਈਨ, ਸਿੱਖ ਯੂਥ ਆਫ ਅਮੈਰਿਕਾ, ਸ਼ਿਕਾਗੋ ਦੇਸੀ ਯੂਥ ਰਾਈਜ਼ਿੰਗ, ਸ਼ਿਕਾਗੋ ਸਾਊਥ ਅਲਾਇੰਸ ਫਾਰ ਜਸਟਿਸ, ਇੰਡੀਅਨ-ਅਮੈਰਿਕਨ ਮੁਸਲਿਮ ਕੌਂਸਲ, ਆਰਗੇਨਾਈਜੇਸ਼ਨ ਫਾਰ ਮਿਨਾਰਟੀਜ਼ ਆਫ ਇੰਡੀਆ ਓ.ਐਫ.ਐਮ.ਆਈ., ਪੇਰਿਆਰ ਅੰਬੇਡਕਰ ਸਟੱਡੀ ਸਰਕਲ-ਅਮੈਰਿਕਾ, ਸੈਨ ਹੋਜ਼ੇ ਤੇ ਸਾਧਨਾ, ਏ ਕੋਲੀਸ਼ਨ ਆਫ ਪ੍ਰੋਗਰੈਸਿਵ ਹਿੰਦੂਜ਼ ਐਂਡ ਸਿੱਖਸ ਇਨਫਰਮੇਸ਼ਨ ਸੈਂਟਰ, ਸਟਾਕਟਨ ਆਦਿ ਜਥੇਬੰਦੀਆਂ ਦੇ ਮੈਂਬਰ ਸ਼ਾਮਲ ਹੋਏ। ਮੁਜ਼ਾਹਰਾਕਾਰੀਆਂ ਨੇ ਕਿਹਾ ਕਿ ਸੀ. ਆਈ. ਏ. ਦੀ ਇਸੇ ਸਾਲ ਦੀ ਰਿਪੋਰਟ ਵਿਚ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਨੂੰ ਅਤਿਵਾਦੀ ਸੰਗਠਨ ਕਰਾਰ ਦਿੱਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਵਲੋਂ ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਜੋਗਾ ਸਿੰਘ, ਪਵਨ ਸਿੰਘ, ਲਖਵੀਰ ਸਿੰਘ ਕੰਗ, ਸੁਰਿੰਦਰ ਸਿੰਘ, ਰੇਸ਼ਮ ਸਿੰਘ ਵਰਜੀਨੀਆ, ਦਲਵੀਰ ਸਿੰਘ ਚੀਮਾ ਤੇ ਹੋਰ ਮੈਂਬਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਈਸਟ ਕੋਸਟ ਕੋਆਰਡੀਨੇਸ਼ਨ ਦੇ ਹਿੰਮਤ ਸਿੰਘ, ਹਰਜਿੰਦਰ ਸਿੰਘ, ਗੁਰਨਿੰਦਰ ਸਿੰਘ ਧਾਲੀਵਾਲ ਤੇ ਹੋਰ ਮੈਂਬਰ, ਸਿੱਖ ਯੂਥ ਆਫ ਅਮਰੀਕਾ ਦੇ ਸੰਤੋਖ ਸਿੰਘ, ਨਰਿੰਦਰ ਸਿੰਘ ਭਾਉ, ਬਲਵਿੰਦਰ ਸਿੰਘ ਚੱਠਾ ਤੇ ਸਾਥੀ, ਅਮਰੇਕਿਨ ਸਿੱਖ ਕੌਂਸਲ ਦੇ ਹਰਕੀਰਤ ਸਿੰਘ ਸੰਧੂ, ਸਿੱਖ ਸੁਸਾਇਟੀ ਆਫ ਇੰਡਿਆਨਾ ਦੇ ਜਗਦੀਸ਼ ਸਿੰਘ ਤੇ ਸਾਥੀ, ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਗਰੀਨਵੁੱਡ (ਇੰਡਿਆਨਾ) ਦੀ ਕਮੇਟੀ ਦੇ ਮੈਂਬਰ ਜਸਦੀਪ ਸਿੰਘ ਤੇ ਸਤਨਾਮ ਸਿੰਘ, ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਦੇ ਕਮੇਟੀ ਮੈਂਬਰ ਪਰਦੀਪ ਸਿੰਘ ਗਿੱਲ, ਇਰਵਿਨਪ੍ਰੀਤ ਸਿੰਘ, ਗੁਰਮੀਤ ਸਿੰਘ ਬੈਂਸ, ਜੈਰਾਮ ਸਿੰਘ ਕਾਹਲੋਂ ਤੇ ਹਰਜੀਤ ਸਿੰਘ ਗਿੱਲ ਤੇ ਹੋਰ ਸੰਗਤਾਂ ਵੱਡੀ ਗਿਣਤੀ ਵਿਚ ਪਹੁੰਚੀਆਂ। ਬਾਮਸੇਫ ਦੇ ਵਸੰਤ ਰਾਓ ਚੈਰੇਕੁੰਡਾ ਤੇ ਸਾਥੀ ਅਤੇ ਅਕਾਉਂਟੇਬਿਲਟੀ, ਕਸ਼ਮੀਰ ਦੀ ਅਜ਼ਾਦੀ ਵਾਸਤੇ ਸੰਘਰਸ਼ ਕਰ ਰਹੀਆਂ ਕਸ਼ਮੀਰੀ ਜਥੇਬੰਦੀਆਂ ਦੇ ਆਗੂ-ਰਾਜਾ ਯਕੂਬ, ਮਿਸਟਰ ਰਾਠੌਰ ਤੇ ਯਾਸਿਨ ਵੀ ਆਪਣੇ ਹੋਰ ਮੈਂਬਰ ਸਮੇਤ ਪਹੁੰਚੇ ਹੋਏ ਸਨ। ਮੁਜ਼ਾਹਰਾਕਾਰੀਆਂ ਲਈ ਲੰਗਰ ਅਤੇ ਚਾਹ ਦਾ ਪ੍ਰਬੰਧ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਪੈਲਾਟਾਈਨ ਵਲੋਂ ਕੀਤਾ ਗਿਆ ਸੀ।

# ਬੇਗੁਨਾਹ ਸਿੱਖ ਨੌਜਵਾਨਾਂ ਨੂੰ ਮਾਰਨ ਵਾਲੇ ਪੁਲਿਸ ਅਫਸਰਾਂ ਨੂੰ ਮੁਆਫੀ ਦੀ ਤਿਆਰੀ

**ਚੰਡੀਗੜ੍ਹ:** ਅਤਿਵਾਦ ਦੀ ਆੜ 'ਚ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਮਾਰਨ ਵਾਲੇ ਪੁਲਿਸ ਅਧਿਕਾਰੀਆਂ ਦੀਆਂ ਸਜ਼ਾਵਾਂ ਮੁਆਫ ਕਰਵਾਉਣ ਲਈ ਵੱਡੇ ਪੱਧਰ ਉਤੇ ਚਾਰਾਜੋਈ ਹੋ ਰਹੀ ਹੈ। ਪਤਾ ਲੱਗਾ ਹੈ ਕਿ ਕੈਪਟਨ ਸਰਕਾਰ ਵੀ ਇਨ੍ਹਾਂ ਅਫਸਰਾਂ ਦੀ ਪਿੱਠ ਉਤੇ ਹੈ ਤੇ ਭਾਰਤ ਸਰਕਾਰ 'ਤੇ ਪੂਰਾ ਦਬਾਅ ਪਾਇਆ ਜਾ ਰਿਹਾ ਹੈ। ਪਿਛਲੇ ਕੁਝ ਦਿਨਾਂ ਦੌਰਾਨ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਅਤੇ ਭਾਰਤ ਸਰਕਾਰ ਦੇ ਸਾਲਿਸਟਰ ਜਨਰਲ ਨੂੰ ਵੀ ਲਿਖਤੀ ਤੌਰ 'ਤੇ ਬਿਨੈ-ਪੱਤਰ ਦਿੱਤੇ ਗਏ।

ਵਰਨਣਯੋਗ ਹੈ ਕਿ ਮਾਰੇ ਗਏ ਇਨ੍ਹਾਂ ਬੇਗੁਨਾਹ ਨੌਜਵਾਨਾਂ ਦੇ ਰਿਸ਼ਤੇਦਾਰਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਲੰਮੀ ਕਾਨੂੰਨੀ ਚਾਰਾਜੋਈ ਤੋਂ ਬਾਅਦ 1993 ਤੋਂ 1998 ਦੌਰਾਨ ਵੱਖ-ਵੱਖ ਕੇਸਾਂ 'ਚ ਸੀ.ਬੀ.ਆਈ. ਵੱਲੋਂ ਕੋਈ 188 ਪੁਲਿਸ ਅਧਿਕਾਰੀ ਦੋਸ਼ੀ ਪਾਏ ਗਏ ਸਨ। ਇਨ੍ਹਾਂ ਪੁਲਿਸ ਅਧਿਕਾਰੀਆਂ 'ਤੇ ਦਰਜ ਕੀਤੇ ਵੱਖ-ਵੱਖ ਕੇਸਾਂ ਦੀ ਜਾਂਚ ਦੌਰਾਨ ਉਨ੍ਹਾਂ ਨੂੰ ਬੇਗੁਨਾਹ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਕਤਲ ਕਰਨ ਦਾ ਦੋਸ਼ੀ ਪਾਇਆ ਗਿਆ ਸੀ ਅਤੇ ਕਈਆਂ ਵਿਰੁੱਧ ਨਿੱਜੀ ਹਿੱਤਾਂ ਕਾਰਨ ਅਤਿਵਾਦ ਦੀ ਆੜ 'ਚ ਨਿਰਦੋਸ਼ ਲੋਕਾਂ ਨੂੰ ਕਤਲ ਕਰਨ ਸਬੰਧੀ ਕੇਸ ਦਰਜ ਕੀਤੇ ਸਨ। ਇਨ੍ਹਾਂ ਕੇਸਾਂ ਵਿਚ ਜਾਂਚ ਨੂੰ ਬੇਵਜ੍ਹਾ ਲਟਕਾਉਣ ਅਤੇ ਅਦਾਲਤੀ ਕਾਰਵਾਈਆਂ ਵਿਚ ਪੈਂਦੇ ਰਹੇ ਵਿਘਨ ਕਾਰਨ ਕੇਸਾਂ ਸਬੰਧੀ ਕਾਰਵਾਈਆਂ ਲਟਕਦੇ ਰਹਿਣ ਕਾਰਨ ਕੋਈ 43 ਕਥਿਤ ਤੌਰ 'ਤੇ ਦੋਸ਼ੀ ਪਾਏ ਪੁਲਿਸ ਅਧਿਕਾਰੀਆਂ ਦੀ ਸੇਵਾ-ਮੁਕਤੀ ਤੋਂ ਬਾਅਦ ਕੁਦਰਤੀ ਮੌਤ ਵੀ ਹੋ ਗਈ।

ਕੋਈ 70 ਹੋਰ ਪੁਲਿਸ ਅਧਿਕਾਰੀ ਕੇਸਾਂ ਦੇ ਲਟਕਣ ਕਾਰਨ ਜ਼ਮਾਨਤਾਂ ਅਤੇ ਪੈਰੋਲ ਆਦਿ ਉਤੇ ਜੇਲ੍ਹਾਂ 'ਤੋਂ ਬਾਹਰ ਹਨ, ਜਿਨ੍ਹਾਂ ਕੁਝ ਪੁਲਿਸ ਅਧਿਕਾਰੀਆਂ ਨੂੰ ਦੇਸ਼ ਦੀ ਸੁਪਰੀਮ ਕੋਰਟ ਤੋਂ ਵੀ ਅਤਿ ਘਿਨਾਉਣੇ ਜੁਰਮਾਂ ਕਾਰਨ ਰਾਹਤ ਨਹੀਂ ਮਿਲ ਸਕੀ ਅਤੇ ਜੇਲ੍ਹਾਂ ਵਿਚ ਨਜ਼ਰਬੰਦ ਹਨ, ਨੂੰ ਪੁਲਿਸ ਵਿਭਾਗ ਵੱਲੋਂ ਲਗਾਤਾਰ ਗੁਪਤ ਫੰਡ ਵਿਚੋਂ ਬਕਾਇਦਾ ਖਰਚੇ, ਤਨਖਾਹਾਂ ਅਤੇ ਕਾਨੂੰਨੀ ਚਾਰਾਜੋਈ ਲਈ ਵੀ ਖਰਚੇ ਦਿੱਤੇ ਜਾ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਅਜਿਹੇ ਖਰਚੇ ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਵੀ ਜਾਰੀ ਸਨ, ਜਦੋਂ ਕਿ ਕੋਈ 60 ਅਫਸਰਾਂ ਖਿਲਾਫ ਅਜੇ ਵੀ ਕੇਸ ਅਦਾਲਤਾਂ ਵਿਚ ਲਟਕ ਰਹੇ ਹਨ।

ਉਕਤ ਅਧਿਕਾਰੀਆਂ ਵਿਚ ਇਕ ਸਾਬਕਾ ਡੀ.ਜੀ.ਪੀ. ਤੋਂ ਇਲਾਵਾ ਇਕ ਡੀ.ਆਈ.ਜੀ., 12 ਐਸ.ਪੀ. ਪੱਧਰ ਦੇ ਅਧਿਕਾਰੀ, 16 ਡੀ.ਐਸ.ਪੀ. ਅਤੇ 59 ਇੰਸਪੈਕਟਰ ਪੱਧਰ ਦੇ ਅਧਿਕਾਰੀ ਵੀ ਸ਼ਾਮਲ ਹਨ, ਪਰ ਦਿਲਚਸਪ ਗੱਲ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ, ਜੋ ਖੁਦ ਸਾਕਾ ਨੀਲਾ ਤਾਰਾ ਤੋਂ ਬਾਅਦ ਬੇਗੁਨਾਹ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦੇ ਮੁੱਦੇ ਉਸ ਸਮੇਂ ਉਜਾਗਰ ਕਰਦੇ ਰਹੇ ਅਤੇ ਦੋਸ਼ੀ ਅਧਿਕਾਰੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਮੰਗ ਵੀ ਕਰਦੇ ਰਹੇ, ਅੱਜ ਉਨ੍ਹਾਂ ਦੀ ਆਪਣੀ ਸਰਕਾਰ ਹੀ ਅਜਿਹੇ ਅਧਿਕਾਰੀਆਂ ਦੀਆਂ ਸਜ਼ਾਵਾਂ ਮੁਆਫ ਕਰਾਉਣ ਲਈ ਤਰਲੋਮੱਛੀ ਹੋ ਰਹੀ ਹੈ।

ਕੁਝ ਮੰਤਰੀਆਂ ਨੇ ਮੰਨਿਆ ਕਿ ਸਰਕਾਰ ਵੱਲੋਂ ਅਜਿਹੀ ਚਾਰਾਜੋਈ ਸਬੰਧੀ ਉਨ੍ਹਾਂ ਨੂੰ ਪਤਾ ਤਾਂ ਜ਼ਰੂਰ ਲੱਗਾ ਹੈ ਪਰ ਇਹ ਮੁੱਦਾ ਕਦੀ ਵੀ ਮੰਤਰੀ ਮੰਡਲ ਦੀ ਬੈਠਕ ਵਿਚ ਨਹੀਂ ਵਿਚਾਰਿਆ ਗਿਆ। ਉਨ੍ਹਾਂ ਇਹ ਵੀ ਮੰਨਿਆ ਕਿ ਜਦੋਂ ਸਾਡੀ ਸਰਕਾਰ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀ ਅਧਿਕਾਰੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਯਤਨਸ਼ੀਲ ਹੈ ਤਾਂ ਅਜਿਹੇ ਜੁਰਮਾਂ ਵਿਚ ਦੋਸ਼ੀ ਦੂਜੇ ਪੁਲਿਸ ਅਧਿਕਾਰੀਆਂ ਲਈ ਮੁਆਫੀ ਦੀ ਮੰਗ ਉਨ੍ਹਾਂ ਦੀ ਵੀ ਸਮਝ ਤੋਂ ਬਾਹਰ ਹੈ।

## ਵਾਦੀ ਵਿਚ 2 ਸਾਲਾਂ ਦੌਰਾਨ 360 ਅਤਿਵਾਦੀ ਮਾਰਨ ਦਾ ਦਾਅਵਾ

**ਨਵੀਂ ਦਿੱਲੀ:** ਸੀ.ਆਰ.ਪੀ.ਐਫ. ਦੇ ਡੀ.ਜੀ. (ਡਾਇਰੈਕਟਰ ਜਨਰਲ) ਰਾਜੀਵ ਰਾਏ ਭਟਨਾਗਰ ਨੇ ਦਾਅਵਾ ਕੀਤਾ ਹੈ ਕਿ ਸੁਰੱਖਿਆ ਬਲਾਂ ਵੱਲੋਂ ਇਕ ਦੇ ਬਾਅਦ ਇਕ ਮੁਹਿੰਮ ਕਾਰਨ ਕਸ਼ਮੀਰ ਵਾਦੀ 'ਚ ਅਤਿਵਾਦੀਆਂ ਦੀ 'ਉਮਰ' ਘਟ ਗਈ ਹੈ ਤੇ ਦੋ ਸਾਲਾਂ ਵਿਚ ਹੀ 360 ਤੋਂ ਜ਼ਿਆਦਾ ਅਤਿਵਾਦੀ ਮਾਰੇ ਜਾ ਚੁੱਕੇ ਹਨ। ਇਕ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਕਿ ਵਾਦੀ 'ਚ ਅਤਿਵਾਦੀ ਸੰਗਠਨਾਂ ਨਾਲ ਜੁੜਨ ਵਾਲੇ ਸਥਾਨਕ ਨੌਜਵਾਨਾਂ ਦੀ ਗਿਣਤੀ ਦਾ ਅੰਕੜਾ ਵਧਿਆ ਹੈ ਪਰ ਸੁਰੱਖਿਆ ਬਲ ਨੌਜਵਾਨਾਂ ਨੂੰ ਹਥਿਆਰ ਚੁੱਕਣ ਤੋਂ ਰੋਕਣ ਲਈ ਹਰ ਸੰਭਵ ਤਰੀਕੇ ਨਾਲ ਉਨ੍ਹਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ।

ਭਟਨਾਗਰ ਨੇ ਕਿਹਾ ਕਿ ਸੁਰੱਖਿਆ ਚੁਣੌਤੀਆਂ ਨੂੰ ਧਿਆਨ 'ਚ ਰੱਖਦੇ ਹੋਏ ਸੀ.ਆਰ.ਪੀ.ਐਫ. ਨੇ ਵਾਦੀ 'ਚ ਆਪਣੇ ਜਵਾਨਾਂ ਦੀ ਸੁਰੱਖਿਆ ਦਾ ਪੱਧਰ ਵਧਾ ਦਿੱਤਾ ਹੈ। ਸਮੁੱਚੇ ਸਰੀਰ ਦੀ ਹਿਫਾਜ਼ਤ ਲਈ ਬਚਾਅ ਦੇ ਸਾਧਨ, ਬੁਲਟ ਪਰੂਫ ਵਾਹਨ, ਵਿਸ਼ੇਸ਼ ਬਖਤਰਬੰਦ ਵਾਹਨਾਂ ਜ਼ਰੀਏ ਜਵਾਨ ਕੰਮ ਕਰ ਰਹੇ ਹਨ। ਭਾਵੇਂ ਸਥਾਨਕ ਨੌਜਵਾਨ ਅਤਿਵਾਦੀ ਸੰਗਠਨਾਂ ਨਾਲ ਜੁੜ ਰਹੇ ਹਨ, ਪਰ ਜੇ ਵੇਖਿਆ ਜਾਏ ਕਿ ਕਿਹੜਾ ਅਤਿਵਾਦੀ ਸੰਗਠਨ ਜਿਊਂਦਾ ਬਚ ਰਿਹਾ ਹੈ ਤਾਂ ਸੰਕੇਤ ਸਾਫ ਹੈ ਕਿ ਇਸ ਦਾ (ਅਤਿਵਾਦੀਆਂ ਦੀ ਭਰਤੀ) ਕੋਈ ਅਸਰ ਨਹੀਂ ਅਤੇ ਅਤਿਵਾਦ ਨਾਲ ਜੁੜ ਰਹੇ ਨੌਜਵਾਨਾਂ ਨੂੰ ਸਮਝਣਾ ਹੋਵੇਗਾ ਕਿ ਇਸ ਦਾ ਕੋਈ ਨਤੀਜਾ ਨਹੀਂ ਮਿਲੇਗਾ। ਉਨ੍ਹਾਂ ਕਿਹਾ ਕਿ ਅਤਿਵਾਦ ਨਾਲ ਜੁੜੇ ਕਈ ਨੌਜਵਾਨਾਂ ਨੇ ਆਤਮ-ਸਮਰਪਣ ਵੀ ਕੀਤਾ ਹੈ। ਵਾਦੀ 'ਚ 60 ਤੋਂ ਜ਼ਿਆਦਾ ਬਟਾਲੀਅਨਾਂ ਤਾਇਨਾਤ ਹਨ। ਇਸ ਸਾਲ 142 ਤੇ ਪਿਛਲੇ ਸਾਲ 220 ਤੋਂ ਜ਼ਿਆਦਾ ਅਤਿਵਾਦੀ ਹਲਾਕ ਕੀਤੇ ਗਏ।

# ਸਿੱਧੂ ਨੇ ਵੀਡੀਓ ਜਾਰੀ ਕਰਕੇ ਫਰੋਲੇ ਦੱਬੇ ਵਰਕੇ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੋਟਕਪੂਰਾ ਘਟਨਾਵਾਂ ਦੀਆਂ ਵੀਡੀਓ (ਸੀ.ਸੀ.ਟੀ.ਵੀ. ਫੁਟੇਜ਼) ਜਾਰੀ ਕਰ ਕੇ ਬੇਅਦਬੀ ਕਾਂਡ ਨਾਲ ਜੁੜੇ ਕਈ ਅਣਫੋਲੇ ਵਰਕੇ ਫਰੋਲੇ ਹਨ। ਇਨ੍ਹਾਂ ਵੀਡੀਓਜ਼ ਤੋਂ ਸਪਸ਼ਟ ਹੁੰਦਾ ਹੈ ਕਿ ਸ਼ਾਂਤਮਈ ਧਰਨੇ 'ਤੇ ਬੈਠੇ ਲੋਕਾਂ ਨੂੰ ਪੁਲਿਸ ਨੇ ਉਕਸਾਇਆ ਤੇ ਉਸ ਮਗਰੋਂ ਉਪਰੋਥੱਲੀ ਹਿੰਸਕ ਘਟਨਾਵਾਂ ਵਾਪਰੀਆਂ। ਸ੍ਰੀ ਸਿੱਧੂ ਨੇ ਇਨ੍ਹਾਂ ਵੀਡੀਓਜ਼ ਰਾਹੀਂ ਹੋਏ ਖੁਲਾਸਿਆਂ ਬਾਰੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਗਠਿਤ ਜਸਟਿਸ (ਸੇਵਾ ਮੁਕਤ) ਜ਼ੋਰਾ ਸਿੰਘ 'ਤੇ ਆਧਾਰਿਤ ਕਮਿਸ਼ਨ ਨੂੰ ਪੁਲਿਸ ਨੇ ਕੋਟਕਪੂਰਾ ਦੇ ਚੌਕ ਵਿਚ ਲੱਗੇ ਚਾਰ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਕੈਮਰੇ ਨਸ਼ਟ ਹੋਣ ਦੀ ਗੱਲ ਕਹੀ ਸੀ।

ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ 'ਤੇ ਅਧਾਰਿਤ ਕਮਿਸ਼ਨ ਨੇ ਹੁਣ ਇਹ ਵੀਡੀਓਜ਼ ਹਾਸਲ ਕਰਕੇ ਘਟਨਾਵਾਂ ਸਬੰਧੀ ਪੁਖਤਾ ਸਬੂਤ ਲੋਕਾਂ ਸਾਹਮਣੇ ਲਿਆਂਦੇ ਹਨ। ਉਨ੍ਹਾਂ ਕਿਹਾ ਕਿ ਵੀਡੀਓ ਵਿਚਲੇ ਤੱਥਾਂ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਤਤਕਾਲੀ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੂੰ ਦਿੱਤੇ 'ਹੁਕਮਾਂ' ਤੋਂ ਬਾਅਦ ਸਥਿਤੀ ਬਿਲਕੁਲ ਸਾਫ ਹੋ ਗਈ ਹੈ ਕਿ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡਾਂ ਨੂੰ ਬਾਦਲ ਸਰਕਾਰ ਨੇ ਗਿਣੀ ਮਿਥੀ ਸਾਜ਼ਿਸ਼ ਅਤੇ ਰਾਜਸੀ ਚਾਲ ਤਹਿਤ ਅੰਜਾਮ ਦਿੱਤਾ। ਸ੍ਰੀ ਸਿੱਧੂ ਨੇ ਕਿਹਾ ਕਿ ਇਨ੍ਹਾਂ ਸਬੂਤਾਂ ਦੇ ਆਧਾਰ 'ਤੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਖਿਲਾਫ਼ ਤੁਰਤ ਫੌਜਦਾਰੀ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਦੱਸਿਆ ਕਿ ਕੋਟਕਪੂਰਾ ਦੇ ਸਿਵਲ ਹਸਪਤਾਲ



ਵਿਚ ਸਾਲ 2015 ਦੌਰਾਨ ਘਟਨਾਵਾਂ ਵਾਪਰਨ ਦੇ ਦਿਨਾਂ ਦੌਰਾਨ ਤਾਇਨਾਤ ਡਾਕਟਰ ਨੂੰ ਤਿੰਨ ਵਜੇ ਡਾਕਟਰਾਂ ਦੀ ਟੀਮ ਸਮੇਤ ਚੌਕਸ ਰਹਿਣ ਦੀਆਂ ਹਦਾਇਤਾਂ ਮੁੱਖ ਮੰਤਰੀ ਵੱਲੋਂ ਡੀ.ਜੀ.ਪੀ. ਨਾਲ ਗੱਲਬਾਤ ਕਰਨ ਤੋਂ ਬਾਅਦ ਦਿੱਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਵੱਲੋਂ ਸ੍ਰੀ ਸੈਣੀ ਨਾਲ ਗੱਲਬਾਤ ਕਰਨ ਤੋਂ ਬਾਅਦ ਹੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਡੀ.ਜੀ.ਪੀ. ਨੇ ਇਸ਼ਾਰਾ ਕਰ ਦਿੱਤਾ ਸੀ ਕਿ ਸ਼ਹਿਰ (ਕੋਟਕਪੂਰਾ) ਨੂੰ 15 ਮਿੰਟਾਂ ਵਿਚ ਖਾਲੀ ਕਰਵਾ ਕੇ ਕੁੰਜੀਆਂ ਹੱਥ ਫੜਾ ਦਿਆਂਗੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੀਆਂ ਸਪੱਸ਼ਟ ਹਦਾਇਤਾਂ ਹਨ ਕਿ ਜਿਤਨਾ ਅਪਰਾਧ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੋਵੇ, ਪੁਲਿਸ ਅਜਿਹੇ ਅਪਰਾਧ ਵਿਚ ਸ਼ਾਮਲ ਵਿਅਕਤੀਆਂ ਖਿਲਾਫ਼ ਕਾਰਵਾਈ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਬਾਦਲਾਂ ਦੇ ਰਾਜ ਵਿਚ ਦੋਸ਼ੀ ਪੁਲਿਸ ਅਫਸਰਾਂ ਖਿਲਾਫ਼ ਕਾਰਵਾਈ ਕਰਨ ਦੀ ਥਾਂ ਸਬੂਤ ਮਿਟਾਉਣ ਦੇ ਯਤਨ ਕੀਤੇ ਗਏ।

ਸ੍ਰੀ ਸਿੱਧੂ ਨੇ ਕਿਹਾ ਕਿ ਸੀ.ਸੀ.ਟੀ.ਵੀ. ਕੈਮਰਿਆਂ ਦੀਆਂ ਵੀਡੀਓਜ਼ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਸ਼ਾਂਤਮਈ ਅਤੇ ਪਾਠ ਕਰ ਰਹੇ ਸਿੱਖਾਂ ਨਾਲ ਪਹਿਲਾਂ ਪੁਲਿਸ ਨੇ ਧੱਕੇਸ਼ਾਹੀ ਕੀਤੀ ਅਤੇ ਮਗਰੋਂ ਪੰਥਕ ਆਗੂਆਂ ਨੂੰ ਜਬਰੀ ਚੁੱਕਣਾ ਸ਼ੁਰੂ ਕਰ ਦਿੱਤਾ। ਪੁਲਿਸ ਦੀ ਇਸ ਕਾਰਵਾਈ ਤੋਂ ਬਾਅਦ ਲੋਕ ਭੜਕ ਗਏ ਤੇ ਹਿੰਸਾ ਹੋਈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬੇਅਦਬੀ ਦੇ ਕੁੱਝ ਮਾਮਲਿਆਂ ਵਿਚ ਆਈ.ਐਸ.ਆਈ. ਦੀ ਸ਼ਮੂਲੀਅਤ ਹੋਣ ਦੇ ਬਿਆਨ ਬਾਰੇ ਬੋਲਦਿਆਂ ਸ੍ਰੀ ਸਿੱਧੂ ਨੇ ਕਿਹਾ ਕਿ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਪੜਤਾਲੀਆ ਰਿਪੋਰਟ ਵਿਚ ਆਈ.ਐਸ.ਆਈ. ਦੀ ਸ਼ਮੂਲੀਅਤ ਦਾ ਕੋਈ ਜ਼ਿਕਰ ਨਹੀਂ ਆਉਂਦਾ, ਪਰ ਮੁੱਖ ਮੰਤਰੀ ਕੋਲ ਸੂਚਨਾ ਦੇ ਕਈ ਸਰੋਤ ਹੁੰਦੇ ਹਨ, ਕੀ ਪਤਾ ਕਿਹੜੇ ਸੂਤਰ ਨੇ ਇਹ ਜਾਣਕਾਰੀ ਦਿੱਤੀ ਹੋਵੇ, ਲਿਹਾਜ਼ਾ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਜਾ ਸਕਦੀ।

# ਫੂਲਕਾ ਨੇ ਪੰਜਾਬ ਦੇ ਮੰਤਰੀਆਂ ਨੂੰ ਬਹਿਸ ਲਈ ਵੰਗਾਰਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਦਾਖਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਐਚ.ਐਸ. ਫੂਲਕਾ ਨੇ ਪੰਜਾਬ ਦੇ ਪੰਜ ਮੰਤਰੀਆਂ ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਚਰਨਜੀਤ ਸਿੰਘ ਚੰਨੀ 'ਤੇ ਗੁੰਮਰਾਹ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਅਤੇ ਪੁਲਿਸ ਗੋਲੀਕਾਂਡਾਂ ਦੇ ਮੁੱਦੇ 'ਤੇ ਇਨ੍ਹਾਂ ਮੰਤਰੀਆਂ ਵੱਲੋਂ ਗਲਤ ਬਿਆਨੀ ਕੀਤੀ ਗਈ ਹੈ ਤੇ ਉਹ ਮੰਤਰੀਆਂ ਨੂੰ ਕਿਸੇ ਵੀ ਮੰਚ ਉਤੇ ਬਹਿਸ ਕਰਨ ਦੀ ਚੁਣੌਤੀ ਦਿੰਦੇ ਹਨ।

ਉਨ੍ਹਾਂ ਆਪਣੇ ਅਸਤੀਫੇ ਦੇ ਐਲਾਨ ਨੂੰ ਦੁਹਰਾਉਂਦਿਆਂ ਕਿਹਾ ਕਿ 16 ਸਤੰਬਰ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਜਾ ਕੇ ਅਸਤੀਫਾ ਦੇਣਗੇ ਤੇ 17 ਸਤੰਬਰ ਨੂੰ ਅਸਤੀਫਾ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਸੌਂਪ ਦਿੱਤਾ ਜਾਵੇਗਾ। ਸ੍ਰੀ ਫੂਲਕਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਸਤੀਫਾ ਦੇਣ ਦਾ ਫੈਸਲਾ ਉਨ੍ਹਾਂ ਦਾ ਨਿੱਜੀ ਹੈ, ਇਸ ਵਿਚ ਪਾਰਟੀ ਦੀ ਕੋਈ ਭੂਮਿਕਾ ਨਹੀਂ। ਬੇਅਦਬੀ ਅਤੇ ਗੋਲੀਕਾਂਡਾਂ ਦੇ ਮਾਮਲੇ 'ਤੇ ਮੰਤਰੀਆਂ ਉਤੇ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਮੰਤਰੀ ਬਿਆਨ ਦਾਗ ਰਹੇ ਹਨ ਕਿ ਕਾਨੂੰਨੀ ਤੌਰ 'ਤੇ ਸੀ.ਬੀ.ਆਈ. ਤੋਂ ਕੇਸ ਵਾਪਸ ਲੈਣ ਵਿਚ ਦੇਰੀ ਲੱਗੇਗੀ ਜਦੋਂ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਿਆਨ ਦੇ ਰਹੇ ਹਨ ਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡਾਂ ਦੀ ਜਾਂਚ ਹਾਲ ਦੀ ਘੜੀ ਸੀ.ਬੀ.ਆਈ. ਨੂੰ ਤਬਦੀਲ ਨਹੀਂ ਕੀਤੀ ਗਈ।

ਸ੍ਰੀ ਫੂਲਕਾ ਨੇ ਕਿਹਾ ਕਿ ਕੋਟਕਪੂਰਾ ਮਾਮਲੇ ਵਿਚ ਹੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ। ਐਚ.ਐਸ. ਫੂਲਕਾ ਨੇ ਦੋਸ਼ ਲਾਇਆ ਕਿ ਕੈਪਟਨ ਸਰਕਾਰ ਬੇਅਦਬੀ ਅਤੇ ਗੋਲੀ ਕਾਂਡਾਂ ਦੇ ਮਾਮਲੇ 'ਤੇ ਸਿਆਸੀ ਰੋਟੀਆਂ ਸੇਕ ਰਹੀ ਹੈ। ਸ੍ਰੀ ਫੂਲਕਾ ਨੇ ਕਿਹਾ ਕਿ ਮੰਤਰੀਆਂ ਵੱਲੋਂ ਚੁੱਪ ਧਾਰ ਕਰ ਲੈਣ ਤੋਂ ਸਾਬਤ ਹੁੰਦਾ ਹੈ ਕਿ ਇਹ ਸਿਰਫ ਗਰਜਣਾ ਹੀ ਜਾਣਦੇ ਹਨ ਤੇ ਕਾਰਵਾਈ ਦਾ ਦਮ ਨਹੀਂ ਹੈ।

# ਧਾਰਮਿਕ ਭਾਵਨਾਵਾਂ ਭੜਕਾਉਣ ਸਬੰਧੀ ਜਥੇਦਾਰ ਸੁਖਦੇਵ ਸਿੰਘ ਭੌਰ ਗ੍ਰਿਫਤਾਰ

**ਬੰਗਾ:** ਧਾਰਮਿਕ ਭਾਵਨਾਵਾਂ ਭੜਕਾਉਣ ਦੇ ਮਾਮਲੇ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ 'ਤੇ ਪਰਚਾ ਦਰਜ ਕੀਤਾ ਹੈ। ਦਲਿਤ ਭਾਈਚਾਰੇ ਨੇ ਪਹਿਲਾਂ ਜਥੇਦਾਰ ਭੌਰ ਦੇ ਘਰ ਅੱਗੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ। ਬੁਲਾਰਿਆਂ ਨੇ ਜਥੇਦਾਰ ਭੌਰ ਵੱਲੋਂ ਮਰਹੂਮ ਸੰਤ ਰਾਮਾਨੰਦ ਡੇਰਾ ਬੱਲਾਂ ਖਿਲਾਫ਼ ਵਰਤੀ ਇਤਰਾਜ਼ਯੋਗ ਭਾਸ਼ਾ ਦੀ ਸਖਤ ਨਿਖੇਧੀ ਕੀਤੀ। ਉਹ ਮੰਗ ਕਰ ਰਹੇ ਸਨ ਕਿ ਉਕਤ ਵਿਅਕਤੀ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।



ਪੁਲਿਸ ਵੱਲੋਂ ਮਾਹੌਲ ਵਿਗੜਦਿਆਂ ਦੇਖ ਕੇ ਜਥੇਦਾਰ ਭੌਰ ਖਿਲਾਫ਼ ਧਾਰਮਿਕ ਭਾਵਨਾਵਾਂ ਭੜਕਾਉਣ ਸਬੰਧੀ ਵੱਖ ਵੱਖ ਧਾਰਾਵਾਂ ਤਹਿਤ ਸਥਾਨਕ ਸਿਟੀ ਥਾਣੇ ਵਿਚ ਪਰਚਾ ਦਰਜ ਕਰ ਲਿਆ ਗਿਆ ਹੈ। ਇਸ ਤੋਂ ਪਹਿਲਾਂ ਜਥੇਦਾਰ ਭੌਰ ਦੇ ਘਰ ਅੱਗੇ ਪੁਲਿਸ ਤਾਇਨਾਤ ਕੀਤੀ ਗਈ ਅਤੇ ਸ਼ਹਿਰ ਨੂੰ ਆਉਂਦੇ ਸਾਰੇ ਸੰਪਰਕ ਰਸਤਿਆਂ 'ਤੇ ਨਾਕਾਬੰਦੀ ਕੀਤੀ ਗਈ। ਦੱਸਣਯੋਗ ਹੈ ਕਿ ਜਥੇਦਾਰ ਭੌਰ ਵਲੋਂ ਆਪਣੇ ਭਾਸ਼ਣ 'ਚ ਉਕਤ ਭਾਸ਼ਾ ਵਰਤੀ ਗਈ, ਜਿਸ ਦੀ ਵੀਡੀਓ ਰਿਕਾਰਡਿੰਗ ਸੋਸ਼ਲ ਮੀਡੀਆ ਉਤੇ ਪਾਏ ਜਾਣ ਕਰਕੇ ਦਲਿਤ ਭਾਈਚਾਰੇ ਵਿਚ ਰੋਸ ਸੀ।

# ਪੰਜਾਬ ਤੇ ਜੰਮੂ ਕਸ਼ਮੀਰ ਵਿਚਾਲੇ ਸ਼ਾਹਪੁਰ ਕੰਢੀ ਸਮਝੌਤਾ ਸਹੀਬੰਦ

**ਚੰਡੀਗੜ੍ਹ:** ਪੰਜਾਬ ਤੇ ਜੰਮੂ ਕਸ਼ਮੀਰ ਨੇ 2793 ਕਰੋੜ ਰੁਪਏ ਦੀ ਲਾਗਤ ਵਾਲੇ ਸ਼ਾਹਪੁਰ ਕੰਢੀ ਪ੍ਰੋਜੈਕਟ ਸ਼ੁਰੂ ਕਰਨ ਵਾਸਤੇ ਇਕ ਇਤਿਹਾਸਕ ਸਮਝੌਤੇ ਉਤੇ ਹਸਤਾਖਰ ਕੀਤੇ ਹਨ। ਸ਼ਾਹਪੁਰ ਕੰਢੀ ਡੈਮ ਗੁਰਦਾਸਪੁਰ ਜ਼ਿਲ੍ਹੇ ਵਿਚ ਪੈਂਦਾ ਹੈ।

ਕੇਂਦਰ ਤੋਂ ਹੱਲਾਸ਼ੇਰੀ ਮਿਲਣ ਮਗਰੋਂ ਦੋਵੇਂ ਸੂਬਿਆਂ ਦੀਆਂ ਸਰਕਾਰਾਂ ਇਹ ਪ੍ਰੋਜੈਕਟ ਤਿੰਨ ਸਾਲਾਂ ਵਿਚ ਮੁਕੰਮਲ ਕਰਨ ਲਈ ਸਹਿਮਤ ਹੋ ਗਈਆਂ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਿਛਲੇ ਕਈ ਮਹੀਨਿਆਂ ਤੋਂ ਕੇਂਦਰ ਸਰਕਾਰ ਕੋਲ ਇਹ ਮੁੱਦਾ ਜ਼ੋਰ-ਸ਼ੋਰ ਨਾਲ ਉਠਾ ਰਹੇ ਸਨ। ਹਾਲ ਹੀ ਵਿਚ ਕੈਪਟਨ ਨੇ ਕੇਂਦਰੀ ਜਲ ਸਰੋਤ, ਨਦੀ ਵਿਕਾਸ ਅਤੇ ਗੰਗਾ ਪੁਨਰ ਸੁਰਜੀਤੀ ਮੰਤਰੀ ਨਿਤਿਨ ਗਡਕਰੀ ਨਾਲ ਮੀਟਿੰਗ ਦੌਰਾਨ ਇਸ ਪ੍ਰੋਜੈਕਟ ਨਾਲ ਸਬੰਧਤ ਮੁੱਦਿਆਂ ਨੂੰ ਉਠਾਇਆ ਸੀ। ਪੰਜਾਬ ਦਾ ਇਕ ਉਚ ਪੱਧਰੀ ਵਫਦ ਜਿਸ ਵਿਚ ਜਲ ਸਰੋਤ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਪ੍ਰਮੁੱਖ ਸਕੱਤਰ ਜਲ ਸਰੋਤ ਜਸਪਾਲ ਸਿੰਘ ਨੇ ਜੰਮੂ ਕਸ਼ਮੀਰ ਸਰਕਾਰ ਦੇ ਉਚ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਤੇ ਇਸ ਮਹੱਤਵਪੂਰਨ ਸਮਝੌਤੇ ਨੂੰ ਸਹੀਬੰਦ ਕੀਤਾ।

ਪੰਜਾਬ ਸਰਕਾਰ ਨੇ ਇਸ ਪ੍ਰੋਜੈਕਟ ਦੀ ਸੋਧੀ ਅਨੁਮਾਨਿਤ ਲਾਗਤ 2793.54 ਕਰੋੜ ਰੁਪਏ ਪੇਸ਼ ਕੀਤੀ ਅਤੇ ਇਹ ਪ੍ਰੋਜੈਕਟ ਪੀ.ਐਮ.ਕੇ.ਐਸ ਵਾਈ/ ਏ.ਆਈ.ਬੀ.ਪੀ ਪ੍ਰੋਜੈਕਟਾਂ ਦੀ ਪ੍ਰਾਥਮਿਕ



ਸੂਚੀ ਵਿਚ ਸ਼ਾਮਲ ਕਰਨ ਦੀ ਭਾਰਤ ਸਰਕਾਰ ਨੂੰ ਬੇਨਤੀ ਕੀਤੀ।

ਇਸ ਸਮਝੌਤੇ 'ਤੇ ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਅਤੇ ਜੰਮੂ ਕਸ਼ਮੀਰ ਦੇ ਮੁੱਖ ਸਕੱਤਰ ਬੀ.ਵੀ. ਆਰ ਸੁਬਰਾਮਣੀਅਮ ਨੇ ਰਾਜਪਾਲ ਸਤਿਆ ਪਾਲ ਮਲਿਕ ਦੀ ਹਾਜ਼ਰੀ ਵਿਚ ਰਾਜ ਭਵਨ ਵਿਚ ਹਸਤਾਖਰ ਕੀਤੇ। ਸ਼ਾਹਪੁਰ ਕੰਢੀ ਡੈਮ ਇਕ ਅੰਤਰਰਾਜੀ ਪ੍ਰੋਜੈਕਟ ਹੈ ਜਿਸ ਦੀ ਸ਼ੁਰੂਆਤ 1999 ਵਿਚ ਹੋਈ ਸੀ। ਫਰਵਰੀ 2008 ਵਿਚ ਕੇਂਦਰ ਸਰਕਾਰ ਨੇ ਇਸ ਨੂੰ ਇਕ ਰਾਸ਼ਟਰੀ ਪ੍ਰੋਜੈਕਟ ਵਜੋਂ ਪ੍ਰਵਾਨਗੀ ਦਿੱਤੀ ਸੀ। ਉਦੋਂ ਇਸ ਦੀ ਲਾਗਤ 2284.81 ਕਰੋੜ ਰੁਪਏ ਸੀ ਜਿਸ ਵਿਚ 653.97 ਕਰੋੜ ਰੁਪਏ ਸਿੰਜਾਈ ਕਾਰਜਾਂ ਵਾਸਤੇ ਸਨ। ਭਾਵੇਂ ਇਸ ਪ੍ਰੋਜੈਕਟ ਦਾ ਕੰਮ 2013 ਵਿਚ ਸ਼ੁਰੂ ਹੋ ਗਿਆ ਸੀ ਪਰ ਜੰਮੂ ਕਸ਼ਮੀਰ ਸਰਕਾਰ ਵੱਲੋਂ ਕੁਝ ਨੁਕਤੇ ਉਠਾਉਣ ਕਾਰਨ ਇਹ ਕੰਮ 2014 ਵਿਚ ਰੁਕ ਗਿਆ ਸੀ।

ਇਹ ਪ੍ਰੋਜੈਕਟ ਲਾਗੂ ਹੋਣ ਦੇ ਨਾਲ ਰਣਜੀਤ ਸਾਗਰ ਡੈਮ ਪ੍ਰੋਜੈਕਟ ਪਾਵਰ ਸਟੇਸ਼ਨ 'ਪੀਕਿੰਗ ਪ੍ਰੋਜੈਕਟ' ਵਜੋਂ ਕਾਰਜ ਕਰਨ ਲੱਗ ਪਵੇਗਾ। ਇਸ ਤੋਂ ਇਲਾਵਾ ਇਸ ਦੀ ਬਿਜਲੀ ਪੈਦਾ ਕਰਨ ਦੀ ਸਮਰੱਥਾ 206 ਮੈਗਾਵਾਟ ਹੋਵੇਗੀ ਅਤੇ ਇਸ ਨਾਲ ਪੰਜਾਬ ਤੇ ਜੰਮੂ ਕਸ਼ਮੀਰ ਵਿਚ 37173 ਹੈਕਟੇਅਰ ਰਕਬੇ ਦੀ ਸਿੰਜਾਈ ਹੋ ਸਕੇਗੀ। ਇਸ ਦੇ ਨਾਲ ਦੇਸ਼ ਸਿੰਧ ਜਲ ਸਮਝੌਤੇ ਦੇ ਅਨੁਸਾਰ ਰਾਵੀ ਦਰਿਆ ਦੇ ਪੂਰੇ ਪਾਣੀ ਦੀ ਵਰਤੋਂ ਕਰਨ ਦੇ ਸਮਰੱਥ ਹੋ ਜਾਵੇਗਾ। ਇਸ ਦੇ ਨਾਲ ਸਿਰਫ ਪੰਜਾਬ ਦੇਸ਼ ਨੂੰ ਬਿਜਲੀ ਤੇ ਸਿੰਜਾਈ ਦੇ ਰੂਪ ਵਿਚ ਸਾਲਾਨਾ 850 ਕਰੋੜ ਰੁਪਏ ਦਾ ਫਾਇਦਾ ਹੀ ਨਹੀਂ ਹੋਵੇਗਾ ਸਗੋਂ ਪਾਕਿਸਤਾਨ ਨੂੰ ਜਾ ਰਿਹਾ ਰਾਵੀ ਦਰਿਆ ਦਾ ਪਾਣੀ ਵੀ ਰੋਕਿਆ ਜਾ ਸਕੇਗਾ।

# ਸਰਕਾਰੀ ਧਰਵਾਸ ਵੀ ਨਾ ਰੋਕ ਸਕਿਆ ਕਿਸਾਨ ਖੁਦਕੁਸ਼ੀਆਂ ਦਾ ਰਾਹ

**ਚੰਡੀਗੜ੍ਹ:** ਪੰਜਾਬ ਵਿਚ ਕਰਜ਼ੇ ਦੇ ਬੋਝ ਕਾਰਨ ਕਿਸਾਨ ਅਤੇ ਮਜ਼ਦੂਰ ਖੁਦਕੁਸ਼ੀਆਂ ਦਾ ਰੁਝਾਨ ਰੁਕਣ ਦਾ ਨਾਮ ਨਹੀਂ ਲੈ ਰਿਹਾ। ਕੇਂਦਰ ਸਰਕਾਰ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਸੂਬਾ ਸਰਕਾਰ ਦੇ ਕਿਸਾਨਾਂ ਦੀ ਕਰਜ਼ਾ ਮੁਆਫੀ ਦੇ ਦਾਅਵਿਆਂ ਦੇ ਬਾਵਜੂਦ ਕਿਸਾਨਾਂ ਅੰਦਰ ਨਾਉਮੀਦੀ ਦਾ ਆਲਮ ਹੈ। ਪੇਂਡੂ ਅਰਥ ਵਿਵਸਥਾ, ਸਿੱਖਿਆ, ਸਿਹਤ ਅਤੇ ਜੀਵਨ ਦੇ ਹਰ ਸ਼ੋਅਬੇ ਵਿਚ ਆਈ ਗਿਰਾਵਟ ਦੀ ਦਰੁਸਤੀ ਦਾ ਕੋਈ ਪ੍ਰੋਗਰਾਮ ਦੇਣ ਦੀ ਥਾਂ ਮਾਮੂਲੀ ਛੋਟਾਂ ਦੇ ਐਲਾਨ ਇਸ ਵੱਡੇ ਵਰਗ ਲਈ ਧਰਵਾਸ ਨਹੀਂ ਬਣ ਰਹੇ।

ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਵੱਲੋਂ 2000 ਤੋਂ 2015-16 ਤੱਕ ਦੇ ਕੀਤੇ ਗਏ ਸਰਵੇਖਣ ਮੁਤਾਬਕ ਸੂਬੇ ਵਿਚ 16606 ਕਿਸਾਨ ਅਤੇ ਮਜ਼ਦੂਰ ਖੁਦਕੁਸ਼ੀ ਕਰ ਚੁੱਕੇ ਹਨ। ਇਸ ਤੋਂ ਬਾਅਦ ਦੇ ਸਾਲਾਂ ਦੌਰਾਨ ਖੁਦਕੁਸ਼ੀਆਂ ਦੀ ਤਾਦਾਦ ਵਿਚ ਤੇਜ਼ੀ ਆਈ ਹੈ। ਬੈਂਕਾਂ ਦੇ ਅਨੁਮਾਨ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ 73 ਹਜ਼ਾਰ ਕਰੋੜ ਰੁਪਏ ਦਾ ਸੰਸਥਾਗਤ ਕਰਜ਼ਾ ਹੈ। ਇਸ ਦਾ 20 ਤੋਂ 25 ਫੀਸਦੀ ਤੱਕ ਸ਼ਾਹੂਕਾਰਾ ਕਰਜ਼ਾ ਹੋਣ ਦਾ ਅਨੁਮਾਨ ਲਗਾਇਆ ਜਾਂਦਾ ਹੈ। ਕੈਪਟਨ ਅਮਰਿੰਦਰ ਸਿੰਘ ਦਾ ਚੋਣਾਂ ਤੋਂ ਪਹਿਲਾਂ ਕੀਤਾ ਤੁਰਤ ਰਾਹਤ ਦੇਣ ਵਾਲਾ ਵਾਅਦਾ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਸੀ। ਡਾ. ਟੀ.ਹੱਕ ਦੀ ਅਗਵਾਈ ਵਿਚ ਬਣਾਈ ਕਮੇਟੀ ਵੱਲੋਂ ਦਿੱਤੀ ਰਿਪੋਰਟ ਵਿਚ ਵੀ ਛੋਟੇ ਅਤੇ ਸੀਮਾਂਤ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ ਕਰਨ ਦੀ ਸਿਫਾਰਸ਼ ਕੀਤੀ ਗਈ। ਇਸ ਤੋਂ ਇਲਾਵਾ ਸਾਰੇ ਕਿਸਾਨਾਂ ਦੇ ਕਰਜ਼ੇ ਦਾ ਇਕ ਸਾਲ ਦਾ ਵਿਆਜ ਮੁਆਫ ਕਰਨ ਦੀ ਸਿਫਾਰਿਸ਼ ਸੀ। ਕੈਪਟਨ ਅਮਰਿੰਦਰ ਸਿੰਘ ਨੇ 19 ਜੂਨ 2017 ਨੂੰ ਵਿਧਾਨ ਸਭਾ ਵਿਚ ਐਲਾਨ ਕੀਤਾ ਕਿ ਦੋ ਲੱਖ ਤੱਕ ਦਾ ਕਰਜ਼ਾ ਅਤੇ ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕੀਤਾ ਜਾਵੇਗਾ।

ਕਿਸਾਨਾਂ ਦੇ ਕਰਜ਼ੇ ਦੀ ਮੁਆਫੀ ਦੀ ਰਫਤਾਰ ਸਹਿਕਾਰੀ ਸਭਾਵਾਂ ਤੋਂ ਅੱਗੇ ਤੁਰ ਹੀ ਨਹੀਂ ਰਹੀ। ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਸਮੁੱਚੇ ਕਰਜ਼ੇ ਦੀ ਮੁਆਫੀ ਦੀ ਫਾਈਲ ਕਿਸੇ ਠੰਢੇ ਬਸਤੇ ਵਿਚ ਬੰਦ ਹੋ ਗਈ ਲੱਗਦੀ ਹੈ। ਪੰਜਾਬ ਸਰਕਾਰ ਨੇ 2015 ਵਿਚ ਖੁਦਕੁਸ਼ੀ ਪੀੜਤ ਕਿਸਾਨਾਂ ਤੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਲਈ ਨੀਤੀ ਬਣਾਈ ਸੀ, ਜਿਸ ਤਹਿਤ ਸ਼ੁਰੂ ਵਿਚ ਦੋ ਅਤੇ ਮਗਰੋਂ ਤਿੰਨ ਲੱਖ ਰੁਪਏ ਦੀ ਤੁਰਤ ਰਾਹਤ ਦੇਣ ਦਾ ਫੈਸਲਾ ਕੀਤਾ ਗਿਆ। ਇਹ ਰਾਸ਼ੀ ਡਿਪਟੀ ਕਮਿਸ਼ਨਰ, ਜ਼ਿਲ੍ਹਾ ਖੇਤੀਬਾੜੀ ਅਫਸਰ, ਐਸ.ਐਸ.ਪੀ., ਸਿਵਲ ਸਰਜਨ ਅਤੇ ਸਬੰਧਤ ਪਿੰਡ ਦੇ ਸਰਪੰਚ ਉਤੇ ਅਧਾਰਿਤ ਕਮੇਟੀ ਵੱਲੋਂ ਕੇਸ ਦੀ ਪੜਤਾਲ ਕਰਕੇ ਦਿੱਤੀ ਜਾਂਦੀ ਹੈ। ਸੂਤਰਾਂ ਅਨੁਸਾਰ ਅਜੇ ਤੱਕ ਇਕ ਤਿਹਾਈ ਪਰਿਵਾਰਾਂ ਨੂੰ ਹੀ ਤਿੰਨ ਲੱਖ ਰੁਪਏ ਦੀ ਰਾਹਤ ਮਿਲੀ ਹੈ ਜਦੋਂਕਿ ਬਾਕੀ ਸਾਲਾਂ ਤੋਂ ਸਰਕਾਰੀ ਦਫਤਰਾਂ ਦੇ ਚੱਕਰ ਕੱਢ ਰਹੇ ਹਨ। ਕੇਸ ਰੱਦ ਕਰਨ ਲਈ ਪੋਸਟ ਮਾਰਟਮ ਦੀ ਰਿਪੋਰਟ, ਪੁਲਿਸ ਰਿਪੋਰਟ, ਕਰਜ਼ੇ ਬਾਰੇ ਪੁਖਤਾ ਸਬੂਤ ਨਾ ਦੇ ਸਕਣ, ਜੇਕਰ ਬਾਪ ਦੇ ਸਿਰ ਕਰਜ਼ਾ ਹੈ ਪੁੱਤ ਦੇ ਖੁਦਕੁਸ਼ੀ ਕੀਤੇ ਜਾਣ ਨੂੰ ਕਰਜ਼ਾ ਕਾਰਨ ਨਾ ਮੰਨਣ ਆਦਿ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ।

ਸਭ ਤੋਂ ਵੱਧ ਕੇਸ ਮਜ਼ਦੂਰਾਂ ਦੇ ਰੱਦ ਹੋ ਰਹੇ ਹਨ ਕਿਉਂਕਿ ਅਸਲ ਵਿਚ ਮਜ਼ਦੂਰਾਂ ਨੂੰ ਸੰਸਥਾਗਤ ਕਰਜ਼ਾ ਨਾਮਾਤਰ ਮਿਲਦਾ ਹੈ, ਉਸ ਕੋਲ ਗਹਿਣੇ ਰੱਖਣ ਲਈ ਪੂੰਜੀ ਹੀ ਨਹੀਂ ਹੈ। ਨਿੱਜੀ ਕਰਜ਼ੇ ਦਾ ਸਬੂਤ ਉਹ ਕਿਥੋਂ ਲਿਆ ਕੇ ਦੇਣ? ਕਿਸਾਨ ਅਤੇ ਮਜ਼ਦੂਰ ਖੁਦਕੁਸ਼ੀ ਪੀੜਤ ਕਮੇਟੀ ਦੀ ਮੁਖੀ ਕਿਰਨਜੀਤ ਕੌਰ ਝੁਨੀਰ ਨੇ ਕਿਹਾ ਕਿ ਕੋਈ ਮੁਲਾਜ਼ਮ ਕਿਸੇ ਦੇ ਘਰ ਤੱਕ ਵੀ ਨਹੀਂ ਜਾਂਦਾ। ਇਸੇ ਕਰ ਕੇ ਅਜੇ ਤੱਕ ਇਨ੍ਹਾਂ ਗਰੀਬ ਪਰਿਵਾਰਾਂ ਨੂੰ ਜਾਣਕਾਰੀ ਹੀ ਨਹੀਂ ਹੈ ਕਿ ਖੁਦਕੁਸ਼ੀ ਤੋਂ ਬਾਅਦ ਤਿੰਨ ਮਹੀਨਿਆਂ ਦੇ ਅੰਦਰ ਅਰਜ਼ੀ ਦੇਣੀ ਹੁੰਦੀ ਹੈ। ਅਰਜ਼ੀ ਦੇਣ ਵਿਚ ਦੇਰੀ ਕਾਰਨ ਵੀ ਬਹੁਤ ਸਾਰੇ ਕੇਸ ਰੱਦ ਕੀਤੇ ਜਾ ਰਹੇ ਹਨ।

# ਪੰਜਾਬ ਵਿਚ ਨਵੇਂ ਸਿਆਸੀ ਮੋਰਚੇ ਲਈ ਸਫਬੰਦੀ

**ਲੁਧਿਆਣਾ:** ਆਗਾਮੀ ਲੋਕ ਸਭਾ ਚੋਣਾਂ (2019) ਵਿਚ ਪੰਜਾਬ ਵਿਚ ਨਵਾਂ ਮੋਰਚਾ ਖੜ੍ਹਾ ਕੀਤੇ ਜਾਣ ਦੇ ਆਸਾਰ ਨਜ਼ਰ ਆ ਰਹੇ ਹਨ। ਸੂਬੇ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਖਿਲਾਫ਼ ਮੋਰਚਾ ਖੜ੍ਹਾ ਕੀਤੇ ਜਾਣ ਦੇ ਸੰਕੇਤ ਇਥੇ ਹੋਏ ਇਕ ਸਮਾਗਮ ਦੌਰਾਨ ਉਸ ਵੇਲੇ ਨਜ਼ਰ ਆਏ ਜਦੋਂ ਵਿਰੋਧੀ ਧਿਰ 'ਆਪ' ਦੇ ਆਗੂ ਸੁਖਪਾਲ ਸਿੰਘ ਖਹਿਰਾ, ਜਗਮੀਤ ਸਿੰਘ ਬਰਾੜ, ਬੀਰ ਦਵਿੰਦਰ ਸਿੰਘ, ਬਲਵੰਤ ਸਿੰਘ ਰਾਮੂਵਾਲੀਆ, ਸੁੱਚਾ ਸਿੰਘ ਛੋਟੇਪੁਰ ਤੇ ਧਰਮਵੀਰ ਗਾਂਧੀ ਨੇ ਵਿਧਾਇਕ ਬੈਂਸ ਭਰਾਵਾਂ ਦੇ ਪਿਤਾ ਦੇ ਭੋਗ ਵਿਚ ਇਕੱਠਿਆਂ ਸ਼ਮੂਲੀਅਤ ਕੀਤੀ।

ਉਨ੍ਹਾਂ ਇਸ ਮੌਕੇ ਬੈਂਸ ਭਰਾਵਾਂ ਨਾਲ ਮਿਲ ਕੇ ਨਵਾਂ ਮੋਰਚਾ ਬਣਾਉਣ ਦਾ ਇਸ਼ਾਰਾ ਵੀ ਦਿੱਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਸਾਰੇ ਇਕ ਮੰਚ ਉਤੇ ਇਕੱਠੇ ਹੋਣ ਲਈ ਤਿਆਰ ਹਨ, ਪਰ ਇਸ ਲਈ ਪਹਿਲਾਂ ਠੋਸ ਰਣਨੀਤੀ ਤੈਅ ਕਰਨ ਦੀ ਜ਼ਰੂਰਤ ਹੈ।

ਹਾਲਾਂਕਿ ਭੋਗ ਸਮਾਗਮ ਹੋਣ ਕਾਰਨ ਸਾਰੇ ਆਗੂ ਇਸ਼ਾਰਿਆਂ ਵਿਚ ਹੀ ਲੁਕਵੇਂ ਜਿਹੇ ਢੰਗ ਨਾਲ ਗੱਠਜੋੜ ਬਾਰੇ ਗੱਲਬਾਤ ਕਰਦੇ ਨਜ਼ਰ ਆਏ। ਸੂਤਰਾਂ ਮੁਤਾਬਕ ਨਵੇਂ ਮੋਰਚੇ ਲਈ ਵਿਧਾਇਕ ਬੈਂਸ ਭਰਾਵਾਂ ਤੇ 'ਆਪ' ਆਗੂ ਸੁਖਪਾਲ ਸਿੰਘ ਖਹਿਰਾ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।


ਭਖਦੇ ਮਸਲੇ

# ਬਾਣੀ, ਬੇਅਦਬੀ ਅਤੇ ਸਿਆਸਤ

***ਪਿਛਲੇ ਕੁਝ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਉਸ ਤੋਂ ਉਪਜੀ ਸਿੱਖ ਮਾਨਸਿਕਤਾ ਵਿਚਲੀ ਬੇਚੈਨੀ ਸਿੱਖ ਮਨਾਂ ਅੰਦਰ ਭਾਰੂ ਹੈ। ਇਨ੍ਹਾਂ ਹਾਲਾਤ ਵਿਚ ਅਕਾਲੀ ਦਲ (ਬਾਦਲ) ਵਲੋਂ ਕੀਤੀ ਜਾ ਰਹੀ ਸਿਆਸਤ ਨੇ ਹਾਲਾਤ ਨੂੰ ਹੋਰ ਵੀ ਪੇਚੀਦਾ ਬਣਾ ਦਿੱਤਾ ਹੈ। ਅਕਾਲੀਅਤ ਵਿਚ ਸਿਆਸਤ ਭਾਰੂ ਹੋ ਰਹੀ ਹੈ ਅਤੇ ਪੰਥਕਤਾ ਘਟਦੀ ਜਾ ਰਹੀ ਹੈ। ਮੌਜੂਦਾ ਹਾਲਾਤ ਇਹ ਹਨ ਕਿ ਬਾਦਲ ਅਕਾਲੀ ਦਲ ਸੰਕਟ ਵਿਚ ਹੋਰ ਧਸਦਾ ਜਾ ਰਿਹਾ ਹੈ। ਆਪਣੇ ਇਸ ਲੇਖ ਵਿਚ ਸਿੱਖ ਬੁੱਧੀਜੀਵੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਬਲਕਾਰ ਸਿੰਘ ਨੇ ਹਾਲਾਤ ਦੀ ਪੁਣਛਾਣ ਕੀਤੀ ਹੈ। ਇਸ ਲੇਖ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

ਸਿੱਖ ਸਿਆਸਤ ਦੇ ਪੈਰੋਂ ਸਿੱਖ ਸਮੱਸਿਆਵਾਂ ਪੈਦਾ ਹੋਣ ਦਾ ਸਿਲਸਿਲਾ ਕੋਈ ਨਵਾਂ ਨਹੀਂ ਹੈ, ਪਰ ਜਿਹੋ ਜਿਹੀ ਸਮੱਸਿਆ ਬਾਣੀ ਦੀ ਬੇਅਦਬੀ ਨੂੰ ਲੈ ਕੇ ਇਸ ਵੇਲੇ ਸਾਹਮਣੇ ਆ ਗਈ ਹੈ, ਇਹ ਆਪਣੇ ਵਰਗੀ ਆਪ ਹੈ। ਜਿਸ ਅਕਾਲੀ ਵਿਰੋਧ ਨੂੰ ਅਕਾਲੀ ਸਰਕਾਰ ਵੇਲੇ ਵੀ ਹੁੰਗਾਰਾ ਮਿਲ ਰਿਹਾ ਸੀ, ਉਹੀ ਜਸਟਿਸ ਰਣਜੀਤ ਸਿੰਘ ਰਿਪੋਰਟ ਦੇ ਹਵਾਲੇ ਨਾਲ ਅਕਾਲੀਆਂ ਲਈ ਧਰਮ-ਸੰਕਟ ਅਤੇ ਸਿਆਸੀ-ਸੰਕਟ ਵਜੋਂ ਗੰਭੀਰ ਹੁੰਦਾ ਜਾ ਰਿਹਾ ਹੈ।

ਸਮੱਸਿਆ ਉਦੋਂ ਪੈਦਾ ਹੁੰਦੀ ਹੈ, ਜਦੋਂ ਅੱਗ ਨੂੰ ਅੱਗ ਨਾਲ ਬੁਝਾਉਣ ਦੀ ਕੋਸ਼ਿਸ਼ ਹੁੰਦੀ ਹੈ। ਸਿਆਸਤ ਨੂੰ ਸਿਆਸਤ ਰਾਹੀਂ ਇਸ ਕਰਕੇ ਨਹੀਂ ਸਮਝਿਆ ਤੇ ਸੁਲਝਾਇਆ ਜਾ ਸਕਦਾ ਕਿਉਂਕਿ ਸਿਆਸੀ ਬਦਲ ਦੀ ਸੰਭਾਵਨਾ ਵਕਤੀ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਤਸੱਲੀ ਤਾਂ ਦਿੰਦੀ ਹੈ, ਪਰ ਪੱਕਾ ਹੱਲ ਪੈਦਾ ਨਹੀਂ ਕਰਦੀ। ਸਿੱਖ ਪ੍ਰਸੰਗ ਵਿਚ ਵਿਸ਼ਵਾਸ, ਜਜ਼ਬਾਤ, ਸੰਵੇਦਨਾ ਅਤੇ ਸਲੀਕੇ ਦਾ ਜੋ ਹਾਲ ਸਿੱਖ ਸਿਆਸਤਦਾਨ ਕਰਦੇ ਆ ਰਹੇ ਹਨ, ਉਸ ਦਾ ਸੰਕੇਤਕ ਪ੍ਰਗਟਾਵਾ 'ਸਾਨ੍ਹਾਂ ਦਾ ਭੇੜ ਤੇ ਬੂਟਿਆਂ ਦਾ ਖੌਅ' ਵਾਲੇ ਮੁਹਾਵਰੇ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ।

ਧਰਮ ਨੂੰ ਸਿਆਸਤ ਵਾਸਤੇ ਵਰਤਣ ਵਾਲਿਆਂ ਦੇ ਪੈਰੋਂ ਜੋ ਕੁਝ ਹੁੰਦਾ ਰਿਹਾ ਹੈ, ਉਸੇ ਦੀ ਨਿਰੰਤਰਤਾ ਵਿਚ ਬੇਅਦਬੀ ਕਾਂਡ ਨੂੰ ਵੇਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੀ ਜੜ੍ਹ ਵਿਚ ਡੇਰਾ ਸਿਰਸਾ ਦੇ ਮੁਖੀ ਨੂੰ ਪਹਿਲਾਂ ਅਕਾਲ ਤਖਤ ਤੋਂ ਛੇਕਿਆ ਜਾਣਾ ਅਤੇ ਫਿਰ ਅਕਾਲ ਤਖਤ ਤੋਂ ਮਾਫ ਕਰ ਦੇਣ ਨਾਲ ਵਿਚਲਿਤ ਹੋਈ ਸਿੱਖ ਮਾਨਸਿਕਤਾ ਸੀ ਤੇ ਹੈ। ਇਸ ਦਾ ਪ੍ਰਗਟਾਵਾ ਵੱਖ ਵੱਖ ਢੰਗਾਂ ਨਾਲ ਲਗਾਤਾਰ ਹੋ ਰਿਹਾ ਸੀ ਅਤੇ ਜੂਨ 2015 ਦੇ ਸ਼ੁਰੂ ਵਿਚ ਹੀ ਲੋਕ ਅਕਾਲੀ



***ਬਾਦਲ ਪਿਓ-ਪੁੱਤ: ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ***

ਸਰਕਾਰ ਵਿਰੁਧ ਸੜਕਾਂ 'ਤੇ ਉਤਰ ਆਏ ਸਨ। ਅਕਾਲੀਆਂ ਤੋਂ ਬਿਨਾ ਪੰਜਾਬ ਵਿਚਲੀ ਸਿਆਸਤ ਦੇ ਸਾਰੇ ਰੰਗ ਇਸ ਵਿਚ ਸ਼ਾਮਲ ਸਨ ਅਤੇ ਇਹ ਬੜੀ ਦੇਰ ਪਿਛੋਂ ਪਹਿਲੀ ਵਾਰ ਵਾਂਗ ਵਾਪਰ ਰਿਹਾ ਸੀ।

ਸਿੱਖਾਂ ਵੱਲੋਂ ਸਿੱਖਾਂ ਵਾਸਤੇ ਇਹ ਅਜਿਹੀ ਲਹਿਰ ਸੀ, ਜੋ ਕਿਸੇ ਇਕ ਸਿਆਸਤਦਾਨ ਦੇ ਹੱਥ ਵਿਚ ਨਹੀਂ ਰਹੀ ਸੀ। ਇਹੋ ਜਿਹੇ ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰੇ ਵਿਚਲੇ ਸੰਗਤੀ ਇਕੱਠਾਂ 'ਤੇ ਪੁਲਿਸ ਵਧੀਕੀ ਕਰਕੇ ਅਕਾਲੀ ਸਰਕਾਰ ਨੇ ਅਕਾਲੀਅਤ ਤੋਂ ਮਹਿਰੂਮ ਸਰਕਾਰੀ ਸ਼ੈਲੀ ਵਾਲੀਆਂ ਵਧੀਕੀਆਂ ਦਾ ਪ੍ਰਗਟਾਵਾ ਕਰ ਦਿੱਤਾ ਸੀ ਅਤੇ ਇਸੇ ਦਾ ਹਿੱਸਾ 14 ਜੂਨ 2015 ਨੂੰ ਨਿਹੱਥਿਆਂ 'ਤੇ ਗੋਲੀ ਚਲਾਉਣ ਵਾਲੀ ਘਟਨਾ ਸੀ। ਇਸ ਨਾਲ ਬਰਗਾੜੀ ਵਿਚ ਦੋ ਸਿੱਖ ਗੋਲੀ ਦਾ ਸ਼ਿਕਾਰ ਹੋ ਗਏ ਸਨ ਅਤੇ ਕੋਟਕਪੂਰੇ ਵਿਚ ਇਕ ਸਿੱਖ ਗੋਲੀ ਨਾਲ ਜ਼ਖਮੀ ਹੋ ਗਿਆ ਸੀ। ਇਸ ਦਾ ਪ੍ਰਭਾਵ ਆਮ ਸਿੱਖਾਂ ਵਿਚ ਇਸ ਤਰ੍ਹਾਂ ਗਿਆ ਸੀ ਜਿਵੇਂ ਸਰਕਾਰ ਨੇ ਸਿੱਖਾਂ ਨਾਲ ਬੇਨਿਆਂਈ ਵਧੀਕੀ ਕੀਤੀ ਹੈ।

ਤਤਕਾਲੀ ਸਰਕਾਰ ਨੇ ਇਸ ਵਿਚੋਂ ਨਿਕਲਣ ਦੀਆਂ ਜਿੰਨੀਆਂ ਵੀ ਕੋਸ਼ਿਸ਼ਾਂ ਕੀਤੀਆਂ, ਉਸ ਨਾਲ ਸਮੱਸਿਆ ਸੁਲਝਣ ਦੀ ਥਾਂ ਉਲਝਦੀ ਹੀ ਗਈ। ਬਾਣੀ ਦੀ ਬੇਅਦਬੀ ਨੂੰ ਲੈ ਕੇ ਬਣਾਏ ਪਹਿਲਾਂ ਜਸਟਿਸ ਜੋਰਾ ਸਿੰਘ ਕਮਿਸ਼ਨ ਤੇ ਫਿਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਿਚਲਾ ਫਰਕ ਇਹ ਹੈ ਕਿ ਪਹਿਲਾ ਕਮਿਸ਼ਨ ਮਾਮਲੇ ਨੂੰ ਠੰਡੇ ਬਸਤੇ ਵਿਚ ਪਾਉਣ ਵਾਲੇ ਰਾਹੇ ਪਾ ਦਿੱਤਾ ਗਿਆ ਸੀ ਕਿਉਂਕਿ ਉਸ ਦੀਆਂ ਪੜਤਾਲੀਆ ਸ਼ਰਤਾਂ ਵਿਚ ਗੋਲੀ ਚਲਾਉਣ ਵਾਲਿਆਂ ਦੀ ਨਿਸ਼ਾਨਦੇਹੀ ਸ਼ਾਮਲ ਹੀ ਨਹੀਂ ਸੀ। ਇਸੇ ਕਰਕੇ ਦੂਜੇ ਰਣਜੀਤ ਸਿੰਘ ਕਮਿਸ਼ਨ ਨੂੰ ਮਾਮਲਾ ਸਮਝਣ ਤੇ ਸੁਲਝਾਉਣ ਦਾ ਮੌਕਾ ਦਿੱਤਾ ਗਿਆ।

ਰਿਪੋਰਟ ਨੂੰ ਲੈ ਕੇ ਜਿਹੋ ਜਿਹੀ ਸਿਆਸੀ ਵਿਆਕਰਣ ਪੈਦਾ ਹੋ ਗਈ ਹੈ, ਉਸ ਨਾਲ ਇਹ ਮਸਲਾ ਸਿੱਖ ਮਸਲੇ ਵਾਂਗ ਸਾਰੇ ਪੰਜਾਬ ਦਾ ਮਸਲਾ ਹੋ ਗਿਆ ਹੈ। ਇਸ ਦਾ ਪ੍ਰਗਟਾਵਾ 28 ਅਗਸਤ ਨੂੰ ਪੰਜਾਬ ਵਿਧਾਨ ਸਭਾ ਵਿਚ ਜਿਸ ਤਰ੍ਹਾਂ ਹੋਇਆ, ਉਸ ਨਾਲ ਇਹ ਸਥਾਪਤ ਹੋ ਗਿਆ ਹੈ ਕਿ ਇਕ ਸਿਆਸੀ ਪਾਰਟੀ ਨਾਲ ਜੁੜੇ ਵਿਅਕਤੀਆਂ ਦੀ ਖਤਾਨੁਮਾ ਹਉਮੈ ਕਰਕੇ ਤਤਕਾਲੀ ਸਰਕਾਰ ਅਤੇ ਉਸ ਦੀ ਅਫਸਰਸ਼ਾਹੀ ਸਮੱਸਿਆ ਦੀ ਜੜ੍ਹ ਤੱਕ ਜਾਣ ਦੀ ਥਾਂ ਸਮੱਸਿਆਂ 'ਤੇ ਮਿੱਟੀ ਪਾਉਣ ਵਿਚ ਲੱਗੀ ਰਹੀ ਸੀ। ਸਿਆਸਤ ਵਿਚ ਖਤਾਨੁਮਾ ਹਉਮੈ ਬਾਰੇ ਅੰਗਰੇਜ਼ ਹਕੂਮਤ ਦੇ ਹਵਾਲੇ ਨਾਲ ਕਾਵਿਕ ਸੰਕੇਤ ਇਸ ਤਰ੍ਹਾਂ ਮਿਲਦਾ ਹੈ ਕਿ ਬਾਂਦਰ ਇਹ ਸਮਝੀ ਬੈਠਾ ਹੈ ਕਿ ਦਰਖਤ ਦੀ ਜਿਸ ਟੀਸੀ 'ਤੇ ਉਹ ਬੈਠਾ ਹੈ, ਉਥੇ ਉਸ ਦਾ ਕੋਈ ਕੀ ਵਿਗਾੜ ਸਕਦਾ ਹੈ; ਕਿਉਂਕਿ ਬਾਂਦਰ ਇਸ ਸੱਚ ਤੋਂ ਅਣਜਾਣ ਹੈ:

ਨ ਜਾਣੇ ਕੋਈ ਰਿੱਛ ਬਰਫਾਨੀ
ਇਸ ਦੇ ਉਤੇ ਚੜ੍ਹ ਸਕਦੈ।
ਜਾਂ ਕੋਈ ਚਿੱਟਾ ਬਾਜ ਉਡਾਰੂ
ਇਸ ਦੀ ਗਿੱਚੀ ਫੜ੍ਹ ਸਕਦੈ।

ਲੋਕਤੰਤਰ ਵਿਚ ਤਾਨਾਸ਼ਾਹੀ ਦਾ ਹਾਲ ਇਹੋ ਜਿਹਾ ਹੋਣਾ ਹੀ ਹੁੰਦਾ ਹੈ। ਇਸ ਵਿਚ ਵਾਧਾ ਇਹ ਹੋ ਗਿਆ ਸੀ ਕਿ ਰਾਜ ਕਰਦੇ ਸਿੱਖ ਸਿਆਸਤਦਾਨ ਨੂੰ ਇਹ ਚੇਤਾ ਨਹੀਂ ਸੀ ਰਿਹਾ ਕਿ ਵਿਅਕਤੀਵਾਦੀ ਚੜ੍ਹਤ, ਸੰਗਤੀ ਪ੍ਰਗਟਾਵਿਆਂ ਦਾ ਬਦਲ ਨਹੀਂ ਹੋ ਸਕਦੀ। ਵਿਅਕਤੀਆਂ ਦੀ ਸਿੱਖ ਪ੍ਰਸੰਗ ਵਿਚ ਸਿਆਸੀ ਚੌਧਰ ਦਾ ਅਰੰਭ ਮਾਸਟਰ ਤਾਰਾ ਸਿੰਘ ਤੋਂ ਪਿੱਛੋਂ ਸ਼ੁਰੂ ਹੋਇਆ ਸੀ ਕਿਉਂਕਿ ਮਾਸਟਰ ਜੀ ਵਾਹਦ ਸਿੱਖ ਲੀਡਰ ਹੋਣ ਦੇ ਬਾਵਜੂਦ ਅੱਜ ਦੇ ਅਕਾਲੀਆਂ ਵਰਗੇ ਨਹੀਂ ਸਨ। ਕੱਲ ਦੀ ਇਹ ਗੱਲ ਇਸ ਵੇਲੇ ਆਪਣੇ ਸਿਖਰ 'ਤੇ ਪਹੁੰਚ ਚੁਕੀ ਹੈ। ਇਸ ਉਲਾਰ ਵਿਚ ਸਾਲਾਂ ਦੀ ਕਾਰਗੁਜ਼ਾਰੀ ਨੂੰ ਦਹਾਕਿਆਂ ਦੀ ਕਾਰਗੁਜ਼ਾਰੀ ਕਿਹਾ ਜਾਣ ਲੱਗ ਪਿਆ ਹੈ।

ਸੱਤਾ ਵਿਚ ਬਣੇ ਰਹਿਣ ਦੀ ਸਿਆਸੀ ਲਾਲਸਾ ਜਦੋਂ ਸਾਰੇ ਹੱਦ ਬੰਨੇ ਟੱਪਦੀ ਜਾ ਰਹੀ ਹੋਵੇ ਤਾਂ ਨਤੀਜੇ ਇਹੋ ਜਿਹੇ ਹੀ ਨਿਕਲਦੇ ਹਨ, ਜਿਨ੍ਹਾਂ ਬਾਰੇ ਗੱਲ ਕੀਤੀ ਜਾ ਰਹੀ ਹੈ। ਅੱਤ ਦਾ ਤਾਂ ਅਕਲ ਨਾਲ ਵੈਰ ਵੀ ਹੁੰਦਾ ਹੈ ਅਤੇ ਅਜਿਹੀ ਸਥਿਤੀ ਬਹੁਰੰਗਾਂ ਨੂੰ ਇਕ ਰੰਗ ਸਮਝ ਲੈਣ ਦੇ ਭਰਮ ਵਿਚੋਂ ਪੈਦਾ ਹੁੰਦੀ ਰਹੀ ਹੈ। ਸਿਆਸਤ ਦੀ ਬਾਦਲੀ-ਸ਼ੈਲੀ ਦਾ ਰਾਹ ਅੰਦਰੋਂ ਹੀ ਰੁਕ ਜਾਣ ਨਾਲ ਜੋ ਸਿਆਸੀ ਸਮੱਸਿਆਵਾਂ ਪੈਦਾ ਹੋਣੀਆਂ ਸ਼ੁਰੂ ਹੋ ਗਈਆਂ ਸਨ, ਉਨ੍ਹਾਂ ਵਿਚੋਂ ਇਕ ਬਰਗਾੜੀ ਕਾਂਡ ਹੈ।

***ਬਾਦਲੀ-ਸ਼ੈਲੀ ਵਾਲੀ ਸਿਆਸਤ ਦਾ ਅਰੰਭ ਮੋਗਾ ਕਾਨਫਰੰਸ ਵਿਚ ਅਕਾਲੀਅਤ ਨੂੰ ਪੰਜਾਬੀਅਤ ਵਿਚ ਤਬਦੀਲ ਕਰ ਲੈਣ ਨਾਲ ਹੋਇਆ ਸੀ। ਇਸ ਨਾਲ ਅਕਾਲੀਅਤ ਅਤੇ ਪੰਜਾਬੀਅਤ ਸਿੱਖ ਸੁਰ ਵਿਚ ਇਕੱਠੀ ਤੁਰਦੀ ਤੁਰਦੀ ਸਿਆਸੀ ਸੁਰ ਵਿਚ ਵੱਖ ਵੱਖ ਤੁਰਨੀ ਸ਼ੁਰੂ ਹੋ ਗਈ ਸੀ। ਚੰਗੇ ਭਲੇ ਅਕਾਲੀ ਵੀ ਇਸ ਵਹਿਣ ਵਿਚ ਵਹਿਣ ਲੱਗ ਪਏ ਸਨ ਕਿਉਂਕਿ ਪੰਜਾਬ ਉਤੇ ਬਾਦਲੀ-ਸ਼ੈਲੀ ਵਿਚ ਪੱਕੇ ਤੌਰ 'ਤੇ ਰਾਜ ਕਰ ਸਕਣਾ ਸੌਖਾ ਲੱਗਣ ਲੱਗ ਪਿਆ ਸੀ। ਇਸ ਨਾਲ ਪ੍ਰਾਪਤ ਹੋਣ ਵਾਲੀਆਂ ਵਕਤੀ ਸਿਆਸੀ ਪ੍ਰਾਪਤੀਆਂ ਨੂੰ ਪੰਥਕ ਪ੍ਰਾਪਤੀਆਂ ਕਹਿਣ ਦੀ ਇਸ ਕਰਕੇ ਵਧੀਕੀ ਹੁੰਦੀ ਰਹੀ ਸੀ ਕਿਉਂਕਿ ਇਸ ਸ਼ੈਲੀ ਵਿਚ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਬਿਨਾ ਪੁੱਛਿਆਂ ਸ਼ਾਮਲ ਮੰਨ ਲਿਆ ਗਿਆ ਸੀ। ਕਿਸੇ ਨੇ ਨਹੀਂ ਸੋਚਿਆ ਕਿ ਜਥੇਦਾਰੀ ਦਾ ਅਹੁਦਾ ਅਕਾਲ ਤਖਤ ਸਾਹਿਬ ਕਿਵੇਂ ਹੋਇਆ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਅਹੁਦਾ ਸ਼੍ਰੋਮਣੀ ਕਮੇਟੀ ਕਿਵੇਂ ਹੋਇਆ?***

ਬਾਦਲੀ-ਸ਼ੈਲੀ ਵਾਲੀ ਸਿਆਸਤ ਦਾ ਅਰੰਭ ਮੋਗਾ ਕਾਨਫਰੰਸ ਵਿਚ ਅਕਾਲੀਅਤ ਨੂੰ ਪੰਜਾਬੀਅਤ ਵਿਚ ਤਬਦੀਲ ਕਰ ਲੈਣ ਨਾਲ ਹੋਇਆ ਸੀ। ਇਸ ਨਾਲ ਅਕਾਲੀਅਤ ਅਤੇ ਪੰਜਾਬੀਅਤ ਸਿੱਖ ਸੁਰ ਵਿਚ ਇਕੱਠੀ ਤੁਰਦੀ ਤੁਰਦੀ ਸਿਆਸੀ ਸੁਰ ਵਿਚ ਵੱਖ ਵੱਖ ਤੁਰਨੀ ਸ਼ੁਰੂ ਹੋ ਗਈ ਸੀ। ਚੰਗੇ ਭਲੇ ਅਕਾਲੀ ਵੀ ਇਸ ਵਹਿਣ ਵਿਚ ਵਹਿਣ ਲੱਗ ਪਏ ਸਨ ਕਿਉਂਕਿ ਪੰਜਾਬ ਉਤੇ ਬਾਦਲੀ-ਸ਼ੈਲੀ ਵਿਚ ਪੱਕੇ ਤੌਰ 'ਤੇ ਰਾਜ ਕਰ ਸਕਣਾ ਸੌਖਾ ਲੱਗਣ ਲੱਗ ਪਿਆ ਸੀ। ਇਸ ਨਾਲ ਪ੍ਰਾਪਤ ਹੋਣ ਵਾਲੀਆਂ ਵਕਤੀ ਸਿਆਸੀ ਪ੍ਰਾਪਤੀਆਂ ਨੂੰ ਪੰਥਕ ਪ੍ਰਾਪਤੀਆਂ ਕਹਿਣ ਦੀ ਇਸ ਕਰਕੇ ਵਧੀਕੀ ਹੁੰਦੀ ਰਹੀ ਸੀ ਕਿਉਂਕਿ ਇਸ ਸ਼ੈਲੀ ਵਿਚ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਬਿਨਾ ਪੁੱਛਿਆਂ ਸ਼ਾਮਲ ਮੰਨ ਲਿਆ ਗਿਆ ਸੀ। ਕਿਸੇ ਨੇ ਨਹੀਂ ਸੋਚਿਆ ਕਿ ਜਥੇਦਾਰੀ ਦਾ ਅਹੁਦਾ ਅਕਾਲ ਤਖਤ ਸਾਹਿਬ ਕਿਵੇਂ ਹੋਇਆ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਅਹੁਦਾ ਸ਼੍ਰੋਮਣੀ ਕਮੇਟੀ ਕਿਵੇਂ ਹੋਇਆ? ਇਸ ਦੇ ਲੇਖੇ-ਜੋਖੇ ਵੱਲ ਅਜੇ ਸਿੱਖ ਭਾਈਚਾਰੇ ਨੇ ਤੁਰਨਾ ਹੈ। ਇਸ ਪਾਸੇ ਤੁਰਾਂਗੇ ਤਾਂ ਅਕਾਲੀ ਸਿਆਸਤ ਦੇ ਉਦਾਸ ਪਹਿਲੂ ਆਪਣੇ ਆਪ ਸਾਹਮਣੇ ਆਉਂਦੇ ਜਾਣਗੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਕਾਲੀ ਸਿਆਸਤ ਦਾ ਜੋ ਏਜੰਡਾ ਅਕਾਲੀ ਪੁਰਖਿਆਂ ਨੇ ਚਿਤਵਿਆ ਸੀ, ਉਹ ਸਿੱਖ ਬਹੁਗਿਣਤੀ ਵਾਲੇ ਖਿੱਤੇ ਵਿਚ ਹੀ ਲਾਗੂ ਹੋ ਸਕਦਾ ਸੀ। ਇਸੇ ਨੂੰ ਪਹਿਲਾਂ ਸਿੱਖ ਸਟੇਟ ਤੇ ਫਿਰ ਖਾਲਿਸਤਾਨ ਦਾ ਨਾਂ ਦਿੱਤਾ ਜਾਂਦਾ ਰਿਹਾ ਸੀ ਅਤੇ ਇਹੀ ਹੁਣ ਪੰਜਾਬੀ ਸੂਬੇ ਦੇ ਰੂਪ ਵਿਚ 1966 ਵਿਚ ਲੰਬੇ ਸੰਘਰਸ਼ ਦੀ ਕੁਖੋਂ ਭਾਰਤੀ ਵਿਧਾਨ ਤਹਿਤ ਪੈਦਾ ਹੋ ਗਿਆ ਸੀ। ਇਸ ਵੇਲੇ ਤੱਕ ਇਹ ਤੈਅ ਹੋ ਗਿਆ ਸੀ ਕਿ ਸਿੱਖ ਬਹੁਗਿਣਤੀ ਨੂੰ ਸ਼੍ਰੋਮਣੀ ਕਮੇਟੀ ਰਾਹੀਂ ਹੀ ਨਾਲ ਰੱਖਿਆ ਜਾ ਸਕਦਾ ਹੈ। ਇਸ ਵਾਸਤੇ ਪਹਿਲਾ ਸਫਲ ਮਾਡਲ ਸੰਤ ਫਤਿਹ ਸਿੰਘ ਅਤੇ ਸੰਤ ਚੰਨਣ ਸਿੰਘ (ਸੰਤ ਭਰਾ) ਸਨ। ਇਹੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਰਾਹੀਂ ਨਿਭਦਾ ਰਿਹਾ ਸੀ।

ਮੌਜੂਦਾ ਦੁਖਾਂਤ ਦੀ ਸ਼ੁਰੂਆਤ ਇਥੋਂ ਹੋਈ ਕਿ ਬਾਦਲ, ਆਪ ਟੌਹੜੇ ਦਾ ਪੰਥਕ ਬਦਲ ਬਣ ਨਹੀਂ ਸਕਿਆ ਅਤੇ ਬਾਦਲੀ-ਸ਼ੈਲੀ ਵਿਚ ਹੋਰ ਕੋਈ ਬਣ ਨਹੀਂ ਸਕਦਾ ਸੀ। ਅਕਾਲੀ ਦਲ ਦੇ ਹੱਥੋਂ ਪੰਥਕਤਾ ਦੇ ਖਿਸਕਣ ਦੀ ਜੋ ਸ਼ੁਰੂਆਤ ਪਹਿਲਾਂ ਜਥੇਦਾਰ ਟੌਹੜਾ ਨੂੰ ਜਿਉਂਦੇ ਜੀਅ ਹਾਸ਼ੀਏ 'ਤੇ ਧੱਕਣ ਨਾਲ ਹੋਈ ਸੀ, ਉਹ ਉਸ ਦੇ ਅਕਾਲ ਚਲਾਣੇ ਨਾਲ ਜੱਗ ਜਾਹਰ ਹੋ ਗਈ। ਬੇਸ਼ੱਕ ਬਾਦਲ-ਟੌਹੜਾ ਜੋੜੀ ਕੋਲ ਸੰਤ ਭਰਾਵਾਂ ਵਾਲੀ ਇਕਜੁੱਟਤਾ ਨਹੀਂ ਸੀ ਕਿਉਂਕਿ ਦੋਵੇਂ ਆਪਣੇ ਆਪ ਵਿਚ ਸਿਆਸਤ ਅਤੇ ਪੰਥਕਤਾ ਦੀਆਂ ਇਕਹਿਰੀਆਂ ਪਰਤਾਂ ਨਾਲ ਸੰਤੁਸ਼ਟ ਹੋਣ ਦੀ ਹੋਣੀ ਹੰਢਾ ਰਹੇ ਸਨ। ਜਿਵੇਂ ਜਥੇਦਾਰ ਟੌਹੜਾ ਦੀ ਗੈਰਹਾਜ਼ਰੀ ਵਿਚ ਸਿੱਖ ਸਿਆਸਤ ਵਿਚੋਂ ਪੰਥਕਤਾ ਕਿਰ ਗਈ ਸੀ, ਉਵੇਂ ਹੀ ਸੁਖਬੀਰ-ਸ਼ੈਲੀ ਨਾਲ ਬਾਦਲੀ-ਸ਼ੈਲੀ ਵਾਲੀ ਸਿਆਸਤ ਕਮਜ਼ੋਰ ਹੋਣੀ ਸ਼ੁਰੂ ਹੋ ਗਈ।

ਪੰਥਕ ਪ੍ਰਸੰਗ ਵਿਚ ਟੌਹੜਾ ਵਾਲੀ ਚੇਤਨਾ ਤੇ ਵਚਨਬੱਧ ਆਸਥਾ, ਬਾਦਲੀ-ਸ਼ੈਲੀ ਵਿਚੋਂ ਗੁੰਮ ਰਹਿੰਦੀ ਸੀ ਅਤੇ ਲੋੜ ਪੈਣ 'ਤੇ ਸਿਆਸੀ ਵਰਤੋਂ ਵਾਸਤੇ ਸਿਆਸੀ ਵਿਧੀ ਪੈਦਾ ਕਰ ਲਈ ਜਾਂਦੀ ਸੀ। ਉਹ ਵੀ ਹੌਲੀ ਹੌਲੀ ਕਿਰਦੀ ਗਈ। ਟੌਹੜਾ ਜਿਸ ਤਰ੍ਹਾਂ ਜਿਉਂਦੇ ਜੀਅ ਬਾਦਲੀ ਸਿਆਸਤ ਦੀ ਪੰਥਕ ਢਾਲ ਬਣਿਆ ਰਿਹਾ ਸੀ, ਉਸ ਨਾਲ ਬਾਦਲ



***ਜਥੇਦਾਰ ਅਕਾਲ ਤਖਤ ਗਿਆਨੀ ਗੁਰਬਚਨ ਸਿੰਘ***

ਨੂੰ ਕਦੇ ਪੰਥਕ ਹੋਣ ਦੀ ਲੋੜ ਹੀ ਨਹੀਂ ਸੀ ਪਈ। ਇਸੇ ਕਰਕੇ ਅਕਾਲੀ ਸਿਆਸਤ ਵਿਚ ਪੈਦਾ ਹੋ ਗਏ ਪੰਥਕ ਖਲਾਅ ਵਿਚ ਬਰਗਾੜੀ ਦਾ ਗੋਲੀ ਕਾਂਡ ਪੰਥਕ ਨਾਸੂਰ ਵਾਂਗ ਟਿਕ ਗਿਆ ਅਤੇ ਇਸੇ ਦੀ ਚੀਸ ਦੇ ਰੂਬਰੂ ਬਾਦਲਕਿਆਂ ਨੂੰ ਇਸ ਵੇਲੇ ਹੋਣਾ ਪੈ ਗਿਆ ਹੈ। ਸਿਆਸਤ ਵਿਚ ਵੱਢਣਾ ਤਾਂ ਉਹ ਵੀ ਪੈਂਦਾ ਹੈ ਜੋ ਬਿਨਾ ਬੀਜੇ ਉਗ ਪੈਂਦਾ ਹੈ। ਅਕਾਲੀ ਤਾਂ ਬੀਜਿਆ ਹੀ ਵੱਢ ਰਹੇ ਹਨ। ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤਾਂ ਮਹਿਜ ਇਕ ਬਹਾਨਾ ਹੈ।

ਕੈਪਟਨ ਅਮਰਿੰਦਰ ਸਿੰਘ ਬੇਸ਼ੱਕ ਕਾਂਗਰਸ ਦਾ ਮੁੱਖ ਮੰਤਰੀ ਹੈ, ਪਰ ਇਥੇ ਤੱਕ ਉਹ ਬਾਦਲ ਦੇ ਬਦਲ ਵਜੋਂ ਪਹੁੰਚਿਆ ਕਹਿ ਸਕਦੇ ਹਾਂ। ਸਿੱਖ ਭਾਈਚਾਰੇ ਵਿਚ ਵਰਤਮਾਨ ਮੁੱਖ ਮੰਤਰੀ ਦੀ ਸਿਆਸੀ ਸਾਖ ਨਾਲ ਕਿਸੇ ਨਾ ਕਿਸੇ ਰੂਪ ਵਿਚ ਸਿੱਖਾਂ ਦਾ ਜਨਮ ਤੋਂ ਆਖਰੀ ਮਹਾਰਾਜਾ ਹੋਣਾ ਵੀ ਸ਼ਾਮਲ ਹੈ। ਕਾਂਗਰਸ ਨਾਲੋਂ ਵੱਧ ਉਹ ਸਿੱਖ ਸਿਆਸਤ ਨਾਲ ਜੁੜਿਆ ਰਿਹਾ ਹੈ। ਇਸੇ ਕਰਕੇ ਉਹ ਟਕਸਾਲੀ ਅਕਾਲੀਆਂ ਵਾਂਗ ਹੀ ਬਾਦਲਕਿਆਂ ਦਾ ਭੇਤੀ ਹੈ। ਇਸੇ ਕਰਕੇ ਉਸ ਵੱਲੋਂ ਵਿਧਾਨ ਸਭਾ ਵਿਚ ਬਾਦਲ ਬਾਰੇ ਕੀਤੀਆਂ ਟਿੱਪਣੀਆਂ ਦਾ ਬਹੁਤ ਅਸਰ ਹੋਇਆ ਹੈ ਅਤੇ ਇਹ ਪ੍ਰਭਾਵ ਆਮ ਸਿੱਖ ਦੀ ਮਾਨਸਿਕਤਾ ਵਿਚ ਟਿਕ ਗਿਆ ਲੱਗਣ ਲੱਗ ਪਿਆ ਹੈ ਕਿ ਬਾਦਲਕਿਆਂ ਦੀ ਸਿਆਸਤ ਉਹ ਨਹੀਂ ਸੀ ਜੋ ਲੱਗਦੀ ਰਹੀ ਸੀ। ਇਸ ਦਾ ਪ੍ਰਗਟਾਵਾ ਵੀ ਹੋਣ ਲੱਗ ਪਿਆ ਹੈ ਅਤੇ ਇਹੀ ਪੰਜਾਬ ਦੀ ਸਿਆਸਤ ਦਾ ਹਿੱਸਾ ਹੁੰਦਾ ਜਾ ਰਿਹਾ ਹੈ।

ਸਿੱਖ ਮਾਨਸਿਕਤਾ ਨੂੰ ਸਿਰਸਾ ਪ੍ਰੇਮੀਆਂ ਦਾ ਇਹ ਫਿਕਰਾ ਕਿ 'ਤੁਹਾਡਾ ਗੁਰੂ ਚੋਰੀ ਹੋ ਗਿਆ ਹੈ, ਲੱਭ ਸਕਦੇ ਹੋ ਤਾਂ ਲੱਭ ਲਵੋ' ਲਗਾਤਾਰ ਵਿਚਲਿਤ ਕਰਦਾ ਆ ਰਿਹਾ ਹੈ। ਇਹ ਸਵਾਲ ਵੀ ਪੈਦਾ ਹੋ ਰਿਹਾ ਹੈ ਕਿ ਪੰਥ ਨੂੰ ਵੰਗਾਰਨ ਵਾਲਿਆਂ ਨੂੰ ਤਤਕਾਲੀ ਸਰਕਾਰ ਨੇ ਅਣਡਿੱਠ ਕਰਨ ਦੀ ਸਿਆਸਤ ਕਿਉਂ ਕੀਤੀ? ਵਾਧਾ ਇਹ ਕਿ ਸਿਰਸਾ ਮੁਖੀ ਨੂੰ ਬਿਨਾ ਸੱਦਿਆਂ ਦੋਸ਼ ਮੁਕਤ ਕੀਤਾ ਗਿਆ ਸੀ। ਇਹ ਵੀ ਜੱਗ ਜਾਹਰ ਹੈ ਕਿ ਇਸ ਦੀਆਂ ਤਾਰਾਂ ਵੀ ਬਾਦਲਕਿਆਂ ਨਾਲ ਜੁੜੀਆਂ ਹੋਈਆਂ ਸਨ। ਹੁਣ ਤਾਂ ਉਹ ਸਾਰੇ ਕਾਰਨ ਗੁੱਝੇ ਨਹੀਂ ਰਹੇ, ਜਿਨ੍ਹਾਂ ਦੇ ਵਿਰੋਧ ਵਿਚ ਇਕ ਵੇਲੇ ਸਾਰਾ ਪੰਜਾਬ ਸੜਕਾਂ 'ਤੇ ਉਤਰ ਆਇਆ ਸੀ। ਇਸੇ ਦੀ ਗੂੰਜ ਵਿਧਾਨ ਸਭਾ ਵਿਚ ਨੌਂ ਘੰਟੇ ਪੈਂਦੀ ਰਹੀ। ਅਜਿਹੇ ਹਾਲਾਤ ਵਿਚ ਵੀ ਬਾਦਲਕੇ ਅਕਾਲ ਤਖਤ ਦੇ ਜਥੇਦਾਰ ਦੀ ਪਿੱਠ ਥਾਪੜਦੇ ਰਹੇ ਅਤੇ ਅਜੇ ਵੀ ਥਾਪੜੀ ਜਾ ਰਹੇ ਹਨ। ਬਾਦਲਕਿਆਂ ਦੇ ਕੁਝ ਹਮਾਇਤੀ ਤਾਂ ਇਹ ਵੀ ਕਹਿ ਰਹੇ ਹਨ ਕਿ ਅਕਾਲ ਤਖਤ ਦੇ ਜਥੇਦਾਰ ਦੇ ਫੈਸਲੇ 'ਤੇ ਕਿੰਤੂ ਪ੍ਰੰਤੂ ਕੀਤਾ ਹੀ ਨਹੀਂ ਜਾ ਸਕਦਾ। ਕਦੇ ਕਿਹਾ ਜਾਂਦਾ ਹੈ ਕਿ ਮੌਜੂਦਾ ਜਥੇਦਾਰ ਦਾ ਬਦਲ ਨਹੀਂ ਮਿਲਦਾ ਅਤੇ ਕਦੇ ਕਿਹਾ ਜਾਂਦਾ ਹੈ ਕਿ ਪੈਦਾ ਹੋ ਗਏ ਹਾਲਾਤ ਵਿਚ ਯੋਗ ਬੰਦਾ ਜਥੇਦਾਰ ਲੱਗਣ ਲਈ ਤਿਆਰ ਨਹੀਂ ਹੈ।

ਇਸ ਸਭ ਕੁਝ ਨਾਲ ਲੱਗਣ ਲੱਗ ਪਿਆ ਹੈ ਕਿ ਜੋ ਸਿੱਖ ਸਿਆਸਤਦਾਨਾਂ ਨੂੰ ਠੀਕ ਨਹੀਂ ਬੈਠਦਾ, ਉਹ ਪੰਥਕਤਾ ਦਾ ਹਿੱਸਾ ਹੀ ਨਹੀਂ ਹੈ। ਜਿਸ ਤਰ੍ਹਾਂ ਵਰਤਮਾਨ ਜਥੇਦਾਰ ਨੂੰ ਕਾਇਮ ਰੱਖਿਆ ਜਾ ਰਿਹਾ ਹੈ, ਉਸ ਨਾਲ ਅਕਾਲੀਆਂ ਤੋਂ ਪੰਥਕ ਸੰਭਾਵਨਾਵਾਂ ਦੀ ਆਸ ਮੱਧਮ ਪੈਂਦੀ ਜਾ ਰਹੀ ਹੈ। ਅਕਾਲੀ, ਰਣਜੀਤ ਸਿੰਘ ਕਮਿਸ਼ਨ ਦਾ ਵੀ ਉਹੀ ਹਾਲ ਕਰਨਾ ਚਾਹੁੰਦੇ ਹਨ, ਜੋ ਉਨ੍ਹਾਂ ਨੇ ਜੋਰਾ ਸਿੰਘ ਕਮਿਸ਼ਨ ਦਾ ਕੀਤਾ ਸੀ। ਕੌਣ ਦੱਸੇ ਕਿ ਜੋ ਕੁਝ ਸਰਕਾਰ ਦੀ ਕੁੱਛੜ ਵਿਚ ਬੈਠ ਕੇ ਹੋ ਗਿਆ ਸੀ, ਉਹ ਪੰਥਕ ਕੁੱਛੜ ਵਿਚ ਬੈਠ ਕੇ ਸੰਭਵ ਹੀ ਨਹੀਂ ਹੈ। ਜੇ ਰਣਜੀਤ ਸਿੰਘ ਦੀ ਰਿਪੋਰਟ ਵਿਚ ਬਾਦਲਕਿਆਂ ਮੁਤਾਬਕ ਕੁਝ ਹੈ ਹੀ ਨਹੀਂ ਤਾਂ ਸਿਆਸੀ ਚੀਕ ਚਿਹਾੜਾ ਕਾਹਦੇ ਵਾਸਤੇ ਹੈ?


ਸਿਆਸਤ ਦੀ ਅਕਾਲੀ ਸ਼ੈਲੀ ਵਿਚ ਕਾਰਪੋਰੇਟ ਸ਼ੈਲੀ ਦੇ ਦਖਲ ਨਾਲ ਜਿੱਤੀਆਂ ਗਈਆਂ ਵਿਧਾਨ ਸਭਾ ਚੋਣਾਂ ਵਿਚ ਪੰਥਕਤਾ ਨੂੰ ਸਿਆਸੀ ਹਥਿਆਰ ਵਾਂਗ ਵਰਤ ਲੈਣ ਦਾ ਖਮਿਆਜ਼ਾ ਭੁਗਤਣ ਲਈ ਅਕਾਲੀ ਇਸ ਵੇਲੇ ਤਿਆਰ ਨਹੀਂ ਹਨ। ਇਸ ਨਾਲ ਅਕਾਲੀਆਂ ਵਿਚੋਂ ਵਰਕਰ ਅਤੇ ਵਾਲੰਟੀਅਰ ਦੀਆਂ ਕੋਟੀਆਂ ਪੈਦਾ ਹੋਣ ਲੱਗ ਪਈਆਂ ਹਨ। ਸੰਘਰਸ਼ ਦੀ ਪੈਦਾਵਾਰ ਪੁਰਾਣੇ ਅਕਾਲੀਆਂ ਅਤੇ ਸੱਤਾ ਦੀ ਪੈਦਾਵਾਰ ਨਵੇਂ ਅਕਾਲੀਆਂ ਨੂੰ ਜਿਸ ਤਰ੍ਹਾਂ ਦੇ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਨਵਾਂ ਵੀ ਹੈ ਅਤੇ ਮੁਸ਼ਕਿਲ ਵੀ। ਸਵਾਲਾਂ ਵਿਚ ਘਿਰੇ ਅਕਾਲੀਆਂ ਨੂੰ ਜਵਾਬ ਦੇਣੇ ਦਿਨੋ ਦਿਨ ਔਖੇ ਹੁੰਦੇ ਜਾਣ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ। ਪੈਦਾ ਹੋ ਰਹੀ ਇਸ ਸਥਿਤੀ ਨੂੰ ਸੁਖਬੀਰ-ਸ਼ੈਲੀ ਵਿਚ ਕਿਵੇਂ ਸੰਭਾਲਣਾ ਹੈ, ਇਸ ਬਾਰੇ ਆਮ ਅਕਾਲੀ ਕੁਝ ਨਹੀਂ ਜਾਣਦਾ। ਇਹ ਵਰਤਾਰਾ ਅਕਸਰ ਸਿਆਸੀ ਦਲਦਲ ਵੱਲ ਜਾਂਦਾ ਹੈ।

ਅਕਾਲੀ ਜਿਸ ਤਰ੍ਹਾਂ ਪੈਦਾ ਹੋ ਗਏ ਸਿਆਸੀ ਸੰਕਟ ਨੂੰ ਆਪਣੇ ਗਲੋਂ ਲਾਹ ਕੇ ਕਾਂਗਰਸੀਆਂ ਦੇ ਗਲ ਪਾਉਣਾ ਚਾਹੁੰਦੇ ਹਨ, ਇਸ ਨੇ ਬਹੁਤੀ ਦੂਰ ਨਹੀਂ ਚੱਲਣਾ। ਇਸ ਨਾਲ ਇਹੋ ਜਿਹਾ ਪ੍ਰਭਾਵ ਵੀ ਪੈਦਾ ਹੋ ਰਿਹਾ ਹੈ ਕਿ ਜਿਸ ਤਰ੍ਹਾਂ ਬਾਦਲਕਿਆਂ ਨੇ ਪਰਿਵਾਰ ਤੋਂ ਪੰਥ ਵਾਰਿਆ ਸੀ, ਉਸੇ ਤਰ੍ਹਾਂ ਸੁਖਬੀਰ ਤੋਂ ਅਕਾਲੀਅਤ ਵਾਰਨ ਵਾਲੀ ਸਿਆਸਤ ਵੱਲ ਵਧ ਰਹੇ ਹਨ। ਸੰਭਲਣ ਦੇ ਰਸਤੇ ਜਿਸ ਤਰ੍ਹਾਂ ਬੰਦ ਲੱਗਣ ਲੱਗ ਪਏ ਹਨ, ਉਸ ਦਾ ਸਬੰਧ ਕਿਸੇ ਨਾ ਕਿਸੇ ਰੂਪ ਵਿਚ ਅਕਾਲ ਤਖਤ ਸਾਹਿਬ ਦੇ ਮੌਜੂਦਾ ਜਥੇਦਾਰ ਨਾਲ ਜੁੜਿਆ ਹੋਇਆ ਹੈ। ਇਸ ਦੇ ਲਮਕ ਜਾਣ ਨਾਲ ਸ਼੍ਰੋਮਣੀ ਕਮੇਟੀ ਦੇ

***(ਬਾਕੀ ਅਗਲੇ ਸਫੇ 'ਤੇ)***

# ਭਾਜਪਾ ਦੀ ਟੇਕ 'ਇੱਕ ਦੇਸ਼, ਇੱਕ ਚੋਣ' ਜਾਂ ਦੋ ਦੌਰਾਂ ਵਿਚ ਸਾਰਾ ਦੇਸ਼!

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਿਛਲੇ ਮਹੀਨੇ ਜਦੋਂ ਪਾਰਲੀਮੈਂਟ ਵਿਚ ਭਾਰਤੀ ਜਨਤਾ ਪਾਰਟੀ ਵਾਲਿਆਂ ਨੂੰ ਭਰੋਸੇ ਦੇ ਵੋਟ ਦਾ ਸਾਹਮਣਾ ਕਰਨਾ ਪੈਣਾ ਸੀ, ਉਦੋਂ ਉਨ੍ਹਾਂ ਦੀ ਮਦਦ ਲਈ ਜਿਹੜੀਆਂ ਬਾਹਰਲੀਆਂ ਧਿਰਾਂ ਬਹੁੜੀਆਂ ਸਨ, ਉਨ੍ਹਾਂ ਵਿਚ ਨਵੇਂ ਬਣੇ ਰਾਜ ਵਿਚ ਸਰਕਾਰ ਚਲਾ ਰਹੀ ਤੇਲੰਗਾਨਾ ਰਾਸ਼ਟਰੀ ਸੰਮਤੀ ਸ਼ਾਮਲ ਸੀ। ਰਾਜਨੀਤੀ ਦੇ ਦਾਅ ਪਰਖਣ ਵਾਲੇ ਮਾਹਰਾਂ ਨੇ ਉਦੋਂ ਹੀ ਕਹਿ ਦਿੱਤਾ ਸੀ ਕਿ ਇਸ ਪਾਰਟੀ ਦਾ ਮੁਖੀ ਚੰਦਰ ਸ਼ੇਖਰ ਰਾਓ ਇਸ ਵਾਰੀ ਲੋਕ ਸਭਾ ਚੋਣਾਂ ਵਿਚ ਭਾਜਪਾ ਨਾਲ ਆਪਣੀ ਸਿੱਧੀ ਜਾਂ ਲੁਕਵੀਂ ਸਾਂਝ ਪਾਉਣ ਦੇ ਮੂਡ ਵਿਚ ਹੈ। ਬੀਤਿਆ ਹਫਤਾ ਸਿਰੇ ਲੱਗਣ ਤੱਕ ਇਸ ਦਾ ਸਪੱਸ਼ਟ ਸੰਕੇਤ ਉਦੋਂ ਨਵੇਂ ਸਿਰਿਓਂ ਮਿਲ ਗਿਆ, ਜਦੋਂ ਚੰਦਰ ਸ਼ੇਖਰ ਰਾਓ ਨੇ ਅਚਾਨਕ ਆਪਣੇ ਰਾਜ ਦੀ ਵਿਧਾਨ ਸਭਾ ਭੰਗ ਕਰਵਾਈ ਅਤੇ ਪਾਰਲੀਮੈਂਟ ਦੇ ਨਾਲ ਵਿਧਾਨ ਸਭਾ ਚੋਣਾਂ ਲਈ ਰਾਹ ਪੱਧਰਾ ਕਰ ਦਿੱਤਾ।

ਇਹੋ ਕੁਝ ਤਾਂ ਭਾਜਪਾ ਚਾਹੁੰਦੀ ਸੀ। ਜਿਤਣਾ ਨਰਿੰਦਰ ਮੋਦੀ ਹਰ ਜਲਸੇ ਵਿਚ ਚੁਫੇਰੇ ਬਾਂਹ ਘੁਮਾ ਕੇ ਕਿਹਾ ਕਰਦਾ ਸੀ ਕਿ ਭਾਜਪਾ ਹਰ ਪਾਸੇ ਛਾਈ ਜਾਂਦੀ ਹੈ ਤੇ ਉਸ ਦਾ ਰਾਹ ਰੋਕਣ ਦਾ ਹੌਸਲਾ ਕਰਨ ਵਾਲਾ ਕੋਈ ਨਹੀਂ ਰਿਹਾ, ਉਹ ਮੂੰਹੋਂ ਜੋ ਵੀ ਕਹਿੰਦਾ ਰਹੇ, ਇਸ ਵਾਰੀ ਲੋਕ ਸਭਾ ਚੋਣਾਂ ਵਿਚ ਪੈਣ ਤੋਂ ਪਹਿਲਾਂ ਕਈ ਗੱਲਾਂ ਦਾ ਖਤਰਾ ਮਹਿਸੂਸ ਕਰ ਰਿਹਾ ਹੈ। ਪ੍ਰਧਾਨ ਮੰਤਰੀ ਵਾਲੀ ਕੁਰਸੀ ਤੱਕ ਪੁੱਜਣ ਲਈ ਜਿਹੜੇ ਅਤੇ ਜਿੰਨੇ ਵਾਅਦੇ ਉਸ ਨੇ ਕੀਤੇ ਸਨ, ਉਹ ਸਾਰੇ ਘੁਗਲ ਹੋ ਚੁੱਕੇ ਹਨ ਤੇ ਲੋਕ ਉਨ੍ਹਾਂ ਜੁਮਲਿਆਂ ਕਾਰਨ ਅਗਲੀ ਵਾਰੀ ਕਿਸੇ ਵੀ ਨਵੇਂ ਜੁਮਲੇ ਉਤੇ ਭਰੋਸਾ ਕਰਨ ਤੋਂ ਪਹਿਲਾਂ ਸੌ ਵਾਰੀ ਸੋਚਣਗੇ।

ਭਾਜਪਾ ਲੀਡਰਸ਼ਿਪ ਤੇ ਖਾਸ ਤੌਰ ਉਤੇ ਇਸ ਦੇ ਮੋਹਰੀ ਆਗੂ ਨਰਿੰਦਰ ਮੋਦੀ ਨੂੰ ਚਿੰਤਾ ਲਾਉਣ ਦਾ ਕੰਮ ਅਗਲੇ ਦਿਨਾਂ ਵਿਚ ਆ ਰਹੀਆਂ ਤਿੰਨ ਰਾਜਾਂ ਦੀਆਂ ਚੋਣਾਂ ਵੀ ਕਰੀ ਜਾਂਦੀਆਂ ਹਨ। ਛੱਤੀਸਗੜ੍ਹ ਦੇ ਸਰਵੇਖਣ ਮੁਤਾਬਕ ਭਾਜਪਾ ਪਾਰ ਲੱਗਦੀ ਨਹੀਂ ਜਾਪਦੀ। ਮੱਧ ਪ੍ਰਦੇਸ਼ ਵਿਚ ਉਸ ਦੀ ਹਾਲਤ ਬੁਰੀ ਸੁਣੀਂਦੀ ਹੈ। ਸਭ ਤੋਂ ਮਾੜਾ ਹਾਲ ਰਾਜਸਥਾਨ ਵਿਚ ਹੈ, ਜਿੱਥੇ ਪਿਛਲੇ ਸਮੇਂ



ਵਿਚ ਹੋਈਆਂ ਸਾਰੀਆਂ ਲੋਕ ਸਭਾ ਤੇ ਵਿਧਾਨ ਸਭਾ ਉਪ ਚੋਣਾਂ ਵਿਚ ਇਸ ਦੀ ਝੋਲੀ ਵਿਚ ਹਾਰ ਪਈ ਹੈ। ਇਨ੍ਹਾਂ ਤਿੰਨਾਂ ਰਾਜਾਂ ਵਿਚ ਦਸੰਬਰ ਜਾਂ ਜਨਵਰੀ ਦੇ ਪਹਿਲੇ ਹਫਤੇ ਚੋਣਾਂ ਹੋਣ ਵਾਲੀਆਂ ਹਨ। ਭਾਰਤ ਦੀ ਪਾਰਲੀਮੈਂਟ ਵਿਚ ਇਨ੍ਹਾਂ ਤਿੰਨਾਂ ਰਾਜਾਂ ਦੀਆਂ ਕੁੱਲ ਮਿਲਾ ਕੇ 65 ਸੀਟਾਂ ਹਨ ਤੇ ਗੱਲ 65 ਸੀਟਾਂ ਤੋਂ ਵੱਡੀ ਇਹ ਹੈ ਕਿ ਪਾਰਲੀਮੈਂਟ ਚੋਣਾਂ ਵਿਚ ਜਦੋਂ ਮਸਾਂ ਦੋ-ਤਿੰਨ ਮਹੀਨੇ ਬਾਕੀ ਹੋਏ, ਉਸ ਵੇਲੇ ਤਿੰਨਾਂ ਰਾਜਾਂ ਦੀ ਹਾਰ ਨੇ ਲੋਕ ਸਭਾ ਦੇ ਲਈ ਭਾਜਪਾ ਦੀ ਚੋਣ ਮੁਹਿੰਮ ਦੇ ਟਾਇਰ ਪੰਕਚਰ ਕਰ ਛੱਡਣੇ ਹਨ। ਇਸ ਤੋਂ ਭਾਜਪਾ ਲੀਡਰਸ਼ਿਪ ਚਿੰਤਾ ਵਿਚ ਹੈ।

ਚਿੰਤਾ 'ਚੋਂ ਨਿਕਲਣ ਲਈ ਭਾਜਪਾ ਨੇ ਛੇ ਕੁ ਮਹੀਨੇ ਪਹਿਲਾਂ ਇਹ ਗੱਲ ਜ਼ੋਰ ਨਾਲ ਚਲਾਈ ਸੀ ਕਿ ਪਾਰਲੀਮੈਂਟ ਦੇ ਨਾਲ ਹੀ ਸਾਰੇ ਦੇਸ਼ ਵਿਚ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵੀ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਇਸ ਦੀ ਅਸਲੀ ਇੱਛਾ ਇਹ ਸੀ ਕਿ ਤਿੰਨਾਂ ਰਾਜਾਂ ਵਿਚ ਲੱਗ ਸਕਦੇ ਝਟਕੇ ਤੋਂ ਬਚਣ ਲਈ ਉਨ੍ਹਾਂ ਤਿੰਨ ਦੀਆਂ ਚੋਣਾਂ ਦਸੰਬਰ ਵਿਚ ਕਰਵਾਉਣ ਤੋਂ ਬਚਣ ਦਾ ਰਾਹ ਲੱਭਿਆ ਜਾਵੇ। ਅੱਗੋਂ ਸਵਾਲ ਇਹ ਉਠਦਾ ਸੀ ਕਿ ਜਿਹੜੇ ਰਾਜਾਂ ਵਿਚ ਹਾਲੇ ਚੋਣਾਂ ਹੋਈਆਂ ਨੂੰ ਇੱਕ ਸਾਲ ਵੀ ਨਹੀਂ ਹੋਇਆ, ਉਨ੍ਹਾਂ ਨੂੰ ਏਨੀ ਜਲਦੀ ਚੋਣ ਝਮੇਲੇ ਵਿਚ ਪਾਉਣ ਨੂੰ ਜਾਇਜ਼ ਕਰਾਰ ਦੇਣਾ ਔਖਾ ਹੋਵੇਗਾ, ਇਸ ਲਈ ਨਵਾਂ ਰਾਹ ਇਹ ਕੱਢ ਲਿਆ ਕਿ ਅੱਧੇ ਦੇਸ਼ ਵਿਚ ਲੋਕ ਸਭਾ ਦੇ ਨਾਲ ਅਤੇ ਅੱਧੇ ਦੇਸ਼ ਵਿਚ ਲੋਕ ਸਭਾ ਦੇ ਅੱਧ ਵਿਚ ਕਰਾਉਣ ਦੀ ਸਹਿਮਤੀ ਪੈਦਾ ਕਰ ਲਈ ਜਾਵੇ।

ਨਵੇਂ ਫਾਰਮੂਲੇ ਨਾਲ ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਚੋਣਾਂ ਕਰਾਉਣ ਦੀ ਥਾਂ ਚਾਰ ਮਹੀਨੇ ਗਵਰਨਰੀ ਰਾਜ ਲਾ ਕੇ ਲੋਕ ਸਭਾ ਚੋਣਾਂ ਨਾਲ ਜੋੜ ਲਓ ਤੇ ਤੇਲੰਗਾਨਾ, ਆਂਧਰਾ ਪ੍ਰਦੇਸ਼, ਉੜੀਸਾ, ਸਿੱਕਮ ਤੇ ਅਰੁਣਾਚਲ ਪ੍ਰਦੇਸ਼ ਵਿਚ ਚੋਣਾਂ ਉਂਜ ਹੀ ਲੋਕ ਸਭਾ ਨਾਲ ਹੋਣ ਵਾਲੀਆਂ ਹਨ, ਉਹ ਵੀ ਇਸ ਨਾਲ ਜੋੜ ਲਈਆਂ ਜਾਣਗੀਆਂ। ਇਨ੍ਹਾਂ ਅੱਠ ਰਾਜਾਂ ਵਿਚ ਚੋਣਾਂ ਨੂੰ ਲੋਕ ਸਭਾ ਨਾਲ ਚੋਣਾਂ ਜੋੜਨ ਮਗਰੋਂ ਜੰਮੂ-ਕਸ਼ਮੀਰ, ਹਰਿਆਣਾ, ਝਾਰਖੰਡ ਤੇ ਮਹਾਰਾਸ਼ਟਰ ਵਿਚ ਇਸ ਨੂੰ ਜੋੜਨ ਦੀ ਗੁੰਜਾਇਸ਼ ਕੱਢ ਲੈਣੀ ਸੁਖਾਲੀ ਰਹੇਗੀ ਕਿਉਂਕਿ ਉਨ੍ਹਾਂ ਚਾਰਾਂ ਵਿਚ ਹੋਰ ਚਾਰ ਛੇ ਮਹੀਨਿਆਂ ਨੂੰ ਵਿਧਾਨ ਸਭਾ ਦੀ ਮਿਆਦ ਮੁੱਕ ਜਾਣੀ ਹੈ। ਫਿਰ ਵੀ ਇਸ ਕੰਮ ਲਈ ਉਨ੍ਹਾਂ ਰਾਜਾਂ ਦੀ ਸਹਿਮਤੀ ਚਾਹੀਦੀ ਸੀ, ਜਿਸ ਦੀ ਸ਼ੁਰੂਆਤ ਦਾ ਤੀਰ ਚੰਦਰ ਸ਼ੇਖਰ ਤੋਂ ਚਲਵਾਇਆ ਗਿਆ ਹੈ।


ਗੱਲ ਫਿਰ ਏਨੇ ਉਤੇ ਟਿਕਣ ਵਾਲੀ ਨਹੀਂ। ਦਿੱਲੀ ਵੱਲੋਂ ਆਉਂਦੇ ਅਵਾੜੇ ਇਹ ਦੱਸਦੇ ਹਨ ਕਿ ਅਗਲੇਰੇ ਸਾਲ ਪੁੱਗਦੀ ਮਿਆਦ ਵਾਲੇ ਬਿਹਾਰ ਵਿਚ ਅਗੇਤੀਆਂ ਚੋਣਾਂ ਕਰਵਾਉਣ ਲਈ ਭਾਜਪਾ ਦੇ ਹੱਥੀਂ ਚੜ੍ਹੇ ਨਿਤੀਸ਼ ਕੁਮਾਰ ਕੋਲੋਂ ਵੀ ਚੰਦਰ ਸ਼ੇਖਰ ਰਾਓ ਵਾਂਗ ਵਿਧਾਨ ਸਭਾ ਭੰਗ ਕਰਾਉਣ ਦੀ ਚਾਲ ਚਲਵਾਈ ਜਾ ਸਕਦੀ ਹੈ। ਅੱਜ ਦੀ ਤਰੀਕ ਵਿਚ ਜਿੱਦਾਂ ਦੇ ਹਾਲਾਤ ਹਨ, ਨਿਤੀਸ਼ ਕੁਮਾਰ ਕਿਸੇ ਵੀ ਸੂਰਤ ਵਿਚ ਭਾਜਪਾ ਨੂੰ ਇਸ ਲਈ ਛੱਡ ਨਹੀਂ ਸਕਦਾ ਕਿ ਛੱਡਣ ਦੀ ਸੂਰਤ ਵਿਚ ਕੋਈ ਵੀ ਹੋਰ ਪਾਰਟੀ ਉਸ ਨੂੰ ਨੇੜੇ ਲਾਉਣ ਨੂੰ ਤਿਆਰ ਨਹੀਂ। ਅਸਲ ਵਿਚ ਉਹ ਇਸ ਵੇਲੇ ਭਾਜਪਾ ਗੱਠਜੋੜ ਦਾ ਭਾਈਵਾਲ ਮੁੱਖ ਮੰਤਰੀ ਨਾ ਰਹਿ ਕੇ ਭਾਜਪਾ ਦਾ ਸਿਆਸੀ ਕਾਰਿੰਦਾ ਬਣ ਚੁੱਕਾ ਹੈ, ਜਿਸ ਨੂੰ ਭਾਜਪਾ ਲੀਡਰਸ਼ਿਪ ਜੋ ਕਰਨ ਲਈ ਕਹੇਗੀ, ਉਹ ਕਰਨ ਤੋਂ ਨਾਂਹ ਨਹੀਂ ਕਰ ਸਕਦਾ। ਭਾਜਪਾ ਏਸੇ ਲਈ ਨਿਤੀਸ਼ ਕੁਮਾਰ ਕੋਲੋਂ ਇਹ ਐਲਾਨ ਕਰਵਾ ਕੇ ਸਾਰੇ ਭਾਰਤ ਵਿਚ ਸਿਰਫ ਦੋ ਵਾਰੀਆਂ ਵਿਚ ਚੋਣਾਂ ਕਰਾਉਣ ਦਾ ਆਪਣਾ ਦਾਅ ਖੇਡਣ ਦੇ ਰੌਂਅ ਵਿਚ ਹੈ।

ਆਖਰੀ ਫੈਸਲਾ ਇਸ ਬਾਰੇ ਚੋਣ ਕਮਿਸ਼ਨ ਨੇ ਕਰਨਾ ਹੈ। ਚੋਣ ਕਮਿਸ਼ਨ ਨੇ ਪਹਿਲਾਂ ਭਾਜਪਾ ਲੀਡਰਸ਼ਿਪ ਦੀ ਹਾਂ ਵਿਚ ਹਾਂ ਮਿਲਾਈ ਕਿ ਸਾਰੇ ਦੇਸ਼ ਵਿਚ ਇੱਕੋ ਵਾਰੀ ਚੋਣਾਂ ਹੋਣੀਆਂ ਚਾਹੀਦੀਆਂ ਹਨ, ਪਰ ਬਾਅਦ ਵਿਚ ਉਸ ਦੇ ਸਾਹਮਣੇ ਇਹ ਸੰਵਿਧਾਨਕ ਅੜਾਉਣੀ ਆ ਗਈ ਕਿ ਇਸ ਤਰ੍ਹਾਂ ਕਰਨ ਲਈ ਸੰਵਿਧਾਨ ਵਿਚ ਸੋਧ ਕਰਨੀ ਪਵੇਗੀ ਤੇ ਇਹ ਕੰਮ ਖੜੇ ਪੈਰ ਹੋਣ ਵਾਲਾ ਨਹੀਂ ਜਾਪਦਾ। ਫਿਰ ਇਹੋ ਗੱਲ ਲਾਅ ਕਮਿਸ਼ਨ ਤੋਂ ਕਰਾਉਣ ਦੀ ਕੋਸ਼ਿਸ਼ ਹੋਈ ਤੇ ਜਦੋਂ ਫਿਰ ਵੀ ਗੱਲ ਨਾ ਬਣੀ ਤਾਂ ਸਾਰੇ ਭਾਰਤ ਵਿਚ ਸਿਰਫ ਦੋ ਵਾਰੀ ਚੋਣਾਂ ਕਰਾਉਣ ਉਤੇ ਅੱਖ ਟਿਕ ਗਈ ਹੈ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਭਾਜਪਾ ਲੀਡਰਸ਼ਿਪ ਨੇ ਆਪਣੀ ਸੋਚ ਬਦਲ ਲਈ ਹੈ। ਉਸ ਨੂੰ ਡੇਢ ਸਾਲ ਪੁਰਾਣੀ ਪੰਜਾਬ ਦੀ ਕਾਂਗਰਸ ਸਰਕਾਰ ਵੀ ਚੁਭਦੀ ਹੈ, ਕਰਨਾਟਕਾ ਦੀ ਨਵੀਂ-ਨਵੀ ਬਣੀ ਕਾਂਗਰਸ ਅਤੇ ਜਨਤਾ ਦਲ (ਐਸ) ਦੀ ਸਾਂਝੀ ਸਰਕਾਰ ਵੀ ਅਗਲੇ ਸਾਢੇ ਚਾਰ ਸਾਲ ਹੋਰ ਹਜ਼ਮ ਕਰਨੀ ਔਖੀ ਹੈ। ਮਮਤਾ ਬੈਨਰਜੀ ਦੀ ਸਰਕਾਰ ਵੀ ਉਹ ਬਰਦਾਸ਼ਤ ਕਰਨ ਦੀ ਥਾਂ ਆਪਣੇ ਕੌਮੀ ਨੇਤਾ ਦੀ ਸਾਰੇ ਦੇਸ਼ ਵਿਚ ਇੱਕੋ ਪਾਰਟੀ ਦੇ ਰਾਜ ਵਾਲੀ ਸੋਚਣੀ ਨੂੰ ਹਰ ਹਾਲ ਵਿਚ ਸਿਰੇ ਚੜ੍ਹਦਾ ਵੇਖਣ ਨੂੰ ਤਿਆਰ ਹਨ। ਹੜ੍ਹਾਂ ਦੇ ਪਿੱਛੋਂ ਵਾਲੀ ਸਥਿਤੀ ਵਿਚ ਰਾਹਤ ਕਾਰਜਾਂ ਦੇ ਬਹਾਨੇ ਕੇਰਲਾ ਦੇ ਅੰਦਰ ਜਿੱਦਾਂ ਦੀ ਸਰਗਰਮੀ ਵੇਖਣ ਨੂੰ ਮਿਲੀ ਹੈ, ਉਹ ਵੀ ਇਹੋ ਜਿਹੇ ਸੰਕੇਤ ਕਰੀ ਜਾਂਦੀ ਹੈ, ਜਿਨ੍ਹਾਂ ਵਿਚੋਂ ਲੱਭਦਾ ਹੈ ਕਿ ਕੇਂਦਰ ਸਰਕਾਰ ਨੂੰ ਚਲਾਉਣ ਵਾਲੀ ਭਾਜਪਾ ਟੀਮ ਆਪਣੇ ਰਾਜਨੀਤਕ ਪੈਂਤੜੇ ਉਤੋਂ ਹਿੱਲ ਨਹੀਂ ਰਹੀ।

ਜਦੋਂ ਸਾਰੇ ਸੰਕੇਤ ਇਹੋ ਦੱਸ ਰਹੇ ਹਨ ਕਿ ਭਾਜਪਾ ਨੀਤ ਅਤੇ ਨੀਤੀ ਬਾਰੇ ਜ਼ਿਦ ਕਰ ਸਕਦੀ ਹੈ ਤਾਂ ਫਿਰ ਬਾਕੀ ਸਿਆਸੀ ਧਿਰਾਂ ਨੂੰ ਵੀ ਸੋਚਣਾ ਪਵੇਗਾ ਕਿ ਮੁੰਗਲੀ ਕਿਸੇ ਵੇਲੇ ਵੀ ਕੱਛ ਵਿਚੋਂ ਕੱਢ ਕੇ ਮਾਰੀ ਜਾ ਸਕਦੀ ਹੈ।

# ਜ਼ਾਲਮਾਂ ਦੇ ਜੋਟੀਦਾਰੋ ਚੁੱਕੋ ਕੜਛੇ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਬਿਨਾ ਇਸ ਬਹਿਸ ਵਿਚ ਪਏ ਕਿ ਗੁਰੂ ਅਰਜਨ ਦੇਵ ਜੀ ਨੂੰ ਘੋਰ ਤਸੀਹੇ ਦੇ ਕੇ ਸ਼ਹੀਦ ਕਰਨ ਵਿਚ ਚੰਦੂ ਦੀਵਾਨ ਦਾ ਕਿੰਨਾ ਕੁ ਹੱਥ ਸੀ, ਆਪਾਂ ਇਸ ਦੁਸ਼ਟ ਦੇ ਅੰਤਿਮ ਸਮੇਂ ਦਾ ਹਾਲ ਪੜ੍ਹ ਲਈਏ। ਗੁਰੂ ਪਾਤਸ਼ਾਹ ਦੀ ਅਦੁੱਤੀ ਸ਼ਹਾਦਤ ਪਿੱਛੋਂ ਹਾਲਾਤ ਕੁਝ ਐਸੇ ਬਣ ਗਏ ਕਿ ਜਹਾਂਗੀਰ ਬਾਦਸ਼ਾਹ, ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦਾ ਮੁਰੀਦ ਹੋ ਗਿਆ। ਉਸ ਸਮੇਂ ਦੇ ਚਲਦੇ ਕਾਨੂੰਨ ਮੁਤਾਬਕ ਗੁਰੂ ਹਰਿਗੋਬਿੰਦ ਸਾਹਿਬ ਦੇ ਕਹਿਣ 'ਤੇ ਚੰਦੂ ਨੂੰ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤਾ ਗਿਆ। ਉਸ ਦੇ ਗੁਰੂਕਿਆਂ ਦੀ ਗ੍ਰਿਫਤ 'ਚ ਆਉਣ ਸਮੇਂ ਦਾ ਦ੍ਰਿਸ਼ ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿਚ ਇਉਂ ਬਿਆਨ ਕਰਦੇ ਹਨ:

ਖਰੋ ਕਰਯੋ ਸਿਰ ਪਾਗ ਉਤਾਰੀ
ਗਾਢੀ ਮੁਸ਼ਕਾਂ ਦੇ ਤਿਸ ਬਾਰੀ।
ਨਗਨ ਸੀਸ ਚੰਦੂ ਕੋ ਕਰ ਕੈ,
ਡਾਰੀ ਖਾਕ ਮੁਸ਼ਟਿ ਭਰਿ ਭਰਿ ਕੇ!

ਨੰਗੇ ਸਿਰ ਅਤੇ ਮੂੰਹ-ਸਿਰ ਮਿੱਟੀ ਨਾਲ ਭਰ ਕੇ ਉਸ ਨੂੰ ਲਾਹੌਰ ਲਿਜਾਇਆ ਗਿਆ। ਕਹਿੰਦੇ ਨੇ, ਗੁਰੂ ਮਹਾਰਾਜ ਨੇ ਲਾਹੌਰ ਦੀ ਸੰਗਤ ਨੂੰ ਆਦੇਸ਼ ਦਿੱਤਾ ਕਿ ਹਰ ਗੁਰੂ ਨਾਨਕ ਨਾਮ ਲੇਵਾ ਮਾਈ-ਭਾਈ ਲੰਘਦਾ-ਵੜਦਾ ਇਸ ਦੁਸ਼ਟ ਦੇ ਪੰਜ ਜੁੱਤੀਆਂ ਜ਼ਰੂਰ ਮਾਰ ਕੇ ਜਾਵੇ:

ਜੋ ਸਤਿਗੁਰ ਕੇ ਸਿਖ ਕਹਾਵੈਂ,
ਪਨਹੀ (ਜੁੱਤੀ) ਪੰਚ ਦੁਸ਼ਟ ਕੋ ਲਾਵੈਂ।
(ਪੰਥ ਪ੍ਰਕਾਸ਼)

ਸਵਰਗੀ ਢਾਡੀ ਗਿਆਨੀ ਦਯਾ ਸਿੰਘ ਦਿਲਬਰ ਇਹ ਪ੍ਰਸੰਗ ਸੁਣਾਉਂਦਿਆਂ ਇਸ ਵਿਚ ਵਿਅੰਗ-ਰਸ ਭਰ ਕੇ ਕਹਿੰਦੇ ਹੁੰਦੇ ਸਨ ਕਿ ਖਾਲਸਾ ਜੀ, ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਕਿਸੇ ਗੁਨਾਹਗਾਰ ਦੀ ਛਿੱਤਰ ਪਰੇਡ ਕਰਨ ਲਈ ਸਾਡੇ ਭਾਈਚਾਰੇ ਨੂੰ ਕਿੰਨਾ ਚਾਅ ਚੜ੍ਹ ਜਾਂਦਾ ਹੁੰਦਾ ਐ! ਗੁਨਾਹਗਾਰ ਵੀ ਜੇ ਕਿਤੇ ਗੁਰੂ-ਦ੍ਰੋਹੀ ਜਾਂ ਪੰਥ-ਦੋਖੀ ਹੋਵੇ, ਫਿਰ ਤਾਂ ਸਾਡਾ ਜੋਸ਼ ਹੋਰ ਵੀ ਦੂਣ-ਸਵਾਇਆ ਵਧ ਜਾਂਦਾ ਹੈ। ਅਜਿਹਾ ਹੀ ਜਲਾਲ ਚੰਦੂ ਪ੍ਰਤੀ ਗੁਰੂ ਹੁਕਮ ਸੁਣ ਕੇ ਸਿੱਖ ਸੰਗਤਾਂ ਵਿਚ ਦੇਖਣ ਨੂੰ ਮਿਲਿਆ।

ਕੋਈ ਚੰਦੂ ਦੇ ਨੰਗੇ ਸਿਰ ਵਿਚ 'ਤਾੜ ਤਾੜ' ਕਰਕੇ ਪੰਜ ਜੁੱਤੀਆਂ ਮਾਰਨ ਪਿੱਛੋਂ ਗਿਣਤੀ ਭੁੱਲ ਜਾਣ ਦਾ ਬਹਾਨਾ ਮਾਰ ਕੇ ਤੱਤੇ ਘਾਹ ਦੋ-ਚਾਰ ਹੋਰ ਲਾ ਦਿਆ ਕਰੇ। ਕੋਈ ਜਣਾ ਸਵੇਰੇ ਸਵੇਰੇ ਇਹ 'ਡਿਊਟੀ' ਭੁਗਤਾ ਕੇ ਦੁਪਹਿਰ ਜਾਂ ਸ਼ਾਮ ਜਿਹੇ ਨੂੰ ਫੇਰ ਆ ਗੱਜੇ ਕਿ ਮਹਾਰਾਜ ਮੈਂ ਤਾਂ ਹੁਣੇ ਈ ਆਪ ਦਾ ਹੁਕਮ ਸੁਣਿਆ ਐ।

ਗਿਆਨੀ ਗਿਆਨ ਸਿੰਘ ਚੰਦੂ ਦੇ ਹੋਏ ਹਸ਼ਰ ਬਾਰੇ 'ਤਵਾਰੀਖ ਗੁਰੂ ਖਾਲਸਾ' ਵਿਚ ਇਂਜ ਬਿਆਨ ਕਰਦੇ ਹਨ:

"ਭਾਈ ਬਿਧੀਆ ਤੇ ਜੇਠਾ, ਚੰਦੂ ਨੂੰ ਲਾਹੌਰ ਦੇ ਬਾਜ਼ਾਰਾਂ ਵਿਚ ਲੈ ਗਏ। ਹੱਟੀ ਹੱਟੀ ਘੁਮਾ ਕੇ ਉਸ ਤੋਂ ਕੌਡੀਆਂ ਮੰਗਾਈਆਂ...ਸਭ ਲੋਕ ਉਸ ਨੂੰ ਗੁਰੂ-ਦ੍ਰੋਹੀ ਜਾਣ ਕੇ ਤ੍ਰਿਸਕਾਰ ਕਰਦੇ ਸੇ।...ਗਲੀ ਕੂਚਦੇ ਫੇਰਦੇ ਹੋਏ ਜਦ ਉਹ ਗੁਰਦਿੱਤੇ ਭੜਭੂੰਜੇ ਦੇ ਮੱਠ ਉਤੇ ਪਹੁੰਚੇ (ਯਾਦ ਰਹੇ ਇਹ ਗੁਰਦਿੱਤਾ ਭੜਭੂੰਜਾ ਉਹ ਸ਼ਖਸ ਸੀ, ਜਿਸ ਨੇ ਜ਼ਾਲਮ ਚੰਦੂ ਦਾ ਜੋਟੀਦਾਰ ਬਣ ਕੇ, ਪੰਜਵੇਂ ਗੁਰੂ ਦੇ ਸੀਸ ਉਤੇ ਰੇਤ ਗਰਮ ਕਰ ਕਰ ਕੇ ਪਾਈ ਸੀ) ਤਾਂ ਉਸ ਨੇ ਤੱਤੀ ਰੇਤ ਦੇ ਕੜਛੇ ਚੰਦੂ ਦੇ ਸਿਰ ਵਿਚ ਪਾ ਕੇ, ਇਕ ਕੜਛਾ ਉਹਦੇ ਐਸਾ ਮਾਰਿਆ ਕਿ ਤੜਫ ਤੜਫ ਕੇ ਉਸ ਦੇ ਪ੍ਰਾਣ ਨਿਕਲ ਗਏ।... ਤਾਂ ਦਰਿਆ ਕਿਨਾਰੇ ਉਸ ਦੀ (ਚੰਦੂ ਦੀ) ਦੇਹ ਕੁੱਤਿਆਂ ਨੂੰ ਪਾਈ ਗਈ।"

ਸਿੱਖ ਇਤਿਹਾਸ ਦਾ ਇਹ ਟੋਟਾ ਇਸ ਮੌਕੇ ਸੁਣਾਉਣ-ਪੜ੍ਹਾਉਣ ਦਾ ਤਾਤਪਰਜ ਇਹ ਹੈ ਕਿ ਬੇਸ਼ਕ ਗੁਰਦਿੱਤਾ ਭੜਭੂੰਜਾ ਵੀ ਗੁਰੂ ਅਰਜਨ ਦੇਵ ਜੀ 'ਤੇ ਜਬਰ ਜ਼ੁਲਮ ਢਾਹੁਣ ਵਾਲਿਆਂ ਦਾ ਇਕ ਜੋਟੀਦਾਰ ਹੀ ਸੀ, ਪਰ ਰਾਜ-ਮਦੁ ਦੇ ਨਸ਼ੇ 'ਚ ਚੂਰ ਹੋ ਕੇ ਉਹਨੂੰ ਪਾਪ ਦਾ ਭਾਗੀਦਾਰ ਬਣਾਉਣ ਵਾਲੇ ਚੰਦੂ ਦੇ ਨੱਕ 'ਚ ਨਕੇਲ ਅਤੇ ਉਸ ਦੇ 'ਠਾਹ ਠਾਹ' ਜੁੱਤੀਆਂ ਵੱਜਦੀਆਂ ਦੇਖ ਕੇ ਭੜਭੂੰਜੇ ਨੂੰ ਅਹਿਸਾਸ ਹੋਇਆ ਕਿ ਉਹ ਕਿੱਡੇ ਜ਼ਾਲਮ ਦੀਵਾਨ ਦਾ ਸਾਥੀ ਬਣਿਆ ਸੀ।

ਮਤਲਬ ਕਿ ਕਿਸੇ ਕਾਰਨ ਵੱਸ ਜਬਰ-ਜ਼ੁਲਮ ਕਰਨ ਵਾਲੇ ਦਾ ਸਾਥ ਦਿੰਦੇ ਰਹੇ ਭੱਦਰਪੁਰਸ਼ਾਂ ਨੂੰ ਆਪਣੇ ਕੀਤੇ 'ਤੇ ਪਛਤਾਵਾ ਤਾਂ ਹੋਵੇ, ਪਰ ਏਨਾ ਕੁ ਗੁੱਸਾ ਵੀ ਚੜ੍ਹੇ ਕਿ ਉਹ 'ਚੰਦੂਆਂ' ਦੇ ਸਿਰ ਵਿਚ ਕੜਛਾ ਮਾਰ ਕੇ ਉਨ੍ਹਾਂ ਨੂੰ ਦਿਨੇ ਤਾਰੇ ਵੀ ਵਿਖਾ ਦੇਣ। ਆਮੀਨ!

# ਬਾਣੀ, ਬੇਅਦਬੀ ਅਤੇ ਸਿਆਸਤ

*(ਪਿਛਲੇ ਸਫੇ ਦੀ ਬਾਕੀ)*

ਪ੍ਰਧਾਨ ਨੂੰ ਵੀ ਇਸ ਦੀ ਲਪੇਟ ਵਿਚ ਆਉਣਾ ਪੈ ਸਕਦਾ ਹੈ। ਸਮੱਸਿਆ ਇਹੀ ਹੈ ਕਿ ਸਿੱਖ ਸੰਸਥਾਵਾਂ ਜਿਸ ਤਰ੍ਹਾਂ ਅਕਾਲੀ ਸਿਆਸਤ ਦੀ ਭੇਟ ਚੜ੍ਹ ਰਹੀਆਂ ਹਨ, ਉਸੇ ਸੁਰ ਵਿਚ ਅਕਾਲੀ ਆਗੂਆਂ ਨੂੰ ਪੰਥ ਦੀ ਭੇਟ ਚੜ੍ਹਨਾ ਪੈ ਸਕਦਾ ਹੈ। ਅਕਾਲੀਅਤ ਮਹਿਜ਼ ਸਿਆਸਤ ਨਹੀਂ, ਪੰਥਕਤਾ ਹੈ ਅਤੇ ਹਾਲਾਤ ਦੱਸ ਰਹੇ ਹਨ ਕਿ ਸਮਾਂ ਬਾਦਲ-ਮੁਕਤ ਅਕਾਲੀਅਤ ਦਾ ਆ ਗਿਆ ਹੈ।

ਇਸ ਵੇਲੇ ਜੋ ਅਕਾਲੀ ਸਿਆਸਤ ਦੀ ਕੰਧ 'ਤੇ ਲਿਖਿਆ ਜਾ ਚੁਕਾ ਹੈ, ਉਸ ਨੂੰ ਪੜ੍ਹਨ ਤੋਂ ਇਨਕਾਰੀ ਜਾਂ ਮਹਿਰੂਮ ਹੋਣ ਨਾਲ ਸਮੱਸਿਆ ਹੋਰ ਸੰਗੀਨ ਹੁੰਦੀ ਜਾਣੀ ਹੈ। ਇਸ ਸਿਆਸੀ ਘੜਮੱਸ ਵਿਚ ਸਿਆਸੀ ਆਪਾਧਾਪੀ ਅਕਾਲੀਆਂ ਦੇ ਅੰਦਰ ਵੀ ਪੈਦਾ ਹੋਣ ਲੱਗ ਪਈ ਹੈ। ਜਿਸ ਤਰ੍ਹਾਂ ਬਾਦਲਕੇ ਆਮ ਸਿੱਖ ਦੀ ਅੱਖ ਵਿਚੋਂ ਹੰਝੂ ਵਾਂਗ ਡਿੱਗ ਪਏ ਹਨ, ਉਸ ਨੂੰ ਛੇਤੀ ਛੇਤੀ ਪੰਥਕ ਅੱਖ ਵਿਚ ਟਿਕਾ ਸਕਣਾ ਸੌਖਾ ਨਹੀਂ ਹੈ। ਵਿਸ਼ਵਾਸ ਵਿਚੋਂ ਕਿਰੇ ਹੋਏ ਨੂੰ ਸੰਭਲਣ ਦੇ ਮੌਕੇ ਘੱਟ ਹੀ ਮਿਲਦੇ ਹਨ। ਸਿੱਖ ਸਿਆਸਤ ਇਸ ਵੇਲੇ ਸਮਾਜਕ, ਸਭਿਆਚਾਰਕ ਅਤੇ ਧਾਰਮਿਕ ਖੇਤਰ ਵਿਚ ਸ਼ੱਕ ਨਾਲ ਵੇਖੀ ਜਾਣ ਲੱਗ ਪਈ ਹੈ। ਇਸ ਨਾਲ ਪੈਦਾ ਹੋ ਰਹੀ ਸਪੇਸ ਨੂੰ ਸਿਆਸੀ ਸੁਰ ਵਿਚ ਭਰਨ ਦੀ ਕੋਸ਼ਿਸ਼ ਨਿਹਫਲ ਜਾ ਸਕਦੀ ਹੈ। ਇਸੇ ਕਰਕੇ ਅਕਾਲੀ ਸਿਆਸਤ ਦੀ ਲੜਾਈ ਸ਼੍ਰੋਮਣੀ ਕਮੇਟੀ ਰਾਹੀਂ ਨਜਿੱਠੇ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਇਸ ਦੀ ਸ਼ੁਰੂਆਤ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੋਂ ਹੋਣੀ ਹੈ। ਇਥੇ ਹੀ ਬਾਦਲਕੇ ਮਾਰ ਖਾਈ ਜਾ ਰਹੇ ਹਨ। ਇਸ ਸਥਿਤੀ ਵਿਚ ਸਿੱਖ ਸਰੋਕਾਰ ਦਾਅ 'ਤੇ ਲੱਗ ਸਕਦੇ ਹਨ। ਇਸ ਵਿਚੋਂ ਨਿਕਲਣ ਲਈ ਸਿਆਸੀ ਜੋੜ-ਤੋੜ ਦੀ ਥਾਂ ਸੁੱਚੀਆਂ ਸਿੱਖ ਰੀਝਾਂ ਵੱਲ ਪਰਤਣਾ ਵੀ ਪਵੇਗਾ ਅਤੇ ਪਹਿਰੇਦਾਰੀ ਵੀ ਕਰਨੀ ਪਵੇਗੀ।

ਜਿਸ ਮਾਤਰਾ ਵਿਚ ਸਿੱਖ ਸੰਸਥਾਵਾਂ ਸਿਆਸਤ ਮੁਕਤ ਹੋ ਸਕਣਗੀਆਂ, ਉਸੇ ਮਾਤਰਾ ਵਿਚ ਪੰਥਕ ਸਿਆਸਤ ਦੀਆਂ ਸੰਭਾਵਨਾਵਾਂ ਪੈਦਾ ਹੋ ਸਕਣਗੀਆਂ। ਅਕਾਲੀਅਤ ਨੂੰ ਫਿਰ ਤੋਂ ਸਿੱਖ ਸੁਰ ਵਿਚ ਸਥਾਪਤ ਕਰਨ ਵਾਸਤੇ ਬਾਣੀ ਵੱਲ ਪਰਤਣਾ ਪਵੇਗਾ। ਇਸ ਰਾਹੇ ਚਲਦਿਆਂ ਬੰਦਿਆਂ ਨੂੰ ਬਚਾਉਣ ਵਾਲੀ ਸਿਆਸਤ ਕਿਸੇ ਕੰਮ ਨਹੀਂ ਆਉਣੀ। ਇਹ ਠੀਕ ਹੈ ਕਿ ਭਾਰਤੀ ਲੋਕਤੰਤਰ ਨਾਲ ਸਿੱਖ ਲੋਕਤੰਤਰ ਨੂੰ ਤੋਰਨ ਦੀ ਸਮਰੱਥਾ ਵਾਲੀ ਸਿੱਖ ਲੀਡਰਸ਼ਿਪ ਹੀ ਅੱਗੇ ਆ ਸਕੇਗੀ। ਇਸ ਨੂੰ ਬਾਦਲ ਮੁਕਤ ਸਿਆਸਤ ਵਜੋਂ ਨਹੀਂ ਚਿਤਵਾਂਗੇ ਤਾਂ ਪੰਥਕ ਸੁਰ ਵਿਚ ਨਹੀਂ ਉਭਰ ਸਕਾਂਗੇ। ਇਸ ਵਾਸਤੇ ਕਿਸੇ ਵੀ ਰੰਗ ਦੀ ਸਿਆਸਤ ਨਾਲ ਜੁੜੇ ਸਿੱਖਾਂ ਨੂੰ ਵਿਰੋਧੀਆਂ ਵਾਂਗ ਨਹੀਂ, ਗੁਰਭਾਈਆਂ ਵਾਂਗ ਸਮਝਣ ਵਾਲੀ ਸਿੱਖ ਮਾਨਸਿਕਤਾ ਪੈਦਾ ਕਰਨੀ ਪਵੇਗੀ। ਇਸ ਵਾਸਤੇ ਗੁਰੂ ਦੇ ਨਾਮ 'ਤੇ ਜਿਉਣ ਦੇ ਇੱਛਕਾਂ ਨੂੰ ਪੰਥਕ ਸ਼ਿਕੰਜੇ ਵਿਚ ਕੱਸਣ ਤੋਂ ਗੁਰੇਜ਼ ਕਰਨਾ ਪਵੇਗਾ। ਪੈਦਾ ਹੋ ਰਹੀ ਸਿਆਸੀ ਸਪੇਸ ਨੂੰ ਸਿਆਸੀ ਸੁਰ ਵਿਚ ਖੋਹਣ ਦੇ ਨਤੀਜੇ ਸਭ ਦੇ ਸਾਹਮਣੇ ਹਨ। ਇਸ ਸਪੇਸ ਨੂੰ ਸੰਗਤੀ ਸੁਰ ਵਿਚ ਹੀ ਸੰਭਾਲਿਆ ਜਾਣਾ ਚਾਹੀਦਾ ਹੈ। ਜਿਸ ਮਾਤਰਾ ਵਿਚ ਇਸ ਨਾਲ ਨਿਭ ਸਕਾਂਗੇ, ਉਸੇ ਵਿਚ ਹੀ ਵਿਰਾਸਤੀ ਜੜ੍ਹਾਂ ਨਾਲ ਜੁੜ ਕੇ 'ਪੰਥ ਵੱਸੇ ਮੈਂ ਉਜੜਾਂ ਮਨ ਚਾਉ ਘਨੇਰਾ' ਵਾਲੀ ਸਿੱਖ ਸਿਆਸਤ ਪੈਦਾ ਕਰ ਸਕਾਂਗੇ।

ਸੁੱਚੀਆਂ ਰੀਝਾਂ ਦੀ ਪੈਜ ਸਤਿਗੁਰੂ ਆਪ ਅੰਗ-ਸੰਗ ਸਹਾਈ ਹੋ ਕੇ ਰੱਖਦੇ ਆਏ ਹਨ। ਇਸ ਆਸਥਾ ਦੁਆਲੇ ਉਸਰੀ ਸਿੱਖ ਸਿਆਸਤ ਵੱਲ ਜਿੰਨੀ ਛੇਤੀ ਤੁਰ ਸਕਾਂਗੇ, ਓਨਾ ਹੀ ਮੌਜੂਦਾ ਤਲਿਸਮੀ ਸਿਆਸਤ ਤੋਂ ਮੁਕਤ ਹੋ ਸਕਣ ਵਾਲੇ ਰਾਹ ਪੈ ਸਕਾਂਗੇ। ਸਿਆਸੀ ਬਦਲ ਵਾਸਤੇ ਸਿਆਸਤ ਮੁਕਤ ਪੰਥਕਤਾ ਅੱਗੇ ਆਉਂਦੀ ਰਹੀ ਹੈ ਅਤੇ ਉਸੇ ਵਾਸਤੇ ਸਪੇਸ ਪੈਦਾ ਹੋ ਗਈ ਹੈ। ਪੰਥਕਤਾ ਦੇ ਨਾਂ 'ਤੇ ਸਿਆਸੀ ਦਾਅਵੇਦਾਰੀਆਂ ਦਾ ਹਾਲ ਸਭ ਦੇ ਸਾਹਮਣੇ ਹੈ। ਜੋ ਨਹੀਂ ਸਮਝੇ, ਉਨ੍ਹਾਂ ਨੂੰ ਭੁਗਤਣਾ ਪੈ ਰਿਹਾ ਹੈ ਅਤੇ ਜੋ ਨਹੀਂ ਸਮਝਣਗੇ, ਉਨ੍ਹਾਂ ਨੂੰ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਸਿੱਖ ਪਹੁੰਚ ਨੂੰ ਚਰਚਾ ਵਾਸਤੇ ਖੁੱਲ੍ਹੀ ਛੱਡਿਆ ਜਾ ਰਿਹਾ ਹੈ। ਅੱਗੋਂ ਜੋ ਗੁਰੂ ਜੀ ਨੂੰ ਭਾਵੇ।

ਪੰਜਾਬ ਟਾਈਮਜ਼

*ਸਨਿਚਰਵਾਰ, 15 ਸਤੰਬਰ 2018*

# ਪੰਜਾਬ ਦੀ ਸਿਆਸੀ ਸ਼ਤਰੰਜ

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਕ ਵਾਰ ਫਿਰ ਆਪਣੇ ਪੁੱਤਰ-ਮੋਹ ਦੀ ਗ੍ਰਿਫਤ ਵਿਚ ਆ ਗਏ ਹਨ ਅਤੇ ਬਿਮਾਰ ਹੋਣ ਦੇ ਬਾਵਜੂਦ ਰੈਲੀ ਵਿਚ ਉਚੇਚੇ ਸ਼ਾਮਲ ਹੋ ਕੇ ਉਹੀ ਪੁਰਾਣਾ ਰਾਗ ਅਲਾਪਦੇ ਨਜ਼ਰ ਆਏ। ਯਾਦ ਰਹੇ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਮਾਮਲੇ 'ਤੇ ਬਾਦਲ ਪਿਓ-ਪੁੱਤਰ ਬੁਰੀ ਤਰ੍ਹਾਂ ਫਸੇ ਹੋਏ ਹਨ। ਲੋਕ ਰੋਹ ਕਾਰਨ ਉਨ੍ਹਾਂ ਦੀਆਂ ਸਿਆਸੀ ਸਰਗਰਮੀਆਂ ਉਤੇ ਤਾਂ ਸਿੱਧਾ ਅਸਰ ਪਿਆ ਹੀ ਹੈ, ਪਾਰਟੀ ਦੇ ਕੁਝ ਆਗੂਆਂ ਨੇ ਵੀ ਸਿਰ ਚੁੱਕਦਿਆਂ ਕੁਝ ਸਵਾਲ ਦਾਗੇ ਹਨ। ਹਾਲ ਹੀ ਵਿਚ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਬੇਅਦਬੀ ਮਾਮਲਿਆਂ ਦੀ ਛਾਣਬੀਣ ਕਰਨ ਵਾਲੇ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਪੇਸ਼ ਕੀਤੀ ਗਈ ਸੀ। ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਬਿਮਾਰ ਕਹਿ ਕੇ ਇਸ ਸੈਸ਼ਨ ਵਿਚ ਸ਼ਾਮਲ ਨਹੀਂ ਸਨ ਹੋਏ। ਹੁਣ ਜਦੋਂ ਅਕਾਲੀ ਦਲ ਵੱਲੋਂ ਇਸ ਸੈਸ਼ਨ ਵਿਚ ਬਹਿਸ ਦੌਰਾਨ ਬਾਈਕਾਟ ਕਰਨ ਦਾ ਮਾਮਲਾ ਬਾਦਲਾਂ ਸਿਰ ਪੁੱਠਾ ਪੈ ਗਿਆ ਹੈ, ਲੋਕਾਂ ਅੰਦਰ ਰੋਹ ਲਗਾਤਾਰ ਵਧ ਰਿਹਾ ਹੈ ਅਤੇ ਪਾਰਟੀ ਦੇ ਕੁਝ ਆਗੂ ਵੀ ਵਿਰੁਧ ਬੋਲਣ ਲੱਗ ਪਏ ਹਨ ਤਾਂ ਬਿਮਾਰ ਬਾਦਲ ਅਬੋਹਰ ਵਿਚ ਕੀਤੀ ਰੈਲੀ ਵਿਚ ਦਿਖਾਈ ਦਿੱਤੇ। ਇਸ ਰੈਲੀ ਵਿਚ ਉਨ੍ਹਾਂ ਬੇਅਦਬੀ ਬਾਰੇ ਉਠ ਰਹੇ ਕਿਸੇ ਸਵਾਲ ਦਾ ਜਵਾਬ ਨਹੀਂ ਦਿੱਤਾ, ਸਗੋਂ ਇਸ ਦੀ ਥਾਂ ਪੰਜਾਬ ਦੀ ਫਿਰਕੂ ਸਦਭਾਵਨਾ ਬਣਾਈ ਰੱਖਣ ਲਈ ਕੋਈ ਵੀ ਕੁਰਬਾਨੀ ਕਰਨ ਦਾ ਐਲਾਨ ਕੀਤਾ। ਕੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਿਨਾ ਕਿਸੇ ਠੋਸ ਕਾਰਨ ਪੁਲਿਸ ਵੱਲੋਂ ਦੋ ਨੌਜਵਾਨਾਂ ਨੂੰ ਮਾਰ ਦੇਣ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਨਾਲ ਫਿਰਕੂ ਸਦਭਾਵਨਾ ਟੁੱਟਦੀ ਹੈ? ਮੁੱਖ ਮਸਲਾ ਤਾਂ ਹੁਣ ਇਹੀ ਹੈ ਕਿ ਇਨ੍ਹਾਂ ਲੜੀਵਾਰ ਘਟਨਾਵਾਂ ਲਈ ਜ਼ਿੰਮੇਵਾਰ ਬੰਦਿਆਂ ਵਿਰੁਧ ਕਾਰਵਾਈ ਹੋਵੇ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਜਿਹੜੀਆਂ ਤਾਰਾਂ ਜੋੜੀਆਂ ਹਨ, ਉਸ ਨਾਲ ਉਂਗਲ ਸਿੱਧੀ ਜਾਂ ਅਸਿੱਧੀ ਬਾਦਲਾਂ ਵੱਲ ਵੀ ਉਠਦੀ ਹੈ। ਇਸ ਤੱਥ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਉਸ ਵਕਤ ਬਤੌਰ ਗ੍ਰਹਿ ਮੰਤਰੀ ਪੁਲਿਸ ਫੋਰਸ ਦੀ ਕਮਾਨ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹੱਥ ਸੀ। ਫੋਨ ਕਾਲਾਂ ਦੇ ਵੇਰਵੇ ਦੱਸਦੇ ਹਨ ਕਿ ਗੋਲੀ ਚੱਲਣ ਤੋਂ ਪਹਿਲਾਂ ਮੁੱਖ ਮੰਤਰੀ ਅਤੇ ਪੁਲਿਸ ਮੁਖੀ ਵਿਚਕਾਰ ਬਾਕਾਇਦਾ ਰਾਬਤਾ ਬਣਿਆ ਸੀ। ਉਸ ਤੋਂ ਬਾਅਦ ਜਿਹੜਾ ਗੋਲੀਕਾਂਡ ਵਾਪਰਿਆ, ਉਹ ਕਿਸੇ ਪੁਲਿਸ ਅਫਸਰ ਦਾ ਫੈਸਲਾ ਨਹੀਂ ਸਗੋਂ ਇਸ ਦੇ ਹੁਕਮ ਸਰਕਾਰ ਚਲਾ ਰਹੇ ਆਗੂਆਂ ਵੱਲੋਂ ਹੀ ਆਏ ਸਨ।

ਇਹੀ ਨਹੀਂ, ਅਬੋਹਰ ਰੈਲੀ ਵਿਚ ਸਾਬਕਾ ਮੁੱਖ ਮੰਤਰੀ ਬਾਦਲ ਨੇ ਇਕ ਹੋਰ ਤਰਲਾ ਮਾਰਿਆ ਹੈ। ਉਨ੍ਹਾਂ ਨੇ ਸਿਆਸੀ ਆਗੂਆਂ ਨੂੰ ਇੱਕ ਦੂਜੇ ਖਿਲਾਫ ਕਾਰਵਾਈ ਨਾ ਕਰਨ ਬਾਰੇ ਵਿਧਾਨ ਸਭਾ ਵਿਚ ਦਿੱਤਾ ਸੁਝਾਅ ਯਾਦ ਕਰਵਾਇਆ ਹੈ ਕਿ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਖਿਲਾਫ ਕੇਸ ਵਾਪਸ ਲੈ ਲਿਆ ਸੀ, ਹੁਣ ਇਹੀ ਉਮੀਦ ਕੈਪਟਨ ਤੋਂ ਕੀਤੀ ਜਾ ਰਹੀ ਸੀ। ਉਨ੍ਹਾਂ ਦੀ ਇਸ ਗੱਲ ਵਿਚ ਕੁਝ ਦਮ ਵੀ ਹੈ। ਪਿਛਲੇ ਕੁਝ ਸਮੇਂ ਦੀਆਂ ਸਰਗਰਮੀਆਂ ਤੋਂ ਜਾਹਰ ਹੈ ਕਿ ਕੈਪਟਨ ਅਮਰਿੰਦਰ ਸਿੰਘ ਬਾਦਲ ਪਰਿਵਾਰ ਨੂੰ ਬਚਾਉਣ ਲਈ ਕਈ ਮਾਮਲਿਆਂ ਵਿਚ ਖਾਮੋਸ਼ੀ ਧਾਰੀ ਬੈਠੇ ਹਨ ਪਰ ਸੂਬੇ ਦਾ ਮਾਹੌਲ ਹਾਲਾਤ ਨੂੰ ਹੋਰ ਪਾਸੇ ਲੈ ਕੇ ਜਾ ਰਿਹਾ ਹੈ। ਅਸਲ ਵਿਚ ਜਦੋਂ ਤੋਂ ਅਕਾਲੀ ਦਲ ਦੀ ਕਮਾਨ ਸੁਖਬੀਰ ਸਿੰਘ ਬਾਦਲ ਦੇ ਹੱਥ ਆਈ ਹੈ, ਉਨ੍ਹਾਂ ਨੇ ਅਕਾਲੀ ਦਲ ਨੂੰ ਦਲਦਲ ਵਿਚ ਧੱਕਣ ਤੋਂ ਸਿਵਾ ਕੁਝ ਨਹੀਂ ਕੀਤਾ ਹੈ। ਉਨ੍ਹਾਂ ਪਾਰਟੀ ਅਤੇ ਸਿੱਖ ਸੰਸਥਾਵਾਂ ਉਤੇ ਜਿਸ ਢੰਗ ਨਾਲ ਕੰਟਰੋਲ ਕੀਤਾ ਹੈ, ਉਸ ਦੀ ਕਿਧਰੇ ਕੋਈ ਮਿਸਾਲ ਨਹੀਂ ਮਿਲਦੀ। ਪਾਰਟੀ ਦਾ ਹਰ ਆਗੂ ਉਨ੍ਹਾਂ ਦੇ ਰਹਿਮੋ-ਕਰਮ 'ਤੇ ਰਿਹਾ ਹੈ। ਇਸੇ ਕਰਕੇ ਹੁਣ ਜਦੋਂ ਪਾਰਟੀ ਆਗੂਆਂ ਨੂੰ ਮੌਕਾ ਮਿਲਿਆ ਹੈ ਤਾਂ ਉਨ੍ਹਾਂ ਆਪਣਾ ਗੁਭ-ਗੁਭਾਟ ਕੱਢਣ ਦਾ ਯਤਨ ਕੀਤਾ ਹੈ। ਸਿਆਸੀ ਵਿਸ਼ਲੇਸ਼ਕਾਂ ਮੁਤਾਬਕ, ਹੁਣ ਪਾਰਟੀ ਅੱਗੇ ਦੋ ਅਹਿਮ ਮਸਲੇ ਹਨ। ਇਕ ਤਾਂ ਮੁੱਠੀ ਭਰ ਆਗੂਆਂ ਦਾ ਵਿਰੋਧ ਕਿੰਨੀ ਕੁ ਤਾਣ ਰੱਖੇਗਾ ਅਤੇ ਦੂਜਾ ਪ੍ਰਕਾਸ਼ ਸਿੰਘ ਬਾਦਲ ਪਾਰਟੀ ਨੂੰ ਸੰਕਟ ਵਿਚੋਂ ਕੱਢਣ ਵਿਚ ਕਿੰਨਾ ਕੁ ਕਾਮਯਾਬ ਹੁੰਦੇ ਹਨ। ਪਹਿਲਾਂ ਜਦੋਂ ਵੀ ਕਦੀ ਅਜਿਹੇ ਹਾਲਾਤ ਬਣੇ ਹਨ, ਉਹ ਸਮੁੱਚੀ ਕਮਾਨ ਆਪਣੇ ਹੱਥ ਲੈ ਕੇ ਲੋਕਾਂ ਅੰਦਰ ਚਲੇ ਜਾਂਦੇ ਰਹੇ ਹਨ। ਉਂਜ ਇਸ ਵਾਰ ਹਾਲਾਤ ਕੁਝ ਵੱਖਰੇ ਹਨ। ਵਧ ਰਹੀ ਉਮਰ ਅਤੇ ਸਿਹਤ ਉਨ੍ਹਾਂ ਨੂੰ ਤਿੱਖੀ ਸਰਗਰਮੀ ਦੀ ਆਗਿਆ ਨਹੀਂ ਦੇ ਰਹੀ ਅਤੇ ਸੂਬੇ ਅੰਦਰ, ਖਾਸ ਕਰਕੇ ਦੇਹਾਤ ਵਿਚ, ਪਾਰਟੀ ਖਿਲਾਫ ਲੋਕ ਰੋਹ ਹੈ। ਉਪਰੋਂ ਸੂਬੇ ਅੰਦਰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਹੋ ਰਹੀਆਂ ਹਨ। ਇਸ ਦੇ ਨਾਲ ਹੀ ਕਾਨੂੰਨ ਵਿਵਸਥਾ ਦਾ ਮਸਲਾ ਇਕ ਵਾਰ ਫਿਰ ਉਠਿਆ ਹੈ। ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਬਹੁਤ ਸਾਰੀਆਂ ਥਾਂਵਾਂ ਉਤੇ ਤਾਕਤਵਰ ਪਰਿਵਾਰਾਂ ਨੇ ਵਿਰੋਧੀਆਂ ਦੇ ਨਾਮਜ਼ਦਗੀ ਕਾਗਜ਼ ਜਬਰੀ ਰੱਦ ਕਰਵਾ ਦਿੱਤੇ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਕਤਲ ਦਾ ਮਾਮਲਾ ਵੀ ਭਖਿਆ ਹੋਇਆ ਹੈ। ਆਮ ਆਦਮੀ ਪਾਰਟੀ ਦਾ ਇਕ ਹੋਰ ਮਸਲਾ ਦੋ ਧੜਿਆਂ ਦੀ ਵੱਖ-ਵੱਖ ਸਰਗਰਮੀ ਦਾ ਹੈ। ਪਾਰਟੀ ਨੇ ਚੋਣ ਨਿਸ਼ਾਨ 'ਤੇ ਚੋਣਾਂ ਲੜਨ ਦਾ ਐਲਾਨ ਕਰਕੇ ਸੁਖਪਾਲ ਸਿੰਘ ਖਹਿਰਾ ਧੜੇ ਨੂੰ ਸੰਕਟ ਵਿਚ ਵੀ ਪਾਇਆ ਹੈ। ਅੰਦਰੂਨੀ ਫੁੱਟ ਕਰਕੇ ਪਾਰਟੀ ਨੂੰ ਉਮੀਦਵਾਰ ਵੀ ਨਹੀਂ ਮਿਲ ਰਹੇ। ਇਸ ਸੂਰਤ ਵਿਚ ਮੁੱਖ ਮੁਕਾਬਲਾ ਅਕਾਲੀ ਦਲ ਅਤੇ ਕਾਂਗਰਸ ਉਮੀਦਵਾਰਾਂ ਦਰਮਿਆਨ ਰਹਿਣ ਦੇ ਆਸਾਰ ਹਨ। ਆਮ ਆਦਮੀ ਪਾਰਟੀ ਦੀ ਨਾਲਾਇਕੀ ਦਾ ਜਿੰਨਾ ਵੀ ਫਾਇਦਾ ਕਿਸੇ ਪਾਰਟੀ ਨੂੰ ਹੋਣਾ ਹੈ, ਉਹ ਅਕਾਲੀ ਦਲ ਨੂੰ ਹੀ ਹੋਣਾ ਹੈ। ਅਜਿਹੇ ਹਾਲਾਤ ਵਿਚ ਅਕਾਲੀ ਦਲ ਦੇ ਪੈਰ ਕਿੰਨੇ ਕੁ ਲੱਗਦੇ ਹਨ, ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ ਪਰ ਅਕਾਲ ਤਖਤ ਦੇ ਜਥੇਦਾਰ ਦੀ ਛੁੱਟੀ ਹੋਣ ਬਾਰੇ ਕਿਆਸਅਰਾਈਆਂ ਨੇ ਨਵੀਂ ਸਿਆਸੀ ਪਾਰੀ ਦਾ ਰਾਹ ਜ਼ਰੂਰ ਖੋਲ੍ਹ ਦਿੱਤਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੁੱਤਰ-ਮੋਹ ਦੇ ਪੁਆੜੇ !*

ਅਹੁਦੇ ਆਪਣੇ ਟੱਬਰ ਨੂੰ ਵੰਡ ਕੇ ਤੇ, ਲੋਕ-ਰਾਜ ਦੀ ਰੋਲ'ਤੀ ਪੱਤ ਯਾਰੋ।
ਮੀਰੀ-ਪੀਰੀ ਨੂੰ ਪਿੱਠ ਦੇ ਰੱਖ ਦਿੱਤੀ, ਉਤੇ ਧਰਮ ਦੇ ਸਿਆਸਤ ਦੀ ਲੱਤ ਯਾਰੋ।
ਮਿੰਨ੍ਹੇ ਮੀਸਣੇ ਢੀਠ ਹੋ ਕਰਨ ਦਾਅਵੇ, ਜਿਨ੍ਹਾਂ ਵਿਚ ਨਾ ਰਾਈ ਵੀ ਸਤਿ ਯਾਰੋ।
ਵੋਟਾਂ ਵਾਸਤੇ ਕਰੀਆਂ ਬੇਅਦਬੀਆਂ ਵੀ, ਗੋਲੀਬਾਰੀ ਵੀ ਕਰੀ ਸੀ ਅਤਿ ਯਾਰੋ।
ਭੇਡਾਂ ਵਾਂਗ ਸਿਰ ਚੁੱਕਣਾ ਭੁੱਲਿਆ ਏ, 'ਚੋਗੇ' ਖਾਣ ਲਈ ਸਾਥੀਆਂ ਬੰਨ੍ਹਿਆਂ ਨੂੰ।
ਹੱਕ ਕਿਸੇ ਦੇ ਨਾਹੀਂ ਇਤਿਹਾਸ ਦਿਸਦਾ, ਪੁੱਤਰ-ਮੋਹ ਵਿਚ ਫਿਰ ਹੋ ਗਏ ਅੰਨਿਆਂ ਨੂੰ!

# ਅਕਾਲੀ ਸਿਆਸਤ ਦੇ ਬਦਲ ਰਹੇ ਰੁਝਾਨ

***ਪਿਛਲੀ ਤਕਰੀਬਨ ਇੱਕ ਸਦੀ ਦੌਰਾਨ ਪੰਜਾਬ ਦੇ ਵਸਨੀਕਾਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਬੜਾ ਸ਼ਾਨਾਂਮੱਤਾ ਇਤਿਹਾਸ ਦੇਖਿਆ ਹੈ ਪਰ ਪਿਛਲੇ ਕੁਝ ਸਮੇਂ ਤੋਂ ਅਕਾਲੀ ਸਿਆਸਤ ਲਗਾਤਾਰ ਨਿਘਾਰ ਵੱਲ ਜਾ ਰਹੀ ਹੈ। ਇਸ ਨਿਘਾਰ ਦੇ ਲੱਛਣ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵੇਲੇ ਦਿਸਣੇ ਸ਼ੁਰੂ ਹੋ ਗਏ ਸਨ ਪਰ ਪਾਰਟੀ ਦੀ ਕਮਾਨ ਜਦੋਂ ਤੋਂ ਸੁਖਬੀਰ ਸਿੰਘ ਬਾਦਲ ਦੇ ਹੱਥ ਆਈ ਹੈ, ਪਾਰਟੀ ਨੂੰ ਬਹੁਤ ਤੇਜ਼ੀ ਨਾਲ ਖੋਰਾ ਲੱਗਾ ਹੈ। ਅਕਾਲੀ ਦਲ ਦੀ ਸਮੁੱਚੀ ਸਿਆਸਤ ਬਾਰੇ ਟਿੱਪਣੀ ਪੱਤਰਕਾਰ ਹਮੀਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਭਾਰਤ ਵਿਚ ਬਣੀ ਦੂਜੀ ਸਭ ਤੋਂ ਪੁਰਾਣੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਦੇ ਸਿਤਾਰੇ ਇਸ ਸਮੇਂ ਗਰਦਿਸ਼ ਵਿਚ ਦਿਖਾਈ ਦੇ ਰਹੇ ਹਨ। ਗੁਰਬਾਣੀ ਦੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਪ੍ਰਣਾਈ ਪਾਰਟੀ ਵਲੋਂ ਆਜ਼ਾਦੀ ਤੋਂ ਪਹਿਲਾਂ ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਨਸਲੀ ਦੇਸ਼ ਨੂੰ ਸਹੀ ਰੂਪ ਵਿਚ ਫੈਡਰਲ ਬਣਾਉਣ, ਘੱਟ ਗਿਣਤੀਆਂ ਖਾਸ ਤੌਰ ਉਤੇ ਸਿੱਖਾਂ ਲਈ ਅਤੇ ਐਮਰਜੈਂਸੀ ਦਾ ਵਿਰੋਧ ਕਰਦਿਆਂ ਮਨੁੱਖੀ ਹੱਕਾਂ ਦਾ ਝੰਡਾ ਬੁਲੰਦ ਰੱਖਿਆ। ਸਾਦ-ਮੁਰਾਦੇ ਜਥੇਦਾਰਾਂ ਦੇ ਇਖ਼ਲਾਕ ਸਾਹਮਣੇ ਲੋਭ-ਲਾਲਚ ਅਤੇ ਡਰ ਬੌਣੇ ਦਿਖਾਈ ਦਿੰਦੇ ਰਹੇ। ਲੰਮੇ ਸਮੇਂ ਤੱਕ ਅਕਾਲੀ ਦਲ ਦੇ ਵੱਡੇ ਆਗੂਆਂ ਤੱਕ ਸਾਧਾਰਨ ਬੰਦੇ ਦੀ ਰਸਾਈ ਸੀ। ਪਿੰਡ ਦਾ ਜਥੇਦਾਰ ਵੱਡੇ ਤੋਂ ਵੱਡੇ ਪ੍ਰਧਾਨ ਦੀ ਬਾਂਹ ਫੜ ਕੇ ਲੋਕਾਂ ਦਾ ਕੰਮ ਕਰਾਉਣ ਦੀ ਹੈਸੀਅਤ ਰੱਖਦਾ ਸੀ। ਪਿਛਲੇ ਦੋ ਦਹਾਕਿਆਂ ਤੋਂ ਅਕਾਲੀ ਸਿਆਸਤ ਵਿਚ ਵੱਡੀਆਂ ਤਬਦੀਲੀਆਂ ਦਿਖਾਈ ਦੇ ਰਹੀਆਂ ਹਨ। ਚੋਣਾਂ ਵੇਲੇ ਟਿਕਟ ਦੇਣ ਦਾ ਮਾਪਦੰਡ ਲੋਕਾਂ ਲਈ ਜੇਲ੍ਹ ਕੱਟਣਾ ਜਾਂ ਕੁਰਬਾਨੀ ਹੁੰਦਾ ਸੀ। ਹੁਣ ਮਹਿੰਗੇ ਚਿੱਟੇ ਕੁੜਤੇ ਪਜਾਮੇ, ਬੂਟ, ਲੈਂਡ ਕਰੂਜ਼ਰ ਅਤੇ ਫਾਰਚੂਨਰ ਗੱਡੀਆਂ ਨਾਲ ਲੈਸ ਅਕਾਲੀ ਕਾਕੇ ਅਜਿਹੇ ਜਥੇਦਾਰਾਂ ਦਾ ਮਜ਼ਾਕ ਉਡਾਉਂਦੇ ਦੇਖੇ ਜਾ ਸਕਦੇ ਹਨ।



ਪੰਜਾਬੀ ਸੂਬੇ ਦੇ ਅੰਦੋਲਨ ਵਿਚੋਂ 1966 ਵਿਚ ਬਣੇ ਮੌਜੂਦਾ ਪੰਜਾਬ ਤੋਂ ਬਾਅਦ ਅਕਾਲੀ ਦਲ ਦੀਆਂ ਪੰਜ ਸਰਕਾਰਾਂ ਅੰਦਰੂਨੀ ਕਲੇਸ਼ ਜਾਂ ਕੇਂਦਰ ਦੀ ਤਾਨਾਸ਼ਾਹੀ ਕਾਰਨ ਸੰਵਿਧਾਨ ਦੀ ਧਾਰਾ 356 ਲਗਾ ਕੇ ਤੋੜ ਦਿੱਤੀਆਂ ਜਾਂਦੀਆਂ ਰਹੀਆਂ। ਦਰਿਆਈ ਪਾਣੀਆਂ ਦੀ ਇਕਪਾਸੜ ਵੰਡ ਉਤੇ 31 ਦਸੰਬਰ 1981 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹਦਾਇਤ ਉਤੇ ਪੰਜਾਬ ਦੇ ਉਸ ਵਕਤ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਤੋਂ ਵੀ ਦਸਤਖ਼ਤ ਕਰਵਾ ਲਏ ਗਏ। ਇਸ ਸਮਝੌਤੇ ਤਹਿਤ ਪੰਜਾਬ ਵੱਲੋਂ ਪੰਜਾਬ ਪੁਨਰਗਠਨ ਕਾਨੂੰਨ 1966 ਦੀਆਂ ਧਾਰਾਵਾਂ 78, 79 ਅਤੇ 80 ਨੂੰ ਚੁਣੌਤੀ ਦੇਣ ਦਾ ਸੁਪਰੀਮ ਕੋਰਟ ਵਿਚ ਚੱਲ ਰਿਹਾ ਕੇਸ ਵਾਪਸ ਲੈ ਲਿਆ। ਇਸ ਫੈਸਲੇ ਮੁਤਾਬਿਕ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਦਾ ਉਦਘਾਟਨ ਵਾਲੇ ਦਿਨ, ਭਾਵ 8 ਅਪਰੈਲ 1982 ਨੂੰ ਅਕਾਲੀ ਦਲ ਵੱਲੋਂ ਮੋਰਚਾ ਲਗਾਉਣ ਦਾ ਐਲਾਨ ਕਰ ਦਿੱਤਾ ਗਿਆ। ਬਾਅਦ ਵਿਚ ਇਹੀ ਮੋਰਚਾ ਧਰਮ ਯੁੱਧ ਮੋਰਚੇ ਵਿਚ ਬਦਲ ਗਿਆ। ਧਰਮ ਯੁੱਧ ਮੋਰਚੇ ਵਿਚ ਪਾਣੀਆਂ ਦੀ ਵੰਡ ਨਾਲ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਵਾਲੇ ਆਨੰਦਪੁਰ ਦੇ ਮਤੇ ਸਮੇਤ ਹੋਰ ਮੰਗਾਂ ਵੀ ਸ਼ਾਮਿਲ ਕਰ ਲਈਆਂ ਗਈਆਂ। ਇਹੀ ਉਹ ਦੌਰ ਸੀ ਜਿਸ ਨੇ ਸਿੱਖ ਨੌਜਵਾਨਾਂ ਨੂੰ ਖਾੜਕੂਵਾਦ ਦੇ ਰਾਹ ਤੋਰਿਆ। 1984 ਦਾ ਦਰਬਾਰ ਸਾਹਿਬ ਉਤੇ ਹਮਲਾ, ਦਿੱਲੀ ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਤੇ ਇਸ ਤੋਂ ਬਾਅਦ ਸਿੱਖ ਕਤਲੇਆਮ ਅਤੇ ਫਿਰ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ ਕਰਕੇ ਅਕਾਲੀ ਸਿਆਸਤ ਦਾ ਰੁਝਾਨ ਤੇਜ਼ੀ ਨਾਲ ਤਬਦੀਲ ਹੋਣ ਲੱਗਾ। ਇਸ ਸਮੇਂ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਦੀਆਂ ਜਾਨਾਂ ਗਈਆਂ। ਝੂਠੇ ਪੁਲੀਸ ਮੁਕਾਬਲੇ ਹੋਏ, ਖਾੜਕੂਆਂ ਨੇ ਅਨੇਕ ਲੋਕਾਂ ਦਾ ਕਤਲ ਕੀਤਾ। ਪੰਜਾਬ ਦੀ ਇੱਕ ਪੂਰੀ ਪੀੜ੍ਹੀ ਦਾ ਉਹ ਘਾਣ ਹੋਇਆ ਜਿਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ।

ਇਸ ਪਿਛੋਕੜ ਦੌਰਾਨ ਹੀ 1994 ਵਿਚ ਯੂ.ਐਨ.ਓ. ਦੇ ਸਕੱਤਰ ਜਨਰਲ ਬੁਤਰਸ ਬੁਤਰਸ ਘਾਲੀ ਨੂੰ ਸੌਂਪੇ ਅੰਮ੍ਰਿਤਸਰ ਐਲਾਨਨਾਮੇ ਉਤੇ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਸਿਮਰਨਜੀਤ ਸਿੰਘ ਮਾਨ ਦੇ ਦਸਤਖ਼ਤ ਸਨ। 1997 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਅਕਾਲੀ ਦਲ ਦੇ ਚੋਣ ਐਲਾਨਨਾਮੇ ਵਿਚ ਪੰਜਾਬ ਵਿਚ ਵਾਪਰੇ ਦੁਖਾਂਤ ਦੀ ਗਹਿਰਾਈ ਤੱਕ ਜਾਂਚ ਕਰਵਾਉਣ ਅਤੇ ਦੋਸ਼ੀਆਂ ਨੂੰ ਸਜ਼ਾ ਦਵਾਉਣ ਲਈ ਨਿਆਇਕ ਕਮਿਸ਼ਨ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ। ਸੱਤਾ ਵਿਚ ਆਉਂਦਿਆਂ ਹੀ ਮਿਜ਼ਾਜ ਬਦਲ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ

**ਹਮੀਰ ਸਿੰਘ**
**ਫੋਨ: 91-82888-35707**

ਨੇ ਆਪਣੇ ਸੁਭਾਅ ਮੁਤਾਬਿਕ 'ਪੁਰਾਣੇ 'ਤੇ ਮਿੱਟੀ ਪਾਓ, ਹੁਣ ਅੱਗੇ ਵੱਲ ਸੋਚੀਏ' ਉਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਬਣਿਆ ਪਰ ਉਸ ਕਾਨੂੰਨ ਵਿਚ ਹੀ ਇੱਕ ਸਾਲ ਤੋਂ ਪੁਰਾਣੇ ਕੇਸ ਖੋਲ੍ਹਣ ਦੀ ਮਨਾਹੀ ਕਰ ਦਿੱਤੀ ਗਈ। ਇਹ ਉਹ ਦੌਰ ਸੀ ਜਦੋਂ ਅਕਾਲੀ ਦਲ ਦੀ ਸੋਚ ਅਤੇ ਕਾਰਵਿਹਾਰ ਵਿਚ ਬੁਨਿਆਦੀ ਤਬਦੀਲੀ ਦੀ ਸ਼ੁਰੂਆਤ ਹੋਈ। ਕਾਂਗਰਸ ਅਤੇ ਕਈ ਹੋਰ ਪਾਰਟੀਆਂ ਵਾਂਗ ਬਾਦਲ ਸਰਕਾਰ ਵੀ ਕਹਿਣ ਲੱਗ ਪਈ ਕਿ ਪੰਜਾਬ ਨੇ ਅਤਿਵਾਦ ਖਿਲਾਫ ਦੇਸ਼ ਦੀ ਲੜਾਈ ਲੜੀ ਹੈ। ਨਤੀਜੇ ਵਜੋਂ ਕੇਂਦਰ ਉਤੇ ਸਾਜ਼ਿਸ਼ ਦੇ ਲਗਾਏ ਜਾਂਦੇ ਦੋਸ਼ ਹੁਣ ਨੀਤੀਗਤ ਸਹਿਮਤੀ ਦਿਖਾਉਣ ਲੱਗੇ।

ਅਕਾਲੀ ਦਲ ਦੇ ਖਿਲਾਫ ਲੋਕਾਂ ਦਾ ਰੌਂਅ ਸਰਕਾਰ ਦੇ ਇੱਕ ਸਾਲ ਬਾਅਦ ਹੀ 1998 ਦੀ ਆਦਮਪੁਰ ਦੀ ਜ਼ਿਮਨੀ ਚੋਣ ਵਿਚ ਦੇਖਣ ਨੂੰ ਮਿਲ ਗਿਆ। ਅਜਿਹਾ ਘੱਟ ਹੀ ਹੁੰਦਾ ਹੈ ਕਿ ਸੱਤਾਧਾਰੀ ਪਾਰਟੀ ਜ਼ਿਮਨੀ ਚੋਣ ਹਾਰ ਜਾਵੇ। ਇਸੇ ਸਮੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਇਸ ਬਿਆਨ ਨਾਲ ਅਕਾਲੀ ਦਲ ਦਾ ਮੁਹਾਂਦਰਾ ਬਦਲ ਗਿਆ ਕਿ ਅਕਾਲੀ ਦਲ ਦਾ ਪ੍ਰਧਾਨ ਤੇ ਮੁੱਖ ਮੰਤਰੀ, ਇੱਕ ਨਹੀਂ ਹੋਣੇ ਚਾਹੀਦੇ; ਕਿਉਂਕਿ ਬਤੌਰ ਮੁੱਖ ਮੰਤਰੀ ਕਈ ਵਾਰ ਸਮਝੌਤੇ ਕਰਨੇ ਪੈਂਦੇ ਹਨ ਅਤੇ ਅਕਾਲੀ ਦਲ ਦੇ ਪ੍ਰਧਾਨ ਨੂੰ ਘੱਟ ਗਿਣਤੀਆਂ ਨਾਲ ਸਬੰਧਿਤ ਕਈ ਮੁੱਦਿਆਂ ਉਤੇ ਸਟੈਂਡ ਲੈਣਾ ਪੈਂਦਾ ਹੈ। ਫਿਰ ਕੀ ਸੀ, ਟੌਹੜਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਜ਼ਲੀਲ ਕਰਕੇ ਲਾਹਿਆ ਗਿਆ। ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਰਣਜੀਤ ਸਿੰਘ ਨੂੰ ਵੀ ਸ਼੍ਰੋਮਣੀ ਕਮੇਟੀ ਦੀ ਬਹੁਸੰਮਤੀ ਨਾਲ ਜਥੇਦਾਰ ਦੀ ਪਦਵੀ ਤੋਂ ਲਾਂਭੇ ਕਰ ਦਿੱਤਾ ਗਿਆ। 1999 ਦੀ ਖਾਲਸਾ ਪੰਥ ਦੀ ਸਿਰਜਣਾ ਦੀ ਤੀਜੀ ਸ਼ਤਾਬਦੀ ਵੀ ਮਿਲ ਕੇ ਨਹੀਂ ਮਨਾਈ। ਇਸ ਸਮੇਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ, ਮੁੱਖ ਮੰਤਰੀ ਦਾ ਅਹੁਦਾ, ਅਕਾਲ ਤਖ਼ਤ ਦੇ ਜਥੇਦਾਰ ਦਾ ਅਹੁਦਾ ਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਸਭ ਉਤੇ ਇੱਕ ਪਰਿਵਾਰ ਦਾ ਮੁਕੰਮਲ ਕਬਜ਼ਾ ਹੋ ਗਿਆ ਅਤੇ ਅਕਾਲੀ ਸਿਆਸਤ ਅੰਦਰ ਤਾਕਤਾਂ ਦੇ ਸਮਤੋਲ ਦਾ ਭੋਗ ਪੈ ਗਿਆ।

ਭਾਰਤੀ ਜਨਤਾ ਪਾਰਟੀ ਨੂੰ ਘੱਟ ਗਿਣਤੀ ਵਿਰੋਧੀ ਸਮਝਣ ਕਾਰਨ 1996 ਵਿਚ ਦੇਸ਼ ਦੀ ਕੋਈ ਪਾਰਟੀ ਸਮਰਥਨ ਦੇਣ ਲਈ ਤਿਆਰ ਨਹੀਂ ਸੀ ਪਰ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਸਰਕਾਰ ਨੂੰ ਬਿਨਾਂ ਸ਼ਰਤ ਹਮਾਇਤ ਦਾ ਐਲਾਨ ਕਰ ਦਿੱਤਾ ਜੋ ਅੱਜ ਤੱਕ ਜਾਰੀ ਹੈ। ਬਿਨਾਂ ਸ਼ਰਤ ਹਮਾਇਤ ਦਾ ਹੀ ਨਤੀਜਾ ਹੈ ਕਿ ਅਕਾਲੀ ਦਲ ਅਤੇ ਉਸ ਦੇ ਕੇਂਦਰ ਸਰਕਾਰ ਵਿਚ ਬੈਠੇ ਮੰਤਰੀ ਕਿਸਾਨਾਂ, ਘੱਟ ਗਿਣਤੀਆਂ ਅਤੇ ਹੋਰ ਲੋਕ ਪੱਖੀ ਫੈਸਲਿਆਂ ਦੇ ਹੱਕ ਵਿਚ ਖੜ੍ਹਨ ਦੀ ਹਿੰਮਤ ਨਹੀਂ ਕਰਦੇ। ਮਾਮਲਾ ਗੁਜਰਾਤ ਵਿਚ ਹੋਏ ਕਤਲੇਆਮ ਦਾ ਹੋਵੇ ਜਾਂ ਹੁਣ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਹਜੂਮੀ ਕਤਲਾਂ ਨੂੰ ਹੱਲਾਸ਼ੇਰੀ ਦੇਣ ਦਾ ਜਾਂ ਦੇਸ਼ ਦੇ ਨਾਮੀ ਮਨੁੱਖੀ ਅਧਿਕਾਰਾਂ ਦੇ ਮੁੱਦਈ ਬੁੱਧੀਜੀਵੀਆਂ ਨੂੰ ਸ਼ਹਿਰੀ ਨਕਸਲੀ ਕਹਿ ਕੇ ਗ੍ਰਿਫ਼ਤਾਰ ਕਰਨ ਦਾ, ਅਕਾਲੀ ਦਲ ਦੀ ਖ਼ਾਮੋਸ਼ੀ ਬਹੁਤ ਕੁਝ ਬਿਆਨ ਕਰ ਰਹੀ ਹੈ। ਨੀਤੀਗਤ ਮਾਮਲਿਆਂ ਵਿਚ ਨੋਟਬੰਦੀ ਜਾਂ ਜੀ.ਐਸ.ਟੀ., ਸਭ ਫੈਸਲਿਆਂ ਬਾਰੇ ਜੀ ਹਜ਼ੂਰੀ ਸਭਿਆਚਾਰ ਅਪਣਾਇਆ ਗਿਆ।

1989 ਤੋਂ ਦੇਸ਼ ਵਿਚ ਸ਼ੁਰੂ ਹੋਇਆ ਮਿਲੀਆਂ-ਜੁਲੀਆਂ ਸਰਕਾਰਾਂ ਦੇ ਦੌਰ ਕਾਰਨ ਕਿਸੇ ਇੱਕ ਪਾਰਟੀ ਕੋਲ ਇੰਨੀ ਤਾਕਤ ਨਹੀਂ ਬਚੀ ਸੀ ਕਿ ਉਹ ਮਨਮਾਨੇ ਢੰਗ ਨਾਲ 356 ਧਾਰਾ ਤਹਿਤ ਰਾਜਾਂ ਦੀਆਂ ਸਰਕਾਰਾਂ ਤੋੜ ਸਕੇ। ਇਹ ਮੌਕਾ ਫੈਡਰਲਿਜ਼ਮ ਦੀ ਮੰਗ ਜ਼ੋਰਦਾਰ ਤਰੀਕੇ ਨਾਲ ਉਠਾਉਣ ਦਾ ਸੀ ਕਿਉਂਕਿ ਦੇਸ਼ ਪੱਧਰ ਉਤੇ ਬਦਲੇ ਸਿਆਸੀ ਸਮੀਕਰਨਾਂ ਨੇ ਖੇਤਰੀ ਪਾਰਟੀਆਂ ਦੀ ਵੁਕਅਤ ਵਧਾ ਦਿੱਤੀ ਸੀ। ਇਸੇ ਵਿਚੋਂ ਹੀ ਯੂਨਾਈਟਿਡ ਫਰੰਟ ਦੀ ਸਰਕਾਰ ਬਣ ਸਕੀ ਸੀ। 2014 ਵਿਚ ਭਾਜਪਾ ਨੂੰ ਮੁੜ ਪੂਰਾ ਬਹੁਮਤ ਮਿਲਿਆ ਅਤੇ ਕਈ ਰਾਜਾਂ ਵਿਚ ਜਬਰੀ ਸਰਕਾਰਾਂ ਬਣਾਉਣ ਦੀ ਖੇਡ ਸਾਹਮਣੇ ਆ ਗਈ ਹੈ। ਅਰੁਣਾਚਲ ਪ੍ਰਦੇਸ਼ ਸਮੇਤ ਵੱਖ-ਵੱਖ ਸੂਬਿਆਂ ਵਿਚ ਭਾਜਪਾ ਵੱਲੋਂ ਕੀਤੇ ਗੈਰ ਜਮਹੂਰੀ ਫੈਸਲਿਆਂ ਬਾਰੇ ਵੀ ਅਕਾਲੀ ਆਗੂ ਖ਼ਾਮੋਸ਼ ਰਹੇ।

ਫੈਡਰਲਿਜ਼ਮ ਕੇਵਲ ਪਾਰਟੀ ਸੰਵਿਧਾਨ ਅਤੇ ਚੋਣ ਮੈਨੀਫੈਸਟੋ ਵਿਚ ਲਿਖਣ ਤੱਕ ਮਹਿਦੂਦ ਰਹਿ ਗਿਆ ਹੈ। ਸਾਂਝੀਵਾਲਤਾ, ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਵਾਲੇ ਅਕਾਲੀ ਦਲ ਦੇ ਸੰਵਿਧਾਨ ਵਿਚ ਦਰਜ ਨਾਹਰਾ ਹੁਣ ਅਸੂਲਪ੍ਰਸਤ ਰਾਜ ਨਹੀਂ, ਬਲਕਿ ਪੱਚੀ ਸਾਲ ਰਾਜ ਕਰਨ ਦਾ ਹੋ ਗਿਆ ਹੈ। 2007 ਤੋਂ ਬਾਅਦ 2012 ਦੀਆਂ ਵਿਧਾਨ ਸਭਾ ਚੋਣਾਂ ਦੀ ਜਿੱਤ ਨੇ ਸ਼ਾਇਦ ਸੁਖਬੀਰ ਸਿੰਘ ਬਾਦਲ ਨੂੰ ਚੋਣਾਂ ਜਿੱਤਣ ਦੇ ਘੁਲਾਟੀਏ ਦੀ ਗਲਤਫ਼ਹਿਮੀ ਹੋ ਗਈ। ਸੁਖਬੀਰ ਨੂੰ ਸਿਆਸੀ ਸੀ.ਈ.ਓ. ਕਿਹਾ ਜਾਣ ਲੱਗਾ। ਅਕਾਲੀ-ਭਾਜਪਾ ਦੇ ਦਸ ਵਰ੍ਹਿਆਂ ਦੇ ਰਾਜ ਦੌਰਾਨ ਪੰਜਾਬ ਨਸ਼ਿਆਂ ਦੀ ਦਲਦਲ ਵਿਚ ਇੰਨਾ ਡੂੰਘਾ ਧਸ ਗਿਆ ਕਿ ਹਜ਼ਾਰਾਂ ਨੌਜਵਾਨ ਨਸ਼ਿਆਂ ਕਾਰਨ ਆਪਣੀ ਜ਼ਿੰਦਗੀ ਬਰਬਾਦ ਕਰਨ ਦੇ ਰਾਹ ਤੁਰ ਚੁੱਕੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਰੇਤ ਮਾਫ਼ੀਆ, ਕੇਬਲ ਮਾਫ਼ੀਆ ਤੇ ਟਰਾਂਸਪੋਰਟ ਮਾਫ਼ੀਆ ਸਮੇਤ ਅਨੇਕਾਂ ਇਲਜ਼ਾਮਾਂ ਬਾਰੇ ਲੋਕਾਂ ਦੀ ਕਚਹਿਰੀ ਵਿਚ ਕੋਈ ਠੋਸ ਸਪਸ਼ਟੀਕਰਨ ਨਾ ਦੇਣ ਕਰਕੇ ਪਿਛਲੀਆਂ ਵਿਧਾਨ ਸਭਾ ਦੌਰਾਨ ਅਕਾਲੀ ਦਲ ਦੇ ਪੱਲੇ ਹੁਣ ਤੱਕ ਦਾ ਸਭ ਤੋਂ ਕਮਜ਼ੋਰ ਪ੍ਰਦਰਸ਼ਨ ਹੀ ਪਿਆ ਹੈ। ਕੇਵਲ 15 ਵਿਧਾਇਕਾਂ ਤੱਕ ਸੀਮਤ ਹੋ ਜਾਣ ਦੇ ਬਾਵਜੂਦ ਪਾਰਟੀ ਨੇ ਇਸ ਹਾਰ ਦੇ ਕਾਰਨਾਂ ਦੀ ਨਿੱਠ ਕੇ ਪੜਚੋਲ ਵੀ ਨਹੀਂ ਕੀਤੀ। ਵਿਧਾਨ ਸਭਾ ਦੇ ਸੈਸ਼ਨ ਦੌਰਾਨ ਬੇਅਦਬੀ ਬਾਰੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਉਤੇ ਚਰਚਾ ਤੋਂ ਬਾਅਦ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਕਈ ਆਗੂਆਂ ਨੇ ਪਾਰਟੀ ਨੂੰ ਨੁਕਸਾਨ ਹੋਣ ਦੀ ਗੱਲ ਕੀਤੀ ਪਰ ਸਭ ਤੱਥ ਨਜ਼ਰਅੰਦਾਜ਼ ਕਰ ਦਿੱਤੇ ਗਏ। ਘੱਟ ਗਿਣਤੀਆਂ ਦੀ ਸਿਆਸੀ ਸੱਤਾ ਵਿਚ ਹਿੱਸੇਦਾਰੀ ਨਿਹਾਇਤ ਜ਼ਰੂਰੀ ਹੈ ਪਰ ਘੱਟ ਗਿਣਤੀ ਭਾਈਚਾਰੇ ਵਿਚ ਵੀ ਸੱਤਾ ਦਾ ਸਮਤੋਲ ਅਤੇ ਸਹੀ ਰੂਪ ਵਿਚ ਜਮਹੂਰੀਅਤ ਨੂੰ ਅਪਣਾਏ ਬਿਨਾਂ ਟਿਕਾਊ ਅਤੇ ਇਖ਼ਲਾਕੀ ਅਸਰ ਸੰਭਵ ਨਹੀਂ ਹੈ। ਅਕਾਲੀ ਕਾਰਕੁਨਾਂ ਨੂੰ ਜਿੰਨੀ ਜਲਦ ਇਸ ਗੱਲ ਦਾ ਅਹਿਸਾਸ ਹੋਵੇ, ਓਨਾ ਹੀ ਬਿਹਤਰ ਹੋਵੇਗਾ।

# ਜਮਹੂਰੀ ਹੱਕਾਂ ਦੇ ਘਾਣ ਦਾ ਹਥਿਆਰ: ਯੂ.ਏ.ਪੀ.ਏ.

ਭੀਮਾ-ਕੋਰੇਗਾਓ ਹਿੰਸਾ ਦੇ ਮਾਮਲੇ ਨੂੰ ਪਾਬੰਦੀਸ਼ੁਦਾ ਜਥੇਬੰਦੀ ਨਾਲ ਜੋੜ ਕੇ ਇਸ ਦੀ ਦਿਸ਼ਾ ਹੀ ਬਦਲ ਦਿੱਤੀ ਗਈ। ਇਕ ਐਫ.ਆਈ.ਆਰ. ਵਿਚ ਹਿੰਸਾ ਦੀ ਸਾਜ਼ਿਸ਼ ਲਈ ਦੋ ਹਿੰਦੂਤਵੀ ਆਗੂਆਂ ਸੰਭਾਜੀ ਭੀੜੇ ਅਤੇ ਮਿਲਿੰਦ ਏਕਬੋਟੇ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਜਦਕਿ ਦੂਜੀ ਐਫ.ਆਈ.ਆਰ. ਕਹਿੰਦੀ ਹੈ ਕਿ ਹਿੰਸਾ "ਭਾਈਚਾਰਿਆਂ ਦਰਮਿਆਨ ਨਫਰਤ ਪੈਦਾ ਕਰਨ ਵਾਲਿਆਂ" ਦੀਆਂ ਭੜਕਾਊ ਤਕਰੀਰਾਂ ਅਤੇ ਗੀਤਾਂ ਕਾਰਨ ਭੜਕੀ। ਪਹਿਲੀ ਐਫ.ਆਈ.ਆਰ. ਸਬੰਧੀ ਪੁਲਿਸ ਦੀ ਜਾਂਚ ਰਿਪੋਰਟ ਅਜੇ ਤਕ ਜਨਤਕ ਨਹੀਂ ਕੀਤੀ ਗਈ, ਜਦਕਿ ਆਜ਼ਾਦਾਨਾ ਜਾਂਚ ਰਿਪੋਰਟਾਂ ਅਨੁਸਾਰ, ਹਿੰਸਾ ਪਿੱਛੇ ਹਿੰਦੂਤਵੀ ਆਗੂਆਂ ਦਾ ਹੱਥ ਸੀ।

ਦਲਿਤ ਜਥੇਬੰਦੀਆਂ ਅਤੇ ਹੋਰ ਜਮਹੂਰੀ

**ਬੂਟਾ ਸਿੰਘ**
ਫੋਨ: 91-94634-74342

ਤਾਕਤਾਂ ਲਗਾਤਾਰ ਮੰਗ ਕਰ ਰਹੀਆਂ ਹਨ ਕਿ ਦੋਵੇਂ ਹਿੰਦੂਤਵ ਆਗੂਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਉਨ੍ਹਾਂ ਉਪਰ ਮੁਕੱਦਮਾ ਚਲਾਇਆ ਜਾਵੇ, ਲੇਕਿਨ ਗ੍ਰਿਫਤਾਰ ਕਰਨਾ ਤਾਂ ਦੂਰ ਉਨ੍ਹਾਂ ਤੋਂ ਤਾਂ ਤਸੱਲੀਬਖ਼ਸ਼ ਪੁੱਛਗਿੱਛ ਵੀ ਨਹੀਂ ਕੀਤੀ ਗਈ। ਸਰਕਾਰੀ ਰਸੂਖ਼ ਨਾਲ ਸੰਭਾਜੀ ਨੂੰ ਸਿੱਧੀ ਕਲੀਨ ਚਿੱਟ ਮਿਲ ਗਈ, ਜਦਕਿ ਏਕਬੋਟੇ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਜ਼ਮਾਨਤ ਦੇ ਦਿੱਤੀ ਗਈ। ਦੂਜੀ ਐਫ.ਆਈ.ਆਰ. ਨੂੰ ਆਧਾਰ ਬਣਾ ਕੇ ਪੂਣੇ ਪੁਲਿਸ ਹੁਣ ਤਕ ਦਸ ਉਘੇ ਕਾਰਕੁਨਾਂ ਅਤੇ ਬੁੱਧੀਜੀਵੀਆਂ ਨੂੰ 'ਸ਼ਹਿਰੀ ਨਕਸਲੀ' ਕਰਾਰ ਦੇ ਕੇ ਗ੍ਰਿਫਤਾਰ ਕਰ ਚੁੱਕੀ ਹੈ।

ਫਿਰ ਇਸ ਐਫ.ਆਈ.ਆਰ. ਵਿਚ ਪੂਣੇ ਪੁਲਿਸ ਵੱਲੋਂ ਪਾਬੰਦੀਸ਼ੁਦਾ ਸੀ.ਪੀ.ਆਈ. (ਮਾਓਵਾਦੀ) ਦੇ 'ਸ਼ਹਿਰੀ ਤਾਣੇਬਾਣੇ ਦਾ ਹੱਥ ਹੋਣ' ਦੀ ਕਹਾਣੀ ਜੋੜ ਦਿੱਤੀ ਗਈ। ਇੰਜ ਗੈਰ ਕਾਨੂੰਨੀ ਕਾਰਵਾਈਆਂ ਰੋਕੂ ਐਕਟ (ਯੂ.ਏ.ਪੀ.ਏ.) ਦੀਆਂ ਧਾਰਾਵਾਂ ਲਗਾਏ ਜਾਣ ਦੇ ਕਾਰਨ ਹਿੰਸਾ ਦਾ ਉਹੀ ਮਾਮਲਾ ਗ਼ੈਰ ਕਾਨੂੰਨੀ ਕਾਰਵਾਈਆਂ ਦੇ ਖਾਨੇ ਵਿਚ ਰੱਖ ਦਿੱਤਾ ਗਿਆ ਜੋ ਪਹਿਲੀ ਐਫ.ਆਈ. ਆਰ. ਵਿਚ ਮਹਿਜ਼ ਸਧਾਰਨ ਹਿੰਸਾ ਦਾ ਮਾਮਲਾ ਹੈ। ਇਸ ਤੋਂ ਅੱਗੇ, ਇਸ ਵਿਚ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਦੀ ਕਹਾਣੀ ਜੋੜ ਕੇ ਮਾਮਲੇ ਨੂੰ ਹੋਰ ਸਨਸਨੀਖ਼ੇਜ਼ ਬਣਾਇਆ ਗਿਆ। ਯੂ.ਏ.ਪੀ.ਏ. ਲਗਾਏ ਜਾਣ ਦਾ ਮਤਲਬ ਹੈ, ਮੁਲਜ਼ਮ ਦੀ ਜ਼ਮਾਨਤ ਪੁਲਿਸ ਜਾਂ ਹੋਰ ਜਾਂਚ ਏਜੰਸੀ ਦੀ ਮਰਜ਼ੀ ਨਾਲ ਹੋਵੇਗੀ। ਇਸ ਐਫ.ਆਈ.ਆਰ. ਵਿਚ ਸ਼ਾਮਲ ਕੀਤੇ ਪੰਜ ਜਮਹੂਰੀ ਕਾਰਕੁਨ ਲੰਘੀ 6 ਜੂਨ ਤੋਂ ਲੈ ਕੇ ਬਿਨਾ ਜ਼ਮਾਨਤ ਪੁਲਿਸ ਰਿਮਾਂਡ ਉਪਰ ਹਨ (ਪਹਿਲਾ ਪੁਲਿਸ ਰਿਮਾਂਡ ਖ਼ਤਮ ਹੋਣ 'ਤੇ ਉਨ੍ਹਾਂ ਦਾ ਹੋਰ ਤਿੰਨ ਮਹੀਨੇ ਲਈ ਰਿਮਾਂਡ ਲੈ ਲਿਆ ਗਿਆ) ਅਤੇ 28 ਅਗਸਤ ਨੂੰ ਗ੍ਰਿਫ਼ਤਾਰ ਕੀਤੇ ਪੰਜ ਹੋਰ ਜਮਹੂਰੀ ਕਾਰਕੁਨਾਂ ਦੇ ਟਰਾਂਜ਼ਿਟ ਰਿਮਾਂਡ ਦਾ ਮਾਮਲਾ ਸਰਵਉਚ ਅਦਾਲਤ ਵਿਚ ਹੈ।

ਇਨ੍ਹਾਂ ਗ੍ਰਿਫਤਾਰੀਆਂ ਦਾ ਦੇਸ਼-ਵਿਦੇਸ਼ ਵਿਚ ਤਿੱਖਾ ਵਿਰੋਧ ਹੋਇਆ ਹੈ ਅਤੇ ਸੱਤਾਧਾਰੀ ਭਗਵੇਂ ਕੈਂਪ ਨੂੰ ਛੱਡ ਕੇ ਲਗਭਗ ਸਾਰੇ ਇਕਮੱਤ ਹਨ ਕਿ ਇਹ ਇਲਜ਼ਾਮ ਬੇਬੁਨਿਆਦ ਹਨ; ਲੇਕਿਨ ਸਵਾਲ ਇਹ ਹੈ ਕਿ ਸਾਡੇ ਸਮਾਜ ਦੇ ਸਿਆਸੀ ਸੂਝ ਰੱਖਦੇ ਹਿੱਸੇ ਉਸ ਜਾਬਰ ਕਾਨੂੰਨ ਦੇ ਨਾਵਾਜਬ ਹੋਣ ਪ੍ਰਤੀ ਸੰਵੇਦਨਹੀਣ ਕਿਉਂ ਹਨ ਜਿਸ ਨੂੰ ਹੁਕਮਰਾਨ ਜਮਾਤ ਵੱਲੋਂ ਰਾਸ਼ਟਰੀ ਹਿਤਾਂ ਦੇ ਨਾਂ ਹੇਠ ਜਮਹੂਰੀ ਹੱਕਾਂ ਦਾ ਘਾਣ ਕਰਨ ਲਈ ਬੇਦਰੇਗ ਹੋ ਕੇ ਵਰਤਿਆ ਜਾਂਦਾ ਹੈ। ਰਾਜ ਭਾਵੇਂ ਭਾਜਪਾ ਦਾ ਹੋਵੇ ਜਾਂ ਕਾਂਗਰਸ ਦਾ, ਸੱਤਾਧਾਰੀ ਧਿਰ ਆਪਣੇ ਸਿਆਸੀ ਏਜੰਡੇ ਨੂੰ ਹੀ 'ਰਾਸ਼ਟਰੀ ਹਿਤ' ਬਣਾ ਕੇ ਪ੍ਰਚਾਰਦੀ ਹੈ ਅਤੇ ਜਿਹੜਾ ਵੀ ਕਥਿਤ ਵਿਕਾਸ ਪ੍ਰੋਜੈਕਟਾਂ ਅਤੇ ਸੱਤਾਧਾਰੀ ਨੀਤੀਆਂ ਦਾ ਵਿਰੋਧ ਕਰਦਾ ਹੈ, ਉਸ ਉਪਰ 'ਰਾਸ਼ਟਰ ਵਿਰੋਧੀ' ਦਾ ਠੱਪਾ ਲਾ ਦਿੱਤਾ ਜਾਂਦਾ ਹੈ। ਹੁਣ ਤਾਂ ਵਿਰੋਧ ਕਰਨ ਵਾਲੇ ਨੂੰ ਸਿੱਧਾ ਦਹਿਸ਼ਤਗਰਦ ਹੀ ਕਿਹਾ ਜਾਣ ਲੱਗਿਆ ਹੈ। ਬਿਜਲਈ ਮੀਡੀਆ ਦਾ ਇਕ ਹਿੱਸਾ ਇਸ ਮਨਘੜਤ ਬਿਰਤਾਂਤ ਉਪਰ ਸਵਾਲ ਉਠਾਉਣ ਦੀ ਬਜਾਏ 'ਮੀਡੀਆ ਟਰਾਇਲ' ਚਲਾਉਣ ਵਿਚ ਆਪਣੇ ਹਿਤ ਦੇਖਦਾ ਹੈ। ਉਹ ਇਹ ਸਵਾਲ ਨਹੀਂ ਉਠਾਉਂਦੇ ਕਿ ਰਾਸ਼ਟਰੀ ਹਿਤਾਂ ਵਿਚ ਉਸ ਵਿਸ਼ਾਲ ਆਵਾਮ ਦੇ ਹਿਤ ਸ਼ਾਮਲ ਕਿਉਂ ਨਹੀਂ ਜਿਨ੍ਹਾਂ ਲਈ ਕਥਿਤ ਵਿਕਾਸ ਦਰਅਸਲ ਵਿਨਾਸ਼ ਸਾਬਤ ਹੋ ਰਿਹਾ ਹੈ।

ਕਿਸੇ ਰਾਜ ਨੂੰ ਜਾਬਰ ਕਾਨੂੰਨਾਂ ਦੀ ਜ਼ਰੂਰਤ ਤਦ ਹੀ ਪੈਂਦੀ ਹੈ ਜਦੋਂ ਇਹ ਆਪਣੇ ਪ੍ਰਸ਼ਾਸਨ ਹੇਠਲੇ ਸਮਾਜ ਦੇ ਮਸਲਿਆਂ ਨੂੰ ਸਿਆਸੀ ਤਰੀਕੇ ਨਾਲ ਹੱਲ ਕਰਨ ਵਿਚ ਅਸਫਲ ਰਹਿੰਦਾ ਹੈ। ਰਾਜ ਕਰਨ ਦਾ ਇਖ਼ਲਾਕੀ ਹੱਕ ਗੁਆ ਚੁੱਕੀ ਹੁਕਮਰਾਨ ਜਮਾਤ ਜਾਬਰ ਕਾਨੂੰਨਾਂ ਰਾਹੀਂ ਸਮਾਜ ਉਪਰ ਆਪਣੀ ਵਾਜਬੀਅਤ ਥੋਪਣਾ ਚਾਹੁੰਦੀ ਹੈ। ਅਜੋਕਾ ਭਾਰਤੀ ਰਾਜ ਸੱਤ ਦਹਾਕੇ ਦੀ ਅਉਧ ਪੂਰੀ ਕਰ ਚੁੱਕਾ ਹੈ ਜੋ ਇਸ ਸਮਾਜੀ ਢਾਂਚੇ ਦੇ ਵਜੂਦ ਸਮੋਈ ਸਦੀਵੀ ਨਾਬਰਾਬਰੀ ਅਤੇ ਸਮਾਜਿਕ ਬੇਇਨਸਾਫ਼ੀ ਵਰਗੇ ਗੰਭੀਰ ਸਵਾਲਾਂ ਨੂੰ ਮੁਖ਼ਾਤਬ ਹੋਣ ਵਿਚ ਅਸਫਲ ਰਿਹਾ ਹੈ। ਇਹ ਰਾਜ ਢਾਂਚਾ ਆਵਾਮ ਨੂੰ ਨਾਉਮੀਦੀ ਤੋਂ ਬਿਨਾਂ ਕੁਝ ਦੇ ਨਹੀਂ ਸਕਦਾ। ਜਮਹੂਰੀਅਤ ਦੇ ਖੋਖਲੇ ਖ਼ਵਾਬ ਮਨੁੱਖੀ ਸਵੈਮਾਣ ਅਤੇ ਬੁਨਿਆਦੀ ਮਨੁੱਖੀ ਜ਼ਰੂਰਤਾਂ ਤੋਂ ਵਾਂਝੇ ਅਵਾਮ ਨੂੰ ਲੰਬੇ ਸਮੇਂ ਲਈ ਭਰਮਾਈ ਰੱਖਣ ਤੋਂ ਅਸਮਰੱਥ ਹਨ। ਜਦੋਂ ਦੱਬੇ-ਕੁਚਲੇ ਅਤੇ ਹਾਸ਼ੀਏ ਉਤੇ ਧੱਕੇ ਲੋਕ ਆਪਣੇ ਹਿਤਾਂ ਲਈ ਜਥੇਬੰਦ ਸੰਘਰਸ਼ਾਂ ਦਾ ਰਾਹ ਅਖ਼ਤਿਆਰ ਕਰਦੇ ਹਨ ਤਾਂ ਐਸੇ ਸੰਘਰਸ਼ਾਂ ਨੂੰ ਨਿਰੋਲ 'ਅਮਨ ਕਾਨੂੰਨ ਦਾ ਮਸਲਾ' ਕਰਾਰ ਦੇ ਕੇ ਹੁਕਮਰਾਨ ਸਹਿਜੇ ਹੀ ਆਪਣੀ ਜਵਾਬਦੇਹੀ ਤੋਂ ਬਚ ਨਿਕਲਦੇ ਹਨ। ਹੱਕ ਜਤਾਈ ਨੂੰ ਦਬਾਉਣ ਲਈ ਦਹਿਸ਼ਤਵਾਦ ਨਾਲ ਨਜਿੱਠਣ ਦੇ ਨਾਂ ਹੇਠ ਬਣਾਏ ਯੂ.ਏ.ਪੀ.ਏ. ਵਰਗੇ ਖ਼ਾਸ ਕਾਨੂੰਨਾਂ ਦੀ ਮਦਦ ਲਈ ਜਾਂਦੀ ਹੈ। ਹੁਕਮਰਾਨਾਂ ਨੇ 1967 ਵਿਚ ਬਣਾਏ ਯੂ.ਏ.ਪੀ.ਏ. ਵਿਚ ਤਰਮੀਮਾਂ ਕਰਕੇ ਇਸ ਵਿਚ ਟਾਡਾ ਅਤੇ ਪੋਟਾ ਦਾ ਬਦਲ ਲੱਭ ਲਿਆ।

ਪਹਿਲਾਂ ਟਾਡਾ ਅਤੇ ਫਿਰ ਪੋਟਾ, ਇਸ ਕਦਰ ਬਦਨਾਮ ਹੋਏ ਕਿ ਸਮੇਂ ਦੇ ਹੁਕਮਰਾਨਾਂ ਨੂੰ ਇਨ੍ਹਾਂ ਨੂੰ ਨਵਿਆਉਣ ਦਾ ਅਮਲ ਬੰਦ ਕਰਨਾ ਪਿਆ। ਟਾਡਾ ਤਹਿਤ 76036 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਨ੍ਹਾਂ ਵਿਚੋਂ ਕੇਵਲ 400 ਨੂੰ ਹੀ ਦੋਸ਼ੀ ਕਰਾਰ ਦਿੱਤਾ ਗਿਆ, ਬਾਕੀਆਂ ਨੂੰ ਉਂਜ ਹੀ ਜੇਲ੍ਹਾਂ ਵਿਚ ਸਾੜਿਆ ਗਿਆ; ਲੇਕਿਨ ਟਾਡਾ ਅਤੇ ਪੋਟਾ ਦੇ ਰੂਪ ਵਿਚ ਈਜਾਦ ਕੀਤੀਆਂ ਤਮਾਮ ਦਮਨਕਾਰੀ ਧਾਰਾਵਾਂ ਨੂੰ ਹੋਰ ਵੀ ਦਮਨਕਾਰੀ ਬਣਾ ਕੇ ਯੂ.ਏ.ਪੀ.ਏ. ਵਿਚ ਤਰਮੀਮਾਂ ਵਜੋਂ ਸ਼ਾਮਲ ਕਰ ਲਿਆ ਗਿਆ। 2012 ਦੀ ਤਰਮੀਮ ਰਾਹੀਂ ਯੂ.ਏ.ਪੀ.ਏ. ਦੀ 'ਦਹਿਸ਼ਤਗਰਦ ਕਾਰਵਾਈ' ਦੀ ਪ੍ਰੀਭਾਸ਼ਾ ਹੋਰ ਚੁਤੇਰੀ ਬਣਾ ਦਿੱਤੀ ਗਈ। ਦਹਿਸ਼ਤ ਨੂੰ ਇਸ ਤਰੀਕੇ ਨਾਲ ਪ੍ਰੀਭਾਸ਼ਤ ਕੀਤਾ ਗਿਆ ਕਿ ਸਰਕਾਰੀ ਤਾਕਤਾਂ ਸਮੇਤ ਸੱਤਾਧਾਰੀਆਂ ਵਲੋਂ ਮਨੁੱਖਤਾ ਦੇ ਖ਼ਿਲਾਫ਼ ਕੀਤੇ ਜਾਂਦੇ ਜੁਰਮ ਇਸ ਵਿਚੋਂ ਮਨਫ਼ੀ ਹੋ ਜਾਂਦੇ ਹਨ। ਕਿਸ ਸੰਸਥਾ ਨੂੰ ਪਾਬੰਦੀਸ਼ੁਦਾ ਕਰਾਰ ਦੇ ਕੇ ਯੂ.ਏ.ਪੀ.ਏ. ਲਗਾ ਕੇ ਕੁਚਲਣਾ ਹੈ, ਇਹ ਹੁਕਮਰਾਨਾਂ ਦੀ ਪਸੰਦ ਉਪਰ ਨਿਰਭਰ ਹੈ। ਮਿਸਾਲ ਵਜੋਂ, ਸਨਾਤਨ ਸੰਸਥਾ ਵਲੋਂ ਬੁੱਧੀਜੀਵੀਆਂ ਦੇ ਕਤਲ ਕਰਵਾਏ ਗਏ ਅਤੇ 34 ਹੋਰ ਦੀ 'ਹਿੱਟ ਲਿਸਟ' ਸਾਹਮਣੇ ਆ ਚੁੱਕੀ ਹੈ, ਲੇਕਿਨ ਉਸ ਉਪਰ ਪਾਬੰਦੀ ਨਹੀਂ ਲਗਾਈ ਗਈ। ਯੂ.ਏ.ਪੀ.ਏ. ਇਸ ਕਰਕੇ ਵੀ ਵਧੇਰੇ ਖ਼ਤਰਨਾਕ ਹੈ ਕਿਉਂਕਿ ਟਾਡਾ ਅਤੇ ਪੋਟਾ ਦੇ ਖ਼ਤਮ ਹੋਣ ਦੀ ਦੋ ਸਾਲ ਦੀ ਮਿਆਦ ਸੀ, ਇਸ ਪਿੱਛੋਂ ਇਨ੍ਹਾਂ ਨੂੰ ਨਵਿਆਉਣਾ ਪੈਂਦਾ ਸੀ। ਯੂ.ਏ.ਪੀ.ਏ. ਲਈ ਐਸੀ ਕੋਈ ਸਮਾਂ ਸੀਮਾ ਨਹੀਂ ਹੈ। ਇਹ ਸਥਾਈ ਕਾਨੂੰਨ ਹੈ ਜੋ ਹੁਕਮਰਾਨਾਂ ਦੇ ਹੱਥ ਵਿਚ ਦਮਨ ਦਾ ਸਥਾਈ ਹਥਿਆਰ ਹੈ। ਇਸ ਵਿਚ ਪੇਸ਼ਗੀ ਜ਼ਮਾਨਤ ਦੀ ਵਿਵਸਥਾ ਨਹੀਂ। ਅਜੋਕੇ ਯੂ.ਏ.ਪੀ.ਏ. ਦਾ ਘੇਰਾ ਐਨਾ ਵਸੀਹ ਹੈ ਕਿ ਸੱਤਾਧਾਰੀ ਧਿਰ ਨੂੰ ਨਾਪਸੰਦ ਕੋਈ ਵੀ ਬੰਦਾ ਕਦੇ ਵੀ ਇਸ ਦੀ ਮਾਰ ਹੇਠ ਆ ਸਕਦਾ ਹੈ। ਪੁਲਿਸ ਜਾਂ ਕਿਸੇ ਸੁਰੱਖਿਆ ਏਜੰਸੀ ਵੱਲੋਂ ਅਣਚਾਹੇ ਬੰਦੇ ਉਪਰ ਕੇਵਲ ਐਨਾ ਇਲਜ਼ਾਮ ਲਗਾਉਣਾ ਹੀ ਕਾਫ਼ੀ ਹੈ ਕਿ ਉਸ ਦੇ ਗ਼ੈਰਕਾਨੂੰਨੀ ਕਾਰਵਾਈਆਂ ਵਿਚ ਸ਼ਾਮਲ ਹੋਣ ਜਾਂ ਕਿਸੇ ਗ਼ੈਰਕਾਨੂੰਨੀ ਜਥੇਬੰਦੀ ਨਾਲ ਜੁੜੇ ਹੋਣ ਦਾ ਸ਼ੱਕ ਹੈ। ਸੱਤਾ ਦੀ ਇਸ ਤਾਨਾਸ਼ਾਹ ਧੁਸ ਅੱਗੇ ਉਚ ਅਦਾਲਤਾਂ ਦੇ ਦਿਸ਼ਾ-ਨਿਰਦੇਸ਼ ਵੀ ਬੇਮਾਇਨੇ ਹਨ ਜੋ ਇਸ ਪੱਖ ਉਪਰ ਜ਼ੋਰ ਦਿੰਦੇ ਹਨ ਕਿ ਮਹਿਜ਼ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਨਾਲ ਸਬੰਧਤ ਹੋਣ ਦੇ ਆਧਾਰ 'ਤੇ ਹੀ ਕਿਸੇ ਨੂੰ ਮੁਜਰਿਮ ਨਹੀਂ ਠਹਿਰਾਇਆ ਜਾ ਸਕਦਾ, ਜਦੋਂ ਤਕ ਕਿਸੇ ਹਿੰਸਕ ਕਾਰਵਾਈ ਵਿਚ ਉਸ ਦੀ ਸਰਗਰਮ ਹਿੱਸੇਦਾਰੀ ਦੇ ਠੋਸ ਸਬੂਤ ਨਹੀਂ।

ਯੂ.ਏ.ਪੀ.ਏ. ਤਹਿਤ ਖ਼ੁਦ ਨੂੰ ਬੇਕਸੂਰ ਸਾਬਤ ਕਰਨ ਦੀ ਸਾਰੀ ਜ਼ਿੰਮੇਵਾਰੀ ਮੁਲਜ਼ਮ ਦੀ ਹੈ ਜਦਕਿ ਉਸ ਨੂੰ ਕਸੂਰਵਾਰ ਸਾਬਤ ਕਰਨ ਲਈ ਲੋੜੀਂਦੇ ਸਬੂਤ ਪੇਸ਼ ਕਰਨ ਅਤੇ ਐਸਾ ਨਾ ਕਰਨ ਦੀ ਸੂਰਤ ਵਿਚ ਸਬੰਧਤ ਅਧਿਕਾਰੀਆਂ ਨੂੰ




ਕਾਨੂੰਨੀ ਤੌਰ 'ਤੇ ਜਵਾਬਦੇਹ ਬਣਾਉਣ ਦੀ ਕੋਈ ਵਿਵਸਥਾ ਨਹੀਂ। ਮੁਲਜ਼ਮ ਖ਼ੁਦ ਨੂੰ ਬੇਕਸੂਰ ਫਿਰ ਹੀ ਸਾਬਤ ਕਰ ਸਕੇਗਾ, ਜੇ ਉਸ ਨੂੰ ਅਦਾਲਤ ਵਿਚ ਪੇਸ਼ ਕਰਕੇ ਮੁਕੱਦਮਾ ਚਲਾਇਆ ਜਾਵੇਗਾ। ਇਹ ਪੂਰੀ ਤਰ੍ਹਾਂ ਪੁਲਿਸ ਦੇ ਹੱਥ ਵਿਚ ਹੈ। ਯੂ.ਏ.ਪੀ.ਏ. ਵਿਚ ਤਿੰਨ ਮਹੀਨੇ ਦੇ ਪੁਲਿਸ ਰਿਮਾਂਡ ਦੀ ਵਿਵਸਥਾ ਹੈ ਜਿਸ ਨੂੰ ਛੇ ਮਹੀਨੇ ਤਕ ਵਧਾਇਆ ਜਾ ਸਕਦਾ ਹੈ। ਛੇ ਮਹੀਨੇ ਤੋਂ ਪਹਿਲਾਂ ਜਾਂਚ ਏਜੰਸੀ ਉਸ ਦੇ ਖ਼ਿਲਾਫ਼ ਚਾਰਜਸ਼ੀਟ ਪੇਸ਼ ਕਰਨ ਦੀ ਪਾਬੰਦ ਨਹੀਂ।

ਇਹ ਕਾਨੂੰਨ ਕਿਵੇਂ ਸੱਤਾ ਦੇ ਹੱਥ ਵਿਚ ਨਾਪਸੰਦ ਵਿਅਕਤੀਆਂ ਦੀਆਂ ਜ਼ਿੰਦਗੀਆਂ ਤਬਾਹ ਕਰਨ ਦਾ ਹਥਿਆਰ ਹੈ, ਇਹ ਦਰਜ ਮਾਮਲਿਆਂ ਦੇ 2016 ਤਕ ਦੇ ਅੰਕੜਿਆਂ ਤੋਂ ਸਪਸ਼ਟ ਹੋ ਜਾਂਦਾ ਹੈ। ਇਸ ਤੋਂ ਅਗਲੇ ਅੰਕੜੇ ਅਜੇ ਹਾਸਲ ਨਹੀਂ। ਕੌਮੀ ਜੁਰਮ ਰਿਕਾਰਡ ਬਿਓਰੋ ਅਨੁਸਾਰ 2014 ਤੋਂ ਲੈ ਕੇ 2016 ਦੇ ਅਖ਼ੀਰ ਤਕ ਯੂ.ਏ.ਪੀ.ਏ. ਤਹਿਤ 2700 ਤੋਂ ਵੱਧ ਮਾਮਲੇ ਦਰਜ ਕੀਤੇ ਗਏ। 2016 ਤਕ ਜਾਂਚ ਲਈ ਹੱਥ ਲਏ 3962 ਮਾਮਲਿਆਂ ਵਿਚੋਂ 3040 ਅਜੇ ਜਾਂਚ ਅਧੀਨ ਸਨ ਜਦਕਿ 1488 ਮਾਮਲੇ ਮੁਕੱਦਮੇ ਲਈ ਪੈਂਡਿੰਗ ਸਨ। ਕੇਵਲ 232 ਮਾਮਲਿਆਂ ਵਿਚ ਚਾਰਜਸ਼ੀਟ ਪੇਸ਼ ਕੀਤੀ ਗਈ ਅਤੇ ਕੇਵਲ 414 ਮਾਮਲੇ ਨਿਪਟਾਏ ਗਏ। 2016 ਵਿਚ ਯੂ.ਏ.ਪੀ.ਏ. ਦੇ ਜਿਨ੍ਹਾਂ 33 ਮਾਮਲਿਆਂ ਦੇ ਮੁਕੱਦਮੇ ਮੁਕੰਮਲ ਹੋਏ, ਉਨ੍ਹਾਂ ਵਿਚੋਂ 22 ਮਾਮਲਿਆਂ (67 ਫੀਸਦ) ਵਿਚ ਸਬੰਧਤ ਵਿਅਕਤੀ ਬਰੀ ਹੋ ਗਏ ਜਾਂ ਅਦਾਲਤ ਨੇ ਮਾਮਲੇ ਖਾਰਜ ਕਰ ਦਿੱਤੇ। 2015 ਵਿਚ ਐਸੇ ਮਾਮਲੇ 75 ਫੀਸਦ ਸਨ। ਕਾਰਕੁਨ ਅਰੁਣ ਫਰੇਰਾ ਅਤੇ ਸੁਧੀਰ ਧਾਵਲੇ ਇਸ ਦੀਆਂ ਉਘੜਵੀਆਂ ਮਿਸਾਲਾਂ ਹਨ ਜਿਨ੍ਹਾਂ ਨੂੰ ਹੁਣ ਦੁਬਾਰਾ ਗ੍ਰਿਫ਼ਤਾਰ ਕੀਤਾ ਗਿਆ ਹੈ।

ਅਰੁਣ ਨੂੰ 2007 ਵਿਚ ਗ੍ਰਿਫ਼ਤਾਰ ਕਰਕੇ ਦੀਕਸ਼ਾ ਭੂਮੀ ਨਾਗਪੁਰ ਨੂੰ ਉਡਾਉਣ ਦੀ ਸਾਜ਼ਿਸ਼ ਘੜਨ ਦਾ ਇਲਜ਼ਾਮ ਲਗਾਇਆ ਗਿਆ ਸੀ। ਮੀਡੀਆ ਅੱਗੇ ਉਸ ਦਾ ਮੂੰਹ ਕਾਲੇ ਕੱਪੜੇ ਨਾਲ ਢਕ ਕੇ ਖ਼ੂੰਖ਼ਾਰ ਦਹਿਸ਼ਤਗਰਦ ਦੇ ਤੌਰ 'ਤੇ ਪੇਸ਼ ਕੀਤਾ ਗਿਆ। ਬਾਅਦ ਵਿਚ ਉਸ ਉਪਰ ਦਸ ਮਾਮਲੇ ਹੋਰ ਪਾ ਦਿੱਤੇ ਗਏ ਜਿਨ੍ਹਾਂ ਵਿਚੋਂ ਇਕ ਵਿਚ ਉਸ ਦੀ ਸ਼ਮੂਲੀਅਤ ਉਸ ਸਮੇਂ ਦੀ ਦਿਖਾਈ ਗਈ, ਜਦੋਂ ਉਹ ਜੇਲ੍ਹ ਵਿਚ ਬੰਦ ਸੀ। ਆਖ਼ਿਰ ਉਹ ਸਾਰੇ ਮਾਮਲਿਆਂ ਵਿਚੋਂ ਬਰੀ ਹੋ ਗਿਆ। ਉਸ ਨੂੰ ਪੁਲਿਸ ਹਿਰਾਸਤ ਵਿਚ ਖ਼ੌਫ਼ਨਾਕ ਤਸੀਹਿਆਂ ਅਤੇ ਪੰਜ ਸਾਲ ਜੇਲ੍ਹਬੰਦੀ ਦਾ ਸੰਤਾਪ ਨਾਜਾਇਜ਼ ਹੀ ਭੋਗਣਾ ਪਿਆ। ਐਨ ਇਸੇ ਤਰ੍ਹਾਂ ਮਰਾਠੀ ਰਸਾਲੇ 'ਵਿਦਰੋਹੀ' ਦੇ ਸੰਪਾਦਕ ਅਤੇ ਦਲਿਤ ਕਾਰਕੁਨ ਸੁਧੀਰ ਧਾਵਲੇ ਨਾਲ ਵਾਪਰਿਆ ਜਿਸ ਨੂੰ ਜਨਵਰੀ 2011 ਵਿਚ ਸਰਕਾਰ ਵਿਰੁਧ ਜੰਗ ਛੇੜਨ ਦੇ ਇਲਜ਼ਾਮ ਤਹਿਤ ਗ੍ਰਿਫ਼ਤਾਰ ਕਰਕੇ 40 ਮਹੀਨੇ ਜੇਲ੍ਹ ਵਿਚ ਰੱਖਿਆ ਗਿਆ ਅਤੇ ਇਸ ਸਾਲ 6 ਜੂਨ ਨੂੰ ਉਸ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ। ਇਸੇ ਤਰ੍ਹਾਂ ਹਜ਼ਾਰਾਂ ਆਦਿਵਾਸੀ, ਦਲਿਤ ਅਤੇ ਮੁਸਲਮਾਨ ਅਤੇ ਬਹੁਤ ਸਾਰੇ ਕਾਰਕੁਨ ਯੂ.ਏ.ਪੀ.ਏ. ਲਗਾ ਕੇ ਬਿਨਾ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਡੱਕੇ ਹੋਏ ਹਨ ਜੋ ਉਨ੍ਹਾਂ ਕਥਿਤ ਦਹਿਸ਼ਤੀ ਜੁਰਮਾਂ ਦੀ ਸਜ਼ਾ ਭੁਗਤ ਰਹੇ ਹਨ ਜੋ ਉਨ੍ਹਾਂ ਨੇ ਕੀਤੇ ਹੀ ਨਹੀਂ।

ਦਰਅਸਲ, ਇਸ ਤਰ੍ਹਾਂ ਦੇ ਜਾਬਰ ਕਾਨੂੰਨਾਂ ਦੀ ਕੋਈ ਵਾਜਬੀਅਤ ਨਹੀਂ। ਜੇ ਮੁਲਕ ਦੇ ਆਵਾਮ ਨੂੰ ਹੁਕਮਰਾਨ ਜਮਾਤ ਦੀਆਂ ਨੀਤੀਆਂ ਵਿਚ ਆਪਣੇ ਹਿਤ ਸੁਰੱਖਿਅਤ ਨਹੀਂ ਲੱਗਦੇ ਤਾਂ ਹੁਕਮਰਾਨਾਂ ਨੂੰ ਇਹ ਆਪਾਸ਼ਾਹ ਅਧਿਕਾਰ ਨਹੀਂ ਹੋਣਾ ਚਾਹੀਦਾ ਕਿ ਉਹ ਆਪਣੀਆਂ ਨੀਤੀਆਂ ਰਾਸ਼ਟਰੀ ਹਿਤ ਦੇ ਨਾਂ ਹੇਠ ਥੋਪਣ ਅਤੇ ਜਾਬਰ ਕਾਨੂੰਨਾਂ ਨੂੰ ਆਲੋਚਕਾਂ ਦੀ ਜ਼ੁਬਾਨਬੰਦੀ ਲਈ ਹਥਿਆਰ ਬਣਾ ਕੇ ਇਸਤੇਮਾਲ ਕਰਨ। ਲਿਹਾਜ਼ਾ, ਅੱਜ ਵਕਤ ਦਾ ਤਕਾਜ਼ਾ ਹੈ ਕਿ ਸਾਰੇ ਜਮਹੂਰੀਅਤਪਸੰਦ ਲੋਕ ਇਸ ਬੇਮਿਸਾਲ ਕਾਲੇ ਕਾਨੂੰਨ ਨੂੰ ਰੱਦ ਕਰਾਉਣ ਲਈ ਅੱਗੇ ਆ ਕੇ ਆਵਾਜ਼ ਉਠਾਉਣ। ਨਹੀਂ ਤਾਂ ਕੀ ਬੁੱਧੀਜੀਵੀ, ਕੀ ਆਮ ਲੋਕ ਇਸੇ ਤਰ੍ਹਾਂ ਨਜਾਇਜ਼ ਹੀ ਜੇਲ੍ਹਾਂ ਵਿਚ ਡੱਕੇ ਜਾਂਦੇ ਰਹਿਣਗੇ।

# ਸਿਆਸੀ ਪਾਰਟੀਆਂ ਦੀ ਵਿਚਾਰਧਾਰਾ ਅਤੇ ਪੰਜਾਬ

ਸਿਆਸੀ ਪਾਰਟੀਆਂ ਕੁਝ ਖਾਸ ਵਾਅਦਿਆਂ ਦੇ ਸਿਰ ਉਤੇ ਸੱਤਾ ਹਾਸਲ ਕਰਦੀਆਂ ਹਨ ਜਿਹੜੇ ਆਮ ਤੌਰ 'ਤੇ ਉਨ੍ਹਾਂ ਦੀ ਆਪੋ-ਆਪਣੀ ਵਿਚਾਰਧਾਰਾ ਦੀ ਖਾਸੀਅਤ ਨਾਲ ਮਿਲਦੇ-ਜੁਲਦੇ ਹੁੰਦੇ ਹਨ, ਪਰ ਚੋਣਾਂ ਵਿਚ ਜਿੱਤ ਤੋਂ ਤੁਰੰਤ ਬਾਅਦ ਉਹ ਆਪਣੀ ਇਸ ਖਾਸੀਅਤ ਨੂੰ ਅਣਗੌਲਣਾ ਸ਼ੁਰੂ ਕਰ ਦਿੰਦੀਆਂ ਹਨ।

ਇਹੀ ਨਹੀਂ, ਇਹ ਆਪਣੇ ਵਿਰੋਧੀ ਦੀ

**ਕੁਲਜੀਤ ਬੈਂਸ**

ਵਿਚਾਰਧਾਰਾ ਨਾਲ ਜੁੜੇ ਵੋਟ ਬੈਂਕ ਨੂੰ ਸੰਨ੍ਹ ਲਾਉਣ ਦੇ ਲਾਲਚ ਵਿਚ ਵੀ ਪੈ ਜਾਂਦੀਆਂ ਹਨ। ਪਿਛਲੀ ਵਾਰ ਅਕਾਲੀਆਂ ਨੇ ਇਹੀ ਕੁਝ ਕੀਤਾ ਅਤੇ ਕਾਂਗਰਸ ਹੁਣ ਇਹੀ ਕੁਝ ਕਰਨ ਦੇ ਰਾਹ ਪੈ ਗਈ ਜਾਪਦੀ ਹੈ। ਇਸ ਲਾਲਚ ਦਾ ਖਮਿਆਜ਼ਾ ਅਕਾਲੀ ਪਹਿਲਾਂ ਹੀ ਭੁਗਤ ਰਹੇ ਹਨ, ਕਾਂਗਰਸ ਨੂੰ ਅਗਾਂਹ ਭੁਗਤਣਾ ਪੈ ਸਕਦਾ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਵਾਰ-ਵਾਰ ਪੈਂਤੜੇ ਬਦਲ ਰਹੀ ਹੈ ਅਤੇ ਕੁਝ ਵੀ ਹਾਸਲ ਕਰਨ ਤੋਂ ਪਹਿਲਾਂ ਹੀ ਖਮਿਆਜ਼ਾ ਭੁਗਤ ਰਹੀ ਹੈ।

ਅਕਾਲੀਆਂ ਜਾਂ ਕਹੋ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਵੱਜੀ ਇਸ ਸੱਟ ਦਾ ਸਿਲਸਿਲਾ ਸਭ ਦੇ ਸਾਹਮਣੇ ਹੈ। ਮੁਢਲੇ ਤੌਰ 'ਤੇ ਇਹ ਪੰਥਕ ਪਾਰਟੀ ਹੈ, ਫਿਰ ਵੀ ਇਸ ਨੇ ਗ਼ੈਰ ਸਿੱਖ ਚਿਹਰੇ ਵੀ ਨਾਲ ਰਲਾ ਲਏ ਅਤੇ ਫਿਰ ਇਹ ਡੇਰਾ ਸੱਚਾ ਸੌਦਾ ਦੇ ਸ਼ਰਧਾਲੂਆਂ ਨੂੰ ਪਤਿਆਉਣ ਦੇ ਰਾਹ ਪੈ ਗਈ। ਡੇਰੇ ਵਾਲੀ ਇਸ ਪਹੁੰਚ ਨੇ ਉਲਟਾ ਇਸ ਦਾ ਨੁਕਸਾਨ ਹੀ ਕੀਤਾ। ਮਾਮਲਾ ਵਧਣ 'ਤੇ ਇਸ ਨੇ ਡੇਰੇ ਨੂੰ ਦਿੱਤੀ ਮੁਆਫ਼ੀ ਵਿਚ ਤਬਦੀਲੀ ਕਰਕੇ ਨੁਕਸਾਨ ਦੀ ਭਰਪਾਈ ਕਰਨ ਦੀ ਕੋਸ਼ਿਸ਼ ਕੀਤੀ। ਭਵਿਖ ਵਿਚ ਟਕਸਾਲੀ ਆਗੂਆਂ ਦੇ ਦਬਾਅ ਹੇਠ ਇਹ ਪਾਰਟੀ ਸਿੱਖ ਚਿਹਰਿਆਂ ਨੂੰ ਆਪਣੀ ਲੀਡਰਸ਼ਿਪ ਵਿਚ ਵਧਾਉਣ ਵੱਲ ਧਿਆਨ ਦੇ ਸਕਦੀ ਹੈ। ਉਂਜ, ਇਕ ਗੱਲ ਐਨ ਸਪਸ਼ਟ ਹੈ ਕਿ ਬਾਦਲਾਂ ਦੀ ਅਗਵਾਈ ਹੇਠ ਅਕਾਲੀ ਦਲ ਸਿੱਖਾਂ ਮਸਲਿਆਂ ਪ੍ਰਤੀ ਸੱਚੀ ਨਹੀਂ ਰਹਿ ਸਕੀ ਹੈ।

ਸ਼ਾਇਦ ਜਮਹੂਰੀਅਤ ਵਿਚ ਹਕੀਕੀ ਸਿਆਸਤ ਇਹੀ ਹੁੰਦੀ ਹੈ। ਤੁਸੀਂ ਕਿਸੇ ਖਾਸ ਸੀਮਾ ਤੋਂ ਉਪਰ ਕਿਸੇ ਵੀ ਵਿਚਾਰਧਾਰਾ ਦੇ ਹੱਕ ਵਿਚ ਨਹੀਂ ਰਹਿ ਸਕਦੇ। ਪਾਰਟੀ ਨੇ ਚੋਣਾਂ ਜਿੱਤਣੀਆਂ ਹੁੰਦੀਆਂ ਹਨ ਅਤੇ ਇਸ ਕਾਰਜ ਲਈ ਇਸ ਨੂੰ ਵੱਧ ਤੋਂ ਵੱਧ ਵੋਟਾਂ ਜੁਟਾਉਣੀਆਂ ਪੈਂਦੀਆਂ ਹਨ। ਇਸ ਦਾ ਮਤਲਬ ਇਹ ਹੈ ਕਿ ਹਰ ਤਰ੍ਹਾਂ ਦੇ ਵੋਟਰ ਤੱਕ ਰਸਾਈ ਕਰਨੀ ਪਵੇਗੀ। ਕਾਂਗਰਸ ਨੇ ਹਾਲਾਤ ਮੁਤਾਬਕ ਇੰਨੇ ਸਾਲ ਅਜਿਹਾ ਬੜੀ ਕਾਮਯਾਬੀ ਨਾਲ ਕੀਤਾ ਹਾਲਾਂਕਿ ਇਹ ਨਾਲ ਦੀ ਨਾਲ ਧਰਮ ਨਿਰਪੱਖ ਹੋਣ ਦਾ ਦਾਅਵਾ ਵੀ ਕਰਦੀ ਰਹੀ ਹੈ। ਦਰਅਸਲ, ਇਸ ਨੇ ਫਿਰਕੂ ਪੈਂਤੜਾ ਮੱਲਣ ਲਈ ਧਰਮ ਨਿਰਪੱਖਤਾ ਦਾ ਪਰਦਾ ਵੀ ਵਰਤਿਆ, ਮਸਲਾ ਸਿਰਫ਼ ਵੋਟਾਂ ਬਟੋਰਨ ਦਾ ਹੀ ਸੀ।

ਬਹੁਤੇ ਸਿਆਸੀ ਵਿਸ਼ਲੇਸ਼ਕਾਂ ਮੁਤਾਬਿਕ, ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਦੌਰਾਨ ਜਿੱਤ ਆਮ ਆਦਮੀ ਪਾਰਟੀ ਕੋਲੋਂ ਖੋਹ ਲਈ, ਕਿਉਂਕਿ ਆਮ ਆਦਮੀ ਪਾਰਟੀ ਗਰਮਖਿਆਲ ਸਿੱਖਾਂ ਵੱਲ ਵਧੇਰੇ ਝੁਕ ਰਹੀ ਸੀ, ਸਿੱਟੇ ਵਜੋਂ ਹਿੰਦੂਆਂ ਦੀਆਂ ਵੋਟਾਂ ਕਾਂਗਰਸ ਦੇ ਹੱਕ ਵਿਚ ਭੁਗਤ ਗਈਆਂ। ਆਮ ਧਾਰਨਾ ਸੀ ਕਿ ਸਰਕਾਰ ਬਣਨ ਪਿੱਛੋਂ ਕੈਪਟਨ, ਬਾਦਲਾਂ ਖ਼ਿਲਾਫ ਕਾਰਵਾਈ ਕਰਨਗੇ ਪਰ ਉਨ੍ਹਾਂ ਕੇਸਾਂ ਦੀ ਪੈਰਵੀ ਹੀ ਨਹੀਂ ਕੀਤੀ। ਆਪਣੀ ਇਸ ਨਾਕਾਮੀ ਅਤੇ 2019 ਵਾਲੀਆਂ ਚੋਣਾਂ ਤੋਂ ਪਹਿਲਾਂ ਸਿੱਖ ਵੋਟ ਨੂੰ ਆਪਣੇ ਹੱਕ ਵਿਚ ਕਰਨ ਵਿਚ ਕਾਮਯਾਬ ਨਾ ਹੋਣ ਕਾਰਨ, ਅੱਜ ਉਨ੍ਹਾਂ ਉਤੇ 'ਪੰਥਕ' ਹੋ ਜਾਣ ਦੇ ਇਲਜ਼ਾਮ ਲੱਗ ਰਹੇ ਹਨ।

ਵਿਚਾਰਧਾਰਾ ਪ੍ਰਤੀ ਗ਼ੈਰ ਦਿਆਨਤਦਾਰੀ ਦੇ ਮਾੜੇ ਸਿੱਟਿਆਂ ਵੱਲ ਜੇ ਨਾ ਵੀ ਜਾਈਏ, ਤਾਂ ਵੀ ਨਾਖੁਸ਼ੀ ਵਾਲੇ ਸੰਕੇਤ ਮਿਲ ਹੀ ਰਹੇ ਹਨ। ਸਿੱਖਾਂ ਵੱਲੋਂ ਬਰਗਾੜੀ ਵਿਚ ਲਾਇਆ ਧਰਨਾ ਇੰਨਾ ਲੰਮਾ ਹੋ ਗਿਆ ਕਿ ਬੇਅਦਬੀ ਵਾਲੀਆਂ ਘਟਨਾਵਾਂ ਅਤੇ ਪੁਲੀਸ ਗੋਲੀ ਨਾਲ ਹੋਈਆਂ ਦੋ ਮੌਤਾਂ ਦੇ ਮਾਮਲਿਆਂ ਵਿਚ ਇਨਸਾਫ਼ ਦੀ ਮੰਗ ਤੋਂ ਅਗਾਂਹ ਇਹ ਅੰਦੋਲਨ ਦਾ ਰੂਪ ਧਾਰ ਗਿਆ।

ਮੰਗਾਂ ਵਿਚ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਵੀ ਸ਼ਾਮਿਲ ਹੋ ਗਈ। ਵਿਖਾਵਾਕਾਰੀਆਂ ਵਿਚ ਆਮ ਸਿੱਖ ਹੀ ਸ਼ਾਮਿਲ ਨਹੀਂ ਹਨ, ਇਨ੍ਹਾਂ ਵਿਚ ਤਿੱਖੇ ਸਿਆਸੀ ਵਿਚਾਰਾਂ ਵਾਲੇ ਵੀ ਸ਼ੁਮਾਰ ਹੋ ਗਏ ਹਨ। ਇਨ੍ਹਾਂ ਵਿਚੋਂ ਭਾਰਤ ਤੋਂ ਬਾਹਰਲੇ ਕਈ ਸਮਰਥਕਾਂ ਦਾ ਸਬੰਧ ਖਾਲਿਸਤਾਨ ਦੀ ਮੰਗ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਵਿਚੋਂ ਕੁਝ ਫੰਡ ਵੀ ਭੇਜ ਰਹੇ ਹਨ। ਹੁਣ ਹਾਲ ਇਹ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਕਾਰਨ ਰੋਹ ਵਿਚ ਆਏ ਆਮ ਸਿੱਖ ਉਤੇ ਵੀ 'ਖਾਲਿਸਤਾਨੀ' ਹੋਣ ਦਾ ਠੱਪਾ ਲਾਇਆ ਜਾ ਰਿਹਾ ਹੈ।

ਅਜਿਹੇ ਲੀਡਰਾਂ ਦੇ ਲਗਾਤਾਰ ਬਿਆਨ ਆ ਰਹੇ ਹਨ ਜਿਨ੍ਹਾਂ ਦੇ ਗੁੱਝੇ ਮਨੋਰਥ ਹੋ ਸਕਦੇ ਹਨ ਜਾਂ ਉਹ ਗੈਰ ਜ਼ਿੰਮੇਵਾਰ ਜਾਂ ਕੱਚਘਰੜ ਹੋ ਸਕਦੇ ਹਨ। ਆਮ ਆਦਮੀ ਪਾਰਟੀ ਦੇ ਲੀਡਰ ਸੁਖਦੇਵ ਸਿੰਘ ਭੌਰ ਨੂੰ ਡੇਰਾ ਬੱਲਾਂ ਖ਼ਿਲਾਫ ਬੋਲਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਇੱਕ ਦੂਜੇ ਨੂੰ ਨੀਂਵਾਂ ਦਿਖਾਉਣ ਲਈ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੇ ਭਾਸ਼ਣਾਂ ਵਿਚ ਹਰ ਮਰਯਾਦਾ ਪਾਰ ਕਰ ਗਏ ਹਨ।

ਇਸ ਲਈ ਹੁਣ ਅਸਲੀ 'ਮਕਸਦ' ਦੇ ਬੇਲੋੜੇ ਮਸਲਿਆਂ ਦੇ ਭਾਰ ਹੇਠ ਦਬ ਜਾਣ ਦਾ ਖ਼ਦਸ਼ਾ ਹੈ। ਇਹ ਬੇਲੋੜੇ ਮਸਲੇ ਆਮ ਹਾਲਾਤ ਵਿਚ ਐਨ ਹੇਠਾਂ ਦਬੇ ਹੁੰਦੇ ਹਨ। ਆਪਣੀ ਹੋਂਦ ਬਰਕਰਾਰ ਰੱਖਣਾ ਸਿਆਸੀ ਪਾਰਟੀਆਂ ਦੀ ਮਜਬੂਰੀ ਹੁੰਦੀ ਹੈ ਪਰ ਸਰਕਾਰ ਦਾ ਸਿਰਫ਼ ਇੱਕ ਹੀ ਕੰਮ ਹੋਣਾ ਚਾਹੀਦਾ ਹੈ- ਸੂਬੇ ਦੇ ਲੋਕਾਂ ਦੀ ਸੁਰੱਖਿਆ ਅਤੇ ਮਾਣ-ਸਤਿਕਾਰ।

# ਗਦਰੀ ਬਾਬਿਆਂ ਦੀ ਯਾਦ 'ਚ ਮੇਲਾ ਯਾਦਗਾਰੀ ਹੋ ਨਿਬੜਿਆ

**ਸੈਕਰਾਮੈਂਟੋ (ਬਿਊਰੋ):** ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ੀ ਸਾਮਰਾਜ ਤੋਂ ਬੰਦ ਖਲਾਸੀ ਲਈ ਸਿੰਗਾਪੁਰ ਵਿਚ ਫੌਜੀਆਂ ਵੱਲੋਂ ਕੀਤੀ ਬਗਾਵਤ ਨੂੰ ਸਮਰਪਿਤ ਮੇਲਾ ਕਰਵਾਇਆ ਗਿਆ।



ਜਥੇਬੰਦੀ ਵਲੋਂ ਹਰ ਸਾਲ ਦੀ ਤਰ੍ਹਾਂ ਸੈਕਰਾਮੈਂਟੋ ਦੇ ਕਬਰਿਸਤਾਨ ਵਿਚ ਗਦਰ ਪਾਰਟੀ ਦੇ ਮੀਤ ਪ੍ਰਧਾਨ ਪ੍ਰੋ. ਮੌਲਵੀ ਮੁਹੰਮਦ ਬਰਕਤ ਉਲਾ ਦੀ ਮਜ਼ਾਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਜਥੇਬੰਦੀ ਦੇ ਮੋਹਰੀਆਂ ਵਿਚੋਂ ਇਕ ਕਸ਼ਮੀਰ ਸਿੰਘ ਕਾਂਗਣਾ ਨੇ ਕਾਬਲ ਵਿਚ ਬਣੀ ਪਹਿਲੀ ਭਾਰਤੀ ਜਲਾਵਤਨ ਸਰਕਾਰ ਦਾ ਖੁਲਾਸਾ ਕੀਤਾ, ਜਿਸ ਦੇ ਪ੍ਰਧਾਨ ਮੌਲਵੀ ਬਰਕਤ ਉਲਾ ਸਨ। ਪੱਛਮੀ ਪੰਜਾਬ ਨਾਲ ਸਬੰਧਤ ਬੇਕਰਜ਼ਫੀਲਡ ਤੋਂ ਡਾ. ਅਮਰ-ਉਲ-ਇਸਲਾਮ ਸਈਅਦ ਅਤੇ ਉਨ੍ਹਾਂ ਦੀ ਪਤਨੀ ਡਾ. ਨਾਈਲਾ ਸਈਅਦ ਨੇ ਆਪਣੀ ਰਵਾਇਤ ਅਨੁਸਾਰ ਪ੍ਰੋ. ਮੌਲਵੀ ਮੁਹੰਮਦ ਬਰਕਤ ਉਲਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਬਰਕਤ ਉਲਾ ਦੇ ਸਾਥੀ ਅਬਦੁਲਾ ਸਿੰਧੀ, ਜੋ ਜਲਾਵਤਨ ਸਰਕਾਰ ਦੇ ਗ੍ਰਹਿ ਮੰਤਰੀ ਸਨ, ਦੇ ਸੰਘਰਸ਼ਮਈ ਜੀਵਨ 'ਤੇ ਚਾਨਣਾ ਪਾਇਆ।

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਪ੍ਰੋ. ਮੌਲਵੀ ਮੁਹੰਮਦ ਬਰਕਤ ਉਲਾ ਦੇ ਮੁਢਲੇ ਜੀਵਨ ਉਨ੍ਹਾਂ ਦੇ ਆਜ਼ਾਦੀ ਲਈ ਕੀਤੇ ਸੰਘਰਸ਼ ਅਤੇ ਸੈਨ ਫਰਾਂਸਿਸਕੋ ਵਿਚ ਉਨ੍ਹਾਂ ਦੇ ਹੋਏ ਦਿਹਾਂਤ ਬਾਰੇ ਤਫਸੀਲ ਵਿਚ ਦੱਸਿਆ।

ਐਲਕ ਗਰੂਵ ਦੇ ਐਮ. ਵੀ. ਐਸ. ਹਾਲ ਦੇ ਵਿਹੜੇ ਵਿਚ ਗਦਰ ਪਾਰਟੀ ਦਾ ਤਿੰਨ ਰੰਗ ਝੰਡਾ, ਜਿਸ ਵਿਚ ਦੋ ਕਾਟਵੀਆਂ ਖੜੀਆਂ ਤਲਵਾਰਾਂ ਹਨ, ਜਥੇਬੰਦੀ ਦੇ ਫਾਊਂਡਰ ਡਾਇਰੈਕਟਰ ਸੁਮਿੱਤਰ ਸਿੰਘ ਉਪਲ ਨੇ ਆਪਣੇ ਕਰ ਕਮਲਾਂ ਨਾਲ ਝੁਲਾਇਆ। ਇਸ ਮੌਕੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਵੀ ਹਾਜ਼ਰ ਸੀ।

ਮੁੱਖ ਸਮਾਗਮ ਦੌਰਾਨ ਬੋਲਦਿਆਂ ਕਸ਼ਮੀਰ ਸਿੰਘ ਕਾਂਗਣਾ ਨੇ ਝੰਡੇ ਦੀ ਮਹੱਤਤਾ ਦੀ ਗੱਲ ਕਰਦਿਆਂ ਇਸ ਦੀ ਅਗਵਾਈ ਹੇਠ ਅੰਗਰੇਜ਼ ਸਰਕਾਰ ਵਿਰੁਧ ਲੜਾਈ ਦੇ ਲਹੂ ਵੀਟਵੇਂ ਸੰਘਰਸ਼ ਦਾ ਜ਼ਿਕਰ ਕੀਤਾ, ਜਿਸ ਵਿਚ ਭਾਰਤੀ ਫੌਜੀ ਬਗਾਵਤਾਂ ਦਾ ਗਿਣਨਯੋਗ ਸਥਾਨ ਹੈ ਅਤੇ ਇਸੇ ਸਦਕਾ ਭਾਰਤ 15 ਅਗਸਤ 1947 ਨੂੰ ਆਜ਼ਾਦ ਹੋਇਆ ਸੀ। ਸ. ਕਾਂਗਣਾ ਨੇ ਗਦਰੀ ਬਾਬਿਆਂ ਨੂੰ ਧਰਮਾਂ ਅਤੇ ਜਾਤ-ਪਾਤਾਂ ਵਿਚ ਵੰਡਣ ਦੀ ਬਿਰਤੀ ਵਿਰੁਧ ਸਖਤ ਪ੍ਰਤੀਕਰਮ ਕੀਤਾ। ਉਨ੍ਹਾਂ ਡਾ. ਗੁਰਮੇਲ ਸਿੰਘ ਸਿੱਧੂ ਦਾ ਇਕ ਸ਼ੇਅਰ ਪੜ੍ਹਿਆ:

ਅਸੀਂ ਵਤਨ ਦੀ ਖਾਤਰ, ਆਪਣੇ ਧੜਾਂ ਤੋਂ ਸਿਰ ਕਟਵਾਏ ਸੀ।

ਕਿਸੇ ਨੇ ਸਾਡੇ ਸਿਰਾਂ 'ਤੇ ਕੁੱਲਾ ਅਤੇ ਕਿਸੇ ਪਗੜੀ ਸਜਾ ਦਿਤੀ।


ਲੋਕਾਂ ਨਾਲ ਖਚਾਖਚ ਭਰੇ ਹਾਲ ਵਿਚ ਕਸ਼ਮੀਰ ਸਿੰਘ ਕਾਂਗਣਾ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਲੋਕ ਗਾਇਕ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੂੰ ਦੇਸ਼ ਭਗਤੀ ਦਾ ਗੀਤ ਗਾਉਣ ਲਈ ਸੱਦਾ ਦਿੱਤਾ। ਰਾਜ ਬਰਾੜ ਵਲੋਂ ਤੂੰਬੀ ਨਾਲ ਗਾਏ ਗੀਤ ਨੂੰ ਸਰੋਤਿਆਂ ਨੇ ਸਾਹ ਰੋਕ ਕੇ ਸੁਣਿਆ। ਨਾਮਧਾਰੀ ਸੰਗਤ ਨੇ ਉਚੇਚੇ ਤੌਰ 'ਤੇ ਮੇਲੇ ਵਿਚ ਹਾਜ਼ਰੀ ਭਰੀ ਅਤੇ ਸ. ਦਵਿੰਦਰ ਸਿੰਘ ਨੇ ਬਾਬਾ ਰਾਮ ਸਿੰਘ ਦੀ ਉਪਮਾ ਵਿਚ ਇਕ ਕਵਿਤਾ ਗਾ ਕੇ ਸੁਣਾਈ।

ਡਾ. ਸਈਅਦ ਨੇ ਬੜੇ ਹੀ ਜਜ਼ਬਾਤੀ ਰੌਅ ਵਿਚ ਆਜ਼ਾਦੀ ਸੰਗਰਾਮ ਦੇ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਆਜ਼ਾਦੀ ਦੇ ਨਾਲ ਹੀ ਅੰਗਰੇਜ਼ ਪਾੜੋ ਤੇ ਰਾਜ ਕਰੋ ਦੀ ਨੀਤੀ ਅਨੁਸਾਰ ਦੇਸ਼ ਦੇ ਦੋ ਹਿੱਸੇ ਕਰ ਗਏ ਅਤੇ ਭਾਈ ਭਾਈਆਂ ਨਾਲੋਂ ਵਿਛੜ ਗਏ। ਵੰਡ ਦੀ ਇਹ ਲਕੀਰ ਹੋਰ ਪਕੇਰੀ ਹੁੰਦੀ ਗਈ ਅਤੇ ਨਫਰਤ ਦੀ ਦੀਵਾਰ ਉਚੀ ਹੋ ਗਈ। ਗਦਰੀ ਬਾਬਿਆਂ ਵਾਂਗ ਸਾਨੂੰ ਜਾਤਾਂ ਪਾਤਾਂ ਅਤੇ ਮਜ਼ਹਬਾਂ ਦੇ ਝਗੜਿਆਂ ਤੋਂ ਉਪਰ ਉਠ ਕੇ ਬਾਬੇ ਨਾਨਕ ਦੇ ਸਾਂਝੀਵਾਲਤਾ ਦੇ ਪੈਗਾਮ ਨੂੰ ਅਪਨਾ ਕੇ ਇਕਜੁੱਟ ਹੋਣ ਦੀ ਲੋੜ ਹੈ। ਫਿਰ ਸਾਡੇ ਏਕੇ ਅੱਗੇ ਨਫਰਤ ਦੀਆਂ ਦੀਵਾਰਾਂ, ਸਰਹੱਦਾਂ ਦੀਆਂ ਕੰਧਾਂ ਢਹਿ ਢੇਰੀ ਹੋ ਜਾਣਗੀਆਂ। ਫਿਰ ਇਕ ਨਵੀ ਸਵੇਰ ਆਵੇਗੀ, ਨਵੇਂ ਰਿਸ਼ਤੇ ਬਣਨਗੇ ਅਤੇ ਨਵੇਂ ਸਮਾਜ ਦੀ ਸਿਰਜਣਾ ਹੋਵੇਗੀ। ਅੰਤ ਵਿਚ ਉਨ੍ਹਾਂ ਗਦਰ ਸੰਗਰਾਮ ਦੇ ਸੂਰਮੇ ਮੌਲਾਨਾ ਅਬਦੁਲਾ ਸਿੰਧੀ, ਜੋ ਕਾਬਲ ਵਿਚ ਬਣੀ ਜਲਾਵਤਨ ਸਰਕਾਰ ਦੇ ਗ੍ਰਹਿ ਮੰਤਰੀ ਸਨ, ਦੀ ਤਸਵੀਰ ਭੇਟ ਕੀਤੀ ਅਤੇ ਦੋ ਹੋਰ ਤਸਵੀਰਾਂ-ਪਖਤੂਨ ਸ਼ਾਇਰ ਖੁਸ਼ਹਾਲ ਖਾਂ ਖਟਕ ਅਤੇ ਮੀਰ ਦਾਦ ਖਾਂ ਦੀਆਂ ਜਥੇਬੰਦੀ ਨੂੰ ਭੇਟ ਕੀਤੀਆਂ।

ਲੰਗਰ ਕਮੇਟੀ ਦੇ ਆਗੂ ਸਤਨਾਮ ਸਿੰਘ ਨੰਗਲ ਨੇ ਅਮਰੀਕਾ ਵਿਚ ਨਿਕਲੇ ਪਹਿਲੇ ਪਰਚੇ 'ਗਦਰ' ਦੇ ਪਹਿਲੇ ਪੰਜਾਬੀ ਅੰਕ ਵਿਚ ਛਪੀ ਕਰਤਾਰ ਸਿੰਘ ਸਰਾਭਾ ਦੀ ਕਵਿਤਾ 'ਸੁਤਿਆ ਤੂੰ ਜਾਗ ਸ਼ੇਰਾ, ਸੁਤਿਆ ਤੂੰ ਜਾਗ ਉਏ' ਤਰੰਨਮ ਨਾਲ ਗਾ ਕੇ ਰੰਗ ਬੰਨਿਆ। ਜਥੇਬੰਦੀ ਵਲੋਂ ਸਮੁੱਚੀ ਲੰਗਰ ਲਾਉਣ ਵਾਲੀ ਟੀਮ ਦਾ ਸਟੇਜ ਤੋਂ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ।

ਜਥੇਬੰਦੀ ਦੇ ਮੁੱਖ ਆਗੂ ਅਤੇ ਸਕੱਤਰ ਗਿਆਨ ਸਿੰਘ ਬਿਲਗਾ ਨੇ ਆਪਣੇ ਭਾਸ਼ਣ ਵਿਚ ਦੇਸ਼ ਦੀ ਆਜ਼ਾਦੀ ਖਾਤਰ ਜਾਨਾਂ ਵਾਰਨ ਵਾਲੇ ਫੌਜੀ ਸੂਰਬੀਰਾਂ ਦੇ ਕਾਰਨਾਮਿਆਂ ਦਾ ਜਜ਼ਬਾਤੀ ਰੌਅ ਵਿਚ ਜ਼ਿਕਰ ਕਰਦਿਆਂ ਕਿਹਾ ਕਿ ਆਜ਼ਾਦੀ ਆਈ ਅਤੇ ਜਿਨ੍ਹਾਂ ਭਾਰਤ ਵਿਚ ਅੰਗਰੇਜ਼ ਸਰਕਾਰ ਨਾਲ ਲਹੂ ਡੋਲਵੀਆਂ ਟੱਕਰਾਂ ਲਈਆਂ, ਉਨ੍ਹਾਂ ਦਾ ਭਾਰਤ ਦੀ ਆਜ਼ਾਦ ਸਰਕਾਰ ਨੇ ਨਾਂ ਲੈਣ ਤੋਂ ਵੀ ਗੁਰੇਜ਼ ਕੀਤਾ, ਇਤਿਹਾਸ ਨੂੰ ਤੋੜਿਆ ਮਰੋੜਿਆ ਗਿਆ। ਉਨ੍ਹਾਂ ਨੂੰ ਗੁੰਡੇ ਤਕ ਕਿਹਾ ਗਿਆ। ਉਨ੍ਹਾਂ ਸਾਹਿਰ ਲੁਧਿਆਣਵੀ ਦਾ ਸ਼ੇਅਰ ਪੜ੍ਹਿਆ:

ਜੋ ਕੌਮ-ਓ-ਵਤਨ ਦੀ ਜੈ ਗਾ ਕਰ,  
ਮਰਤੇ ਹੁਏ ਰਾਹੀ ਗੁੰਡੇ ਥੇ।  
ਜੋ ਦੇਸ਼ ਕਾ ਪ੍ਰਚਮ ਲੇ ਕੇ ਉਠੇ,  
ਵੋ ਸੋਖ ਸਿਪਾਹੀ ਗੁੰਡੇ ਥੇ।



ਉਨ੍ਹਾਂ ਅੱਜ ਦੇ ਹਾਲਾਤ 'ਤੇ ਇਕ ਉਰਦੂ ਸ਼ੇਅਰ ਰਾਹੀਂ ਚੋਟ ਕਰਦਿਆਂ ਕਿਹਾ:

ਗੁਲਸਤਾਂ ਕੋ ਖੂਨ ਕੀ ਜਰੂਰਤ ਪੜੀ,  
ਸਭ ਸੇ ਪਹਿਲੇ ਯੇ ਗਰਦਨ ਹਮਾਰੀ ਕਟੀ।  
ਅਬ ਯੇ ਕਹਿਤੇ ਹੈ,  
ਹਮ ਸੇ ਯੇ ਅਹਿਲੇ ਚਮਨ,  
ਯੇ ਚਮਨ ਹੈ ਹਮਾਰਾ, ਤੁਮਹਾਰਾ ਨਹੀਂ।

ਨਰਿੰਦਰਪਾਲ ਸਿੰਘ ਹੁੰਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹਿ ਚੁਕੇ ਬਲਬੀਰ ਸਿੰਘ ਨੇ ਦੁਆਬੇ ਦੇ ਬੱਬਰਾਂ ਵਲੋਂ ਦੇਸ਼ ਦੀ ਆਜ਼ਾਦੀ ਵਿਚ ਪਾਏ ਯੋਗਦਾਨ ਦਾ ਖੁਲਾਸਾ ਕੀਤਾ।

ਜਥੇਬੰਦੀ ਦੇ ਮੈਂਬਰਾਂ ਨੂੰ ਵੀ ਲੋਕਾਂ ਦੇ ਰੂਬਰੂ ਕੀਤਾ ਗਿਆ। ਜਥੇਬੰਦੀ ਦੇ ਬਜ਼ੁਰਗ ਆਗੂ ਕਿਰਪਾਲ ਸਿੰਘ ਸੰਧੂ, ਜੋ ਬਿਮਾਰ ਹੋਣ ਕਾਰਨ ਮੇਲੇ ਵਿਚ ਨਹੀਂ ਆ ਸਕੇ, ਉਨ੍ਹਾਂ ਨੂੰ ਵਿਸ਼ੇਸ਼ੇ ਤੌਰ 'ਤੇ ਯਾਦ ਕੀਤਾ ਗਿਆ। ਯੂਬਾ ਸਿਟੀ ਤੋਂ ਜਥੇਬੰਦੀ ਦੇ ਮੈਂਬਰ ਹਰਪਾਲ ਸਿੰਘ ਸੰਘਾ, ਜੋ ਸਦੀਵੀਂ ਵਿਛੋੜਾ ਦੇ ਗਏ ਹਨ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸਮੁੱਚੀ ਜਥੇਬੰਦੀ ਵਲੋਂ ਜਥੇਬੰਦੀ ਦੇ ਡਾਇਰੈਕਟਰ ਸੁਮਿੱਤਰ ਸਿੰਘ ਉਪਲ ਅਤੇ ਉਨ੍ਹਾਂ ਦੀ ਪਤਨੀ ਬੀਬੀ ਗੁਰਮੀਤ ਕੌਰ ਉਪਲ ਨੂੰ ਡਾ. ਸਈਅਦ ਉਨ੍ਹਾਂ ਦੀ ਪਤਨੀ ਡਾ. ਨਾਈਲਾ ਸਈਅਦ ਨੇ ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਂਡਸਾ ਵਲੋਂ ਤਿਆਰ ਕੀਤੀ ਗਈ ਫੋਟੋ ਭੇਟ ਕਰ ਕੇ ਸਨਮਾਨਤ ਕੀਤਾ। ਸ. ਉਪਲ ਦਾ ਸਮੁੱਚਾ ਪਰਿਵਾਰ ਵੀ ਨਾਲ ਸੀ।

ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਗਦਰ ਪਾਰਟੀ ਦੀਆਂ ਦੇਸ਼ ਦੀਆਂ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਰੋਜ਼ੀ ਰੋਟੀ ਦੀ ਭਾਲ ਵਿਚ ਆਪਣੇ ਪਰਿਵਾਰ ਦੀ ਖੁਸ਼ਹਾਲੀ ਲਈ ਇਥੇ ਆਏ ਸਨ। ਪਰ ਗੁਲਾਮੀ ਦੀ ਜਿੱਲਤ ਨੇ ਉਨ੍ਹਾਂ ਨੂੰ ਆਰਾਮ ਦੀ ਜ਼ਿੰਦਗੀ ਛੱਡ ਕੇ ਅਜ਼ਾਦੀ ਲਈ ਜੂਝ ਮਰਨ ਲਈ ਪ੍ਰੇਰਿਆ। ਅੱਜ ਅਸੀਂ ਉਨ੍ਹਾਂ ਦੀ ਬਦੌਲਤ ਅਮਰੀਕਾ ਵਿਚ ਖੁਸ਼ਹਾਲ ਜ਼ਿੰਦਗੀ ਅਤੇ ਆਜ਼ਾਦੀ ਦਾ ਜੀਵਨ ਮਾਣ ਰਹੇ ਹਾਂ। ਜਥੇਬੰਦੀ ਦੇ ਮੈਂਬਰ ਸੁਰਿੰਦਰ ਸਿੰਘ ਗਿੱਲ ਨੇ ਆਪਣੀ ਸੁਰੀਲੀ ਆਵਾਜ਼ ਰਾਹੀਂ ਦੇਸ਼ ਭਗਤੀ ਦੀ ਕਵਿਤਾ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।

ਅਮਰੀਕਾ ਦੇ ਨਾਮੀ ਸਾਇੰਸਦਾਨ ਤੇ ਲੇਖਕ ਡਾ. ਗੁਰਮੇਲ ਸਿੰਘ ਸਿੱਧੂ ਵਲੋਂ ਸੰਪਾਦਿਤ ਗਦਰ ਬਾਬਾ ਭਾਈ ਭਗਵਾਨ ਦੀ ਕਵਿਤਾ ਦੀ ਕਿਤਾਬ, ਜਿਸ ਵਿਚ ਭਾਈ ਭਗਵਾਨ ਸਿੰਘ ਦੀਆਂ ਕੁਝ ਕਵਿਤਾਵਾਂ ਇੰਡੋ ਅਮਰੀਕਨ ਕਲਚਰਲ ਜਥੇਬੰਦੀ ਵਲੋਂ ਲੱਭ ਕੇ ਦਿੱਤੀਆਂ ਗਈਆਂ ਹਨ, ਡਾ. ਸਈਅਦ ਅਤੇ ਡਾ. ਨਾਈਲਾ ਸਈਅਦ ਨੇ ਰਿਲੀਜ਼ ਕੀਤੀ।

ਐਲਕ ਗਰੂਵ ਦੇ ਮੇਅਰ ਸਟੀਵ ਲੀ ਨੂੰ ਜਥੇਬੰਦੀ ਦੇ ਨੌਜਵਾਨ ਵਕੀਲ ਆਗੂ ਪਰਮਪ੍ਰੀਤ ਸਿੰਘ ਬਿੰਦਰਾ ਨੇ ਲੋਕਾਂ ਦੇ ਰੂਬਰੂ ਕੀਤਾ। ਮਿਸਟਰ ਸਟੀਵ ਨੇ ਅਮਰੀਕਾ ਦੇ ਹਰ ਖੇਤਰ ਵਿਚ ਪਾਏ ਭਾਰਤੀਆਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਭਾਰਤ ਦੀ ਆਜ਼ਾਦੀ ਲਈ ਅਮਰੀਕਾ ਵਿਚ ਉਠੀ ਲਹਿਰ ਦਾ ਵਿਸ਼ੇਸ਼ ਜ਼ਿਕਰ ਕੀਤਾ।

ਬੀਬੀ ਪੂਨਮ ਮਲਹੋਤਰਾ ਨੇ ਰੰਗਾਰੰਗ ਪ੍ਰੋਗਰਾਮ ਲਈ ਸਟੇਜ ਸੰਭਾਲਦਿਆਂ ਦੇਸ਼ ਭਗਤੀ ਦਾ ਗੀਤ ਗਾ ਕੇ ਵਾਹ-ਵਾਹ ਖੱਟੀ। ਉਨ੍ਹਾਂ ਰੰਗਾਰੰਗ ਪ੍ਰੋਗਰਾਮ ਸ਼ੁਰੂ ਕਰਦਿਆਂ ਐਲਕ ਗਰੂਵ ਦੀਆਂ ਛੋਟੀਆਂ ਛੋਟੀਆਂ ਬੱਚੀਆਂ ਦਾ ਡਾਂਸ ਪੇਸ਼ ਕੀਤਾ, ਜੋ ਬਹੁਤ ਹੀ ਕਮਾਲ ਦਾ ਸੀ। ਇਸ ਤੋਂ ਇਲਾਵਾ ਯੂ. ਸੀ. ਡੇਵਿਸ ਦੇ ਲੜਕਿਆਂ ਦੀ ਭੰਗੜਾ ਟੀਮ ਅਤੇ ਯੂ. ਸੀ. ਡੇਵਿਸ ਦੀ ਲੜਕੀਆਂ ਦੀ ਗਿੱਧਾ ਟੀਮ ਨੇ ਗਿੱਧੇ-ਭੰਗੜੇ ਦੀਆਂ ਧਮਾਲਾਂ ਪਾ ਕੇ ਰੰਗ ਬੰਨ੍ਹਿਆ।

ਇਸ ਮੌਕੇ ਅੰਮ੍ਰਿਤਪਾਲ ਸਿੰਘ ਭਠਲਾਣਾ, ਅਮਰੀਕ ਸਿੰਘ ਅਤੇ ਤ੍ਰਿਲੋਕ ਸਿੰਘ ਨੇ ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ, ਜੋ ਮੇਲੇ ਵਿਚ ਆਏ ਲੋਕਾਂ ਲਈ ਖਾਸ ਖਿੱਚ ਦਾ ਕੇਂਦਰ ਸੀ।

ਜਥੇਬੰਦੀ ਦੇ ਆਗੂ ਜਰਨੈਲ ਸਿੰਘ ਸਰਪੰਚ, ਬਲਵੰਤ ਬਾਂਕਾ, ਸੁਰਿੰਦਰ ਸਿੰਘ ਗਿੱਲ, ਜਸਵਿੰਦਰ ਸਿੰਘ ਸੰਧੂ, ਜੁਝਾਰ ਸਿੰਘ ਗਿੱਲ, ਸਤਵਿੰਦਰ ਸਿੰਘ ਰਾਣਾ, ਜਗਜੀਤ ਸਿੰਘ ਗਿੱਲ, ਪਰਮਪ੍ਰੀਤ ਬਿੰਦਰਾ, ਗਗਨਦੀਪ, ਹਰਪ੍ਰੀਤ ਗਿੱਲ, ਮਲਕੀਤ ਬੈਂਸ, ਰਕੇਸ਼ ਬੈਂਸ, ਕੇਵਲ ਬੋਲੀਨਾ, ਕਮਲ ਬੰਗਾ, ਪਿੰਦਰ ਸੰਘਾ, ਸੁਖਦੀਪ ਅਤੇ ਹੋਰ ਨੌਜਵਾਨਾਂ ਨੇ ਮੇਲੇ ਨੂੰ ਕਾਮਯਾਬ ਕਰਨ ਲਈ ਭਰਵੀਂ ਮਿਹਨਤ ਕੀਤੀ।

ਅਖੀਰ 'ਤੇ ਮੁੱਖ ਕਲਾਕਾਰ ਗੀਤਾਜ ਬਿੰਦਰਖੀਆ ਨੇ ਆਪਣੇ ਗੀਤਾਂ ਰਾਹੀਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਸ਼ਿੰਗਾਰਾ ਸਿੰਘ ਢੀਂਡਸਾ ਨੇ ਮੇਲੇ ਦੀ ਸਮੁੱਚੀ ਕਾਰਵਾਈ ਨੂੰ ਵੀਡੀਓ ਅਤੇ ਫੋਟੋਗ੍ਰਾਫੀ ਵਿਚ ਕੈਦ ਕੀਤਾ। ਜਥੇਬੰਦੀ ਵਲੋਂ ਸਪਾਂਸਰਾਂ, ਗੀਤਕਾਰਾਂ ਅਤੇ ਗਾਇਕਾਂ ਦਾ ਸਟੇਜ ਤੋਂ ਸਨਮਾਨ ਕੀਤਾ ਗਿਆ, ਜਿਨ੍ਹਾਂ ਵਿਚ ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਪਰਿਵਾਰ ਵੀ ਸ਼ਾਮਲ ਸੀ।






# ਸ਼ੇਰੇ ਪੰਜਾਬ ਸਪੋਰਟਸ ਕਲੱਬ ਦਾ ਮੇਲਾ ਕੁੜੀਆਂ ਦੀ ਕਬੱਡੀ ਨੇ ਲੁੱਟਿਆ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਮੁੰਡਿਆਂ ਦੀ ਕਬੱਡੀ ਵੀ ਸੀ, ਵਾਲੀਬਾਲ ਦੇ ਮੈਚ ਵੀ ਸਨ, ਕੈਲੀਫੋਰਨੀਆ ਤੋਂ ਆਇਆ ਕਈ ਕੌਮਾਂਤਰੀ ਇਨਾਮਾਂ ਦਾ ਜੇਤੂ ਟ੍ਰਿਪਲ ਜੰਪਰ ਮਹਿੰਦਰ ਸਿੰਘ ਗਿੱਲ ਵੀ ਸੀ, ਜੀਤੇ ਗਿੱਲ ਤੇ ਸੋਨਾ ਵਾਲੀਆ ਦੀ ਗਾਇਕੀ ਵੀ ਸੀ, ਲੋਕ ਇਕ ਦੂਜੇ ਨੂੰ ਘੁਟ ਘੁਟ ਜੱਫੀਆਂ ਵੀ ਪਾ ਰਹੇ ਸਨ, ਪੰਮੇ ਦੀਆਂ ਜਲੇਬੀਆਂ ਦਾ ਵੀ ਲੋਕ ਪੂਰਾ



ਅਨੰਦ ਮਾਣ ਰਹੇ ਸਨ ਪਰ ਜੇ ਸਹੀ ਲਫਜ਼ਾਂ ਵਿਚ ਕਹਿਣਾ ਹੋਵੇ ਤਾਂ ਸ਼ੇਰੇ ਪੰਜਾਬ ਸਪੋਰਟਸ ਕਲੱਬ ਵਲੋਂ ਦੋ ਸਤੰਬਰ ਨੂੰ ਇਥੇ ਐਲਕ ਗਰੂਵ ਵਿਲੇਜ ਦੇ ਫਾਰੈਸਟ ਪ੍ਰੀਜ਼ਰਵ ਵਿਚ ਕਰਵਾਇਆ ਗਿਆ ਸਾਲਾਨਾ ਖੇਡ ਮੇਲਾ ਕੁੜੀਆਂ ਦੀ ਕਬੱਡੀ ਲੁੱਟ ਕੇ ਲੈ ਗਈ। ਕਹਿਣ ਨੂੰ ਭਾਵੇਂ ਇਹ ਸ਼ੋਅ ਮੈਚ ਹੀ ਸੀ ਪਰ ਜਿਸ ਤਰ੍ਹਾਂ ਕੁੜੀਆਂ ਪੂਰੇ ਜਬ੍ਹੇ ਨਾਲ ਖੇਡੀਆਂ, ਉਸ ਕਰ ਕੇ ਦਰਸ਼ਕਾਂ ਦੀਆਂ ਨਜ਼ਰਾਂ ਉਨ੍ਹਾਂ ਤੋਂ ਇਕ ਪਲ ਵੀ ਇਧਰ-ਉਧਰ ਨਾ ਹੋਈਆਂ। ਮੇਲੇ ਦੇ ਮੁੱਖ ਮਹਿਮਾਨ ਮਿਲਵਾਕੀ ਤੋਂ ਡਾ. ਭੁਪਿੰਦਰ ਸਿੰਘ ਸੈਣੀ ਅਤੇ ਵਿਸ਼ੇਸ਼ ਮਹਿਮਾਨ ਓਲੰਪਿਅਨ ਅਰਜੁਨ ਅਵਾਰਡੀ ਟ੍ਰਿਪਲ ਜੰਪਰ



ਮਹਿੰਦਰ ਸਿੰਘ ਗਿੱਲ ਸਨ।

ਮੇਲੇ ਦਾ ਅਰੰਭ ਸਵੇਰੇ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਨਾਲ ਹੋਇਆ। ਉਪਰੰਤ ਪ੍ਰਧਾਨ ਦਰਸ਼ਨ ਸਿੰਘ ਪੰਮਾ ਨੇ ਸਪਾਂਸਰਾਂ ਤੇ ਦਰਸ਼ਕਾਂ ਨੂੰ ਜੀ ਆਇਆਂ ਕਿਹਾ। ਕਲੱਬ ਦੇ ਸਾਬਕਾ ਪ੍ਰਧਾਨ ਅਮਰਦੇਵ ਸਿੰਘ ਬੰਦੇਸ਼ਾ ਨੇ ਓਲੰਪਿਅਨ ਮਹਿੰਦਰ ਸਿੰਘ ਗਿੱਲ ਦੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਉਨ੍ਹਾਂ ਨੇ ਕਾਮਨਵੈਲਥ ਗੇਮਾਂ ਤੇ ਏਸ਼ੀਅਨ ਗੇਮਾਂ ਸਮੇਤ ਵੱਖ ਵੱਖ ਅੰਤਰਰਾਸ਼ਟਰੀ ਟ੍ਰਿਪਲ ਜੰਪ ਮੁਕਾਬਲਿਆਂ ਵਿਚ 50 ਦੇ ਕਰੀਬ ਗੋਲਡ ਮੈਡਲ ਹਾਸਿਲ ਕੀਤੇ ਹਨ। ਮਹਿੰਦਰ ਸਿੰਘ ਗਿੱਲ ਨੂੰ ਇਕ ਸਮੇਂ ਅਮਰੀਕਾ ਵਲੋਂ ਖੇਡਣ ਲਈ ਸਿਟੀਜਨਸ਼ਿਪ ਦੀ ਪੇਸ਼ਕਸ਼ ਵੀ ਕੀਤੀ ਗਈ ਪਰ ਉਨ੍ਹਾਂ ਇਹ ਕਹਿ ਕੇ ਨਾਂਹ ਕਰ ਦਿੱਤੀ ਸੀ ਕਿ ਮੈਂ ਸਿਰਫ ਆਪਣੇ ਦੇਸ਼ ਲਈ ਖੇਡਣਾ ਹੈ। ਸ. ਬੰਦੇਸ਼ ਨੇ ਹੋਰ ਕਿਹਾ ਕਿ ਕਲੱਬ ਦਾ ਮਿਸ਼ਨ ਖੇਡਾਂ ਦੇ ਖੇਤਰ ਵਿਚ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟ ਚੁਕੇ ਕਿਸੇ ਨਾ ਕਿਸੇ ਖਿਡਾਰੀ ਨੂੰ ਮੇਲੇ ਵਿਚ ਦਰਸਕਾਂ ਦੇ ਰੂਬਰੂ ਕਰਵਾਉਣਾ ਹੈ। ਪਿਛਲੇ ਸਮੇਂ ਵਿਚ ਅਸੀਂ ਕੌਮਾਂਤਰੀ ਹਾਕੀ ਖਿਡਾਰੀ ਬਲਬੀਰ ਸਿੰਘ, ਸੁਰਿੰਦਰ ਸਿੰਘ ਸੋਢੀ, ਚਰਨਜੀਤ ਸਿੰਘ ਆਦਿ ਦਾ ਇਨ੍ਹਾਂ ਮੇਲਿਆਂ ਵਿਚ ਸਨਮਾਨ ਕਰ ਚੁਕੇ ਹਾਂ।

ਕਬੱਡੀ ਮੁਕਾਬਲਿਆਂ ਵਿਚ ਚਾਰ ਟੀਮਾਂ ਨੇ ਹਿੱਸਾ ਲਿਆ-ਪੰਜਾਬ ਸਪੋਰਟਸ ਕਲੱਬ, ਸਿਆਟਲ; ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ, ਕੈਲੀਫੋਰਨੀਆ; ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਅਤੇ ਸੰਤ ਬਾਬਾ ਪ੍ਰੇਮ ਸਿੰਘ ਸਪੋਰਟਸ ਕਲੱਬ, ਸਾਊਥਬੈਂਡ (ਇੰਡੀਆਨਾ)। ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਪਹਿਲੇ ਨੰਬਰ 'ਤੇ ਰਹੀ, ਸ਼ੇਰੇ ਪੰਜਾਬ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਟੀਮ ਦੂਜੇ ਨੰਬਰ 'ਤੇ। ਸ਼ੇਰੇ ਪੰਜਾਬ ਸਪੋਰਟਸ ਕਲੱਬ ਮਿਡਵੈਸਟ ਸ਼ਿਕਾਗੋ ਦੀ ਟੀਮ ਸੰਤ ਬਾਬਾ ਪ੍ਰੇਮ ਸਿੰਘ ਸਪੋਰਟਸ ਕਲੱਬ ਨੂੰ 25 ਦੇ ਮੁਕਾਬਲੇ 31 ਅੰਕਾਂ ਨਾਲ ਹਰਾ ਕੇ ਤੀਜੇ ਨੰਬਰ 'ਤੇ ਰਹੀ।

ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਅਤੇ ਸੰਤ ਬਾਬਾ ਪ੍ਰੇਮ ਸਿੰਘ ਸਪੋਰਟਸ ਕਲੱਬ ਦੇ ਮੈਚ ਵਿਚ ਭੋਲਾ ਤਲਵੰਡੀ ਤੇ ਯੁਵਰਾਜ ਦਾ ਚੰਗਾ ਪੰਜਾ ਫਸਿਆ ਪਰ ਨੰਬਰ ਭੋਲਾ ਲੈ ਗਿਆ। ਰਵੀ ਸਿੱਧਵਾਂ ਵਾਲੇ ਤੇ ਸੰਨੀ ਵਿਚਾਲੇ ਭੇੜ ਵਿਚ ਕਈ ਪੁੱਠੀਆਂ-ਸਿੱਧੀਆਂ ਕੈਂਚੀਆਂ ਲੱਗੀਆਂ ਪਰ ਪੁਆਇੰਟ ਸੰਨੀ ਨੇ ਹਾਸਿਲ ਕੀਤਾ। ਹੈਪੀ ਤੇ ਅਮਨਾ ਜਨੇਤਪੁਰੀਆ ਦੇ ਭੇੜ ਵਿਚ ਬਾਜੀ ਅਮਨੇ ਦੇ ਹੱਥ ਰਹੀ।

ਦੂਜੇ ਮੈਚ ਵਿਚ ਸ਼ੇਰੇ ਪੰਜਾਬ ਕਲੱਬ ਮਿਡਵੈਸਟ ਟੀਮ ਨੂੰ 23 ਦੇ ਮੁਕਾਬਲੇ ਸਾਢੇ 32 ਅੰਕ ਲੈ ਕੇ ਸਿਆਟਲ ਦੀ ਟੀਮ ਜੇਤੂ ਰਹੀ। ਤੀਜੇ ਮੈਚ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ 25 ਦੇ ਮੁਕਾਬਲੇ ਸਾਢੇ 36 ਅੰਕ ਹਾਸਿਲ ਕਰ ਕੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਕੈਲੀਫੋਰਨੀਆ ਜੇਤੂ ਰਿਹਾ।

ਫਾਈਨਲ ਮੈਚ ਵਿਚ ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਨੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਟੀਮ ਨੂੰ ਸਾਢੇ 35 ਅੰਕਾਂ ਦੇ ਮੁਕਾਬਲੇ 41 ਅੰਕ ਲੈ ਕੇ ਕੱਪ ਆਪਣੇ ਨਾਂ ਕੀਤਾ।

ਜੇਤੂ ਟੀਮ ਵੱਲੋਂ ਸਾਬਕਾ ਕਬੱਡੀ ਸਟਾਰ ਪ੍ਰੀਤਮ ਸਿੰਘ ਸੌਂਸਪੁਰੀਆ ਦੇ ਮੁੰਡੇ ਦਲਜੀਤ ਸਿੰਘ ਦੱਲੀ ਨੇ 22 ਕਬੱਡੀਆਂ ਪਾਉਂਦਿਆਂ ਇੱਕ ਵਾਰ ਵੀ ਜੱਫਾ ਨਹੀਂ ਖਾਧਾ। ਗੁਰਲਾਲ ਘਨੌਰ ਨੇ 13 ਕਬੱਡੀਆਂ ਪਾਈਆਂ ਤੇ 13 ਵਿਚ ਹੀ ਉਹ ਸਫਲ ਰਿਹਾ। ਇਸ ਤੋਂ ਇਲਾਵਾ ਗੁਰਮੀਤ ਮੰਡੀਆਂ, ਸੁੱਖੀ ਲੱਖਣਕੇ ਪੱਡਾ ਅਤੇ ਬਾਨਾ ਧਾਲੀਵਾਲ ਦਾ ਕਬੱਡੀ ਹੁਨਰ ਖੂਬ ਚਮਕਿਆ, ਜਦਕਿ ਜਾਫੀਆਂ 'ਚ ਸੁੱਖਾ ਭੰਡਾਲ, ਚੰਨਾ ਭੇਟਾਵਾਲਾ, ਤੋਤਾ ਮੱਲ੍ਹੀਆਂ, ਜਿੰਦਰ ਰੱਕੜਾਂ, ਬਲਜੀਤ ਭੁੱਲਰ ਨੇ ਜੱਫੇ ਲਾ ਕੇ ਟੂਰਨਾਮੈਂਟ 'ਚ ਵੱਖਰੀ ਖਿੱਚ ਪੈਦਾ ਕੀਤੀ। ਕੈਲੀਫੋਰਨੀਆ ਵੱਲੋਂ ਜੱਗਾ ਰੰਧਾਵਾ, ਰਵੀ ਆਲੋਵਾਲ, ਮਨਿੰਦਰ ਕਿਸ਼ਨਪੁਰਾ, ਬਿੱਲਾ ਖੁੱਡਾ, ਮੰਨਾ ਲੱਸੜ ਦੀ ਅਣਥੱਕ ਮਿਹਨਤ ਵੀ ਮੈਚ ਜਿਤਾ ਨਾ ਸਕੀ।

ਬੈਸਟ ਰੇਡਰ ਦਲਜੀਤ ਸੌਂਸਪੁਰ ਤੇ ਬੈਸਟ ਜਾਫੀ ਚੰਨਾ ਭੇਟਾਵਾਲਾ ਐਲਾਨੇ ਗਏ।

ਕਬੱਡੀ ਦੀ ਕੁਮੈਂਟਰੀ ਮੱਖਣ ਅਲੀ ਨੇ ਕੀਤੀ। ਉਸ ਕੁੜੀਆਂ ਦੇ ਕਬੱਡੀ ਮੈਚ ਦੀ ਕੁਮੈਂਟਰੀ ਕਰਦਿਆਂ ਕਿਹਾ, "ਚਾਰ ਦਿਨ ਮੌਜਾਂ ਮਾਣ ਕੇ, ਲਾ ਕੇ ਸੁਖਾਂ 'ਚ ਤਾਰੀ। ਆਹ ਲੈ ਮਾਏ ਸਾਂਭ ਕੁੰਜੀਆਂ, ਧੀਆਂ ਕਰ ਚੱਲੀਆਂ ਸਰਦਾਰੀ।"

ਕਬੱਡੀ ਦਾ ਪਹਿਲਾ ਇਨਾਮ ਅੰਮ੍ਰਿਤਪਾਲ ਸਿੰਘ ਗਿੱਲ ਅਤੇ ਦੂਜਾ ਇਨਾਮ ਨਾਜਰ ਸਿੰਘ ਗਿੱਲ ਤੇ ਜਸਵਿੰਦਰ ਸਿੰਘ ਗਿੱਲ ਨੇ ਦਿੱਤਾ।

ਪ੍ਰਬੰਧਕਾਂ ਨੇ ਉਲੰਪੀਅਨ ਮੁਹਿੰਦਰ ਸਿੰਘ ਗਿੱਲ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ। ਸਪਾਂਸਰਾਂ ਨੂੰ ਵੀ ਯਾਦਗਾਰੀ ਚਿੰਨ ਭੇਟ ਕੀਤੇ।

ਮੇਲੇ ਵਿਚ ਸਾਬਕਾ ਕਬੱਡੀ ਖਿਡਾਰੀ ਸੰਜੀਵ ਪੰਡਿਤ ਸੁਰਖਪੁਰੀਆ ਦਾ 2100 ਡਾਲਰ ਨਾਲ ਸਨਮਾਨ ਕੀਤਾ ਗਿਆ। ਇਹ ਸਨਮਾਨ ਪੰਜਾਬ ਤੇ ਵਿਦੇਸ਼ਾਂ ਵਿਚ ਵਸਦੇ ਪ੍ਰਮੁਖ ਕਬੱਡੀ ਖਿਡਾਰੀਆਂ ਲੱਖਾ ਭੋਗਵਾਲਾ, ਰਾਜਾ ਤੱਲਣ, ਕਾਲਾ ਪੱਡਾ, ਆਗਿਆਪਾਲ ਚਾਹਲ, ਪਰਮਜੀਤ ਸਿੰਘ ਖੈੜਾ, ਨੀਲੋਂ ਕਾਲਾ, ਬਲਜਿੰਦਰ ਕਾਲਾ, ਰਾਣਾ ਭੰਡਾਲ, ਜਸਕਰਨ ਧਾਲੀਵਾਲ, ਲੱਖਾ ਬਿਹਾਰੀਪੁਰੀਆ ਤੇ ਜੰਗ ਬਹਾਦੁਰ ਵਲੋਂ ਕੀਤਾ ਗਿਆ।

ਅਮਰੀਕਾ ਤੇ ਮੈਕਸੀਕੋ ਦੀਆਂ ਟੀਮਾਂ ਵਿਚਾਲੇ ਕੁੜੀਆਂ ਦੀ ਕਬੱਡੀ ਟੀਮ ਦਾ ਸ਼ੋਅ ਮੈਚ ਵੀ ਹੋਇਆ। ਸ਼ਿਕਾਗੋ ਵਿਚ ਕੁੜੀਆਂ ਦੀ ਕਬੱਡੀ ਦਾ ਇਹ ਪਹਿਲਾ ਮੈਚ ਸੀ। ਮੈਚ ਵਿਚ ਜਿਸ ਤਰ੍ਹਾਂ ਕੁੜੀਆਂ ਨੇ ਆਪਣੇ ਬਾਹੂਬਲ ਨਾਲ ਇਕ ਦੂਜੀ ਨਾਲ ਦਸਤਪੰਜਾ ਲਿਆ, ਉਸ ਕਰ ਕੇ ਦਰਸ਼ਕ ਪੂਰਾ ਸਮਾਂ ਮੈਚ ਮੰਤਰ ਮੁਗਧ ਹੋਏ ਦੇਖਦੇ ਰਹੇ।

ਮੈਚ ਦੀ ਸ਼ੁਰੂਆਤ ਮੈਕਸੀਕੋ ਦੀ ਕਪਤਾਨ ਡਿਆਨਾ ਨੇ ਪਹਿਲੀ ਰੇਡ ਪਾ ਕੇ ਕੀਤੀ ਅਤੇ ਜਬਰਦਸਤ ਜੱਫਾ ਤੋੜ ਕੇ ਅੰਕ ਹਾਸਿਲ ਕੀਤਾ। ਅਮਰੀਕਾ ਦੀ ਅਰਲੀਨ ਦਾ ਮੈਕਸੀਕੋ ਦੀ ਕੈਰੀਨਾ ਨਾਲ ਪੰਜਾ ਪਿਆ ਅਤੇ ਅਰਲੀਨ ਨੰਬਰ ਬਣਾ ਗਈ। ਮੈਕਸੀਕੋ ਦੀ ਅਲੈਗਜ਼ੈਂਡਰਾ ਨੇ ਅਮਰੀਕਾ ਦੀ ਸੈਂਡਰਾ ਤੋਂ ਬਾਜੀ ਮਾਰੀ। ਮੈਕਸੀਕੋ ਦੀ ਸ਼ੈਲਾ ਨੂੰ ਮਾਇਆ ਨੇ ਕੈਂਚੀ ਲਾਈ ਪਰ ਸ਼ੈਲਾ ਨੇ ਪੂਰੇ ਜੋਰ ਨਾਲ ਆਪਣੇ ਆਪ ਨੂੰ ਛੁਡਾ ਕੇ ਦਰਸ਼ਕਾਂ ਤੋਂ ਖੂਬ ਬੱਲੇ ਬੱਲ ਕਰਵਾਈ।

ਭਰਵੇਂ ਜੁੱਸੇ ਵਾਲੀ ਅਰਲੀਨ ਅਤੇ ਮੈਕਸੀਕੋ ਦੀ ਛੋਟੇ ਕੱਦ ਤੇ ਪਤਲੇ ਜੁੱਸੇ ਵਾਲੀ ਕੈਰਨ ਵਿਚਾਲੇ ਟੱਕਰ ਬਹੁਤ ਹੀ ਦਿਲਸਚਪ ਰਹੀ।

ਅਮਰੀਕਾ ਟੀਮ ਵਲੋਂ ਅੰਤਰਰਾਸ਼ਟਰੀ ਖਿਡਾਰਨ ਕਪਤਾਨ ਹਰਿ ਗੁਰ ਅੰਮ੍ਰਿਤ ਖਾਲਸਾ ਨੇ ਸਭ ਤੋਂ ਵੱਧ ਅੰਕ ਲਏ। ਉਹ ਬੜੇ ਆਤਮ



ਵਿਸ਼ਵਾਸ ਨਾਲ ਰੇਡ ਪਾਉਂਦੀ ਤੇ ਜਦੋਂ ਕੋਈ ਜਾਫੀ ਜੱਫਾ ਮਾਰਨ ਦੀ ਕੋਸ਼ਿਸ਼ ਕਰਦੀ ਤਾਂ ਬੜੀ ਫੁਰਤੀ ਨਾਲ ਅੰਕ ਲੈ ਕੇ ਵਾਪਸ ਮੁੜ ਜਾਂਦੀ। ਜ਼ਿਕਰਯੋਗ ਹੈ ਕਿ ਗੁਰ ਅੰਮ੍ਰਿਤ ਖਾਲਸਾ ਦੋ ਵਾਰ ਵਰਲਡ ਕਬੱਡੀ ਕੱਪ 'ਚ ਬੈਸਟ ਰੇਡਰ ਰਹੀ ਹੈ। ਪਹਿਲਾਂ ਉਹ ਪੰਜਾਬ ਦੀ ਟੀਮ ਵਲੋਂ ਵਿਸ਼ਵ ਕੱਪ ਖੇਡ ਚੁਕੀ ਹੈ। ਉਸ ਨੇ ਪੜ੍ਹਾਈ ਮੀਰੀ ਪੀਰੀ



ਅਕੈਡਮੀ, ਪੰਜਾਬ ਤੋਂ ਕੀਤੀ ਹੈ।

ਮੈਕਸੀਕੋ ਟੀਮ ਦੀ ਕਪਤਾਨ ਕੌਮਾਂਤਰੀ ਖਿਡਾਰਨ ਡਿਆਨਾ ਨੇ ਸਭ ਤੋਂ ਵੱਧ ਅੰਕ ਲਏ। ਅੰਤ ਵਿਚ ਅਮਰੀਕਾ ਦੀ ਟੀਮ ਨੇ ਮੈਕਸੀਕੋ ਦੀ ਟੀਮ ਨੂੰ 28 ਦੇ ਮੁਕਾਬਲੇ ਸਾਢੇ 38 ਅੰਕ ਲੈ ਕੇ ਜਿੱਤ ਹਾਸਲ ਕੀਤੀ। ਦਿਲਸਚਪ ਗੱਲ ਇਹ ਹੈ ਕਿ ਦੋਹਾਂ ਟੀਮਾਂ ਦੇ ਕੋਚ ਮੁਹਿੰਦਰ ਸਿੰਘ ਸਿੱਧੂ ਹਨ।

ਕਬੱਡੀ ਮੈਚਾਂ ਦੇ ਰੈਫਰੀ ਰਾਜਾ ਤੱਲਣ ਤੇ ਰਾਜਾ ਭੰਡਾਲ ਸਨ। ਅੰਕ ਲਿਖਣ ਦੀ ਸੇਵਾ ਰਘਵਿੰਦਰ ਸਿੰਘ ਮਾਹਲ ਨੇ ਨਿਭਾਈ।

ਵਾਲੀਬਾਲ ਮੁਕਾਬਲਿਆਂ ਵਿਚ ਸ਼ਿਕਾਗੋ 'ਏ' ਵਾਲੀਬਾਲ ਟੀਮ ਪਹਿਲੇ ਨੰਬਰ 'ਤੇ ਰਹੀ ਜਦੋਂਕਿ ਮਿਲਵਾਕੀ ਦੀ ਟੀਮ ਦੂਜੇ ਨੰਬਰ 'ਤੇ। ਵਾਲੀਬਾਲ ਦੇ ਇਨਾਮ ਲੱਖਾ ਢੀਂਡਸਾ ਤੇ ਦੀਦਾਰ ਸਿੰਘ ਧਨੋਆ ਨੇ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ ਵਿਚ ਦਿੱਤੇ।

ਰੰਗਾ ਰੰਗ ਪ੍ਰੋਗਰਾਮ ਦੌਰਾਨ ਕੈਲੀਫੋਰਨੀਆ ਤੋਂ ਆਏ ਗਾਇਕ ਜੀਤਾ ਗਿੱਲ ਕੁੜਤਾ-ਪਜਾਮਾ ਪਹਿਨੀ, ਗਲ ਵਿਚ ਕੈਂਠਾ ਪਾਈ ਅਤੇ ਅੱਖਾਂ 'ਤੇ ਕਾਲੀਆਂ ਐਨਕਾਂ ਲਾਈ ਸਟੇਜ 'ਤੇ ਆਇਆ। ਸ਼ੁਰੂਆਤ ਉਸ ਨੇ ਰਵਾਇਤੀ ਤੌਰ 'ਤੇ ਪ੍ਰਭੂ ਚਰਨਾਂ ਵਿਚ ਅਰਦਾਸ ਵਜੋਂ 'ਸਭ ਮੋਰਚੇ ਫਤਿਹ ਹੋ ਜਾਂਦੇ, ਹਰ ਥਾਂ ਬੱਲੇ ਬੱਲੇ ਆ' ਗੀਤ ਨਾਲ ਕੀਤੀ। ਫਿਰ ਉਸ ਨੇ 'ਜਦ ਪੈਂਦੀਆਂ ਜਾਗ ਜਮੀਰਾਂ' ਅਤੇ 'ਸ਼ਿਕਾਗੋ ਵਿਚ ਕੱਪ ਬੱਲਿਆ' ਗਾਇਆ। ਉਹ ਅਜੇ ਖਿਡਾਰੀਆਂ ਦੀ ਬੱਲੇ ਬੱਲੇ ਕਰ ਹੀ ਰਿਹਾ ਸੀ ਕਿ ਨਾਲ ਹੀ ਮੀਂਹ ਨੇ ਬੱਲੇ ਬੱਲੇ ਕਰਾ ਦਿੱਤੀ। ਮੇਲੇ ਦੇ ਅਖੀਰ ਵਿਚ ਜੀਤੇ ਨੇ ਟਿੱਲੇ ਤੋਂ ਹੀਰ ਦੀ ਸੂਰਤ ਵਿਖਾਈ।

ਸੋਨਾ ਵਾਲੀਆ ਨੇ ਸਟੇਜ 'ਤੇ ਆਉਂਦਿਆਂ ਮੌਸਮ ਦਾ ਬਦਲਿਆ ਮਿਜਾਜ ਵੇਖ ਕੇ ਗੀਤ ਛੋਹਿਆ, 'ਅੱਗ ਪਾਣੀਆਂ ਨੂੰ ਲਾਈ।' ਫਿਰ ਉਸ ਨੇ 'ਢੋਲਾ ਵੇ ਢੋਲਾ' ਅਤੇ 'ਚਾਰ ਦਿਨਾਂ ਦੀ ਜ਼ਿੰਦਗੀ, ਨਾਲ ਤਾਂ ਕੁਝ ਨਹੀਂ ਜਾਣਾ' ਗੀਤ ਗਾਏ। ਫਿਰ ਉਸ ਨੇ ਸਰੋਤਿਆਂ ਨੂੰ ਆਪਣਾ ਗਵਾਚਾ ਲੌਂਗ ਲੱਭਣ ਲਈ ਕਿਹਾ, 'ਚੀਰੇ ਵਾਲਿਆ ਵੇਖਦਾ ਆਈਂ ਵੇ, ਮੇਰਾ ਲੌਂਗ ਗਵਾਚਾ, ਨਿਗ੍ਹਾ ਮਾਰਦਾ ਆਈਂ ਵੇ।' ਉਸ ਨੇ 'ਸ਼ੌਕਣ ਮੇਲੇ ਦੀ', 'ਘੱਗਰੇ ਵੀ ਗਏ, ਫੁਲਕਾਰੀਆਂ ਵੀ ਗਈਆਂ', 'ਜੇ ਮੁੰਡਿਆ ਵੇ ਸਾਡੀ ਤੋਰ ਤੂੰ ਵੇਖਣੀ, ਗੜਵਾ ਲੈ ਦੇ ਚਾਂਦੀ ਦਾ' ਅਤੇ 'ਮੁੰਡਾ ਕੁੜੀਆਂ ਤੋਂ ਡਰਦਾ ਮਾਰਾ, ਮੋਢੇ ਉਤੇ ਡਾਂਗ ਰੱਖਦਾ' ਆਦਿ ਕਈ ਗੀਤ ਸਰੋਤਿਆਂ ਦੀ ਨਜ਼ਰ ਕੀਤੇ।

ਸੋਨਾ ਨੇ ਪੱਗਾਂ ਸਜਾ ਕੇ ਮੇਲਾ ਵੇਖਣ ਆਏ



ਦਰਸ਼ਕਾਂ ਦਾ ਚਿੱਤ ਖੁਸ਼ ਕਰਨ ਲਈ ਗੀਤ 'ਸੋਹਣਿਆ ਵੇ ਸੋਹਣੀ ਜਿਹੀ ਪੱਗ ਵਾਲਿਆ ਤੇਰੇ ਨਾਲ ਨੱਚਣਾ' ਗਾਇਆ ਅਤੇ ਖਲਲ ਪਾਉਣ ਵਾਲਿਆਂ ਨੂੰ ਚਿਤਾਵਨੀ ਦਿੱਤੀ, 'ਜਿਹੜਾ ਕਰੂ ਖਰਾਬੀ, ਫੇਰਾਂਗੇ ਗੁਰਗਾਬੀ।'

ਅਖੀਰ ਵਿਚ ਜੀਤੇ ਤੇ ਸੋਨਾ ਨੇ ਮਿਲ ਕੇ ਬੋਲੀਆਂ ਪਾਈਆਂ। ਉਨ੍ਹਾਂ ਮਝੈਲਾਂ ਨੂੰ ਖੁਸ਼ ਕਰਨ ਲਈ ਬੋਲੀ ਪਾਈ, "ਬਾਰੀ ਬਰਸੀ ਖੱਟਣ ਗਿਆ ਸੀ, ਖੱਟ ਕੇ ਲਿਆਂਦਾ ਛੰਨਾ...ਗਰੀਬ ਜੱਟ ਮਾਝੇ ਦਾ, ਪਰ ਨੌਂ ਨੌਂ ਰੱਖਦਾ ਰੰਨਾਂ।" ਸੋਨਾ ਵਾਲੀਆ ਵਲੋਂ ਬੀਬੀਆਂ ਨੂੰ ਗਿੱਧਾ ਪਾਉਣ ਦਾ ਸੱਦਾ ਦੇਣ ਦੀ ਦੇਰ ਸੀ ਕਿ ਨਿੱਕੀ ਸੇਖੋਂ, ਪਰਮਜੀਤ ਕੌਰ ਸੰਘਾ ਤੇ ਹੋਰ ਬੀਬੀਆਂ ਨੇ ਸੋਨਾ ਵਾਲੀਆ ਨਾਲ ਮਿਲ ਕੇ ਸਟੇਜ 'ਤੇ ਜਾ ਕੇ ਖੂਬ ਗਿੱਧਾ-ਭੰਗੜਾ ਪਾਇਆ। ਸੋਨਾ ਨੇ ਤਾਂ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਪੰਮਾ ਨੂੰ ਵੀ ਨੱਚਣ ਲਾ ਲਿਆ।

ਹਾਲਾਂਕਿ ਸੰਗੀਤਕਾਰ ਨਰਿੰਦਰ ਬੱਗਾ ਨਾਲ ਬਹੁਤੀ ਰਿਹਰਸਲ ਨਹੀਂ ਹੋਈ ਜਾਪਦੀ ਸੀ ਪਰ ਸੋਨਾ ਵਾਲੀਆ ਨੇ ਸੰਗੀਤ ਦੀ ਥਿੜਕਦੀ ਲੈਅ ਨੂੰ ਸਟੇਜ 'ਤੇ ਡਾਂਸ ਤੇ ਗਿੱਧੇ-ਭੰਗੜੇ ਰਾਹੀਂ ਕਵਰ ਕਰਦਿਆਂ ਘੱਗਰੇ ਦੀ ਲੌਣ ਵੀ ਗਿੱਲੀ ਕਰ ਲਈ, 'ਘੱਗਰੇ ਦੀ ਵੇ ਲੌਣ ਭਿੱਜ ਗਈ।'

ਕੇ. ਕੇ. ਪੰਮਾ ਨੇ ਗਰਮਾ-ਗਰਮਾ ਚਾਹ, ਪਕੌੜਿਆਂ, ਜਲੇਬੀਆਂ ਤੋਂ ਇਲਾਵਾ ਨਾਨ-ਛੋਲੇ, ਰਾਜ ਮਾਂਹ, ਚਿਕਨ ਕਰੀ ਆਦਿ ਨਾਲ ਮੇਲੀਆਂ ਦੀ ਖੂਬ ਸੇਵਾ ਕੀਤੀ। ਕਲੱਬ ਦੇ ਚੇਅਰਮੈਨ ਅਮਰਜੀਤ ਢੀਂਡਸਾ ਦੀ ਅਗਵਾਈ ਹੇਠ ਕਲੱਬ ਦੇ ਮੌਜੂਦਾ ਤੇ ਪੁਰਾਣੇ ਅਹੁਦੇਦਾਰਾਂ ਨੇ ਮੇਲੇ ਨੂੰ ਕਾਮਯਾਬ ਕਰਨ ਲਈ ਭਰਪੂਰ ਮਿਹਨਤ ਕੀਤੀ।



# ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ ਜਾਗ੍ਰਤੀ ਸਮਾਗਮ ਡੂੰਘੀਆਂ ਪੈੜਾਂ ਛੱਡ ਗਿਆ

**ਨਿਊ ਯਾਰਕ (ਬਿਊਰੋ):** ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ (ਨਿਊ ਯਾਰਕ) ਵਲੋਂ ਹਰ ਸਾਲ ਦੀ ਤਰ੍ਹਾਂ ਕਰਵਾਇਆ ਜਾਂਦਾ ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ ਜਾਗ੍ਰਤੀ ਇਕੱਠ ਇਸ ਵਾਰ ਨਵੀਆਂ ਤੇ ਨਿਵੇਕਲੀਆਂ ਪੈੜਾਂ ਛੱਡਦਾ ਸੰਪੰਨ ਹੋਇਆ। ਵਰਿਆਮ ਸਿੰਘ ਸੰਧੂ ਦਾ ਸਦਾ-ਬਹਾਰ ਭਾਸ਼ਣ ਜਿੱਥੇ ਪ੍ਰੋਗਰਾਮ ਦੀ ਸਿਖਰ ਸਾਬਿਤ ਹੋਇਆ, ਉਥੇ ਉਂਕਾਰਪ੍ਰੀਤ ਦਾ ਲਿਖਿਆ ਅਤੇ ਜਸਪਾਲ ਢਿੱਲੋਂ ਵੱਲੋਂ ਖੇਡਿਆ ਗਿਆ ਇਕ ਪਾਤਰੀ ਨਾਟਕ 'ਰੋਟੀ ਵਾਇਆ ਲੰਡਨ' ਇਸ ਪ੍ਰੋਗਰਾਮ ਨੂੰ ਨਵੇਂ ਆਯਾਮ ਪ੍ਰਦਾਨ ਕਰ ਗਿਆ। ਉਚ-ਪਾਏ ਦੀਆਂ ਕਿਤਾਬਾਂ ਰਿਲੀਜ਼ ਕਰਨ ਦੀ ਪਿਰਤ ਵੀ ਇਸ ਮੌਕੇ ਪਾਈ ਗਈ। ਹਰ ਸਾਲ ਵਾਂਗ ਕਮਿਊਨਿਟੀ ਦੇ ਸਕੂਲ ਵਿਚ ਚੰਗੇ ਨੰਬਰ ਲੈਣ ਵਾਲੇ ਬੱਚਿਆਂ ਨੂੰ ਹੌਸਲਾ-ਅਫਜ਼ਾਈ ਸਰਟੀਫਿਕੇਟ ਤੇ ਮੋਮੈਂਟੋ ਵੀ ਦਿੱਤੇ



ਗਏ।

ਪ੍ਰਧਾਨਗੀ ਮੰਡਲ 'ਚ ਸਵਰਨ ਸਿੰਘ ਸਲੈਚ (ਨਾਮਧਾਰੀ ਸੰਗਤ), ਰਾਮਜੀ ਦਾਸ ਸੇਠੀ, ਦੇਵ ਰਾਜ ਨਈਅਰ, ਵਰਿਆਮ ਸਿੰਘ ਸੰਧੂ, ਬਲਦੇਵ ਸਿੰਘ ਗਰੇਵਾਲ, ਭਾਗ ਸਿੰਘ ਮੰਡਾਹੜ ਅਤੇ ਬੀਬੀ ਸੁਰਿੰਦਰ ਕੌਰ ਪੱਖੋਕੇ ਸੁਸ਼ੋਭਿਤ ਸਨ। ਗਦਰੀ ਸੋਚ ਨੂੰ ਸਮੱਰਪਿਤ ਇਹ ਸਮਾਗਮ 'ਹਿੰਦੂ-ਜਰਮਨ-ਸੈਨ ਫਰਾਂਸਿਸਕੋ ਸਾਜ਼ਿਸ਼ ਕੇਸ' ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸੀ।

ਸਭ ਤੋਂ ਪਹਿਲਾਂ ਬੱਚੀ ਬਲਵੰਤ ਕੌਰ ਨੇ 'ਦੇਹ ਸਿਵਾ ਬਰੁ ਮੋਹਿ ਇਹੈ...' ਸ਼ਬਦ ਦਾ ਗਾਇਨ ਕੀਤਾ। ਉਸ ਨਾਲ ਤਬਲੇ 'ਤੇ ਬਲਬੀਰ ਸਿੰਘ ਨੇ ਸੰਗਤ ਕੀਤੀ। ਉਪਰੰਤ ਦੋ ਮਿੰਟ ਦਾ ਮੌਨ ਰੱਖ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਫਾਊਂਡੇਸ਼ਨ ਦੇ ਅਹਿਮ ਰੁਕਨ ਮਨਮੋਹਨ ਪੂਨੀ ਨੇ ਹਾਜ਼ਰੀਨ ਨੂੰ 'ਜੀ ਆਇਆਂ' ਕਿਹਾ ਅਤੇ ਇਸ ਪ੍ਰੋਗਰਾਮ ਦਾ ਉਦੇਸ਼ ਪ੍ਰਗਟ ਕਰਦੀ ਡਾ. ਗੁਰੂਮੇਲ ਸਿੱਧੂ ਦੀ ਨਜ਼ਮ 'ਵਿਰਸਾ' ਸਾਂਝੀ ਕੀਤੀ:

ਚਲੋ ਚੱਲ ਕੇ ਫੋਲੀਏ
ਆਪਣੇ ਅਤੀਤ ਨੂੰ
ਚਲੋ ਮੁੜ ਕੇ ਛੇੜੀਏ
ਵਿਰਸੇ ਦੇ ਗੀਤ ਨੂੰ।

ਉਪਰੰਤ ਪ੍ਰੋਗਰਾਮ ਦੀ ਪ੍ਰਮੁੱਖ ਤੇ

## ਨਾਟਕ 'ਰੋਟੀ ਵਾਇਆ ਲੰਡਨ' ਨੇ ਸਿਰਜੇ ਨਵੇਂ ਆਯਾਮ

ਆਕਰਸ਼ਕ ਆਈਟਮ ਨਾਟਕ 'ਰੋਟੀ ਵਾਇਆ ਲੰਡਨ' ਦੀ ਪੇਸ਼ਕਾਰੀ ਮੰਝੇ ਹੋਏ ਅਦਾਕਾਰ ਜਸਪਾਲ ਢਿੱਲੋਂ ਨੇ ਏਨੀ ਪ੍ਰਬੀਨਤਾ ਨਾਲ ਕੀਤੀ ਕਿ ਦਰਸ਼ਕ ਵਾਰ-ਵਾਰ ਤਾੜੀਆਂ ਮਾਰ-ਮਾਰ ਕੇ ਦਾਦ ਦੇਣ ਲਈ ਮਜਬੂਰ ਹੋ ਗਏ। ਲੰਮੇ ਸਮੇਂ ਤੋਂ ਫਿਲਮ ਤੇ ਸਟੇਜ ਨਾਲ ਜੁੜੇ ਜਸਪਾਲ ਢਿੱਲੋਂ ਨੇ ਕਰੀਬ ਡੇਢ ਘੰਟਾ ਸਟੇਜ 'ਤੇ ਆਪਣੀ ਪ੍ਰਤਿਭਾ ਨਾਲ ਦਰਸ਼ਕਾਂ ਨੂੰ ਇਸ ਤਰ੍ਹਾਂ ਕੀਲੀ ਰੱਖਿਆ ਕਿ ਸਾਹ ਲੈਣ ਦੀ ਆਵਾਜ਼ ਵੀ ਸੁਣੀ ਜਾ ਸਕਦੀ ਸੀ। ਇਕ-ਪਾਤਰੀ ਨਾਟਕ ਹੋਣ ਦੇ ਬਾਵਜੂਦ ਨਾਟਕ 'ਚ ਨਿਹਿਤ ਸੱਤ-ਅੱਠ ਪਾਤਰਾਂ ਨੂੰ ਦਰਸ਼ਕਾਂ ਸਾਹਮਣੇ ਉਸ ਨੇ ਬੜੀ ਕਾਮਯਾਬੀ ਨਾਲ ਜਿਉਂਦੇ ਕੀਤਾ। ਨਾਟਕ ਦਾ ਥੀਮ ਏਨਾ ਜ਼ੋਰਦਾਰ ਤੇ ਧਰਤੀ ਨਾਲ ਜੁੜਿਆ ਹੋਇਆ ਸੀ ਕਿ ਹਰ ਦਰਸ਼ਕ ਨੇ ਇਸ 'ਚੋਂ ਆਪਣੇ ਜੀਵਨ ਦੀ ਕਿਸੇ ਨਾ ਕਿਸੇ ਘਟਨਾ ਜਾਂ ਵਾਕਿਆ ਦੇ ਦੀਦਾਰ ਹੁੰਦੇ ਮਹਿਸੂਸ ਕੀਤੇ। ਗਦਰੀ ਬਾਬਿਆਂ ਦੇ ਵੇਲੇ ਤੋਂ ਲੈ ਕੇ ਮੌਜੂਦਾ ਹਾਲਾਤ ਤੱਕ ਫੈਲਿਆ ਨਾਟਕ 'ਰੋਟੀ ਵਾਇਆ ਲੰਡਨ' ਦਾ ਥੀਮ, ਜਿੱਥੇ ਨਿੱਕੀਆਂ-ਨਿੱਕੀਆਂ ਹਾਸ-ਰਸ ਟਕੋਰਾਂ ਨਾਲ ਸਮਾਜ 'ਚ ਫੈਲੀਆਂ ਕੁਰੀਤੀਆਂ ਦੀ ਨਿਸ਼ਾਨਦੇਹੀ ਕਰਦਾ ਰਿਹਾ, ਉਥੇ ਦਰਪੇਸ਼ ਗੰਭੀਰ ਸਮੱਸਿਆਵਾਂ ਬਾਰੇ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਵੀ ਕਰਦਾ ਰਿਹਾ।

ਪ੍ਰੋਗਰਾਮ ਦੇ ਦੂਜੇ ਦੌਰ 'ਚ ਡਾ. ਸੰਦੀਪ ਸਿੰਘ ਦਾ ਪੀ. ਐਚ. ਡੀ. ਥੀਸਿਸ 'ਬਲਵੰਤ ਗਾਰਗੀ ਦੇ ਨਾਟਕਾਂ ਦਾ ਰੰਗਮੰਚੀ ਪਰਿਪੇਖ' ਜਾਵੇਦ ਬੂਟਾ ਨੇ ਰਿਲੀਜ਼ ਕੀਤਾ। ਡਾ. ਗੁਰੂਮੇਲ ਸਿੱਧੂ ਦੀ ਸਾਹਿਤਕ ਸਵੈ-ਜੀਵਨੀ 'ਸਿਮ੍ਰਤੀ ਦੇ ਹਾਸ਼ੀਏ' ਰਿਲੀਜ਼ ਕਰਨ ਦੀ ਰਸਮ ਵਰਿਆਮ ਸਿੰਘ ਸੰਧੂ ਨੇ ਨਿਭਾਈ।

ਵਰਿਆਮ ਸਿੰਘ ਸੰਧੂ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਸਰੋਤਿਆਂ ਨੂੰ ਇਕ ਵਾਰ ਫਿਰ ਬੰਨ੍ਹ ਲਿਆ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਸਾਨੂੰ ਵਾਰ-ਵਾਰ ਕਰਵਾਉਣੇ ਚਾਹੀਦੇ ਹਨ ਤਾਂ ਕਿ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਅਗਾਂਹ ਤੋਂ ਅਗਾਂਹ ਤੋਰਿਆ ਜਾ ਸਕੇ।



ਵਰਿਆਮ ਸਿੰਘ ਸੰਧੂ




ਦੇਵ ਰਾਜ ਨਈਅਰ



ਮਨਮੋਹਨ ਪੂਨੀ



ਸਵਰਨ ਸਿੰਘ ਸਲੈਚ



ਉਂਕਾਰ ਸਿੰਘ ਡੁਮੇਲੀ



ਜਾਵੇਦ ਬੂਟਾ



ਸੰਦੀਪ ਸਿੰਘ



ਸੁਰਿੰਦਰ ਸੋਹਲ



ਓਂਕਾਰਪ੍ਰੀਤ ਸਿੰਘ



ਸੁਰਮੁਖ ਸਿੰਘ



ਸੁਰਿੰਦਰ ਸਿੰਘ ਪਜੌੜਾ



ਰੀਟਾ ਕੋਹਲੀ



ਸੁਰਿੰਦਰ ਮਕਸੂਦਪੁਰੀ



ਮੋਹਣ ਸਿੰਘ ਭੰਵਰਾ



ਹਰਪ੍ਰੀਤ ਸਿੰਘ ਤੂਰ



ਰਾਣੀ ਨਗਿੰਦਰ

ਸਮਾਗਮ ਵਿਚ ਵਾਸ਼ਿੰਗਟਨ, ਵਰਜੀਨੀਆ, ਨਿਊ ਜਰਸੀ, ਨਿਊ ਯਾਰਕ, ਪੈਨਸਿਲਵੇਨੀਆ ਦੀਆਂ ਵੱਖ-ਵੱਖ ਜਥੇਬੰਦੀਆਂ ਤੇ ਸੰਸਥਾਵਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਤੋਂ ਇਲਾਵਾ 300 ਤੋਂ ਵੱਧ ਸਰੋਤਿਆਂ ਨੇ ਸ਼ਿਰਕਤ ਕੀਤੀ।

ਪ੍ਰੋਗਰਾਮ 'ਚ ਬੁਲਾਰਿਆਂ ਨੇ ਵੀ ਭਰਪੂਰ ਹਾਜ਼ਰੀ ਲਵਾਈ। ਉਂਕਾਰ ਸਿੰਘ ਡੁਮੇਲੀ ਨੇ 'ਹਿੰਦੂ-ਜਰਮਨ-ਸੈਨ ਫਰਾਂਸਿਸਕੋ ਸਾਜ਼ਿਸ਼ ਕੇਸ' ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।

ਸੁਰਿੰਦਰ ਸੋਹਲ ਨੇ 'ਸ਼ਹੀਦ' ਦੀ ਪਰਿਭਾਸ਼ਾ ਦਿੰਦਾ ਸ਼ਿਅਰ ਕਿਹਾ:

ਸ਼ਹੀਦ ਹੋਣ ਦੀ ਏਨੀ ਕੁ ਹੀ
ਸ਼ਨਾਖਤ ਹੈ।
ਚਿਰਾਗ ਬੁਝ ਗਿਆ ਹੈ
ਰੌਸ਼ਨੀ ਸਲਾਮਤ ਹੈ।

ਵਰਜੀਨੀਆ ਤੋਂ ਪਹੁੰਚੇ ਜਨਾਬ ਜਾਵੇਦ ਬੂਟਾ ਨੇ ਗਦਰੀ ਬਾਬਿਆਂ ਨੂੰ ਇਸ ਅੰਦਾਜ਼ 'ਚ ਯਾਦ ਕਰਨ ਲਈ ਫਾਊਂਡੇਸ਼ਨ ਦੇ ਉਦਮ ਦੀ ਸ਼ਲਾਘਾ ਕੀਤੀ। ਰਾਣੀ ਨਗਿੰਦਰ ਤੇ ਰੀਟਾ ਕੋਹਲੀ ਨੇ ਇਸ ਪ੍ਰੋਗਰਾਮ ਦੀ ਸਾਰਥਕਤਾ ਦਾ ਜ਼ਿਕਰ ਕੀਤਾ।

ਵੈਨਕੂਵਰ ਤੋਂ ਆਏ ਸੁਰਿੰਦਰ ਸਿੰਘ ਪਿਜੌੜਾ ਪ੍ਰੋਗਰਾਮ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਅੱਗੇ ਤੋਂ ਇਸ ਪ੍ਰੋਗਰਾਮ 'ਚ ਸਾਂਝ ਪਾਉਣ ਦਾ ਵਾਅਦਾ ਕੀਤਾ।

ਬਾਹਰੋਂ ਆਏ ਮਹਿਮਾਨ-ਏ-ਖਸੂਸੀ ਵਰਿਆਮ ਸਿੰਘ ਸੰਧੂ, ਉਂਕਾਰਪ੍ਰੀਤ, ਜਸਪਾਲ ਢਿੱਲੋਂ, ਸੁਰਿੰਦਰ ਕੌਰ ਪੱਖੋਕੇ, ਜਾਵੇਦ ਬੂਟਾ ਅਤੇ ਦੇਵ ਰਾਜ ਨਈਅਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਡਾ. ਸੰਦੀਪ ਸਿੰਘ, ਮੋਹਣ ਸਿੰਘ ਭੰਵਰਾ, ਸੁਰਿੰਦਰ ਮਕਸੂਦਪੁਰੀ ਅਤੇ ਕੁਲਵਿੰਦਰ ਸਿੰਘ ਨੇ ਜਿੱਥੇ ਆਪਣੀਆਂ ਦਿਲਕਸ਼ ਨਜ਼ਮਾਂ ਨਾਲ ਹਾਜ਼ਰੀ ਲਵਾਈ, ਉਥੇ ਦੇਵ ਰਾਜ ਨਈਅਰ, ਸਰਮੁਖ ਸਿੰਘ (ਨਾਮਧਾਰੀ ਸੰਗਤ), ਹਰਪ੍ਰੀਤ ਸਿੰਘ ਤੂਰ, ਸਵਰਨ ਸਿੰਘ ਸਲੈਚ ਆਦਿ ਨੇ ਅਨਮੋਲ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ।

ਪ੍ਰੋਗਰਾਮ ਦੇ ਅਖੀਰ 'ਚ ਕਮਿਊਨਿਟੀ ਦੇ ਰੌਸ਼ਨ-ਦਿਮਾਗ ਬੱਚਿਆਂ ਦਾ ਸਨਮਾਨ ਕੀਤਾ ਗਿਆ। ਇਨ੍ਹਾਂ 'ਚ ਚਾਹਤ ਔਜਲਾ, ਗੁਰਦੇਵ ਕੌਰ, ਜਸਮੀਨ ਔਜਲਾ, ਅੰਗਦ ਸਿੰਘ, ਰਵਨੂਰ ਐਸ ਬੇਦੀ, ਗੁਰਸਿਮਰਨ ਸਿੰਘ, ਮਨਵੀਰ ਸਿੰਘ, ਗੁਰਨੀਰ ਸਿੰਘ, ਕਮਲਪ੍ਰੀਤ ਕੌਰ, ਸਾਹਿਲਦੀਪ ਸਿੰਘ, ਸਹਿਜਦੀਪ ਸਿੰਘ, ਪੁਨੀਤ ਕੌਰ, ਕਮਲਪ੍ਰੀਤ, ਮਨਦੀਪ ਕੌਰ, ਜਸਮੀਤ ਕੇ ਬਾਹੀਆ, ਅਮਨਦੀਪ ਬਾਹੀਆ, ਅਰਮਾਨ ਘਈ, ਅਰਵਨ ਘਈ, ਕੁੰਵਰ ਪ੍ਰਤਾਪ ਸਿੰਘ ਬੈਂਸ, ਸਤਨਾਮ ਸਿੰਘ, ਜੈ ਕੌਰ, ਜੈ ਸਿੰਘ, ਗਿਆਨ ਕੌਰ, ਸੰਤਾ ਸਿੰਘ, ਸਰਵਨ ਸਿੰਘ, ਅਮਰ ਕੌਰ, ਅੰਮ੍ਰਿਤ ਕੌਰ ਚੋਪੜਾ, ਗੁਰਦੇਵ ਕੌਰ ਅਤੇ ਆਰੀਅਨ ਵਰਮਾ ਦੇ ਨਾਮ ਜ਼ਿਕਰਯੋਗ ਹਨ।

ਪ੍ਰੋਗਰਾਮ ਨੂੰ ਸਫਲ ਕਰਨ 'ਚ ਜਗਦੇਵ ਸਿੰਘ ਢਿੱਲੋਂ, ਭੁਪਿੰਦਰ ਸਿੰਘ ਅਟਵਾਲ, ਧਰਮ ਪਾਲ ਸਿੰਘ, ਤਰਲੋਕਬੀਰ, ਭਾਗ ਸਿੰਘ ਮੰਡਾਹੜ, ਹਰਜਿੰਦਰ ਸਿੰਘ ਮੰਡਾਹੜ, ਸਤਨਾਮ ਸਿੰਘ



(ਬਾਕੀ ਅਗਲੇ ਸਫੇ 'ਤੇ)

# ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ ਜਾਗ੍ਰਤੀ ਸਮਾਗਮ

(ਪਿਛਲੇ ਸਫੇ ਦੀ ਬਾਕੀ)

ਵੰਡਾਲਾ, ਬੰਟੀ ਸਿੰਘ, ਅਮਰਜੀਤ ਸਿੰਘ ਪੁਆਰ,




ਮਲਕੀਤ ਸਿੰਘ ਮਾਣਾ, ਪਰਮਜੀਤ ਜੌਹਲ, ਦਵਿੰਦਰ ਝਾਵਰ, ਡਾ. ਸੰਦੀਪ ਸਿੰਘ, ਸੁੱਖਾ ਕੰਦੋਲਾ, ਸਰਮੁੱਖ ਸਿੰਘ ਨਾਮਧਾਰੀ, ਰਮਨ ਮੰਡ, ਉਂਕਾਰ ਸਿੰਘ ਭੁਮੇਲੀ, ਸੁਰਿੰਦਰ ਕੌਰ ਪੱਖੋਕੇ, ਪ੍ਰੋ. ਪਰਮਜੀਤ ਕੌਰ, ਸ਼ਮਸ਼ੇਰ ਸਿੰਘ (ਨਿਊ ਜਰਸੀ), ਡਾ. ਸਵੈਮਾਨ ਸਿੰਘ (ਨਿਊ ਜਰਸੀ), ਜਸਵਿੰਦਰ ਪਾਲ ਸਿੰਘ (ਨਿਊ ਜਰਸੀ), ਅਮਰਜੀਤ ਸਿੰਘ ਰੰਧਾਵਾ (ਨਿਊ ਜਰਸੀ), ਹਰਜਿੰਦਰ ਬਾਹੀਆ (ਨਿਊ ਜਰਸੀ), ਰਵੀ ਪਾਲ ਰੰਧਾਵਾ (ਨਿਊ ਜਰਸੀ), ਚਰਨਜੀਤ ਸਮਰਾ, ਸੰਤੋਖ ਸਿੰਘ (ਚੇਅਰਮੈਨ), ਰਜਿੰਦਰ ਸਿੰਘ (ਬਿੱਟੂ), ਮਾ. ਸਰਬਜੀਤ ਸਿੰਘ, ਹਰਜਿੰਦਰ ਸਿੰਘ (ਹਰਿਆਣਵੀ) ਅਤੇ ਸ਼ਮਸ਼ੇਰ ਸਿੰਘ ਢਿੱਲੋਂ ਦਾ ਵਿਸ਼ੇਸ਼ ਯੋਗਦਾਨ ਰਿਹਾ।

ਸਾਂਝ ਦੇ ਪ੍ਰਤੀਕ ਇਸ ਪ੍ਰੋਗਰਾਮ 'ਚ ਹੋਰਾਂ ਤੋਂ ਇਲਾਵਾ ਨਿਊ ਯਾਰਕ ਦੀਆਂ ਵੱਖ-ਵੱਖ ਸੰਸਥਾਵਾਂ ਜਿਵੇਂ ਨਾਮਧਾਰੀ ਸੰਗਤ, ਕਪੂਰਥਲਾ ਸਪੋਰਟਸ ਕਲੱਬ, ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਸ਼ਹੀਦ ਭਗਤ ਸਿੰਘ ਕਲੱਬ, ਸ਼ਹੀਦ ਕਰਤਾਰ ਸਿੰਘ ਸਰਾਭਾ ਕਲੱਬ, ਬੰਦਾ ਸਿੰਘ ਬਹਾਦਰ ਐਸੋਸੀਏਸ਼ਨ, ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ, ਦੁਆਬਾ ਕਲਚਰਲ ਸੁਸਾਇਟੀ, ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ ਅਤੇ ਪੰਜਾਬੀ ਸਾਹਿਤ ਅਕੈਡਮੀ ਨਿਊ ਯਾਰਕ ਨੇ ਤਨੋ-ਮਨੋ-ਧਨੋ ਯਥਾਯੋਗ ਸਹਾਇਤਾ ਕੀਤੀ।

ਗਲੋਬਲ ਪੰਜਾਬ, ਗਰਵ ਪੰਜਾਬ, ਪੀ ਟੀ ਸੀ ਪੰਜਾਬੀ, ਪੰਜਾਬ ਟਾਈਮਜ਼, ਸ਼ੇਰ-ਏ-ਪੰਜਾਬ ਆਦਿ ਮੀਡੀਆ ਨੇ ਆਪਣੀ-ਆਪਣੀ ਸਾਰਥਕ ਭੂਮਿਕਾ ਨਿਭਾਈ। ਪਾਣੀ ਦੀ ਸੇਵਾ ਅਮਰਜੀਤ ਸਿੰਘ ਪੁਆਰ ਤੇ ਚਾਹ ਦੀ ਸੇਵਾ ਚਰਨਜੀਤ ਸਮਰਾ ਨੇ ਕੀਤੀ ਅਤੇ ਲੰਗਰ ਦੀ ਸੇਵਾ ਸਤਿਗੁਰ ਸਵੀਟ ਸ਼ਾਪ ਵਲੋਂ ਤਹਿ ਦਿਲੋਂ ਨਿਭਾਈ ਗਈ।











## ਬਾਬਾ ਬਲਬੀਰ ਸਿੰਘ ਨੂੰ ਸ਼੍ਰੋਮਣੀ ਪੰਥ ਰਤਨ ਦੀ ਉਪਾਧੀ

**ਅੰਮ੍ਰਿਤਸਰ:** ਨਿਹੰਗ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਬਾਬਾ ਬਲਬੀਰ ਸਿੰਘ ਨੂੰ ਤਖਤ ਸ੍ਰੀ ਪਟਨਾ ਸਾਹਿਬ ਤੋਂ 'ਸ਼੍ਰੋਮਣੀ ਪੰਥ ਰਤਨ' ਦੀ ਉਪਾਧੀ ਨਾਲ ਸਨਮਾਨਿਆ ਗਿਆ। ਇਹ ਸਨਮਾਨ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਦਿੱਤਾ ਗਿਆ।

ਤਖਤ ਪਟਨਾ ਸਾਹਿਬ ਵਿਖੇ ਹੋਏ ਸਮਾਗਮ ਵਿਚ ਬਾਬਾ ਬਲਬੀਰ ਸਿੰਘ ਨੂੰ ਇਹ ਸਨਮਾਨ ਜਥੇਦਾਰ ਗਿਆਨੀ ਇਕਬਾਲ ਸਿੰਘ, ਮੁੱਖ ਗ੍ਰੰਥੀ ਭਾਈ ਰਾਜਿੰਦਰ ਸਿੰਘ, ਭਾਈ ਬਲਦੇਵ ਸਿੰਘ, ਭਾਈ ਦਲੀਪ ਸਿੰਘ ਤੇ ਭਾਈ ਗੁਰਵਿੰਦਰ ਸਿੰਘ ਵੱਲੋਂ ਪੰਜ ਪਿਆਰਿਆਂ ਦੇ ਰੂਪ ਵਿਚ ਦਿੱਤਾ ਗਿਆ। ਇਸ ਤੋਂ ਪਹਿਲਾਂ ਅਕਾਲ ਤਖਤ ਤੋਂ ਵੀ ਬਾਬਾ ਬਲਬੀਰ ਸਿੰਘ ਨੂੰ 'ਸ਼੍ਰੋਮਣੀ ਸੇਵਾ ਰਤਨ' ਦਾ ਸਨਮਾਨ ਮਿਲ ਚੁੱਕਾ ਹੈ।


ਇਸ ਮੌਕੇ ਗਿਆਨੀ ਇਕਬਾਲ ਸਿੰਘ ਨੇ ਬੁੱਢਾ ਦਲ ਦੇ ਮੁਖੀ ਦੀਆਂ ਪੰਥਕ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਸਮੁੱਚੀਆਂ ਸਿੱਖ ਜਥੇਬੰਦੀਆਂ ਵਿਚ ਤਾਲਮੇਲ ਬਣਾਉਣ ਅਤੇ ਸ਼ਤਾਬਦੀਆਂ ਦੌਰਾਨ ਗੁਰਮਤਿ ਸਮਾਗਮਾਂ ਨੂੰ ਖਾਲਸਾਈ ਜਾਹੋ-ਜਲਾਲ ਨਾਲ ਮਨਾਉਣ ਵਿਚ ਅਹਿਮ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਅਗਵਾਈ ਵਿੱਚ ਨਿਹੰਗ ਜਥੇਬੰਦੀ ਨੇ ਗੁਰਮਤਿ ਵਿਚਾਰਧਾਰਾ, ਸਿੱਖ ਸਿਧਾਂਤਾਂ ਤੇ ਸਿੱਖ ਇਤਿਹਾਸ ਨੂੰ ਪ੍ਰਚਾਰਨ ਤੇ ਪ੍ਰਸਾਰਨ ਵਿਚ ਵੀ ਭੂਮਿਕਾ ਨਿਭਾਈ ਹੈ।

## ਯੂਸਫ ਰਜ਼ਾ ਗਿਲਾਨੀ ਖਿਲਾਫ ਭ੍ਰਿਸ਼ਟਾਚਾਰ ਦਾ ਕੇਸ ਦਰਜ

**ਇਸਲਾਮਾਬਾਦ:** ਪਾਕਿਸਤਾਨ ਦੀ ਭ੍ਰਿਸ਼ਟਾਚਾਰ ਰੋਕੂ ਸੰਸਥਾ ਕੌਮੀ ਜਵਾਬਦੇਹੀ ਬਿਊਰੋ (ਐਨ.ਏ.ਬੀ.) ਨੇ ਸਾਬਕਾ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਖਿਲਾਫ ਅਧਿਕਾਰਾਂ ਦੀ ਗਲਤ ਵਰਤੋਂ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

ਐਨ.ਏ.ਬੀ. ਨੇ ਦੱਸਿਆ ਕਿ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਯੂਸਫ਼ ਰਜ਼ਾ ਗਿਲਾਨੀ, ਸਾਬਕਾ ਸੂਚਨਾ ਸਕੱਤਰ ਫਾਰੂਕ, ਸਾਬਕਾ ਲੋਕ ਸੂਚਨਾ ਅਫਸਰ ਸਲੀਮ ਤੇ ਹੋਰਨਾਂ ਖਿਲਾਫ਼ ਰਾਵਲਪਿੰਡੀ ਵਿਚ ਕੇਸ ਦਰਜ ਕੀਤਾ ਗਿਆ ਹੈ। ਐਨ.ਏ.ਬੀ. ਨੇ ਕਿਹਾ ਮੁਲਜ਼ਮਾਂ ਨੇ ਯੂਨੀਵਰਸਲ ਸਰਵਿਸਿਜ਼ ਫੰਡ ਦੇ ਨਾਂ 'ਤੇ ਗੈਰਕਾਨੂੰਨੀ ਮਾਰਕਿਟਿੰਗ ਮੁਹਿੰਮ ਚਲਾ ਰੱਖੀ ਸੀ, ਜਿਸ ਨਾਲ ਕੌਮੀ ਖਜ਼ਾਨੇ ਨੂੰ 12.8 ਕਰੋੜ ਡਾਲਰ ਦਾ ਨੁਕਸਾਨ ਹੋਇਆ ਹੈ।


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832

LOOKING FOR THE LOWEST FARES ?
BOOK INTERNATIONAL
FLIGHTS, HOTELS, CARS
Price From NewYork To Delhi
Starts from - $ 770
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com

# ਬੀਨ ਵਾਲਾ ਜੋਗੀ ਬਾਬਾ ਕਾਸ਼ੀ ਨਾਥ



## ਬੀਨ ਨੂੰ ਲੋਕ ਸਾਜ਼ ਵਜੋਂ ਮਾਨਤਾ ਦਿਵਾਈ

**ਕਲਾ ਪਰਿਕਰਮਾ**

ਗੇਰੂਏ ਰੰਗੇ ਕੱਪੜੇ, ਕੰਨੀਂ ਮੁੰਦਰਾਂ, ਗਲ ਵਿਚ ਰੰਗ-ਬਿਰੰਗੇ ਮਣਕਿਆਂ ਦੀ ਮਾਲਾ, ਮੋਢੇ 'ਤੇ ਵਹਿੰਗੀ ਨੁਮਾ ਦੋ ਝੋਲੀ ਅਤੇ ਹੱਥ ਵਿਚ ਬੀਨ, ਇਹ ਪਛਾਣ ਹੈ ਜੋਗੀ ਸਪੇਰਿਆਂ ਅਤੇ ਬੰਗਾਲਿਆਂ ਦੀ। ਅਜਿਹੇ ਹੀ ਇਕ ਨਾਥ ਜੋਗੀ ਪਰਿਵਾਰ ਵਿਚੋਂ ਸੀ- ਜੋਗੀ ਬਾਬਾ ਕਾਸ਼ੀ ਨਾਥ, ਜਿਸ ਨੇ ਸਪੇਰਾ ਬੀਨ ਨੂੰ ਲੋਕ ਸਾਜ਼ ਵਜੋਂ ਮਾਨਤਾ ਦਿਵਾਈ। ਇਸ ਦੇ ਨਾਲ ਨਾਲ ਉਸ ਨੇ ਰਾਂਝੇ ਵਾਲੀ ਵੰਝਲੀ ਵਜਾਉਣ ਵਿਚ ਵੀ ਆਪਣੇ ਹੁਨਰ ਦਾ ਲੋਹਾ ਮਨਵਾਇਆ।



**ਹਰਦਿਆਲ ਸਿੰਘ ਥੂਹੀ**
**ਫੋਨ: 91-84271-00341**

ਜੋਗੀ ਕਾਸ਼ੀ ਨਾਥ ਦਾ ਜਨਮ ਪਿਤਾ ਲੌਂਗ ਨਾਥ ਅਤੇ ਮਾਤਾ ਭਰਾਵਾਂ ਬਾਈ ਦੇ ਘਰ ਮੁਲਤਾਨ (ਪਾਕਿਸਤਾਨ) ਵਿਖੇ ਹੋਇਆ। ਉਹ ਅਜੇ ਢਾਈ ਤਿੰਨ ਸਾਲ ਦਾ ਸੀ ਅਤੇ ਛੋਟੀ ਭੈਣ ਛੰਨਾ ਬਾਈ ਛੇ ਕੁ ਮਹੀਨੇ ਦੀ, ਜਦੋਂ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਕੁਝ ਸਮੇਂ ਬਾਅਦ ਮਾਪਿਆਂ ਨੇ ਭਰਾਵਾਂ ਬਾਈ ਨੂੰ ਦੂਜੀ ਥਾਂ ਹੇਤ ਨਾਥ ਦੇ ਲੜ ਲਾ ਦਿੱਤਾ। ਇਸ ਜੋੜੇ ਦੇ ਘਰ ਦੋ ਪੁੱਤਰਾਂ ਅਤੇ ਤਿੰਨ ਧੀਆਂ ਨੇ ਜਨਮ ਲਿਆ। ਇਸ ਤਰ੍ਹਾਂ ਕਾਸ਼ੀ ਨਾਥ ਹੁਰੀਂ ਮਾਂ ਦੀਆਂ ਸੱਤ ਔਲਾਦਾਂ ਸਨ। ਸੁਰਤ ਸੰਭਲਣ 'ਤੇ ਕਾਸ਼ੀ ਨਾਥ ਆਪਣੇ ਪਿਤਾ ਪੁਰਖੀ ਕਿੱਤੇ ਨਾਲ ਜੁੜ ਗਿਆ ਅਤੇ ਚੰਗਾ ਬੀਨ ਵਾਦਕ ਬਣ ਗਿਆ।

ਦੇਸ਼ ਵੰਡ ਵੇਲੇ ਗੋਰਖ ਨਾਥ ਸੰਪਰਦਾ ਦੇ ਹੋਰ ਨਾਥਾਂ-ਜੋਗੀਆਂ ਨਾਲ ਕਾਸ਼ੀ ਨਾਥ ਦਾ ਪਰਿਵਾਰ ਵੀ ਏਧਰ ਆ ਗਿਆ। ਕਈ ਥਾਵਾਂ 'ਤੇ ਰਹਿਣ ਤੋਂ ਬਾਅਦ ਇਨ੍ਹਾਂ ਦਾ ਡੇਰਾ ਸਿਰਸੇ ਦੇ ਨੇੜੇ ਮੰਡੀ ਕਾਲਾਂ ਵਾਲੀ ਪਹੁੰਚ ਗਿਆ। ਹੁਣ ਤਕ ਕਾਸ਼ੀ ਨਾਥ ਆਪਣੇ ਪਰੰਪਰਕ ਸਾਜ਼ ਬੀਨ ਤੋਂ ਇਲਾਵਾ ਵੰਝਲੀ, ਅਲਗੋਜ਼ੇ ਅਤੇ ਬੁਗਚੂ ਵਜਾਉਣ ਲੱਗ ਪਿਆ ਸੀ। ਪਿੰਡ ਕਾਲਾਂ ਵਾਲੀ ਉਸ ਦਾ ਮੇਲ ਰਾਗੀ ਉਸਤਾਦ ਛੱਜੂ ਦੀਨ ਨਾਲ ਹੋਇਆ ਅਤੇ ਕਾਸ਼ੀ ਨਾਥ ਉਨ੍ਹਾਂ ਦਾ ਸ਼ਗਿਰਦ ਬਣ ਗਿਆ। ਇਥੇ ਠਹਿਰ ਦੌਰਾਨ ਕਾਸ਼ੀ ਨਾਥ ਨੇ ਉਸਤਾਦ ਦੀ ਰਹਿਨੁਮਾਈ ਅਧੀਨ ਉਕਤ ਸਾਜ਼ਾਂ ਵਿਚ ਪ੍ਰਪੱਕਤਾ ਹਾਸਲ ਕੀਤੀ। ਹੁਣ ਉਹ ਬੀਨ ਅਤੇ ਵੰਝਲੀ 'ਤੇ ਬਹੁਤ ਸਾਰੇ ਗੀਤਾਂ ਦੀਆਂ ਧੁਨਾਂ ਵਜਾਉਣ ਲੱਗ ਪਿਆ ਸੀ।

1955-56 ਵਿਚ ਕਾਸ਼ੀ ਨਾਥ ਦਾ ਵਿਆਹ ਸਿਰਸਾ ਨਿਵਾਸੀ ਜੋਗੀ ਠਾਕਾ ਨਾਥ ਅਤੇ ਰਾਣੀ ਬਾਈ ਦੀ ਧੀ ਰੇਸ਼ਮਾ ਬਾਈ ਨਾਲ ਹੋਇਆ। ਅਗਲੇ ਸਾਲ ਇਨ੍ਹਾਂ ਦੇ ਘਰ ਪੁੱਤਰ ਮਹਿੰਦਰ ਨਾਥ ਨੇ ਜਨਮ ਲਿਆ। ਜਣੇਪੇ ਦੇ ਚੌਥੇ ਦਿਨ ਹੀ ਰੇਸ਼ਮਾ ਬਾਈ ਦੀ ਮੌਤ ਹੋ ਗਈ। ਪਤਨੀ ਦਾ ਵਿਛੋੜਾ ਕਾਸ਼ੀ ਨਾਥ ਨੂੰ ਅਸਹਿ ਪੀੜਾ ਦੇ ਗਿਆ, ਪਰ ਬੱਚੇ ਦੇ ਪਾਲਣ ਪੋਸ਼ਣ ਲਈ ਉਸ ਨੇ ਆਪਣੇ ਆਪ ਨੂੰ ਸੰਭਾਲ ਲਿਆ। ਤਕਰੀਬਨ ਦਾਸ ਬਾਰਾਂ ਸਾਲ ਕਾਸ਼ੀ ਨਾਥ ਨੇ ਇਕੱਲਤਾ ਦਾ ਜੀਵਨ ਭੋਗਿਆ। ਇਹ ਸਮਾਂ ਉਸ ਨੇ ਆਪਣੀ ਕਲਾ ਅਤੇ ਪਰਮਾਤਮਾ ਦੀ ਇਬਾਦਤ ਵਿਚ ਬਤੀਤ ਕੀਤਾ। ਇੰਨੇ ਸਮੇਂ ਬਾਅਦ ਪਰਿਵਾਰ ਦੇ ਜ਼ੋਰ ਦੇਣ 'ਤੇ ਉਸ ਨੇ ਮੁੜ ਦੁਨੀਆਦਾਰੀ ਵੱਲ ਮੋੜਾ ਪਾਇਆ। ਠਾਕਾ ਨਾਥ ਦੀ ਗੋਦ ਲਈ ਧੀ ਸ਼ਾਂਤੀ ਬਾਈ ਨਾਲ ਉਸ ਦਾ ਦੂਜਾ ਵਿਆਹ ਹੋਇਆ। ਸ਼ਾਂਤੀ ਬਾਈ ਤੋਂ ਉਸ ਦੇ ਘਰ ਚਾਰ ਪੁੱਤਰਾਂ ਅਤੇ ਦੋ ਧੀਆਂ ਨੇ ਜਨਮ ਲਿਆ। ਪਹਿਲਾਂ ਬਾਬਾ ਕਾਸ਼ੀ ਨਾਥ ਦੀ ਕਲਾ ਨੂੰ ਭਾਰਤੀ ਨਿਕੇਤਨ ਸਕੂਲ ਸਿਰਸਾ ਦੇ ਸੰਗੀਤ ਮਾਸਟਰ ਸੁਰਿੰਦਰ ਕੁਮਾਰ ਨੇ ਪਛਾਣਿਆ ਅਤੇ ਸਕੂਲ ਦੇ ਪ੍ਰੋਗਰਾਮਾਂ ਵਿਚ ਬੁਲਾਉਣ ਲੱਗੇ।

ਹੁਣ ਉਹ ਛੋਟੇ ਮੋਟੇ ਇਕੱਠਾਂ ਜਾਂ ਰਾਮ ਲੀਲ੍ਹਾ ਦੀ ਸਟੇਜ 'ਤੇ ਬੀਨ ਅਤੇ ਵੰਝਲੀ ਵਜਾਉਣ ਲੱਗ ਪਿਆ ਸੀ। ਇਕ ਵਾਰ ਪਿੰਡ ਵਿਚ ਕੋਈ ਸਮਾਗਮ ਸੀ ਜਿਥੇ ਡਿਪਟੀ ਕਮਿਸ਼ਨਰ ਕੇ.ਸੀ. ਸ਼ਰਮਾ ਨੇ ਆਉਣਾ ਸੀ। ਪ੍ਰਬੰਧਕਾਂ ਨੇ ਕਾਸ਼ੀ ਨਾਥ ਨੂੰ ਸਟੇਜ 'ਤੇ ਬੁਲਾ ਕੇ ਵੰਝਲੀ ਵਜਾਉਣ ਲਾ ਦਿੱਤਾ। ਹਵਾ ਵਿਚ ਰਸ ਘੋਲਦੀ ਵੰਝਲੀ ਦੀ ਆਵਾਜ਼ ਹਾਰਨਾਂ ਰਾਹੀਂ ਆ ਰਹੇ ਡੀ.ਸੀ. ਦੇ ਕੰਨੀਂ ਜਾ ਪਈ। ਜਦੋਂ ਉਨ੍ਹਾਂ ਦੀ ਕਾਰ ਪੰਡਾਲ ਨੇੜੇ ਪਹੁੰਚੀ ਤਾਂ ਪ੍ਰਬੰਧਕ ਫਟਾ-ਫਟ ਉਨ੍ਹਾਂ ਦੇ ਸਵਾਗਤ ਲਈ ਪਹੁੰਚ ਗਏ। ਕਾਸ਼ੀ ਨਾਥ ਇਕਦਮ ਸਟੇਜ ਤੋਂ ਉਤਰ ਕੇ ਸਰੋਤਿਆਂ ਵਿਚ ਲੁਕ ਕੇ ਬੈਠ ਗਿਆ। ਜਦੋਂ ਡੀ.ਸੀ. ਸਟੇਜ 'ਤੇ ਆਏ ਤਾਂ ਉਨ੍ਹਾਂ ਪੁੱਛਿਆ ਕਿ ਵੰਝਲੀ ਕੌਣ ਵਜਾ ਰਿਹਾ ਸੀ। ਕਾਸ਼ੀ ਨਾਥ ਘਬਰਾ ਗਿਆ। ਡਰਦਾ ਡਰਦਾ ਹੱਥ ਬੰਨ੍ਹ ਕੇ ਖੜ੍ਹਾ ਹੋ ਗਿਆ। ਡੀ.ਸੀ. ਨੇ ਸਟੇਜ 'ਤੇ ਬੁਲਾ ਕੇ ਕਿਹਾ, 'ਘਬਰਾਉਣ ਵਾਲੀ ਗੱਲ ਨਹੀਂ, ਬਾਬਾ ਤੂੰ ਤਾਂ ਬਹੁਤ ਵਧੀਆ ਵੰਝਲੀ ਵਜਾਉਂਦਾ ਹੈ।" ਉਨ੍ਹਾਂ ਦੁਬਾਰਾ ਵੰਝਲੀ ਸੁਣਾਉਣ ਲਈ ਕਿਹਾ। ਹੁਣ ਕਾਸ਼ੀ ਨਾਥ ਨੇ ਪੂਰੀ ਰੂਹ ਨਾਲ ਵੰਝਲੀ ਵਜਾਈ। ਇਸ ਤੋਂ ਬਾਅਦ ਡੀ.ਸੀ. ਉਸ ਨੂੰ ਸੰਗੀਤ ਪ੍ਰੋਗਰਾਮਾਂ 'ਚ ਬੁਲਾ ਲੈਂਦੇ ਅਤੇ ਕਈ ਵਾਰ ਆਪਣੇ ਘਰ ਬੁਲਾ ਕੇ ਵੀ ਸੁਣਦੇ। ਇਸ ਤਰ੍ਹਾਂ ਹੌਲੀ ਹੌਲੀ ਕਾਸ਼ੀ ਨਾਥ ਦਾ ਨਾਂ ਚਰਚਾ ਵਿਚ ਆ ਗਿਆ।



ਇਸੇ ਤਰ੍ਹਾਂ ਦੇ ਕਿਸੇ ਪ੍ਰੋਗਰਾਮ ਵਿਚ ਉਹ ਸਿਰਸਾ ਕਾਲਜ ਵਿਚ ਪੜ੍ਹਾਉਂਦੇ ਡਾ. ਸੁਖਦੇਵ ਸਿੰਘ ਦੇ ਨਜ਼ਰੀਂ ਚੜ੍ਹ ਗਿਆ। ਉਨ੍ਹਾਂ ਨੇ ਆਪਣੇ ਕਾਲਜ ਬੁਲਾਇਆ, ਕੁਝ ਸਮੇਂ ਪਿਛੋਂ ਚੰਡੀਗੜ੍ਹ ਕਿਸੇ ਸਮਾਗਮ 'ਚ ਉਹ ਆਪਣੇ ਕਾਲਜ ਦੇ ਵਿਦਿਆਰਥੀਆਂ ਨਾਲ ਬਾਬੇ ਕਾਸ਼ੀ ਨਾਥ ਨੂੰ ਵੀ ਲੈ ਆਏ। 1987 'ਚ ਉਹ ਬਾਬਾ ਕਾਸ਼ੀ ਨਾਥ ਅਤੇ ਰਾਜਸਥਾਨ ਦੇ ਇਕ ਲੋਕ ਕਲਾਕਾਰ ਨੂੰ ਦਿੱਲੀ ਵਿਖੇ ਹੋਏ ਵੱਡੇ ਸਭਿਆਚਾਰਕ ਉਤਸਵ ਵਿਚ ਭਾਗ ਦਿਵਾਉਣ ਲਈ ਲੈ ਕੇ ਗਏ। ਇਸ ਤਰ੍ਹਾਂ ਬਾਬਾ ਕਾਸ਼ੀ ਨਾਥ ਸਰਕਾਰੀ ਅਤੇ ਅਰਧ ਸਰਕਾਰੀ ਸੰਸਥਾਵਾਂ ਦੇ ਸੰਪਰਕ ਵਿਚ ਆ ਚੁੱਕਾ ਸੀ ਤੇ ਉਸ ਦੀ ਵੱਖਰੀ ਪਛਾਣ ਬਣ ਗਈ ਸੀ।

ਪਿਛਲੀ ਸਦੀ ਦੇ ਆਖਰੀ ਸਾਲਾਂ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਲੋਕ ਸੰਗੀਤ ਮੇਲੇ ਕਰਵਾਏ ਗਏ। ਮੇਲੇ ਦੇ ਅਖੀਰਲੇ ਦਿਨ ਬਾਬੇ ਦੀ ਵੰਝਲੀ ਦੀ ਅਗਵਾਈ ਵਿਚ ਸਾਰੇ ਲੋਕ ਕਲਾਕਾਰਾਂ ਨੇ ਆਪੋ ਆਪਣੇ ਸਾਜ਼ਾਂ ਨਾਲ ਬਹੁਤ ਵਧੀਆ ਮਾਹੌਲ ਸਿਰਜਿਆ। ਇਥੋਂ ਹੀ ਫੋਕ ਆਰਕੈਸਟਰਾ ਦਾ ਆਰੰਭ ਹੋਇਆ। ਬਾਬਾ ਕਾਸ਼ੀ ਨਾਥ ਦੀ ਮਿਹਨਤ ਨੂੰ ਸਭ ਤੋਂ ਮਿੱਠਾ ਫ਼ਲ ਤਾਂ ਉਸ ਸਮੇਂ ਲੱਗਾ ਜਦੋਂ 2 ਜੁਲਾਈ, 2002 ਨੂੰ ਲੋਕ ਕਲਾਕਾਰਾਂ ਦੀ ਮੰਡਲੀ ਨਾਲ ਪ੍ਰੋ. ਰਾਜਪਾਲ ਸਿੰਘ ਦੀ ਅਗਵਾਈ ਵਿਚ ਇੰਗਲੈਂਡ ਗਿਆ। ਇਸ ਤੋਂ ਬਾਅਦ 2004, 2006 ਅਤੇ 2007 ਵਿਚ ਇੰਗਲੈਂਡ ਫੇਰੀਆਂ ਪਾਈਆਂ। 2006 ਵਾਲੀ ਫੇਰੀ ਸਮੇਂ ਸੱਠ ਦੇਸ਼ਾਂ ਦੇ ਲੋਕ ਕਲਾਕਾਰਾਂ ਦੇ ਮੁਕਾਬਲੇ ਵਿਚੋਂ ਬਾਬੇ ਨੂੰ ਪਹਿਲਾਂ ਸਥਾਨ ਪ੍ਰਾਪਤ ਹੋਇਆ। ਉਸ ਸਮੇਂ ਪ੍ਰਿੰਸ ਚਾਰਲਸ ਨੇ ਬਾਬੇ ਨੂੰ ਵਿਸ਼ੇਸ਼ ਦਾਦ ਦਿੱਤੀ। ਸਮੇਂ ਸਮੇਂ 'ਤੇ ਬਾਬਾ ਕਾਸ਼ੀ ਨਾਥ ਨੇ ਪ੍ਰਸਿੱਧ ਗਾਇਕਾਂ ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ, ਨੂਰਾਂ, ਪੂਰਨ ਚੰਦ ਪਿਆਰੇ ਲਾਲ, ਪੂਰਨ ਸ਼ਾਹਕੋਟੀ, ਬਰਕਤ ਸਿੱਧੂ, ਗੁਰਦਾਸ ਮਾਨ, ਸਰਦੂਲ ਸਿਕੰਦਰ, ਹੰਸ ਰਾਜ ਹੰਸ, ਪੰਨਾ ਲਾਲ ਘੋਸ਼, ਹਰੀ ਪ੍ਰਸ਼ਾਦ ਚੌਰਸੀਆ ਆਦਿ ਨਾਲ ਸਾਂਝੀਆਂ ਮੰਚ ਪੇਸ਼ਕਾਰੀਆਂ ਕੀਤੀਆਂ।

ਬਾਬਾ ਕਾਸ਼ੀ ਨਾਥ ਦੀਆਂ ਪੇਸ਼ਕਾਰੀਆਂ ਦੀ ਸੰਭਾਲ ਵੱਡੇ ਪੱਧਰ 'ਤੇ ਨਹੀਂ ਹੋਈ, ਭਾਵੇਂ ਕੁਝ ਯਤਨ ਜ਼ਰੂਰ ਹੋਏ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਡਾ. ਗੁਰਨਾਮ ਸਿੰਘ ਨੇ ਕੁਝ ਕੰਮ ਕੀਤਾ। ਉਤਰੀ ਖੇਤਰ ਸਭਿਆਚਾਰਕ ਕੇਂਦਰ ਵਲੋਂ ਪ੍ਰੋ. ਰਾਜਪਾਲ ਸਿੰਘ ਨੇ ਆਡੀਓ ਕੈਸੇਟ ਵਿਚ ਕੁਝ ਧੁਨਾਂ ਸੰਭਾਲੀਆਂ। ਇਸੇ ਤਰ੍ਹਾਂ ਪੰਜਾਬ ਸੰਗੀਤ ਨਾਟਕ ਅਕਾਦਮੀ ਵੱਲੋਂ ਵੀਡੀਓ ਕੈਸੇਟ ਵਿਚ ਕੁਝ ਧੁਨਾਂ ਦੀ ਸੰਭਾਲ ਕੀਤੀ ਗਈ। ਬਾਬਾ ਕਾਸ਼ੀ ਨਾਥ ਦੀਆਂ ਪ੍ਰਾਪਤੀਆਂ ਕਾਰਨ ਬਹੁਤ ਸਾਰੀਆਂ ਸੰਸਥਾਵਾਂ ਨੇ ਉਨ੍ਹਾਂ ਦਾ ਸਨਮਾਨ ਵੀ ਕੀਤਾ।

ਬਾਬਾ ਕਾਸ਼ੀ ਨਾਥ ਦਰਵੇਸ਼ ਅਤੇ ਫੱਕਰ ਕਿਸਮ ਦਾ ਮਨੁੱਖ ਸੀ। ਉਸ ਨੂੰ ਅਕਤੂਬਰ 2017 ਵਿਚ ਅਧਰੰਗ ਦਾ ਦੌਰਾ ਪੈ ਗਿਆ। ਇਸ ਤੋਂ ਬਾਅਦ ਨਿੱਕੀਆਂ ਮੋਟੀਆਂ ਬਿਮਾਰੀਆਂ ਨਾਲ ਜੂਝਦਾ ਅਖੀਰ ਉਹ 20 ਮਈ, 2018 ਨੂੰ ਅਲਵਿਦਾ ਕਹਿ ਗਿਆ। ਜਾਂਦੇ ਜਾਂਦੇ ਉਹ ਆਪਣੀ ਬੀਨ ਅਤੇ ਵੰਝਲੀ ਆਪਣੇ ਵੱਡੇ ਪੁੱਤਰ ਮਹਿੰਦਰ ਨਾਥ ਨੂੰ ਸੌਂਪ ਕੇ ਆਪਣੀ ਵਿਰਾਸਤ ਦਾ ਵਾਰਸ ਬਣਾ ਗਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਸਤੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-343



*ਖਿੜੇ ਹੋਣ ਜਿਉਂ ਬਾਗ 'ਚ ਯਾਰੋ ਫੁੱਲ ਅਨਾਰਾਂ ਦੇ,*
*ਰੰਗ-ਬਰੰਗੀਆਂ ਪੱਗਾਂ ਬੰਨ੍ਹਣ ਪੁੱਤ ਸਰਦਾਰਾਂ ਦੇ!*

## ਕੈਪਸ਼ਨ ਮੁਕਾਬਲਾ-341



ਕਾਣੀ ਵੰਡ ਤੇ ਜਬਰ ਦੇ ਹੁੰਦਿਆਂ
ਇੱਕ ਦਿਨ ਐਸਾ ਆਏਗਾ।
ਉਪਰਲੀ ਥੱਲੇ ਹੋ ਜਾਵੇਗੀ
ਰੋਕ ਕੋਈ ਨਾ ਪਾਏਗਾ।
ਦੁਨੀਆਂ ਦਾ ਕੁੱਲ ਨੰਗਾ ਭੁੱਖਾ
ਆਪਣਾ ਤਖਤ ਬਣਾਏਗਾ।
***-ਜਗਮੀਤ ਸਿੰਘ ਪੰਧੇਰ***

---

ਉਮਰ ਨਿਆਣੀ, ਸਮਝ ਅਨਾੜੀ
ਲੋਕੀਂ ਮੈਨੂੰ ਬਾਦਸ਼ਾਹ ਕਹਿੰਦੇ।
ਪਰ ਬਾਦਸ਼ਾਹ ਤਾਂ ਕਪਟੀ ਢੋਂਗੀ
ਦਗੇ ਫਰੇਬ ਨੇ ਕਰਦੇ ਰਹਿੰਦੇ।
ਸਮਾਂ ਆਉਣ 'ਤੇ ਬਣ ਜਾਊ ਰਾਜਾ
ਮੰਦੇ ਹਾਲ ਨਾ ਰਹੂ ਲੁਕਾਈ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***

---

ਬੱਚੇ ਹੁੰਦੇ ਬਾਦਸ਼ਾਹ
ਚਾਹੇ ਗਰੀਬ ਜਾਂ ਅਮੀਰ ਦਾ।
ਰੰਕ ਜਾਂ ਰਾਜਾ ਬਣਨਾ ਖੇਡ ਤਕਦੀਰ ਦਾ।
ਕੱਪੜੇ, ਕੁਰਸੀ ਨਹੀਂ
ਨਸੀਬ ਹੁਣ ਵੀ ਘੱਟ ਨਹੀਂ।
ਇੱਟਾਂ ਭਾਵੇਂ, ਸਿੰਘਾਸਨ ਤੋਂ ਘੱਟ ਨਹੀਂ।
***-ਸੇਵਾ ਸਿੰਘ ਨੂਰਪੁਰੀ***

---

ਸੋਚੇ, ਜੇ ਮੈਂ ਰਹਿਬਰ ਬਣ ਗਿਆ
ਧੋ ਦਿਉਂ ਸਭ ਰੋਣੇ-ਧੋਣੇ।
ਭੁੱਖ-ਨੰਗ ਤੇ ਗੁਰਬਤ ਵਰਗੇ
ਸ਼ਬਦ ਜ਼ੁਬਾਂ 'ਤੇ ਕਦੇ ਨਾ ਆਉਣੇ।
***-ਸੁਖਦੇਵ ਸ਼ਰਮਾ ਧੂਰੀ***

---

ਅੱਜ ਨਹੀਂ ਤਾਂ ਕੱਲ ਮੰਜ਼ਿਲ ਪਾਵਾਂਗੇ,
ਕੰਡਿਆਂ 'ਤੇ ਹੀ ਬਹਿ ਕੇ ਫੁੱਲ ਬਣਦੇ ਨੇ।
***-ਠਾਕਰ ਸਿੰਘ ਬਸਾਤੀ, ਸ਼ਿਕਾਗੋ***

---

ਇੱਟ ਦਾ ਸਿਰਹਾਣਾ
ਇੱਟ ਹੀ ਖੱਬੇ ਸੱਜੇ ਦੀਆਂ ਬਾਹੀਆਂ
ਇੱਟ ਉਤੇ ਹੀ ਬੈਠ
ਕਲਪਨਾ 'ਚ ਗਰੀਬ ਦਾ ਤਖਤ
ਆਪਣਾ ਢਾਰਾ ਹੀ ਮਹੱਲ ਹੁੰਦਾ।
***-ਦਰਸ਼ਨਪਾਲ ਦੋਸਾਂਝ***

---

ਇੱਟਾਂ ਦੀ ਕੁਰਸੀ ਬਣਾ ਕੇ ਬਿਠਾਇਆ
ਬੰਧੂਆ ਮਾਂ ਨੇ ਪੁੱਤ ਨੂੰ ਪ੍ਰਧਾਨ।
ਹੋ ਸਕਦੈ ਉਹਦੇ ਸੁਪਨਿਆਂ ਨੂੰ ਬੂਰ ਪੈ ਜੇ
ਉਨ੍ਹਾਂ ਦੀ ਜਿੰਦੜੀ ਦਾ ਹੋ ਜੇ ਨਿਰਵਾਣ।
***-ਅਮਰਜੀਤ ਸਿੰਘ ਤੂਰ***

---

ਕਿਰਤ ਸਾਡੀ ਦਾ ਕੋਈ ਮੁੱਲ ਨ੍ਹੀਂ ਪੈਂਦਾ
ਹੋ ਗਏ ਭੱਠਾ ਮਾਲਕ ਦੇ ਗੁਲਾਮ।
ਇਸ ਸੰਗਲ ਨੂੰ ਤੋੜਨ ਲਈ
ਸਾਡਾ ਧਰਤੀ ਪੁੱਤਰ ਹੀ ਦਿਊ ਅੰਜਾਮ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਨੰਗ ਧੜੰਗਾ, ਮਿੱਟੀ ਨਾਲ ਅੱਟਿਆ
ਇੱਟਾਂ ਦੇ ਤਖਤ 'ਤੇ ਬਣ ਬੈਠਾ ਸੁਲਤਾਨ।
ਭਾਵੇਂ ਮਾਪੇ ਕਰਨ ਮਜ਼ਦੂਰੀ
ਬੱਚਿਆਂ ਲਈ ਨੇ ਉਚੇ ਅਰਮਾਨ।
ਫਰਸ਼ੋਂ ਅਰਸ਼ ਪਹੁੰਚ ਜਾਵੇ ਬੱਚਾ
ਜੇ ਹੋ ਜਾਵੇ ਕਿਸਮਤ ਮਿਹਰਬਾਨ।
***-ਦਵਿੰਦਰ ਕੌਰ***

---


ਸ਼ਾਹੀ ਠਾਠ ਸਾਡੇ, ਸ਼ਾਹੀ ਸੀਟ ਸਾਡੀ।
ਹੈ ਕੋਈ, ਕਰੂ ਜੋ ਰੀਸ ਸਾਡੀ।
***-ਇੰਦਰਜੀਤ ਮੰਗਾ***

---

ਬਣਾ ਕੇ ਤਖਤ ਇੱਟਾਂ ਦਾ
ਰਾਜਾ ਬਣਿਆ ਬੈਠਾ ਇਹ ਬੱਚਾ।
ਇਮਾਨਦਾਰੀ ਦੀ ਜਾਪੇ ਮੂਰਤ
ਦਿਲੋਂ ਵੀ ਲੱਗਦਾ ਸੱਚਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਭਾਰਤ ਵਿਚ ਹੁਣ ਸਮਲਿੰਗੀ ਸਬੰਧ ਗੁਨਾਹ ਨਹੀਂ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਇਕ ਇਤਿਹਾਸਕ ਫੈਸਲੇ ਵਿਚ ਬਰਤਾਨਵੀ ਹਕੂਮਤ ਦੇ ਦੌਰ ਤੋਂ ਚੱਲੇ ਆ ਰਹੇ ਕਾਨੂੰਨ ਨੂੰ ਰੱਦ ਕਰਦਿਆਂ ਸਹਿਮਤੀ



ਨਾਲ ਬਣਾਏ ਜਾਣ ਵਾਲੇ ਸਮਲਿੰਗੀ ਸਬੰਧਾਂ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਹੈ। ਬੈਂਚ ਨੇ ਸਾਫ ਕਰ ਦਿੱਤਾ ਕਿ ਸਮਾਨ ਲਿੰਗ ਵਾਲੇ ਵਿਅਕਤੀਆਂ 'ਚ ਜਿਨਸੀ ਸਬੰਧ ਗੁਨਾਹ ਨਹੀਂ ਹੈ।

ਸਮਲਿੰਗੀ ਕਾਰਕੁਨਾਂ ਨੇ ਇਸ ਫੈਸਲੇ ਦਾ ਭਰਵਾਂ ਸਵਾਗਤ ਕੀਤਾ ਹੈ। ਭਾਰਤ ਸਮਲਿੰਗੀ ਸਬੰਧਾਂ ਨੂੰ ਕਾਨੂੰਨੀ ਮਾਨਤਾ ਦੇਣ ਵਾਲਾ 26ਵਾਂ ਮੁਲਕ ਬਣ ਗਿਆ ਹੈ। ਇਸ ਦੇ ਨਾਲ ਹੀ ਸੰਵਿਧਾਨਕ ਬੈਂਚ ਨੇ ਕਿਹਾ ਕਿ ਜਾਨਵਰਾਂ ਅਤੇ ਬੱਚਿਆਂ ਨਾਲ ਗੈਰਕੁਦਰਤੀ ਜਿਨਸੀ ਸਬੰਧਾਂ ਨਾਲ ਸਿੱਝਣ ਵਾਲੀਆਂ ਧਾਰਾ 377 ਵਿਚਲੀਆਂ ਵਿਵਸਥਾਵਾਂ ਪਹਿਲਾਂ ਵਾਂਗ ਹੀ ਅਮਲ ਵਿਚ ਰਹਿਣਗੀਆਂ। ਸੰਵਿਧਾਨਕ ਬੈਂਚ ਨੇ 493 ਸਫਿਆਂ ਦੇ ਆਪਣੇ ਫੈਸਲੇ ਵਿਚ ਕਿਹਾ ਕਿ ਭਾਰਤੀ ਪੀਨਲ ਕੋਡ ਦੀ ਧਾਰਾ 377 ਦਾ ਕੁਝ ਹਿੱਸਾ, ਜੋ ਸਹਿਮਤੀ ਨਾਲ ਬਣਾਏ ਗੈਰਕੁਦਰਤੀ ਜਿਨਸੀ ਸਬੰਧਾਂ ਨੂੰ ਅਪਰਾਧ ਦੀ ਸ਼੍ਰੇਣੀ ਵਿਚ ਰੱਖਦਾ ਹੈ, ਗੈਰਵਾਜਬ, ਗੈਰ ਨਿਆਂਯੋਗ ਤੇ ਖੁੱਲ੍ਹੇਆਮ ਆਪਹੁਦਰੀ ਵਾਲਾ ਹੈ। ਸਿਖਰਲੀ ਅਦਾਲਤ ਨੇ ਇਕਮੱਤ ਹੋ ਕੇ ਦਿੱਤੇ ਆਪਣੇ ਚਾਰ ਵੱਖ-ਵੱਖ ਫੈਸਲਿਆਂ ਵਿਚ 2013 ਦੇ ਆਪਣੇ ਹੀ ਇਕ ਫੈਸਲੇ, ਜਿਸ ਵਿਚ ਸਹਿਮਤੀ ਨਾਲ ਬਣਾਏ ਗੈਰਕੁਦਰਤੀ ਸਬੰਧਾਂ ਨੂੰ ਮੁੜ ਅਪਰਾਧਿਕ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ ਸੀ, ਨੂੰ ਖਾਰਜ ਕਰ ਦਿੱਤਾ।

ਬੈਂਚ ਨੇ ਧਾਰਾ 377 ਵਿਚ ਬਰਾਬਰੀ ਦੇ ਹੱਕ ਤੇ ਸਤਿਕਾਰ ਨਾਲ ਜਿਊਣ ਦੇ ਹੱਕ ਦੀ ਉਲੰਘਣਾ ਕਰਦੇ ਹਿੱਸੇ 'ਤੇ ਲੀਕ ਫੇਰ ਦਿੱਤੀ। ਸਬੰਧਤ ਪਟੀਸ਼ਨਾਂ ਦਾ ਯਕਮੁਸ਼ਤ ਨਿਬੇੜਾ ਕਰਦਿਆਂ ਸੰਵਿਧਾਨਕ ਬੈਂਚ ਨੇ ਮੰਨਿਆ ਕਿ ਧਾਰਾ 377 ਸਮਲਿੰਗੀ ਭਾਈਚਾਰੇ (ਲੈਸਬੀਅਨ, ਗੇਅ, ਬਾਇਸੈਕਸੁਅਲ, ਟਰਾਂਸਜੈਂਡਰ ਤੇ ਕੁਈਰ) ਨੂੰ ਪਰੇਸ਼ਾਨ ਕਰਨ ਤੇ ਉਨ੍ਹਾਂ ਨਾਲ ਪੱਖਪਾਤ ਕਰਨ ਲਈ ਹਥਿਆਰ ਵਜੋਂ ਵਰਤੀ ਜਾਂਦੀ ਸੀ। ਸੁਪਰੀਮ ਕੋਰਟ ਦਾ ਇਹ ਇਤਿਹਾਸਕ ਫੈਸਲਾ ਨਰਤਕ ਨਵਤੇਜ ਜੌਹਰ, ਪੱਤਰਕਾਰ ਸੁਨੀਲ ਮਹਿਤਾ, ਸ਼ੈੱਫ ਰਿਤੂ ਡਾਲਮੀਆ, ਹੋਟਲ ਕਾਰੋਬਾਰੀ ਅਮਨ ਨਾਥ ਤੇ ਕੇਸ਼ਵ ਸੂਰੀ ਅਤੇ ਕਾਰੋਬਾਰੀ ਆਇਸ਼ਾ ਕਪੂਰ ਤੇ ਆਈ.ਆਈ.ਟੀ'ਜ਼ ਦੇ 20 ਸਾਬਕਾ ਤੇ ਮੌਜੂਦਾ ਵਿਦਿਆਰਥੀਆਂ ਵੱਲੋਂ ਦਾਇਰ ਪਟੀਸ਼ਨਾਂ ਉਤੇ ਸੁਣਾਇਆ ਗਿਆ ਹੈ।

ਜਸਟਿਸ ਚੰਦਰਚੂੜ ਨੇ ਆਪਣੇ ਫੈਸਲੇ ਦਾ ਮੁੱਖ ਹਿੱਸਾ ਪੜ੍ਹਦਿਆਂ ਕਿਹਾ ਕਿ ਧਾਰਾ 377 ਦੇ ਚਲਦਿਆਂ ਸਮਲਿੰਗੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਦਾ ਸ਼ੋਸ਼ਣ ਕੀਤਾ ਗਿਆ। ਦੇਸ਼ ਦੇ ਹੋਰਨਾਂ ਨਾਗਰਿਕਾਂ ਵਾਂਗ ਉਨ੍ਹਾਂ ਕੋਲ ਵੀ ਸੰਵਿਧਾਨਕ ਹੱਕ ਹਨ। ਕਾਬਲੇਗੌਰ ਹੈ ਕਿ ਸਮਲਿੰਗੀ ਸਬੰਧਾਂ ਨੂੰ ਕਾਨੂੰਨੀ ਮਾਨਤਾ ਦੇਣ ਲਈ ਪਹਿਲੀ ਵਾਰ ਸਾਲ 2001 ਵਿਚ ਨਾਜ਼ ਫਾਊਂਡੇਸ਼ਨ ਨਾਂ ਦੀ ਐਨ.ਜੀ.ਓ. ਨੇ ਦਿੱਲੀ ਹਾਈ ਕੋਰਟ ਵਿਚ ਪਹੁੰਚ ਕੀਤੀ ਸੀ। 2009 ਵਿਚ ਦਿੱਲੀ ਹਾਈ ਕੋਰਟ ਨੇ ਸਹਿਮਤੀ ਨਾਲ ਸਮਲਿੰਗੀ ਸਬੰਧਾਂ ਨੂੰ ਅਪਰਾਧ ਦੀ ਸ਼੍ਰੇਣੀ 'ਚੋਂ ਬਾਹਰ ਕੱਢਣ ਦਾ ਫੈਸਲਾ ਸੁਣਾਇਆ ਸੀ, ਜਿਸ ਨੂੰ ਸਿਖਰਲੀ ਅਦਾਲਤ ਨੇ ਸਾਲ 2013 ਵਿਚ ਉਲਟਾ ਦਿੱਤਾ।

## ਹਜੂਮੀ ਕਤਲਾਂ 'ਤੇ ਸੁਪਰੀਮ ਕੋਰਟ ਦਾ ਰੁਖ ਸਖਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦੇਸ਼ ਭਰ ਵਿਚ ਹਜੂਮੀ ਹਿੰਸਾ ਤੇ ਗਊ ਰੱਖਿਆ ਦੇ ਨਾਂ ਉਤੇ ਬੁਰਛਾਗਰਦੀ ਦੀਆਂ ਘਟਨਾਵਾਂ ਨਾਲ ਸਿੱਝਣ ਲਈ ਆਪਣੇ ਵੱਲੋਂ ਜਾਰੀ ਹਦਾਇਤਾਂ ਦਾ ਕੁਝ ਰਾਜਾਂ ਵੱਲੋਂ ਪਾਲਣ ਨਾ ਹੁੰਦਾ ਵੇਖ ਸਖਤ ਰੁਖ ਅਪਣਾਉਂਦਿਆਂ ਇਨ੍ਹਾਂ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇਕ ਹਫਤੇ ਅੰਦਰ ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕਿਹਾ ਹੈ। ਸਿਖਰਲੀ ਅਦਾਲਤ ਨੇ ਇਨ੍ਹਾਂ ਨੂੰ ਆਖਰੀ ਮੌਕਾ ਦਿੰਦਿਆਂ ਕਿਹਾ ਕਿ ਕਿਸੇ ਵੀ ਕੁਤਾਹੀ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।

ਸੁਪਰੀਮ ਕੋਰਟ ਨੇ ਸਾਫ ਕਰ ਦਿੱਤਾ ਕਿ ਹੁਕਮਾਂ ਨੂੰ ਅਣਡਿੱਠ ਕਰਨ ਵਾਲੇ ਸਬੰਧਤ ਰਾਜਾਂ ਦੇ ਗ੍ਰਹਿ ਸਕੱਤਰਾਂ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣਾ ਪਏਗਾ। ਕਾਬਲੇਗੌਰ ਹੈ ਕਿ ਸੁਪਰੀਮ ਕੋਰਟ ਨੇ 17 ਜੁਲਾਈ ਨੂੰ ਪਿਛਲੀ ਸੁਣਵਾਈ ਦੌਰਾਨ ਹਜੂਮੀ ਹਿੰਸਾ ਦੀ ਕਾਰਵਾਈ ਨੂੰ 'ਭੀੜਤੰਤਰ ਦਾ ਖੌਫਨਾਕ ਕਾਰਾ' ਦੱਸਦਿਆਂ ਇਸ ਨਾਲ ਸਿੱਝਣ ਲਈ ਰਾਜਾਂ ਤੇ ਯੂਟੀਜ਼ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ। ਸੁਣਵਾਈ ਦੌਰਾਨ ਇਹ ਤੱਥ ਕਿ ਉਸ ਦੇ ਉਪਰੋਕਤ ਹੁਕਮਾਂ ਨੂੰ ਸਿਰਫ 9 ਰਾਜਾਂ ਤੇ 2 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਹੀ ਪੂਰਾ ਕੀਤਾ ਹੈ, ਦਾ ਗੰਭੀਰ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੂੰ ਸਖਤ ਹੋਣਾ ਪਿਆ।

## ਮੋਦੀ ਸਰਕਾਰ ਵੱਲੋਂ ਜੇਲ੍ਹ ਸੁਰੱਖਿਆ ਲਈ ਸੀ. ਆਰ. ਪੀ. ਐਫ. ਦੇਣ ਤੋਂ ਕੋਰੀ ਨਾਂਹ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪੰਜਾਬ ਦੀਆਂ ਕੁਝ ਹੋਰ ਜੇਲ੍ਹਾਂ ਲਈ ਬਾਹਰੀ ਸੁਰੱਖਿਆ ਘੇਰੇ ਨੂੰ ਮਜ਼ਬੂਤ ਕਰਨ ਹਿੱਤ ਕੇਂਦਰ ਤੋਂ ਸੀ.ਆਰ.ਪੀ.ਐਫ. ਦੀ ਕੀਤੀ ਗਈ ਮੰਗ ਨੂੰ ਕੇਂਦਰ ਸਰਕਾਰ ਵੱਲੋਂ ਰੱਦ ਕਰ ਦਿੱਤਾ ਗਿਆ ਹੈ ਅਤੇ ਕੇਂਦਰੀ ਗ੍ਰਹਿ ਮੰਤਰੀ ਦਾ ਕਹਿਣਾ ਸੀ ਕਿ ਕੇਂਦਰ ਤੋਂ ਤਕਰੀਬਨ ਸਾਰੇ ਰਾਜਾਂ ਵੱਲੋਂ ਕੇਂਦਰੀ ਸੁਰੱਖਿਆ ਬਲਾਂ ਦੀ ਮੰਗ ਕੀਤੀ ਜਾ ਰਹੀ ਹੈ।

ਵਰਨਣਯੋਗ ਹੈ ਕਿ ਰਾਜ ਸਰਕਾਰ ਵੱਲੋਂ ਰਾਜ ਦੀਆਂ 2 ਜੇਲ੍ਹਾਂ ਲਈ ਕੇਂਦਰ ਤੋਂ ਸੈਂਟਰਲ ਇੰਡਸਟਰੀਅਲ ਸਕਿਊਰਿਟੀ ਫੋਰਸ ਲੈ ਕੇ ਜੇਲ੍ਹਾਂ ਦੇ ਅੰਦਰ ਬਾਹਰ ਜਾਣ ਦੇ ਰਸਤਿਆਂ ਤੇ ਬਾਹਰੀ ਘੇਰੇ 'ਤੇ ਤਾਇਨਾਤ ਕੀਤੀ ਗਈ ਹੈ, ਪਰ ਸੀ.ਆਈ.ਐਸ.ਐਫ. ਦਾ ਕਹਿਣਾ ਹੈ ਕਿ ਜਾਂ ਤਾਂ ਜੇਲ੍ਹਾਂ ਦਾ ਸਮੁੱਚਾ ਕੰਟਰੋਲ ਤੇ ਸੁਰੱਖਿਆ ਉਨ੍ਹਾਂ ਨੂੰ ਦਿੱਤੀ ਜਾਵੇ ਤਾਂ ਜੋ ਪੂਰੀ ਤਰ੍ਹਾਂ ਨਾਕੇਬੰਦੀ ਕੀਤੀ ਜਾ ਸਕੇ ਪਰ ਕੇਂਦਰ ਵੱਲੋਂ ਹੋਰ ਫੋਰਸ ਮੁਹੱਈਆ ਕਰਵਾਉਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਜੇਲ੍ਹਾਂ ਲਈ ਕੇਂਦਰੀ ਸੁਰੱਖਿਆ ਬਲ ਮੁਹੱਈਆ ਕਰਵਾਉਣ ਦੀ ਨਾਂਹ ਪਿਛੋਂ ਹੁਣ ਰਾਜ ਸਰਕਾਰ ਵੱਲੋਂ ਜੇਲ੍ਹਾਂ ਦੀ ਸੁਰੱਖਿਆ ਲਈ ਆਪਣੇ ਪੱਧਰ 'ਤੇ ਹੋਰ ਬਦਲਵੇਂ ਪ੍ਰਬੰਧਾਂ ਦਾ ਮੁੱਦਾ ਵਿਚਾਰਿਆ ਜਾ ਰਿਹਾ ਹੈ।

## ਸੰਯੁਕਤ ਰਾਸ਼ਟਰ ਮੌਸਮੀ ਤਬਦੀਲੀਆਂ ਬਾਰੇ ਫਿਕਰਮੰਦ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਟੇਰੇਜ਼ ਨੇ ਕੇਰਲਾ 'ਚ ਆਏ ਹੜ੍ਹਾਂ ਤੇ ਕੈਲੀਫੋਰਨੀਆ ਦੇ ਜੰਗਲਾਂ 'ਚ ਲੱਗੀ ਭਿਆਨਕ ਅੱਗ ਦਾ ਹਵਾਲਾ ਦਿੰਦਿਆਂ ਵਾਤਾਵਰਨ ਸੰਕਟ ਨੂੰ ਰੋਕਣ ਲਈ ਮਜ਼ਬੂਤ ਕਦਮ ਚੁੱਕਣ ਦੀ ਲੋੜ ਉਤੇ ਜ਼ੋਰ ਦਿੱਤਾ। ਉਨ੍ਹਾਂ ਨਾਲ ਹੀ ਚਿਤਾਵਨੀ ਦਿੱਤੀ ਕਿ ਮੌਸਮੀ ਤਬਦੀਲੀ ਸਾਡੇ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਤੋਂ ਵੀ ਤੇਜ਼ੀ ਨਾਲ ਹੋ ਰਹੀ ਹੈ।

ਸੰਯੁਕਤ ਰਾਸ਼ਟਰ ਦੇ ਮੁਖੀ ਨੇ ਕਿਹਾ ਕਿ ਪਿਛਲੇ ਸਾਲ ਹਜ਼ਾਰਾਂ ਲੋਕਾਂ ਦੀ ਮੌਤ ਹੋਈ ਅਤੇ 320 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ। ਮੌਸਮੀ ਆਫਤਾਂ ਇਸ ਲਈ ਜ਼ਿੰਮੇਵਾਰ ਰਹੀਆਂ ਹਨ। ਇਥੇ 2018 ਦੀ ਵਾਤਾਵਰਨ ਅਰਥ ਵਿਵਸਥਾ ਰਿਪੋਰਟ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਮੌਸਮੀ ਤਬਦੀਲੀ ਸਾਡੇ ਨਾਲੋਂ ਤੇਜ਼ੀ ਨਾਲ ਵਾਪਰ ਰਹੀ ਹੈ। ਇਨ੍ਹਾਂ ਮੌਸਮੀ ਤਬਦੀਲੀਆਂ ਦੇ ਅਸਰ ਬਹੁਤ ਹੀ ਤਬਾਹਕੁਨ ਰਹੇ ਹਨ ਅਤੇ ਤੂਫਾਨ, ਹੜ੍ਹ, ਸੋਕੇ, ਜੰਗਲ ਦੀ ਅੱਗ ਤੇ ਸਮੁੰਦਰ ਦੇ ਪੱਧਰ ਵਿਚ ਵਾਧਾ ਹੋਣ ਦਾ ਸਭ ਤੋਂ ਵੱਧ ਮਾਰੂ ਅਸਰ ਗਰੀਬ ਲੋਕਾਂ 'ਤੇ ਹੀ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਉਨ੍ਹਾਂ ਭਾਰਤ ਦੇ ਕੇਰਲਾ ਵਿਚ ਭਿਆਨਕ ਹੜ੍ਹ, ਕੈਨੇਡਾ ਤੇ ਕੈਲੀਫੋਰਨੀਆ ਦੇ ਜੰਗਲਾਂ ਵਿਚ ਭਿਆਨਕ ਅੱਗ ਅਤੇ ਆਰਕਟਿਕ ਵਿਚ ਤਾਪਮਾਨ ਦਾ ਵਾਧਾ ਦੇਖਿਆ ਹੈ। ਉਨ੍ਹਾਂ ਕਿਹਾ ਕਿ ਵੱਡੇ ਪੱਧਰ ਉਤੇ ਹੋ ਰਹੀਆਂ ਮੌਸਮੀ ਤਬਦੀਲੀਆਂ ਨਾਲ ਨਜਿੱਠਣ ਲਈ ਮਜ਼ਬੂਤ ਕਦਮ ਚੁੱਕਣ ਦੀ ਲੋੜ ਹੈ।

## 71 ਦੇਸ਼ਾਂ ਦੇ ਵਸਨੀਕ ਕਰ ਰਹੇ ਨੇ ਭਾਰਤੀ ਨਾਗਰਿਕਤਾ ਦੀ ਉਡੀਕ

**ਚੰਡੀਗੜ੍ਹ:** ਭਾਰਤੀ ਨਾਗਰਿਕ ਪ੍ਰਦੇਸ਼ਾਂ 'ਚ ਵਸਦੇ ਲੋਕਾਂ ਦੇ ਰਹਿਣ ਸਹਿਣ ਦੇ ਢੰਗ ਅਤੇ ਆਰਥਿਕ ਖੁਸ਼ਹਾਲੀ ਤੋਂ ਪ੍ਰਭਾਵਿਤ ਹੋ ਕੇ ਵਿਦੇਸ਼ਾਂ 'ਚ ਜਾ ਕੇ ਕੰਮ ਕਰਨ ਜਾਂ ਉਥੇ ਵੱਸਣ ਦੀ ਤਾਂਘ ਰੱਖਦੇ ਹਨ ਜਦਕਿ ਇਸ ਦੇ ਉਲਟ ਦੁਨੀਆਂ ਦੇ 71 ਦੇਸ਼ਾਂ ਦੇ ਬਾਸ਼ਿੰਦੇ ਭਾਰਤ ਦੀ ਨਾਗਰਿਕਤਾ ਲੈਣ ਲਈ ਲੰਬੇ ਸਮੇਂ ਤੋਂ ਉਡੀਕ ਕਰ ਰਹੇ ਹਨ।

ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦੇ ਨਾਗਰਿਕਾਂ ਦੀਆਂ 4 ਹਜ਼ਾਰ 44 ਅਰਜ਼ੀਆਂ ਭਾਰਤੀ ਨਾਗਰਿਕਤਾ ਹਾਸਲ ਕਰਨ ਵੱਖ-ਵੱਖ ਪੜਾਵਾਂ 'ਤੇ ਬਕਾਇਆ ਪਈਆਂ ਹਨ ਜਿਨ੍ਹਾਂ 'ਚੋਂ 1 ਹਜ਼ਾਰ 85 ਅਰਜ਼ੀਆਂ ਗ੍ਰਹਿ ਮੰਤਰਾਲੇ ਕੋਲ ਪ੍ਰਕਿਰਿਆ ਅਧੀਨ ਹਨ।

ਇਸੇ ਤਰ੍ਹਾਂ 2 ਹਜ਼ਾਰ 259 ਅਰਜ਼ੀਆਂ ਵੱਖ-ਵੱਖ ਭਾਰਤ ਦੇ ਰਾਜਾਂ ਦੇ ਯੂਨੀਅਨ ਟੈਰੀਟਰੀਆਂ ਦੀ ਸਰਕਾਰਾਂ ਕੋਲ ਕਾਰਵਾਈ ਤਹਿਤ ਹਨ। ਭਾਰਤ ਦੀ ਨਾਗਰਿਕਤਾ ਲੈਣ ਦੀ ਲਾਈਨ ਵਿਚ ਯੂ.ਐਸ.ਏ. ਦੀਆਂ 101 ਅਰਜ਼ੀਆਂ ਤੇ ਆਸਟਰੇਲੀਆ ਦੀਆਂ 13, ਯੂ.ਕੇ. 42, ਸਿੰਘਾਪੁਰ ਦੀਆਂ 27, ਪੁਰਤਗਾਲ ਦੀਆਂ 11, ਈਰਾਨ ਦੀਆਂ 34, ਅਫਗਾਨਿਸਤਾਨ ਦੀਆਂ 687, ਨਿਪਾਲ ਦੀਆਂ 48, ਸ੍ਰੀਲੰਕਾ 71, ਪਾਕਿਸਤਾਨ ਦੀਆਂ 2508 ਵਿਅਕਤੀਆਂ ਦੀਆਂ ਅਰਜ਼ੀਆਂ ਭਾਰਤੀ ਨਾਗਰਿਕਤਾ ਲੈਣ ਲਈ ਬਕਾਇਆ ਪਈਆਂ ਹਨ।

ਇਨ੍ਹਾਂ ਦੇਸ਼ਾਂ ਤੋਂ ਇਲਾਵਾ 61 ਵੱਖੋ-ਵੱਖਰੇ ਦੇਸ਼ਾਂ ਦੇ ਬਾਸ਼ਿੰਦੇ ਭਾਰਤ ਦੀ ਨਾਗਰਿਕਤਾ ਲੈਣ ਉਡੀਕ ਕਰ ਰਹੇ ਹਨ।

## ਲਾਹੌਰ 'ਚ ਮੌਜੂਦ ਹਨ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਦਸਤਾਵੇਜ਼


**ਇਸਲਾਮਾਬਾਦ (ਬਿਊਰੋ):** ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਪੰਜਾਬ ਪੁਰਾਤਤਵ ਵਿਭਾਗ ਕੋਲ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਕਈ ਅਜਿਹੇ ਦੁਰਲੱਭ ਦਸਤਾਵੇਜ਼ ਮੌਜੂਦ ਹਨ, ਜਿਨ੍ਹਾਂ ਨੂੰ ਬਾਰੀਕੀ ਨਾਲ ਘੋਖਣ 'ਤੇ ਕਈ ਮਹੱਤਵਪੂਰਨ ਜਾਣਕਾਰੀਆਂ ਸਾਹਮਣੇ ਆ ਸਕਦੀਆਂ ਹਨ ਤੇ ਇਹ ਦਸਤਾਵੇਜ਼ ਪ੍ਰਮੁੱਖਤਾ ਨਾਲ ਭਾਰਤੀ ਇਤਿਹਾਸ ਦੀਆਂ ਪੁਸਤਕਾਂ ਦਾ ਹਿੱਸਾ ਬਣ ਸਕਦੇ ਹਨ।

ਸ਼ਹੀਦ ਭਗਤ ਸਿੰਘ ਦੇ ਭਣੇਵੇਂ ਪ੍ਰੋ. ਜਗਮੋਹਨ ਸਿੰਘ ਸਮੇਤ ਇਤਿਹਾਸ ਦੇ ਜਾਣਕਾਰਾਂ ਵੱਲੋਂ ਭਾਰਤੀ ਵਿਦੇਸ਼ ਮੰਤਰਾਲਾ ਦੀ ਮਾਰਫਤ ਇਹ ਦਸਤਾਵੇਜ਼ ਭਾਰਤ ਮੰਗਵਾਉਣ ਲਈ ਮੰਗ ਕੀਤੀ ਜਾ ਰਹੀ ਹੈ ਤਾਂ ਕਿ ਇਨ੍ਹਾਂ ਦੀ ਜਾਂਚ ਕਰ ਕੇ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀਆਂ ਨੂੰ ਪੁਸਤਕਾਂ ਰਾਹੀਂ ਜਨਤਕ ਕੀਤਾ ਜਾ ਸਕੇ।

ਜਾਣਕਾਰੀ ਅਨੁਸਾਰ ਉਕਤ ਵਿਭਾਗ ਕੋਲ ਸ਼ਹੀਦ ਭਗਤ ਸਿੰਘ ਵੱਲੋਂ ਲਾਹੌਰ ਸੈਂਟਰਲ ਜੇਲ੍ਹ ਵਿਚੋਂ ਰਾਜਸੀ ਕੈਦੀ ਐਲਾਨੇ ਜਾਣ ਉਪਰੰਤ ਏ-ਕਲਾਸ ਦੀ ਸਹੂਲਤ ਲੈਣ ਲਈ ਲਿਖੇ ਪੱਤਰ ਵੀ ਮੌਜੂਦ ਹਨ। ਇਨ੍ਹਾਂ ਪੱਤਰਾਂ ਦੇ ਅੰਤ 'ਚ ਭਗਤ ਸਿੰਘ ਨੇ ਤੁਹਾਡਾ ਸ਼ੁਭਚਿੰਤਕ ਜਾਂ ਤੁਹਾਡਾ ਵਿਸ਼ਵਾਸਪਾਤਰ ਵਰਗੇ ਸ਼ਬਦ ਇਸਤੇਮਾਲ ਕਰਨ ਦੇ ਸਥਾਨ 'ਤੇ ਸਿਰਫ 'ਤੁਹਾਡਾ ਆਦਿ ਆਦਿ' ਹੀ ਲਿਖਿਆ ਹੈ ਜਿਨ੍ਹਾਂ ਤੋਂ ਸਾਫ ਹੋ ਜਾਂਦਾ ਹੈ ਕਿ ਸ਼ਹੀਦ ਭਗਤ ਸਿੰਘ ਨੇ ਜੇਲ੍ਹ ਦੀ ਸਜ਼ਾ ਦੇ ਦੌਰਾਨ ਵੀ ਅੰਗਰੇਜ਼ ਹਾਕਮਾਂ ਨੂੰ ਕੋਈ ਸਨਮਾਨ ਨਹੀਂ ਦਿੱਤਾ। ਇਸ ਤੋਂ ਇਲਾਵਾ ਵਿਭਾਗ ਦੇ ਕੋਲ ਕ੍ਰਾਂਤੀਕਾਰੀਆਂ ਦੇ ਹੱਥੋਂ ਮਾਰੇ ਗਏ ਪੁਲਿਸ ਅਧਿਕਾਰੀ ਜਾਹਨ ਪੀ. ਸਾਂਡਰਸ ਅਤੇ ਸਿਪਾਹੀ ਚਰਨ ਸਿੰਘ ਦੀਆਂ ਪੋਸਟਮਾਰਟਮ ਰਿਪੋਰਟਾਂ ਸਮੇਤ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਨੂੰ ਦੋਸ਼ੀ ਠਹਿਰਾਉਣ ਬਾਰੇ ਅਦਾਲਤ ਦਾ ਹੁਕਮ, ਕਾਲੇ ਵਾਰੰਟ ਤੇ ਉਨ੍ਹਾਂ ਨੂੰ ਫਾਂਸੀ 'ਤੇ ਲਟਕਾਉਣ ਦੀ ਪੁਸ਼ਟੀ ਬਾਰੇ ਜੇਲ੍ਹ ਦੇ ਦਰੋਗਾ ਦੀ ਰਿਪੋਰਟ ਵੀ ਸੁਰੱਖਿਅਤ ਹੈ।

ਪ੍ਰੋ. ਜਗਮੋਹਨ ਸਿੰਘ ਅਨੁਸਾਰ ਪਾਕਿ ਦੇ ਪੰਜਾਬ ਪੁਰਾਤਤਵ ਵਿਭਾਗ ਦੇ ਰਿਕਾਰਡ 'ਚ ਭਗਤ ਸਿੰਘ ਦੁਆਰਾ ਜੇਲ੍ਹ ਦੀ ਸਜ਼ਾ ਦੌਰਾਨ ਮੰਗਵਾਈਆਂ ਗਈਆਂ ਕਿਤਾਬਾਂ, ਨਾਵਲ, ਕ੍ਰਾਂਤੀਕਾਰੀ ਸਾਹਿਤ ਸਮੇਤ ਪੰਜਾਬ ਟਰੈਜਿਡੀ (ਤ੍ਰਾਸਦੀ), ਜ਼ਖ਼ਮੀ ਪੰਜਾਬ, ਗੰਗਾ ਦਾਸ ਡਾਕੂ, ਸੁਲਤਾਨਾ ਡਾਕੂ ਆਦਿ ਪੁਸਤਕਾਂ ਤੇ ਲਾਹੌਰ ਦੀ ਰਾਵੀ ਰੋਡ 'ਤੇ ਸਥਿਤ ਫੈਕਟਰੀ, ਗਵਾਲ ਮੰਡੀ ਆਬਾਦੀ ਤੇ ਮੁਜੰਗ ਚੁੰਗੀ ਦੇ ਕਿਰਾਏ ਦੇ ਘਰ ਤੇ ਮਿਕਲਿਓਡ ਰੋਡ ਸਥਿਤ ਕਸ਼ਮੀਰ ਬਿਲਡਿੰਗ ਸਮੇਤ ਉਨ੍ਹਾਂ ਹੋਟਲਾਂ ਦਾ ਰਿਕਾਰਡ ਵੀ ਮੌਜੂਦ ਹੈ ਜਿਥੇ ਭਗਤ ਸਿੰਘ ਅਤੇ ਉਨ੍ਹਾਂ ਦੇ ਦੂਸਰੇ ਸਾਥੀ ਰੂਪੋਸ਼ ਰਹਿਣ ਸਮੇਂ ਰਹੇ।

ਲਾਹੌਰ ਤੋਂ ਸੰਨ 1930 'ਚ ਪ੍ਰਕਾਸ਼ਿਤ ਹੋਈਆਂ ਉਰਦੂ ਅਖ਼ਬਾਰਾਂ ਦੀਆਂ ਉਹ ਖ਼ਬਰਾਂ ਵੀ ਉਕਤ ਵਿਭਾਗ ਪਾਸ ਮੌਜੂਦ ਹਨ ਜਿਨ੍ਹਾਂ 'ਚ ਭਗਤ ਸਿੰਘ ਦੀ ਫਾਂਸੀ ਜਾਂ ਟਰਾਇਲ ਬਾਰੇ ਜਾਣਕਾਰੀ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤੀ ਗਈ ਸੀ।



### ਪਾਕਿਸਤਾਨ 'ਚ ਭਗਤ ਸਿੰਘ ਨੂੰ ਵੱਡਾ ਮਾਣ

ਲਾਹੌਰ: ਪਾਕਿਸਤਾਨ ਦੀ ਇਕ ਅਦਾਲਤ ਨੇ ਲਾਹੌਰ ਦੀ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਸ਼ਾਦਮਾਨ ਚੌਕ ਦਾ ਨਾਂ ਬਦਲ ਕੇ ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਬਾਰੇ ਫੈਸਲਾ ਕਰੇ। ਯਾਦ ਰਹੇ ਕਿ ਅੰਗਰੇਜ਼ ਹਕੂਮਤ ਦੇ ਕਾਰਜਕਾਲ ਦੌਰਾਨ 87 ਸਾਲ ਪਹਿਲਾਂ ਆਜ਼ਾਦੀ ਘੁਲਾਟੀਏ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਇਥੇ ਫਾਂਸੀ ਦਿੱਤੀ ਗਈ ਸੀ ਤੇ ਸ਼ਾਦਮਾਨ ਚੌਕ ਉਸੇ ਥਾਂ 'ਤੇ ਬਣਿਆ ਹੋਇਆ ਹੈ।

## ਭਾਰਤ ਤੇ ਅਮਰੀਕਾ ਵਿਚਾਲੇ ਅਹਿਮ ਰੱਖਿਆ ਸਮਝੌਤਾ

**ਨਵੀਂ ਦਿੱਲੀ:** ਭਾਰਤ ਤੇ ਅਮਰੀਕਾ ਵਿਚ ਇਥੇ 2+2 ਵਾਰਤਾ ਦੌਰਾਨ ਰੱਖਿਆ ਤਕਨੀਕਾਂ ਸਬੰਧੀ ਲੰਬੇ ਸਮੇਂ ਤੋਂ ਵਿਚਾਰ ਅਧੀਨ ਸਮਝੌਤੇ ਉਤੇ ਦੋਵਾਂ ਮੁਲਕਾਂ ਦੇ ਆਗੂਆਂ ਨੇ ਸਹੀ ਪਾ ਦਿੱਤੀ ਹੈ। ਇਸ ਤਹਿਤ ਅਮਰੀਕਾ ਭਾਰਤ ਨੂੰ ਰੱਖਿਆ ਤਕਨੀਕ ਮੁਹੱਈਆ ਕਰਵਾਏਗਾ। ਦੋਵਾਂ ਦੇਸ਼ਾਂ ਦੇ ਆਗੂਆਂ ਵਿਚ ਹੋਈ ਗੱਲਬਾਤ ਦੌਰਾਨ ਹੋਰ ਮੁਦਲੇ ਮੁੱਦਿਆਂ ਦੇ ਨਾਲ ਸਰਹੱਦ ਪਾਰਲੇ ਅਤਿਵਾਦ, ਐਨ.ਐਸ.ਜੀ. ਵਿਚ ਭਾਰਤ ਦੀ ਮੈਂਬਰੀ ਅਤੇ ਐਚ1ਬੀ ਵੀਜ਼ਾ ਨੂੰ ਜਾਰੀ ਰੱਖਣ ਬਾਰੇ ਅਹਿਮ ਗੱਲਬਾਤ ਹੋਈ।

ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਅਤੇ ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਆਰ ਪੌਂਪੀਓ, ਰੱਖਿਆ ਮੰਤਰੀ ਜੇਮਜ਼ ਮੈਟਿਜ਼ ਵਿਚਕਾਰ ਹੋਈ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਵਿਚ ਹੌਟਲਾਈਨ ਸਥਾਪਤ ਕਰਨ ਦਾ ਵੀ ਫੈਸਲਾ ਹੋਇਆ। ਸਾਂਝੀ ਮੀਡੀਆ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਸਵਰਾਜ ਨੇ ਵੱਖ-ਵੱਖ ਮੁੱਦਿਆਂ ਬਾਰੇ ਹੋਏ ਵਿਚਾਰ ਵਟਾਂਦਰੇ ਬਾਰੇ ਵੇਰਵੇ ਸਹਿਤ ਜਾਣਕਾਰੀ ਦਿੰਦਿਆਂ ਇਸ ਸ਼ੁਰੂਆਤੀ ਸੰਵਾਦ ਉਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਸ੍ਰੀ ਪੌਂਪੀਓ ਨੇ ਗੱਲਬਾਤ ਨੂੰ ਪ੍ਰਭਾਵਸ਼ਾਲੀ ਕਰਾਰ ਦਿੰਦਿਆਂ ਕਿਹਾ ਕਿ 'ਕਮਿਊਨੀਕੇਸ਼ਨ, ਕੰਪੈਟੇਬਾਲਿਟੀ, ਸਕਿਓਰਿਟੀ ਐਗਰੀਮੈਂਟ (ਸੀ.ਓ.ਐਮ.ਸੀ.ਏ.ਐਸ.ਏ.) ਦੋਵਾਂ ਦੇ ਦੇਸ਼ਾਂ ਦੇ ਸਬੰਧਾਂ ਵਿਚ ਮੀਲ ਪੱਥਰ ਸਾਬਤ ਹੋਵੇਗਾ। ਸੀਤਾਰਮਨ ਨੇ ਕਿਹਾ ਕਿ ਰੱਖਿਆ ਸਮਝੌਤੇ ਨਾਲ ਭਾਰਤ ਦੀ ਰੱਖਿਆ ਸਮਰੱਥਾ ਅਤੇ ਮੁਸਤੈਦੀ ਵਧੇਗੀ। ਕੋਮਕਾਸਾ ਸਮਝੌਤੇ ਰਾਹੀਂ ਭਾਰਤ ਨੂੰ ਅਮਰੀਕਾ ਤੋਂ ਅਹਿਮ ਰੱਖਿਆ ਟੈਕਨਾਲੋਜੀ ਮਿਲੇਗੀ ਅਤੇ ਅਹਿਮ ਸੰਚਾਰ ਨੈੱਟਵਰਕ ਹਾਸਲ ਹੋਵੇਗਾ, ਜਿਸ ਦੇ ਰਾਹੀਂ ਭਵਿੱਖ ਵਿਚ ਭਾਰਤ ਤੇ ਅਮਰੀਕਾ ਦੀਆਂ ਸੈਨਾਵਾਂ ਵਿਚਕਾਰ ਕਾਰਵਾਈ ਨੂੰ ਅਸਰਦਾਰ ਢੰਗ ਦੇ ਨਾਲ ਅੰਜਾਮ ਦੇਣ ਦੀ ਸਮਰੱਥਾ ਵਧ ਜਾਵੇਗੀ।

ਸ੍ਰੀਮਤੀ ਸਵਰਾਜ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਸ ਵਾਰਤਾ ਤੋਂ ਇਹ ਵੀ ਪ੍ਰਭਾਵ ਪਿਆ ਹੈ ਕਿ ਦੋਵਾਂ ਦੇਸ਼ਾਂ ਦੇ ਆਗੂਆਂ ਦੀ ਇਹ ਦ੍ਰਿੜ੍ਹ ਇੱਛਾ ਹੈ ਕਿ ਦੋਵੇਂ ਦੇਸ਼ ਰੱਖਿਆ ਅਤੇ ਸੁਰੱਖਿਆ ਦੇ ਮੁੱਦਿਆਂ 'ਤੇ ਦੁਵੱਲੇ ਰਣਨੀਤਕ ਸਬੰਧ ਹੋਰ ਮਜ਼ਬੂਤ ਕਰਨ ਲਈ ਅੱਗੇ ਵਧਣ। ਉਨ੍ਹਾਂ ਕਿਹਾ ਕਿ ਅਮਰੀਕਾ ਵੱਲੋਂ ਭਾਰਤ ਨੂੰ ਰਣਨੀਤਕ ਵਪਾਰ ਲਈ ਅਧਿਕਾਰਤ ਯੋਗ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਕਰਕੇ (ਟਾਇਰ-1) ਲਾਇਸੈਂਸ ਤੋਂ ਛੋਟ ਦੇਣ ਤੋਂ ਭਾਰਤ ਦਾ ਆਪਣੇ ਵਪਾਰ ਨਾਲ ਸਬੰਧਤ ਮਜ਼ਬੂਤ ਬਰਾਮਦ ਨੀਤੀਆਂ ਉਤੇ ਕੰਟਰੋਲ ਦਾ ਪਤਾ ਚੱਲਦਾ ਹੈ।

# ਬਾਦਲ-ਕੈਪਟਨ ਸਮਝੌਤਾ: ਵਿਰੋਧ ਤੋਂ ਮਿੱਤਰਤਾ ਤੱਕ ਦਾ ਸਫਰ

ਪੰਜਾਬ ਵਿਚ ਖਾੜਕੂਵਾਦ ਦੀ ਹਨੇਰੀ ਮੱਠੀ ਪੈਣ ਤੋਂ ਬਾਅਦ 1992 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਦਾ ਬਾਦਲ ਅਕਾਲੀ ਦਲ ਨੇ ਖਾੜਕੂ ਧਿਰਾਂ ਤੋਂ ਡਰਦਿਆਂ ਬਾਈਕਾਟ ਕਰ ਦਿਤਾ ਸੀ। ਬਾਕੀ ਪਾਰਟੀਆਂ ਨੇ ਚੋਣਾਂ ਵਿਚ ਹਿੱਸਾ ਲਿਆ। ਕਾਂਗਰਸ ਪਾਰਟੀ ਬੇਅੰਤ ਸਿੰਘ ਦੀ ਅਗਵਾਈ ਵਿਚ ਸਿਰਫ 9% ਵੋਟਾਂ ਲੈ ਕੇ ਜਿੱਤ ਗਈ ਤੇ ਸਰਕਾਰ ਬਣਾ ਲਈ। ਉਸ ਤੋਂ ਅਗਲੀਆਂ 1997 ਦੀਆਂ ਚੋਣਾਂ ਵਿਚ ਅਕਾਲੀ ਦਲ ਨੇ ਚੋਣਾਂ ਵਿਚ ਹਿੱਸਾ ਲਿਆ ਅਤੇ ਕਾਂਗਰਸ

**ਗੁਰਮੇਲ ਬਰਗਾੜੀ, ਬਰੈਂਪਟਨ**
ਫੋਨ: 416-845-7534

ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਪੰਜਾਬ ਕਾਂਗਰਸ ਉਸ ਸਮੇਂ ਬੇਅੰਤ ਸਿੰਘ ਦੀ ਮੌਤ ਤੋਂ ਬਾਅਦ ਪਾਟੋ-ਧਾੜ ਦਾ ਸ਼ਿਕਾਰ ਹੋ ਚੁਕੀ ਸੀ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਸਾਰੀਆਂ ਧਿਰਾਂ ਨੂੰ ਦਿੱਲੀ ਸੱਦ ਕੇ ਕੈਪਟਨ ਅਮਰਿੰਦਰ ਸਿੰਘ ਦੇ ਨਾਂ 'ਤੇ ਸਰਬਸੰਮਤੀ ਕਰਵਾ ਦਿਤੀ। ਕੈਪਟਨ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਦਿਤਾ ਗਿਆ। ਕਾਂਗਰਸ ਨੇ 2002 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਕੈਪਟਨ ਦੀ ਅਗਵਾਈ ਹੇਠ ਲੜੀਆਂ। ਇਨ੍ਹਾਂ ਚੋਣਾਂ ਵਿਚ ਕੈਪਟਨ ਨੇ ਅਕਾਲੀ ਦਲ ਵਿਰੁਧ ਕਾਫੀ ਹਮਲਾਵਰ ਰੁਖ ਅਖਤਿਆਰ ਕਰ ਲਿਆ। ਪਾਰਟੀ ਸਟੇਜਾਂ 'ਤੇ ਹੱਥ ਵਿਚ ਖੂੰਡਾ ਲੈ ਕੇ ਸਿੱਧਾ ਬਾਦਲ ਨੂੰ ਵੰਗਾਰਦੇ ਰਹੇ। ਚੋਣਾਂ ਵਿਚ ਜਿੱਤ ਕਾਂਗਰਸ ਦੀ ਹੋਈ ਅਤੇ ਕੈਪਟਨ ਮੁੱਖ ਮੰਤਰੀ ਬਣ ਗਏ।

ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰ ਬਣਨ ਸਾਰ ਬਾਦਲ ਪਰਿਵਾਰ ਉਪਰ ਸਰਕਾਰੀ ਕੰਮਾਂ ਵਿਚ ਬੇਨਿਯਮੀਆਂ ਕਰਕੇ ਧਨ ਇਕਠਾ ਕਰਨ ਦੇ ਦੋਸ਼ਾਂ ਅਧੀਨ ਕੇਸ ਦਰਜ ਕਰਕੇ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਸੁਰਿੰਦਰ ਕੌਰ ਨੂੰ ਜੇਲ੍ਹਾਂ ਅੰਦਰ ਡੱਕ ਦਿਤਾ ਗਿਆ ਜਿਥੋਂ ਇਹ ਪਰਿਵਾਰ ਜ਼ਮਾਨਤਾਂ ਕਰਵਾ ਕੇ ਬਾਹਰ ਨਿਕਲਿਆ ਅਤੇ ਪੰਜ ਸਾਲ ਤਰੀਕਾਂ ਭੁਗਤਦਾ ਰਿਹਾ। ਕੈਪਟਨ ਦਾ ਵਤੀਰਾ ਬਾਦਲਾਂ ਪ੍ਰਤੀ ਪੰਜ ਸਾਲ ਸਖਤੀ ਵਾਲਾ ਹੀ ਰਿਹਾ। 2007 ਦੀਆਂ ਚੋਣਾਂ ਵਿਚ ਅਕਾਲੀ ਦਲ ਫਿਰ ਜਿੱਤ ਗਿਆ ਅਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣ ਗਏ। ਉਨ੍ਹਾਂ ਆਪਣੀ ਵਿੱਤੀ ਲਾਹੁਣ ਲਈ ਕੈਪਟਨ ਪਰਿਵਾਰ ਅਤੇ ਉਸ ਦੇ ਚਹੇਤੇ ਅਫਸਰਾਂ ਉਪਰ ਸੱਚੇ-ਝੂਠੇ ਕੇਸ ਦਰਜ ਕਰਵਾ ਕੇ ਜੇਲ੍ਹਾਂ ਦਾ ਮੂੰਹ ਦਿਖਾ ਦਿਤਾ। ਆਪਣੇ ਉਪਰ ਬਣੇ ਕੇਸਾਂ ਵਿਚ ਉਨ੍ਹਾਂ ਹੀ ਅਫਸਰਾਂ ਤੋਂ ਰਿਪੋਰਟਾਂ ਦਾਖਲ ਕਰਵਾ ਕੇ ਖਹਿੜਾ ਛੁਡਵਾ ਲਿਆ।

ਹੁਣ ਕੈਪਟਨ ਪਰਿਵਾਰ ਤਰੀਕਾਂ ਭੁਗਤਣ ਲਗ ਪਿਆ, ਪਰ ਉਨ੍ਹਾਂ ਨੂੰ ਉਮੀਦ ਸੀ ਕਿ ਪੰਜ ਸਾਲ ਬਾਅਦ ਫਿਰ ਆਪਣੀ ਸਰਕਾਰ ਬਣ ਜਾਵੇਗੀ ਤੇ ਆਪਣੇ ਕੇਸ ਬੰਦ ਕਰਵਾ ਲਵਾਂਗੇ। ਅਗਲੀਆਂ 2012 ਦੀਆਂ ਚੋਣਾਂ ਤੋਂ ਇਕ ਸਾਲ ਪਹਿਲਾਂ ਬਾਦਲ ਨੇ ਆਪਣੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਜੋ ਬਾਦਲ ਸਰਕਾਰ ਵਿਚ ਖਜ਼ਾਨਾ ਮੰਤਰੀ ਸੀ, ਨਾਲ ਗਿਟ-ਮਿਟ ਕਰਕੇ ਨਾਲ ਵੱਖਰੀ ਪਾਰਟੀ ਬਣਾਉਣ ਦੀ ਸਕੀਮ ਘੜ ਲਈ ਤਾਂ ਕਿ ਸਰਕਾਰ ਵਿਰੋਧੀ ਵੋਟਾਂ ਵੰਡੀਆਂ ਜਾਣ ਤੇ ਜਿੱਤ ਪ੍ਰਾਪਤ ਕੀਤੀ ਜਾ ਸਕੇ। ਮਨਪ੍ਰੀਤ ਆਪਣੀ ਹੀ ਸਰਕਾਰ ਵਿਚ ਖਜ਼ਾਨਾ ਮੰਤਰੀ ਹੁੰਦਿਆਂ, ਸਰਕਾਰ ਦੀਆਂ ਨੀਤੀਆਂ 'ਤੇ ਟੀਕਾ ਟਿਪਣੀ ਕਰਨ ਲੱਗਾ। ਬਾਦਲ ਨੇ ਉਸ ਨਾਲ ਕਈ ਮੀਟਿੰਗਾਂ ਕੀਤੀਆਂ, ਪਰ ਕੋਈ ਗੱਲ ਸਿਰੇ ਨਾ ਲੱਗੀ, ਆਖਰਕਾਰ ਉਸ ਨੂੰ ਪਾਰਟੀ ਵਿਚੋਂ ਕੱਢ ਦਿੱਤਾ। ਉਹ ਆਪਣੇ ਤਾਏ ਦੀ ਸਰਕਾਰ 'ਤੇ ਫਜ਼ੂਲ ਖਰਚੀ ਦੇ ਇਲਜ਼ਾਮ ਲਾਉਣ ਲੱਗਾ। ਉਸ ਨੇ ਤਿੰਨ ਚਾਰ ਮਹੀਨੇ ਪੰਜਾਬ ਦੇ ਕਈ ਵੱਡੇ-ਛੋਟੇ ਸ਼ਹਿਰਾਂ ਵਿਚ ਰੈਲੀਆਂ ਕੀਤੀਆਂ। ਲੋਕਾਂ ਉਸ ਦੀਆਂ ਰੈਲੀਆਂ ਵਿਚ ਆਉਣਾ ਸ਼ੁਰੂ ਕਰ ਦਿਤਾ। ਉਸ ਨੇ ਲੋਕਾਂ ਤੋਂ ਸਿਰਫ ਸਹਿਯੋਗ ਮੰਗਿਆ, ਕਿਸੇ ਵੀ ਰੈਲੀ ਵਿਚ ਫੰਡ ਦੀ ਅਪੀਲ ਨਹੀਂ ਕੀਤੀ। ਉਸ ਦੇ ਮੁੱਖ ਸਹਿਯੋਗੀਆਂ ਵਿਚ ਸਨ, ਉਸ ਦੇ ਮਾਮੇ ਦਾ ਲੜਕਾ ਜਸਬੀਰ ਬਰਾੜ ਜੋ ਜਲੰਧਰ ਛਾਉਣੀ ਤੋਂ ਐਮ. ਐਲ. ਏ. ਸੀ, ਕਿੱਕੀ ਢਿੱਲੋਂ ਐਮ. ਐਲ. ਏ. ਫਰੀਦਕੋਟ ਅਤੇ ਭਗਵੰਤ ਮਾਨ। ਮਨਪ੍ਰੀਤ ਨੇ ਚੋਣਾਂ ਤੋਂ ਛੇ-ਸੱਤ ਮਹੀਨੇ ਪਹਿਲਾਂ ਆਪਣੀ ਪਾਰਟੀ ਦਾ ਐਲਾਨ ਕਰ ਦਿਤਾ ਤੇ ਨਾਮ ਰਖਿਆ- ਪੰਜਾਬ ਪੀਪਲਜ਼ ਪਾਰਟੀ (ਪੀ. ਪੀ. ਪੀ.)। ਪਾਰਟੀ ਨੇ ਤਿੰਨ ਵੱਡੀਆਂ ਰੈਲੀਆਂ ਮੁਕਤਸਰ (ਮਾਘੀ ਮੇਲਾ), ਖਟਕੜ ਕਲਾਂ ਤੇ ਹੁਸੈਨੀਵਾਲਾ ਵਿਖੇ ਕੀਤੀਆਂ ਜਿਨ੍ਹਾਂ ਨੂੰ ਸਾਬੋਤਾਜ ਕਰਨ ਦਾ ਸਰਕਾਰ ਨੇ ਡਰਾਮਾ ਕੀਤਾ। ਕੈਨੇਡਾ ਅਤੇ ਅਮਰੀਕਾ ਵਿਚ ਵੀ ਗੇੜਾ ਮਾਰਿਆ ਗਿਆ। ਕਿਤੇ ਵੀ ਫੰਡ ਦੀ ਅਪੀਲ ਨਹੀਂ ਕੀਤੀ, ਕਿਉਂਕਿ ਸਾਰਾ ਖਰਚ ਤਾਂ ਵੱਡੇ ਬਾਦਲ ਕਰ ਰਹੇ ਸਨ।

ਕਾਂਗਰਸ ਖੁਸ਼ ਸੀ ਕਿ ਤਾਏ ਭਤੀਜੇ ਦੀ ਟੱਕਰ ਵਿਚ ਆਪਣੀ ਸਰਕਾਰ ਤਾਂ ਬਣ ਹੀ ਜਾਣੀ ਹੈ। ਇਸ ਦੀ ਚੋਣ ਮੁਹਿੰਮ ਵੀ ਢਿੱਲੀ ਰਹੀ। ਚੋਣਾਂ ਦੀ ਤਰੀਕ ਤੋਂ ਦੋ ਕੁ ਮਹੀਨੇ ਪਹਿਲਾਂ ਮਨਪ੍ਰੀਤ ਨੇ ਆਪਣੀ ਮੁਹਿੰਮ ਦਾ ਰੁਖ ਕੇਵਲ ਕਾਂਗਰਸ ਵੱਲ ਸੇਧਤ ਕਰ ਦਿਤਾ ਅਤੇ ਬਾਦਲ ਸਰਕਾਰ ਵਿਰੁਧ ਬੋਲਣਾ ਬੰਦ ਹੀ ਕਰ ਦਿੱਤਾ; ਅਗਰ ਥੱਲੇ ਵਾਲਾ ਕੋਈ ਲੀਡਰ ਬੋਲਦਾ ਤਾਂ ਉਸ ਨੂੰ ਇਹ ਕਹਿ ਕੇ ਚੁੱਪ ਕਰਾ ਦਿੰਦਾ ਕਿ ਆਪਾਂ ਨੂੰ ਹੁਣ ਖਤਰਾ ਕਾਂਗਰਸ ਤੋਂ ਹੈ, ਅਕਾਲੀ ਦਲ ਤਾਂ ਬਹੁਤ ਪਿਛੇ ਰਹਿ ਗਿਆ ਹੈ। ਇਸ ਤੋਂ ਘਬਰਾ ਕੇ ਕਿੱਕੀ ਢਿੱਲੋਂ ਅਤੇ ਜਸਬੀਰ ਬਰਾੜ ਨੇ ਮਨਪ੍ਰੀਤ ਨੂੰ ਛੱਡ ਕੇ ਕਾਂਗਰਸ ਦਾ ਪੱਲਾ ਫੜ੍ਹ ਲਿਆ। ਇਸ ਨਾਲ ਬਾਕੀ ਵਰਕਰਾਂ ਵਿਚ ਵੀ ਹੌਸਲੇ ਦੀ ਘਾਟ ਪੈਦਾ ਹੋ ਗਈ। ਚੋਣਾਂ ਹੋਈਆਂ ਤਾਂ ਨਤੀਜੇ ਬਾਦਲ ਦੀ ਸਕੀਮ ਮੁਤਾਬਕ ਠੀਕ ਆਏ। ਮਨਪ੍ਰੀਤ ਦੀ ਪਾਰਟੀ ਵਲੋਂ ਚੋਣਾਂ ਲੜਨ ਕਰਕੇ ਕਾਂਗਰਸ 24 ਸੀਟਾਂ ਹਾਰ ਗਈ। ਜੋ ਸਰਕਾਰ ਵਿਰੋਧੀ ਨੌਂ ਲੱਖ ਵੋਟਾਂ ਮਨਪ੍ਰੀਤ ਦੀ ਪਾਰਟੀ ਨੂੰ ਪਈਆਂ, ਉਹ ਕਾਂਗਰਸ ਨੂੰ ਪੈਣੀਆਂ ਸਨ, ਤੇ ਅਕਾਲੀਆਂ ਦੀ ਹਾਰ ਪੱਕੀ ਸੀ।

2012 ਦੀਆਂ ਚੋਣਾਂ ਵਿਚ ਦੁਬਾਰਾ ਹਾਰ ਤੋਂ ਕੈਪਟਨ ਅਮਰਿੰਦਰ ਸਿੰਘ ਕੁਝ ਜ਼ਿਆਦਾ ਹੀ



ਫਿਕਰਮੰਦ ਹੋ ਗਏ। ਉਨ੍ਹਾਂ ਸੋਚਿਆ ਕਿ ਬਾਦਲ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਾਦਲ ਦੇ ਸੁਭਾਅ ਦਾ ਉਨ੍ਹਾਂ ਨੂੰ ਪਤਾ ਹੀ ਸੀ। ਸਾਂਝੇ ਬੰਦੇ ਪਾ ਕੇ ਗੱਲ ਤੋਰੀ, ਤੇ ਬਾਦਲ ਮੰਨ ਗਏ। ਉਨ੍ਹਾਂ ਆਖਿਆ, ਪਹਿਲ ਤਾਂ ਕੈਪਟਨ ਨੇ ਹੀ ਕੀਤੀ ਸੀ, ਮੈਂ ਤਾਂ ਸਮਝੌਤੇ ਲਈ ਹੁਣ ਵੀ ਤਿਆਰ ਹਾਂ। ਸਾਂਝੇ ਬੰਦਿਆਂ 'ਚ ਪੈ ਕੇ ਦੋਹਾਂ ਧਿਰਾਂ ਦਾ ਸਮਝੌਤਾ ਕਰਵਾ ਦਿਤਾ ਕਿ ਅੱਗੇ ਤੋਂ ਮੁਸ਼ਕਿਲ ਪੈਣ 'ਤੇ ਇਕ ਦੂਜੇ ਦੀ ਮਦਦ ਕਰਨੀ ਹੈ।

ਜਦ 2014 ਦੀਆਂ ਪਾਰਲੀਮੈਂਟ ਚੋਣਾਂ ਆਈਆਂ ਤਾਂ ਬਾਦਲ ਅੰਮ੍ਰਿਤਸਰ ਸੀਟ ਤੋਂ ਹਰਸਿਮਰਤ ਕੌਰ ਬਾਦਲ ਨੂੰ ਲੜਾਉਣਾ ਚਾਹੁੰਦੇ ਸਨ। ਇਸ ਦੇ ਬਦਲੇ ਭਾਜਪਾ ਨੂੰ ਪਟਿਆਲਾ ਸੀਟ ਛੱਡਣੀ ਚਾਹੁੰਦੇ ਸਨ ਕਿਉਂਕਿ ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਦਾ ਜੱਦੀ ਪਿੰਡ ਪਟਿਆਲਾ ਹਲਕੇ ਵਿਚ ਪੈਂਦਾ ਹੈ ਪਰ ਸਿੱਧੂ ਪਹਿਲਾਂ ਦੋ ਵਾਰ ਇਹ ਸੀਟ ਜਿੱਤ ਚੁਕੇ ਸਨ। ਉਸ ਨੂੰ ਪਤਾ ਲੱਗ ਗਿਆ ਕਿ ਬਾਦਲ ਕਿਆਂ ਨੇ ਉਸ ਨੂੰ ਜਿੱਤਣ ਨਹੀਂ ਦੇਣਾ, ਉਸ ਨੇ ਦਿੱਲੀ ਜਾ ਕੇ ਭਾਜਪਾ ਆਗੂ ਜੇਤਲੀ ਨੂੰ ਇਹ ਸੀਟ ਨਾ ਛੱਡਣ 'ਤੇ ਖੁਦ ਲੜਨ ਲਈ ਰਾਜ਼ੀ ਕਰ ਲਿਆ। ਭਾਜਪਾ ਨੇ ਅੰਮ੍ਰਿਤਸਰ ਤੋਂ ਜੇਤਲੀ ਦਾ ਐਲਾਨ ਕਰ ਦਿਤਾ। ਬਾਦਲ ਦੀ ਸਕੀਮ ਸਿਰੇ ਨਾ ਚੜ੍ਹ ਸਕੀ, ਉਹ ਅੰਮ੍ਰਿਤਸਰ ਤੋਂ ਹਰਸਿਮਰਤ ਨੂੰ ਅਤੇ ਬਠਿੰਡੇ ਤੋਂ ਮਨਪ੍ਰੀਤ ਨੂੰ ਲੜਾਉਣਾ ਚਾਹੁੰਦੇ ਸਨ, ਕਿਉਂਕਿ 2012 ਦੀਆਂ ਚੋਣਾਂ ਵਿਚ ਮਨਪ੍ਰੀਤ ਨਾਲ ਬਠਿੰਡਾ ਪਾਰਲੀਮੈਂਟ ਸੀਟ ਤੋਂ ਜਿਤਾ ਕੇ ਦਿੱਲੀ ਭੇਜਣ ਦਾ ਵਾਅਦਾ ਕੀਤਾ ਸੀ। ਹੁਣ ਬਾਦਲ ਦੀ ਸਾਰੀ ਸਕੀਮ ਫੇਲ੍ਹ ਹੋ ਗਈ। ਭਾਜਪਾ ਨੇ ਅੰਮ੍ਰਿਤਸਰ ਸੀਟ ਅਤੇ ਹਰਸਿਮਰਤ ਨੇ ਬਠਿੰਡਾ ਸੀਟ ਛੱਡਣ ਤੋਂ ਇਨਕਾਰ ਕਰ ਦਿਤਾ। ਮਨਪ੍ਰੀਤ ਬਾਦਲ ਨੇ ਆਪਣੇ ਤਾਏ ਵਲੋਂ ਕੀਤਾ ਵਾਅਦਾ ਪੂਰਾ ਨਾ ਕਰਨ ਕਰਕੇ ਕੈਪਟਨ ਦੀ ਸ਼ਰਨ ਲੈ ਲਈ ਅਤੇ ਕਾਂਗਰਸ ਵਿਚ ਚਲਾ ਗਿਆ ਤੇ ਬਠਿੰਡਾ ਸੀਟ ਤੋਂ ਹਰਸਿਮਰਤ ਦੇ ਖਿਲਾਫ ਚੋਣ ਲੜੀ ਪਰ ਜਿੱਤ ਨਾ ਮਿਲੀ। ਕਾਂਗਰਸ ਨੇ ਪੰਜਾਬ ਬਾਰੇ ਸੀਟਾਂ ਦਾ ਫੈਸਲਾ ਸਭ ਤੋਂ ਪਛੜ ਕੇ ਕੀਤਾ। ਅੰਮ੍ਰਿਤਸਰ ਸੀਟ ਕੈਪਟਨ ਦੇ ਹਿੱਸੇ ਆ ਗਈ, ਜਦਕਿ ਕੈਪਟਨ ਪਾਰਲੀਮੈਂਟ ਸੀਟ 'ਤੇ ਚੋਣ ਲੜਨਾ ਨਹੀਂ ਸੀ ਚਾਹੁੰਦੇ ਪਰ ਹਾਈ ਕਮਾਂਡ ਦਾ ਹੁਕਮ ਮੰਨਣਾ ਪੈਣਾ ਸੀ। ਹੁਣ ਉਸ ਨੇ ਬਾਦਲ ਨੂੰ ਮਦਦ ਲਈ ਆਖਿਆ। ਬਾਦਲ ਵੀ ਢਿੱਡੋਂ ਭਾਜਪਾ ਨੂੰ ਜਿੱਤਣ ਨਹੀਂ ਸੀ ਦੇਣਾ ਚਾਹੁੰਦੇ, ਉਨ੍ਹਾਂ ਕੈਪਟਨ ਨੂੰ ਮੱਦਦ ਲਈ 'ਹਾਂ' ਕਰ ਦਿੱਤੀ। ਬਾਦਲ ਅਤੇ ਚੋਟੀ ਦੇ ਅਕਾਲੀ ਲੀਡਰ ਸਟੇਜਾਂ 'ਤੇ ਜੇਤਲੀ ਲਈ ਵੋਟਾਂ ਮੰਗਦੇ ਰਹੇ, ਹੇਠਲੇ ਦਰਜੇ ਦੇ ਆਗੂ ਅੰਦਰਖਾਤੇ ਕੈਪਟਨ ਦੀ ਮਦਦ ਕਰਦੇ ਰਹੇ। ਇਸ ਸੀਟ ਤੋਂ ਜੇਤਲੀ ਹਾਰ ਗਏ ਅਤੇ ਕੈਪਟਨ ਜਿੱਤ ਗਏ। ਸਿੱਟੇ ਵਜੋਂ ਕੈਪਟਨ ਦੀ ਕਾਂਗਰਸ ਵਿਚ ਚੜ੍ਹਤ ਬਣ ਗਈ। ਸਿੱਧੂ ਨੇ ਜੇਤਲੀ ਨੂੰ ਇਹ ਗੱਲ ਜਚਾ ਦਿਤੀ ਕਿ ਕੈਪਟਨ, ਅਕਾਲੀ ਦਲ ਦੀ ਮਦਦ ਬਿਨਾ ਜਿੱਤ ਹੀ ਨਹੀਂ ਸੀ ਸਕਦਾ।

ਕੇਂਦਰ ਵਿਚ ਕਾਂਗਰਸ ਬੁਰੀ ਤਰ੍ਹਾਂ ਹਾਰ ਗਈ ਅਤੇ ਭਾਜਪਾ ਦੀ ਅਗਵਾਈ ਹੇਠ ਸਰਕਾਰ ਬਣ ਗਈ। ਜੇਤਲੀ ਖਜ਼ਾਨਾ ਮੰਤਰੀ ਬਣ ਗਏ ਅਤੇ ਉਨ੍ਹਾਂ ਪੰਜਾਬ ਸਰਕਾਰ ਨੂੰ ਕੇਂਦਰੀ ਮਦਦ ਦੇਣ ਵਲੋਂ ਹੱਥ ਘੁੱਟ ਲਿਆ। ਦੋਵੇਂ ਬਾਦਲ ਪਿਉ-ਪੁਤਰ ਪ੍ਰਧਾਨ ਮੰਤਰੀ ਦੀਆਂ ਮਿੰਨਤਾਂ ਕਰਕੇ ਥੋੜ੍ਹਾ ਬਹੁਤਾ ਫੰਡ ਲਿਆਉਂਦੇ ਰਹੇ। 2014 ਤੋਂ 2017 ਤੱਕ ਤਿੰਨ ਸਾਲ ਬਾਦਲ ਸਰਕਾਰ ਨੇ ਪੈਸੇ ਵਲੋਂ ਕੰਮ ਕਾਜ ਸਰਕਾਰੀ ਜਾਇਦਾਦਾਂ ਗਹਿਣੇ ਕਰਕੇ ਪੂਰੇ ਕੀਤੇ। 2017 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਤਿੰਨ ਪਾਰਟੀਆਂ ਦੀ ਟੱਕਰ ਸੀ-ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ। ਲੋਕਾਂ ਵਿਚ ਚਰਚਾ ਸੀ ਕਿ ਆਮ ਆਦਮੀ ਪਾਰਟੀ ਜਿੱਤੇਗੀ। ਇਸ ਗੱਲ ਤੋਂ ਡਰਦਿਆਂ ਆਮ ਆਦਮੀ ਪਾਰਟੀ ਵਿਰੁਧ ਅਕਾਲੀ ਦਲ ਅਤੇ ਕਾਂਗਰਸ ਨੇ ਇਕ ਦੂਜੇ ਦੀ ਮਦਦ ਨਾਲ ਚੋਣਾਂ ਲੜੀਆਂ। ਪਟਿਆਲਾ ਸੀਟ ਤੋਂ ਕੈਪਟਨ ਅਮਰਿੰਦਰ ਸਿੰਘ ਖੁਦ ਖੜ੍ਹੇ ਸਨ, ਉਨ੍ਹਾਂ ਵਿਰੁਧ ਅਕਾਲੀ ਦਲ ਨੇ ਰਾਜਨੀਤੀ ਤੋਂ ਅਣਜਾਣ ਆਦਮੀ ਖੜ੍ਹਾ ਕੀਤਾ ਤਾਂ ਕਿ ਕੈਪਟਨ ਅਸਾਨੀ ਨਾਲ ਜਿੱਤ ਸਕੇ। ਇਵੇਂ ਹੀ ਹੋਇਆ। ਕਾਂਗਰਸ ਨੇ ਵੱਡੇ ਬਾਦਲ ਦੀ ਸੀਟ ਜਿਤਾਉਣ ਲਈ ਲੰਬੀ ਤੋਂ ਕੈਪਟਨ ਨੇ ਖਾਨਾਪੂਰਤੀ ਲਈ ਖੁਦ ਕਾਗਜ਼ ਭਰ ਦਿਤੇ ਤਾਂ ਕਿ ਬਾਦਲ ਅਸਾਨੀ ਨਾਲ ਜਿੱਤ ਸਕੇ। ਸੁਖਬੀਰ ਸਿੰਘ ਬਾਦਲ ਦੀ ਸੀਟ ਤੋਂ ਐਮ. ਪੀ. ਰਵਨੀਤ ਸਿੰਘ ਬਿਟੂ ਤੋਂ ਕਾਗਜ਼ ਭਰਵਾ ਦਿਤੇ। ਬਾਦਲਾਂ ਦੋਵੇਂ ਸੀਟਾਂ ਆਰਾਮ ਨਾਲ ਜਿੱਤ ਲਈਆਂ। ਅਸਲ ਵਿਚ, ਬਾਦਲ ਨੇ ਆਮ ਆਦਮੀ ਪਾਰਟੀ ਦੀ ਚੜ੍ਹਤ ਤੋਂ ਭੈਅਭੀਤ ਹੋ ਕੇ ਪੰਜਾਬ ਵਿਚ ਕਾਂਗਰਸ ਨਾਲ ਅੰਦਰਖਾਤੇ ਗਠਜੋੜ ਦੀ ਨੀਤੀ ਅਪਨਾਈ। ਇਸ ਕਰਕੇ ਕੈਪਟਨ ਸਰਕਾਰ ਨੇ ਸੁਖਬੀਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਕੀਤੇ ਗਲਤ ਕੰਮਾਂ ਨੂੰ ਢਕ ਲਿਆ।

ਕੈਪਟਨ ਚੋਣਾਂ ਤੋਂ ਪਹਿਲਾਂ ਰੈਲੀਆਂ ਵਿਚ ਬੜ੍ਹਕਾਂ ਮਾਰਦੇ ਸਨ ਕਿ ਜਿਹੜੇ ਅਫਸਰਾਂ ਨੇ ਸਾਡੇ ਕਾਂਗਰਸੀ ਵਰਕਰਾਂ 'ਤੇ ਝੂਠੇ ਪਰਚੇ ਦਰਜ ਕੀਤੇ ਹਨ, ਉਨ੍ਹਾਂ ਨੂੰ ਸਰਕਾਰ ਬਣਨ 'ਤੇ ਪੜਤਾਲ ਕਰਕੇ ਜੇਲ੍ਹਾਂ ਵਿਚ ਤੁੰਨ ਦਿਆਂਗੇ; ਪੜਤਾਲਾਂ ਹੋ ਗਈਆਂ, ਸੈਂਕੜੇ ਕਾਂਗਰਸੀ ਵਰਕਰਾਂ 'ਤੇ ਝੂਠੇ ਪਰਚੇ ਸਾਬਤ ਹੋ ਗਏ ਪਰ ਕਿਸੇ ਅਫਸਰ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਅਸਲ ਵਿਚ ਕਦੇ ਵੀ ਆਮ ਵਰਕਰਾਂ ਦੀ ਰਾਜਿਆਂ ਅਤੇ ਜਗੀਰਦਾਰਾਂ ਨੂੰ ਪ੍ਰਵਾਹ ਨਹੀਂ ਹੁੰਦੀ, ਉਨ੍ਹਾਂ ਨੂੰ ਤਾਂ ਇਹ ਲੋਕ ਚੋਣਾਂ ਜਿੱਤਣ ਦਾ ਸੰਦ ਸਮਝਦੇ।

---

# ਨਮੋ ਸ਼ੂਦਰਾ ਦਾ ਨੇਤਾ ਲੰਡਨ 'ਚ

ਜੰਬੂਦੀਪ (ਭਾਰਤ) ਦਾ ਇਤਿਹਾਸ ਬਹੁਤ ਸੁਨਹਿਰਾ ਹੈ। ਸਮਰਾਟ ਅਸ਼ੋਕ ਦੇ ਰਾਜ ਵਿਚ ਜੰਬੂਦੀਪ ਬੜਾ ਖੁਸ਼ਹਾਲ ਦੇਸ਼ ਸੀ। ਬੋਧੀਆਂ ਦੇ ਰਾਜ ਵਿਚ ਹੀ ਦੁਨੀਆਂ ਵਿਚ ਇਸ ਨੂੰ ਸੋਨੇ ਦੀ ਚਿੜੀਆ ਕਿਹਾ ਜਾਣ ਲੱਗਾ ਤੇ ਉਥੇ 18 ਯੂਨੀਵਰਸਿਟੀਆਂ ਸਨ। ਤਕਸ਼ਸਿਲਾ ਦੁਨੀਆਂ ਦੀ ਸਭ ਤੋਂ ਪੁਰਾਣੀ ਅਤੇ ਵੱਡੀ ਯੂਨੀਵਰਸਿਟੀ ਸੀ, ਜੋ ਅੱਜ-ਕੱਲ ਰਾਵਲਪਿੰਡੀ ਲਾਗੇ ਪਾਕਿਸਤਾਨ ਵਿਚ ਹੈ। ਨਾਲੰਦਾ ਦੁਨੀਆਂ ਦੀ ਪਹਿਲੀ ਯੂਨੀਵਰਸਿਟੀ ਸੀ, ਜਿੱਥੇ ਰਹਿ ਕੇ ਵਿਦਿਆਰਥੀ ਵਿੱਦਿਆ ਹਾਸਲ ਕਰ ਸਕਦੇ ਸਨ, ਜੋ ਅੱਜ ਦੇ ਬਿਹਾਰ ਵਿਚ ਸੀ ਅਤੇ ਉਸ ਦੇ ਖੰਡਰਾਤ ਅੱਜ ਵੀ ਹਨ।

ਆਖਰੀ ਬੋਧੀ ਸਮਰਾਟ ਹਰਸ਼ ਵਰਧਨ ਦੀ ਮੌਤ 647 ਈਸਵੀ ਵਿਚ ਹੋਈ। ਪੂਰੇ 65 ਸਾਲ

**ਹਰਬੰਸ ਵਿਰਦੀ, ਲੰਡਨ**

ਬਾਅਦ ਜਦੋਂ ਦਿੱਲੀ ਵਿਚ ਬ੍ਰਾਹਮਣ ਰਾਜਾ ਰਾਜ ਕਰਦਾ ਸੀ ਤਾਂ 18 ਸਾਲ ਦੇ ਮੁਸਲਮਾਨ ਮੁਹੰਮਦ-ਬਿਨ ਕਾਸਿਮ ਨੇ ਹਮਲਾ ਕਰਕੇ ਬਲੋਚਿਸਤਾਨ 'ਤੇ ਕਬਜਾ ਕਰ ਲਿਆ। ਫਿਰ 300 ਸਾਲ ਬਾਅਦ ਮਹਿਮੂਦ ਗਜ਼ਨਵੀ ਨੇ 30 ਸਾਲਾਂ ਵਿਚ 18 ਹਮਲੇ ਕਰਕੇ ਹਿੰਦੂਸਤਾਨ ਨੂੰ ਲੁੱਟਿਆ। 150 ਸਾਲ ਬਾਅਦ ਮੁਹੰਮਦ ਗੌਰੀ ਨੇ 30 ਸਾਲ ਇਨ੍ਹਾਂ ਕਸ਼ੱਤਰੀਆਂ ਅਤੇ ਰਾਜਪੂਤਾਂ ਦੀਆਂ ਧੱਜੀਆਂ ਉਡਾਈਆਂ। ਇਸ ਤੋਂ ਬਾਅਦ ਤਾਂ ਜਦੋਂ ਤੱਕ ਬਾਬਰ ਆ ਕੇ ਪੱਕੇ ਤੌਰ 'ਤੇ ਰਾਜ ਨਹੀਂ ਕਰਨ ਲੱਗਾ, ਹਰ ਲੂਲੀ-ਭਟਿਆਰੀ ਨੇ ਇਸ ਦੇਸ਼ ਨੂੰ ਲੁਟਿਆ। ਬੋਧੀਆਂ ਦੇ ਰਾਜ ਤੋਂ ਬਾਅਦ ਅੱਜ ਤੱਕ ਜੰਬੂਦੀਪ ਗਿਰਾਵਟ ਵੱਲ ਹੀ ਗਿਆ ਹੈ।

ਅੱਜ ਬਹੁਤੇ ਲੋਕ ਅੰਗਰੇਜ਼ਾਂ ਨੂੰ ਇਹ ਕਹਿੰਦੇ ਨਹੀਂ ਥੱਕਦੇ ਕਿ 'ਪਾੜੋ ਤੇ ਰਾਜ ਕਰੋ' ਅੰਗਰੇਜ਼ਾਂ ਦੀ ਪਾਲਿਸੀ ਸੀ ਪਰ ਇਹ ਮਹਾਪੁਰਸ਼, ਜਿਨ੍ਹਾਂ ਯੂਰੇਸ਼ੀਅਨਾਂ (ਬ੍ਰਾਹਮਣਾਂ) ਨੇ ਬਾਹਰੋਂ ਆ ਕੇ ਜੰਬੂਦੀਪ ਦੇ ਮੂਲ ਨਿਵਾਸੀਆਂ ਨੂੰ 6,743 ਜਾਤਾਂ ਵਿਚ ਵੰਡਿਆ, ਉਨ੍ਹਾਂ ਦਾ ਕਦੀ ਵੀ ਜ਼ਿਕਰ ਨਹੀਂ ਕਰਦੇ! ਫਿਰ ਇਹ ਲੋਕ ਇਹ ਵੀ ਭੁੱਲ ਜਾਂਦੇ ਹਨ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇਨ੍ਹਾਂ ਹਿੰਦੂਆਂ ਦਾ ਹਿੰਦੁਸਤਾਨ 650 ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਜਿਨ੍ਹਾਂ ਦੋ ਦੇਸ਼ਾਂ ਦੀ ਗੱਲ ਕੀਤੀ ਜਾਂਦੀ ਹੈ, ਉਹ ਭਾਰਤ ਤੇ ਪਾਕਿਸਤਾਨ ਹਨ। ਪੱਛਮੀ ਪਾਕਿਸਤਾਨ, ਜੋ 1971 ਵਿਚ ਪਾਕਿਸਤਾਨ ਤੋਂ ਅਲੱਗ ਹੋ ਕੇ ਬੰਗਲਾ ਦੇਸ਼ ਬਣ ਗਿਆ। ਭਾਰਤ-ਪਾਕਿਸਤਾਨ ਦੀ ਵੰਡ ਪਿਛੋਂ ਜਦੋਂ ਭਾਰਤ ਦਾ ਸੰਵਿਧਾਨ ਬਣਾਉਣ ਦੀ ਗੱਲ ਹੋਈ ਤਾਂ ਮਹਾਨ ਵਿਦਵਾਨ ਡਾ. ਅੰਬੇਡਕਰ, ਜਿਸ ਨੂੰ ਕਮੇਟੀ ਵਿਚ ਲਏ ਬਿਨਾ ਸੰਵਿਧਾਨ ਬਣਾਉਣਾ ਸੰਭਵ ਨਹੀਂ ਸੀ, ਬਾਰੇ ਸਰਦਾਰ ਵੱਲਭ ਭਾਈ ਪਟੇਲ ਨੇ ਕਿਹਾ, "ਮੈਂ ਭਾਰਤ ਸੰਵਿਧਾਨ ਕਮੇਟੀ ਦੇ ਦਰਵਾਜੇ ਤਾਂ ਕੀ, ਡਾ. ਅੰਬੇਡਕਰ ਲਈ ਰੌਸ਼ਨਦਾਨ ਵੀ ਬੰਦ ਕਰ ਦਿੱਤੇ ਹਨ।"

ਸ਼ਾਬਾਸ਼ੇ ਬੰਗਾਲ ਦੇ ਆਮ ਵਸਨੀਕਾਂ ਅਤੇ ਨਮੋ ਸ਼ੂਦਰਾ ਲੋਕਾਂ ਦੇ, ਜਿਨ੍ਹਾਂ ਨੇ ਡਾ. ਅੰਬੇਡਕਰ ਨੂੰ ਸੰਵਿਧਾਨ ਦੀ ਖਰੜਾ ਕਮੇਟੀ ਦਾ ਸਾਧਾਰਨ ਮੈਂਬਰ ਹੀ ਨਹੀਂ ਬਲਕਿ ਇਸ ਕਮੇਟੀ ਦਾ ਪ੍ਰਧਾਨ ਬਣਾ ਕੇ ਭੇਜਿਆ। ਇਸ ਬੰਗਲਾ ਦੇਸ਼ ਦੀ ਧਰਤੀ ਤੋਂ ਦਿਲਾਵਰ ਹੁਸੈਨ 25 ਅਗਸਤ ਨੂੰ ਬੁੱਧ ਵਿਹਾਰ, ਸਾਉਥਾਲ, ਵੈਸਟ ਲੰਡਨ ਵਿਚ ਆਏ। ਉਨ੍ਹਾਂ ਦੇ ਪਿਤਾ 1950 ਵਿਚ ਅੱਜ ਦੇ ਬੰਗਲਾ ਦੇਸ਼ ਵਿਚ ਚਲੇ ਗਏ ਸਨ ਜਿੱਥੇ ਜਨਾਬ ਹੁਸੈਨ ਦਾ ਜਨਮ 1951 ਵਿਚ ਹੋਇਆ।

ਜਨਾਬ ਹੁਸੈਨ ਨੇ ਦੱਸਿਆ ਕਿ 1971 ਵਿਚ ਬਿਹਾਰ ਅਤੇ ਬੰਗਲਾ ਦੇਸ਼ ਦੀ ਹੱਦ 'ਤੇ ਵਾਰਸ਼ੀ ਰੇਲਵੇ ਜੰਗਸ਼ਨ 'ਤੇ ਮੈਂ ਇੱਕ ਰੈਸਟੋਰੈਂਟ ਵਿਚ ਖਾਣਾ ਖਾਣ ਗਿਆ ਤਾਂ ਉਨ੍ਹਾਂ ਦੇ ਪੁੱਛਣ 'ਤੇ ਮੈਂ ਦੱਸਿਆ ਕਿ ਮੈਂ ਮੁਸਲਮਾਨ ਹਾਂ। ਉਨ੍ਹਾਂ ਨੇ ਕਿਹਾ, 'ਇਹ ਰੈਸਟੋਰੈਂਟ ਕੇਵਲ ਹਿੰਦੂਆਂ ਲਈ ਹੀ ਹੈ, ਉਹ ਨੇੜਲੇ ਮੁਸਲਿਮ ਰੈਸਟੋਰੈਂਟ 'ਚ ਖਾਣਾ ਖਾ ਸਕਦੇ ਹਨ।' ਜਨਾਬ ਹੁਸੈਨ ਨੇ ਦੱਸਿਆ, ਮੈਂ ਉਥੇ ਚਲੇ ਗਿਆ। ਮੈਂ ਖਾਣਾ ਖਾ ਹੀ ਰਿਹਾ ਸਾਂ ਕਿ ਇੱਕ ਆਦਮੀ ਮੇਰੇ ਕੋਲ ਆ ਕੇ ਬੈਠ ਗਿਆ। ਕੁਝ ਦੇਰ ਬਾਅਦ ਮੈਂ ਗੱਲਬਾਤ ਕਰਨ ਲਈ ਉਸ ਦਾ ਨਾਂ ਪੁੱਛਿਆ। ਉਸ ਨੇ ਆਪਣਾ ਨਾਂ ਹਿੰਦੂਆਂ ਵਾਲਾ ਦੱਸਿਆਂ ਤਾਂ ਮੈਂ ਫੌਰਨ ਕਿਹਾ, 'ਭਾਈ ਸਾਹਿਬ! ਨੇੜੇ ਹੀ ਹਿੰਦੂ ਰੈਸਟੋਰੈਂਟ ਹੈ, ਤੁਸੀਂ ਉਥੇ ਕਿਉਂ ਨਹੀਂ ਗਏ? ਤੁਹਾਨੂੰ ਹਿੰਦੂਆਂ ਵਾਲਾ ਖਾਣਾ ਮਿਲ ਜਾਂਦਾ।'

ਉਹ ਕਹਿਣ ਲੱਗਾ, ਮੈਂ ਗਿਆ ਸੀ ਪਰ ਉਨ੍ਹਾਂ ਨੇ ਮੈਨੂੰ ਖਾਣਾ ਨਹੀਂ ਦਿੱਤਾ। ਮੈਂ ਹੈਰਾਨ ਹੋ ਕੇ ਪੁੱਛਿਆ, ਕਿਉਂ? ਉਹ ਕਹਿੰਦਾ, ਮੈਂ ਹਿੰਦੂਆਂ 'ਚ ਹੇਠਲੀ ਜਾਤ ਦਾ ਹਾਂ, ਇਸ ਲਈ।

ਜਨਾਬ ਹੁਸੈਨ ਕਹਿਣ ਲੱਗੇ, ਮੈਨੂੰ ਹੈਰਾਨੀ ਨਾ ਹੋਈ, ਕਿਉਂਕਿ ਮੈਂ ਜਾਣਦਾ ਸਾਂ ਕਿ ਹਿੰਦੂਆਂ 'ਚ ਜਾਤ-ਪਾਤ ਹੀ ਨਹੀਂ, ਛੂਆ-ਛਾਤ ਵੀ ਹੈ। ਮੈਂ ਉਸ ਆਦਮੀ ਦਾ ਪਤਾ ਲੈ ਲਿਆ, ਉਸ ਤੋਂ ਮੈਨੂੰ ਅੰਬੇਡਕਰ ਕਾ ਪਤਾ ਲੱਗਾ। ਜਿਵੇਂ ਉਤਰ ਭਾਰਤ ਵਿਚ ਮੂਲ ਨਿਵਾਸੀ ਆਪਣੇ ਆਪ ਨੂੰ ਆਦਿ ਧਰਮੀ ਕਹਿੰਦੇ ਹਨ, ਦੱਖਣ ਵਿਚ ਦਰਾਵੜ ਕਹਿੰਦੇ ਹਨ, ਪੂਰਬ ਵਿਚ ਮੂਲ ਨਿਵਾਸੀ ਖੁਦ ਨੂੰ ਨਮੋ ਸ਼ੂਦਰਾ ਕਹਿੰਦੇ ਹਨ। ਜਨਾਬ ਹੁਸੈਨ ਵੀ ਬੰਗਲਾ ਦੇਸ਼ ਦੇ ਨਮੋ ਸ਼ੂਦਰਾਂ ਵਿਚੋਂ ਹਨ।

ਡਾ. ਅੰਬੇਡਕਰ ਬਾਰੇ ਉਨ੍ਹਾਂ ਦੇ ਵਿਚਾਰ ਸੁਣ ਕੇ ਸਾਰੇ ਹੱਕੇ-ਬੱਕੇ ਰਹਿ ਗਏ। ਉਨ੍ਹਾਂ ਨੇ ਢਾਕਾ ਵਿਚ 2010 ਨੂੰ 'ਬੀ. ਆਰ. ਅੰਬੇਡਕਰ ਸੁਸਾਇਟੀ, ਬੰਗਲਾ ਦੇਸ਼' ਬਣਾਈ ਅਤੇ 2012 ਵਿਚ ਪਹਿਲੀ ਵਾਰ ਬੰਗਲਾ ਦੇਸ਼ ਵਿਚ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ। ਜਨਾਬ ਹੁਸੈਨ ਨੇ 2014 ਵਿਚ ਡਾ. ਅੰਬੇਡਕਰ ਦੀ ਕਿਤਾਬ 'ਜਾਤ ਪਾਤ ਦਾ ਬੀਜ ਨਾਸ਼' ਬੰਗਲਾ ਭਾਸ਼ਾ ਵਿਚ ਅਨੁਵਾਦ ਕਰਕੇ ਸਾਰੇ ਬੰਗਲਾ ਦੇਸ਼ ਵਿਚ ਵੰਡੀ। ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਕਿਤਾਬ ਪੜ੍ਹ ਕੇ ਬ੍ਰਾਹਮਣਵਾਦੀਆਂ ਦੇ ਦਿਲ ਵਿਚ ਤਿੱਖੇ ਤੀਰ ਜਰੂਰ ਲੱਗੇ ਹੋਣਗੇ। 'ਬਾਬਾ ਸਾਹਿਬ ਮਾਨਵ ਮੁਕਤੀ ਕਾ ਸੰਗੀਤ' ਦੇ 2000 ਇਸ਼ਤਿਹਾਰ ਛਪਵਾ ਕੇ ਲੋਕਾਂ ਵਿਚ ਵੰਡੇ। ਬੰਗਲਾ ਦੇਸ਼ ਵਿਚੋਂ ਆਏ 900 ਡੈਲੀਗੇਟਾਂ ਨਾਲ ਢਾਕਾ ਅੰਦਰ 2016 ਵਿਚ ਬਾਬਾ ਸਾਹਿਬ ਦਾ ਜਨਮ ਦਿਨ ਵੱਡੇ ਪੱਧਰ 'ਤੇ ਮਨਾਇਆ। ਅੱਜ ਕੱਲ ਉਨ੍ਹਾਂ ਦੀ ਸੁਸਾਇਟੀ ਦੇ 3000 ਤੋਂ ਵੱਧ ਮੈਂਬਰ ਹਨ।

ਜਨਾਬ ਹੁਸੈਨ ਨੇ ਹੈਰਾਨ ਕਰਨ ਵਾਲੀ ਗੱਲ ਦੱਸੀ ਕਿ ਸਾਰੇ ਬੰਗਲਾ ਦੇਸ਼ ਵਿਚ 85% ਮੁਸਲਮਾਨ ਹਨ, ਬਾਕੀ 15% ਵਿਚ ਮਛੇਰੇ, ਘੁਮਾਰ, ਚਮਾਰ, ਤਾਂਤੀ (ਜੁਲਾਹੇ) ਆਦਿ ਆਉਂਦੇ ਹਨ ਪਰ ਫਿਰ ਵੀ 1% ਬ੍ਰਾਹਮਣ ਹਿੰਦੂਆਂ ਲਈ ਨੀਤੀਆਂ ਬਣਾਉਂਦੇ ਹਨ।

ਇਸ ਸਾਲ ਦਸੰਬਰ ਵਿਚ ਬੰਗਲਾ ਦੇਸ਼ ਵਿਚ ਚੋਣਾਂ ਹਨ। 26 ਮਾਰਚ 1971 ਨੂੰ ਬੰਗਲਾ ਦੇਸ਼ ਪਾਕਿਸਤਾਨ ਤੋਂ ਅਲੱਗ ਹੋ ਕੇ ਇੱਕ ਨਵਾਂ ਦੇਸ਼ ਬਣਿਆ ਸੀ। 14 ਅਪਰੈਲ ਨੂੰ ਬੰਗਾਲੀਆਂ ਦਾ ਨਵਾਂ ਸਾਲ ਹੈ ਅਤੇ 14 ਅਪਰੈਲ ਨੂੰ ਬਾਬਾ ਸਾਹਿਬ ਦਾ ਜਨਮ ਦਿਨ ਵੀ। ਉਨ੍ਹਾਂ ਨੇ ਬੇਨਤੀ ਕੀਤੀ ਕਿ ਯੂ. ਕੇ. ਅਤੇ ਭਾਰਤ ਤੋਂ ਬੁੱਧੀਜੀਵੀ 26 ਮਾਰਚ ਤੋਂ ਪਹਿਲਾਂ ਅੰਬੇਡਕਰੀ ਲੋਕ ਬੰਗਲਾ ਦੇਸ਼ ਆਉਣ ਤਾਂ ਕਿ ਬੰਗਾਲ ਦਾ ਆਜ਼ਾਦੀ ਦਿਵਸ ਅਤੇ 14 ਅਪਰੈਲ ਧੂਮ-ਧਾਮ ਨਾਲ ਮਨਾਇਆ ਜਾਵੇ। ਮੌਕੇ 'ਤੇ ਜਵਾਬ ਦੇਣਾ ਕਠਿਨ ਸੀ ਪਰ ਅਸੀਂ ਕਿਹਾ ਕਿ ਅਸੀਂ ਆਉਣ ਦੀ ਪੂਰੀ ਕੋਸ਼ਿਸ਼ ਕਰਾਂਗੇ।

ਬਹੁਤ ਅਨੰਦ ਆਇਆ, ਇਹ ਜਾਣ ਕੇ ਕਿ ਬਾਬਾ ਸਾਹਿਬ ਦੇ ਸਿਪਾਹੀ ਸਾਰੇ ਯੂਰਪ, ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਹੀ ਨਹੀਂ, ਬੰਗਲਾ ਦੇਸ਼ ਵਿਚ ਵੀ ਬਾਬਾ ਸਾਹਿਬ ਦੇ ਮਿਸ਼ਨ ਦਾ ਝੰਡਾ ਗੱਡ ਰਹੇ ਹਨ।

###

# ਮਨੁਖੀ ਅਧਿਕਾਰ ਆਗੂਆਂ ਦੀ ਗ੍ਰਿਫਤਾਰੀ ਤੇ 2019 ਦੀਆਂ ਲੋਕ ਸਭਾ ਚੋਣਾਂ

ਹਿੰਦੂਤਵੀ ਸ਼ਕਤੀਆਂ ਦੇ ਉਭਾਰ ਬਾਰੇ ਚਰਚਿਤ ਇਤਿਹਾਸਕਾਰ ਰਾਮ ਚੰਦਰ ਗੁਹਾ ਨਾਲ ਹੁਣੇ ਜਿਹੇ ਗੱਲਬਾਤ ਕਰਦਿਆਂ ਬੈਲਜੀਅਨ ਮੂਲ ਦੇ ਚਿੰਤਕ ਜੌਹਨ ਡਰੀਜ ਨੇ ਕਿਹਾ ਹੈ, "ਮੋਦੀ ਸਰਕਾਰ ਆਰ. ਐਸ. ਐਸ. ਦੀ ਪੈਦਾਇਸ਼ ਹੈ। ਆਰ. ਐਸ. ਐਸ. ਦਾ ਐਲਾਨੀਆ ਸਿਧਾਂਤ ਹਿੰਦੂ ਰਾਸ਼ਟਰਵਾਦ ਹੈ, ਜਿਸ ਦੇ ਸਿਧਾਂਤਕਾਰ ਵੀਰ ਸਾਵਰਕਰ ਤੇ ਗੁਰੂ ਗੋਲਵਾਲਕਰ ਹਨ। ਮੋਦੀ ਇਨ੍ਹਾਂ ਦੋਵਾਂ ਦਾ ਬਹੁਤ ਪ੍ਰਸ਼ੰਸਕ ਹੈ। ਹਿੰਦੂਤਵ ਦਾ ਉਭਾਰ ਯਕੀਨੀ ਤੌਰ 'ਤੇ ਜਮਹੂਰੀਅਤ ਦੀ ਇਕ ਲਾਜ਼ਮੀ ਲੋੜ-ਹਰ ਤਰ੍ਹਾਂ ਦੀ ਬਰਾਬਰੀ-ਦੇ

**ਗੁਰਬਚਨ ਸਿੰਘ**
ਫੋਨ: 91-98156-98451

ਵਿਰੁਧ ਉਚ-ਜਾਤੀਆਂ ਦਾ ਇਕ ਪ੍ਰਤੀਕਰਮ ਹੈ, ਜਿਸ ਦਾ ਮੁਖ ਨਿਸ਼ਾਨਾ ਸਿਰਫ ਮੁਸਲਮਾਨ ਨਹੀਂ, ਸਗੋਂ ਇਸਾਈ, ਸਿੱਖ, ਦਲਿਤ, ਆਦਿਵਾਸੀ, ਕਮਿਊਨਿਸਟ, ਧਰਮ ਨਿਰਪਖ, ਤਰਕਸ਼ੀਲ, ਔਰਤ ਪੱਖੀ-ਭਾਵ ਸੰਖੇਪ ਵਿਚ ਉਹ ਸਾਰੇ ਲੋਗ ਸ਼ਾਮਿਲ ਹਨ, ਜਿਹੜੇ ਉਚ ਜਾਤੀਆਂ ਦੀ ਉਚਤਾ ਨੂੰ ਮੰਨਣ ਵਾਲੇ ਬ੍ਰਾਹਮਣਵਾਦੀ ਸਾਮਾਜਿਕ ਢਾਂਚੇ ਦੀ ਮੁੜ ਬਹਾਲੀ ਦੇ ਰਾਹ ਵਿਚ ਰੁਕਾਵਟ ਬਣਦੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਇਹ ਬਹੁਗਿਣਤੀ ਦੀ ਲਹਿਰ ਹੈ, ਪਰ ਅਸਲ ਵਿਚ ਇਹ ਜ਼ਾਬਰ ਘਟ ਗਿਣਤੀ ਦੀ ਲਹਿਰ ਹੈ, ਜਿਸ ਦੇ ਰਾਹ ਵਿਚ ਵਿਧਾਨ ਰੁਕਾਵਟ ਬਣਦਾ ਹੈ, ਪਰ ਇਹ ਰੁਕਾਵਟ ਜਿਆਦਾ ਦੇਰ ਨਹੀਂ ਰਹਿ ਸਕਦੀ। ਮੋਦੀ ਸਰਕਾਰ ਉਤੇ ਆਰ. ਐਸ. ਐਸ. ਦੀ ਪਕੜ ਇਸ ਜ਼ਾਬਰ ਘਟਗਿਣਤੀ ਤੇ ਇਸ ਦੇ ਹਥਿਆਰਬੰਦ ਗੁੱਟਾਂ ਨੂੰ ਦਲੇਰੀ ਬਖਸ਼ ਰਹੀ ਹੈ। ਪਿਛਲੇ ਸਾਲਾਂ ਵਿਚ ਹਿੰਦੂਤਵ ਦੇ ਕਲਪਿਤ ਦੁਸ਼ਮਣਾਂ ਉਤੇ ਹਮਲਿਆਂ ਵਿਚ ਬੜੀ ਤੇਜੀ ਆਈ ਹੈ, ਪਰ ਇਨ੍ਹਾਂ ਹਮਲਿਆਂ ਦੇ ਵਧੇਰੇ ਸ਼ਿਕਾਰ ਹੋ ਰਹੇ ਤਬਕਿਆਂ ਦੀਆਂ ਅੱਖਾਂ ਵੀ ਖੁਲ੍ਹ ਰਹੀਆ ਹਨ। ਇਸ ਲਈ ਆਸ ਹੈ ਕਿ ਇਹ ਲੋਕ ਅਗਲੇ ਸਾਲ ਹੋਣ ਵਾਲੀ ਪਾਰਲੀਮਾਨੀ ਚੋਣ ਵਿਚ ਇਸ ਦਾ ਠੋਕਵਾਂ ਜੁਆਬ ਦੇਣਗੇ।"

ਅਗਲੇ ਸਾਲ ਹੋਣ ਵਾਲੀਆਂ ਪਾਰਲੀਮਾਨੀ ਚੋਣਾਂ ਜਿਤਣ ਲਈ ਆਰ. ਐਸ. ਐਸ. ਤੇ ਮੋਦੀ-ਅਮਿਤ ਸ਼ਾਹ ਜੋੜੀ ਕਿਸ ਕਿਸਮ ਦੀ ਰਾਜਨੀਤੀ ਲੈ ਕੇ ਅਗੇ ਆ ਰਹੀ ਹੈ, ਇਸ ਦੀ ਜਾਣਕਾਰੀ ਹਿੰਦੂਤਵੀ ਰਾਜਨੀਤੀ ਦੇ ਪੈਰੋਕਾਰ ਸ਼ੇਖਰ ਗੁਪਤਾ ਨੇ ਆਪਣੇ ਆਨਲਾਈਨ ਪਰਚੇ 'ਦ ਪਰਿੰਟ' ਵਿਚ ਮਨੁਖੀ ਅਧਿਕਾਰ ਆਗੂਆਂ ਦੀ ਗ੍ਰਿਫਤਾਰੀ ਦੇ ਕਾਰਨ ਬਿਆਨ ਕਰਦਿਆਂ ਦਿਤੀ ਹੈ, "ਉਹ ਸ਼ਹਿਰੀ ਨਕਸਲੀ ਹਨ ਜਾਂ ਨਹੀਂ ਪਰ ਸਬੂਤ ਇਹੀ ਸਾਹਮਣੇ ਆ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਤੇ ਆਰ. ਐਸ. ਐਸ. ਉਨ੍ਹਾਂ ਨੂੰ ਠੀਕ ਹੀ ਆਪਣੇ ਲਈ ਲਾਹੇਵੰਦ ਮੂਰਖ ਸਮਝ ਰਹੀ ਹੈ। ਸ਼ਹਿਰੀ ਜਾਂ ਪੇਂਡੂ ਵਰਗੀ ਕੋਈ ਗੱਲ ਨਹੀਂ। ਨਕਸਲੀ, ਨਕਸਲੀ ਹੁੰਦਾ ਹੈ ਅਤੇ ਮਾਓਵਾਦੀ ਵੀ। ਦੋਵਾਂ ਵਿਚੋਂ ਕੁਝ ਵੀ ਹੋਣਾ ਅਪਰਾਧ ਨਹੀਂ," ਪਰ "ਭਾਰਤੀ ਜਨਤਾ ਪਾਰਟੀ ਦੀ ਮੁਸ਼ਕਿਲ ਹੋਰ ਹੈ। ਉਹ ਦਾਅਵਾ ਜੋ ਮਰਜੀ ਕਰੇ ਪਰ 'ਵਿਕਾਸ ਅਤੇ ਦੇਸ਼ ਦੇ ਸਵੈਮਾਣ' ਦਾ ਏਜੰਡਾ ਦੂਜੇ ਦਰਜੇ ਉਤੇ ਚਲਾ ਗਿਆ ਹੈ। ਹੁਣ ਉਸ ਨੂੰ 'ਕੋਈ' ਅਸਲੀ ਖਤਰਨਾਕ ਦੁਸ਼ਮਣ ਚਾਹੀਦਾ ਹੈ, ਤਾਂ ਕਿ ਲੋਕ ਉਸ ਦੀ ਨਾਕਾਮੀ ਭੁਲਾ ਕੇ ਰਾਸ਼ਟਰ ਦੀ ਖਾਤਰ ਉਸ ਨੂੰ ਵੋਟ ਦੇਣ। ਜਿਵੇਂ 1984 ਵਿਚ ਨਾਹਰਾ ਸੀ, 'ਰਾਜੀਵ ਗਾਂਧੀ ਦਾ ਐਲਾਨ, ਨਹੀਂ ਬਣੇਗਾ ਖਾਲਿਸਤਾਨ।' ਹੁਣ ਮੁਸਲਮਾਨਾਂ ਨੂੰ ਦੁਸ਼ਮਣ ਬਣਾਉਣ ਵਾਲਾ ਮੂਲ ਫਾਰਮੂਲਾ ਘਸ ਚੁਕਿਆ ਹੈ। ਉਹ ਤਾਂ ਹੀ ਸੰਭਵ ਹੋਣਾ ਸੀ, ਜੇ ਮੁਸਲਮਾਨ ਭਾਵ ਪਾਕਿਸਤਾਨੀ ਭਾਵ ਕਸ਼ਮੀਰੀ ਵਖਵਾਦੀ ਭਾਵ ਦਹਿਸ਼ਤਗਰਦ ਭਾਵ ਲਸ਼ਕਰ, ਅਲਕਾਇਦਾ, ਆਈ. ਐਸ. ਆਈ. ਵਾਲਾ ਸਮੀਕਰਣ ਬਣਿਆ ਰਹਿੰਦਾ, ਪਰ ਇਹ ਸਮੀਕਰਣ ਬਣਿਆ ਨਹੀਂ, ਕਿਉਂਕਿ ਭਾਰਤ ਦੀ ਮੁਖ ਭੂਮੀ ਉਤੇ ਮੁਸਲਮਾਨ (ਸਾਰੀ ਭੜਕਾਹਟ ਦੇ ਬਾਵਜੂਦ) ਸ਼ਾਂਤ ਰਹੇ। ਸਾਰੇ ਹਿੰਦੂ ਮੁਸਲਮਾਨਾਂ ਤੋਂ ਏਨੇ ਡਰੇ ਹੋਏ ਨਹੀਂ ਕਿ ਉਹ ਆਪਣੀ ਪਛਾਣ ਦੇ ਹੋਰਨਾਂ ਕਾਰਕਾਂ, ਖਾਸ ਕਰਕੇ ਜਾਤੀ ਦੀ ਅਣਦੇਖੀ ਕਰ ਦੇਣ। ਲਗਾਤਾਰ ਤਣਾਅ ਬਣਾਈ ਰਖਣ ਲਈ ਹੱਦਾਂ ਉਤੇ ਨਿਰੰਤਰ ਗੋਲੀਬਾਰੀ ਚਲਣੀ ਜਰੂਰੀ ਹੈ, ਜਿਸ ਦਾ ਵਡੇ ਸਰਜੀਕਲ ਸਟ੍ਰਾਈਕ ਨਾਲ ਸ਼ਾਨਦਾਰ ਅੰਤ ਹੋਵੇ। ਪਰ ਚੀਨ ਨੇ (ਡੋਕਲਾਮ ਵਿਚ) ਦਸ ਦਿਤਾ ਹੈ ਕਿ ਉਹ ਆਪਣੇ ਦੋਸਤ ਦੇ ਖਿਲਾਫ ਕਿਸੇ ਅਜਿਹੀ ਕਾਰਵਾਈ ਨੂੰ ਅਣਦੇਖਿਆ ਨਹੀਂ ਕਰੇਗਾ। ਟਰੰਪ ਦੇ ਅਮਰੀਕਾ 'ਤੇ ਕੋਈ ਭਰੋਸਾ ਨਹੀਂ ਕਰ ਸਕਦਾ।"

ਇਹ ਜਾਣਕਾਰੀ ਦੇ ਕੇ ਸ਼ੇਖਰ ਗੁਪਤਾ ਲਿਖਦਾ ਹੈ, "ਇਸ ਲਈ ਭਾਰਤ ਦੇ ਵਜੂਦ ਲਈ ਖਤਰਾ ਬਣਿਆ ਕੋਈ ਨਵਾਂ ਦੁਸ਼ਮਣ ਚਾਹੀਦਾ ਹੈ, ਜਿਸ ਦਾ ਪ੍ਰਚਾਰ ਕਰਕੇ ਵੋਟਾਂ ਲਈਆਂ ਜਾ ਸਕਣ; ਕਿਹਾ ਜਾ ਸਕੇ ਕਿ ਬਾਹਰੀ ਤੇ ਅੰਦਰੂਨੀ-ਸਾਰੀਆਂ ਦੁਸ਼ਟ ਸ਼ਕਤੀਆਂ ਭਾਰਤ ਨੂੰ ਨਸ਼ਟ ਕਰਨ ਦੀ ਸਾਜਿਸ਼ ਵਿਚ ਲਗੀਆਂ ਹੋਈਆਂ ਹਨ ਅਤੇ ਤੁਹਾਨੂੰ ਨੌਕਰੀਆਂ ਦੀ ਪਈ ਹੈ? ਤੁਹਾਡੀ ਦੇਸ਼ ਭਗਤੀ



ਕਿਥੇ ਗਈ? ਤੁਸੀਂ ਇਸ ਨੂੰ ਕਿਸੇ ਵੀ ਵਾਦ ਦਾ ਨਾਂ ਦਿਉ, ਪਰ ਜੋ ਹੋ ਰਿਹਾ ਹੈ ਇਹ ਸ਼ੁਧ ਰਾਜਨੀਤੀ ਹੈ। ਭਾਰਤੀ ਜਨਤਾ ਪਾਰਟੀ ਤੇ ਆਰ. ਐਸ. ਐਸ. ਧਰਮ ਦੀ ਵਰਤੋਂ ਕਰਕੇ ਵੋਟਰਾਂ ਨੂੰ ਇਕ ਜੁਟ ਨਹੀਂ ਕਰ ਸਕਦੀਆਂ, ਕਿਉਂਕਿ ਉਨ੍ਹਾਂ ਨੂੰ ਜਾਤੀ ਨੇ ਵੰਡਿਆ ਹੋਇਆ ਹੈ? ਅਡਵਾਨੀ ਨੇ ਅਯੁਧਿਆ ਵਿਚ ਇਹ ਏਕਤਾ ਹਾਸਲ ਕੀਤੀ ਸੀ ਪਰ 2004 ਵਿਚ ਉਸ ਦਾ ਅਸਰ ਖਤਮ ਹੋ ਗਿਆ। ਨਰਿੰਦਰ ਮੋਦੀ ਨੇ ਬੇਹਤਰ ਕੀਤਾ। ਉਸ ਦਾ (ਮੁਸਲਮਾਨ ਵਿਰੋਧੀ) ਨਿਜੀ ਰਿਕਾਰਡ ਹਿੰਦੂ ਵੋਟਰ ਲਈ ਚੁੰਬਕ ਸਾਬਤ ਹੋਇਆ। ਇਸ ਵਿਚ ਮਜਬੂਤ ਸਰਕਾਰ ਤੇ ਆਰਥਿਕ ਵਿਕਾਸ ਦੇ ਵਾਅਦੇ ਜੁੜਦਿਆਂ ਹੀ ਵਿਰੋਧੀ ਧਿਰ ਦਾ ਸਫਾਇਆ ਹੋ ਗਿਆ, ਪਰ ਹੁਣ ਆਪਣੀ ਨਾਕਾਮੀ ਦਾ ਰਿਪੋਰਟ ਕਾਰਡ ਲੈ ਕੇ ਵੋਟਰਾਂ ਕੋਲ ਜਾਣ ਦਾ ਖਤਰਾ ਮੋਦੀ ਨਹੀਂ ਸਹੇੜ ਸਕਦਾ। ਜੇ ਮੁਸਲਮਾਨਾਂ ਨਾਲ ਮਾਓਵਾਦੀ ਜੋੜ ਦਿਓ, ਤਾਂ ਟੁਕੜੇ-ਟੁਕੜੇ ਧਾਗਾ ਬਹੁਤ ਚੰਗੀ ਤਰ੍ਹਾਂ ਬੁਣਿਆ ਜਾ ਸਕੇਗਾ। 2019 ਦੀਆਂ ਗਰਮੀਆਂ ਤਕ 'ਰਾਸ਼ਟਰ ਗੰਭੀਰ ਖਤਰੇ ਵਿਚ ਹੈ' ਦੀ ਕਹਾਣੀ ਸਾਹਮਣੇ ਆ ਸਕਦੀ ਹੈ। ਸਿਰਫ ਮਾਓਵਾਦੀਆਂ ਦਾ ਡਰ ਪੈਦਾ ਕਰਨ ਦੀ ਆਪਣੀ ਸੀਮਾ ਹੈ। ਅਸੀਂ ਕਈ ਮਾਓਵਾਦੀ ਵੇਖੇ ਨੇ ਜਿਹੜੇ ਕਾਲਜਾਂ ਵਿਚ ਬਿਲਕੁਲ ਸਾਊ ਲਗਦੇ ਨੇ। ਨਕਸਲੀ ਜਿਆਦਾ ਖਤਰਨਾਕ ਲਗਦੇ ਨੇ, ਕਿਉਂਕਿ ਉਨ੍ਹਾਂ ਕੋਲ ਹਥਿਆਰ ਹੁੰਦੇ ਨੇ, ਪਰ ਉਹ ਆਮ ਲੋਕਾਂ ਦੀ ਨਜ਼ਰ ਅਤੇ ਮਨ ਦੇ ਦਾਇਰੇ ਤੋਂ ਬਾਹਰ ਨੇ। ਉਹ ਟੀ. ਵੀ. ਦੇ ਪਰਦੇ ਤੇ ਟਵਿਟਰ ਉਤੇ ਵੀ ਨਹੀਂ ਹਨ। ਉਨ੍ਹਾਂ ਦੇ ਨਾਂ ਉਤੇ ਮਹਾਂਰਾਸ਼ਟਰ ਜਾਂ ਮਧਪ੍ਰਦੇਸ਼ ਦਾ ਇਕ ਵੀ ਵੋਟਰ ਨਹੀਂ ਡਰਾਇਆ ਜਾ ਸਕਦਾ। ਇਥੇ ਹੀ ਸ਼ਹਿਰੀ ਨਕਸਲੀ ਆਉਂਦੇ ਹਨ।"

ਫਿਰ ਸ਼ੇਖਰ ਗੁਪਤਾ ਇਹ ਦਿਲਚਸਪ ਜਾਣਕਾਰੀ ਦਿੰਦਾ ਹੈ, "ਇਸ ਫਿਲਮ ਨੂੰ ਪਿਛੇ ਚਲਾਈਏ ਤਾਂ ਇਹ ਟੁਕੜੇ-ਟੁਕੜੇ ਸਮੱਗਰੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਉਭਰਦੀ ਹੈ। ਕਸ਼ਮੀਰ ਦੇ ਲੋਕਾਂ ਨਾਲ ਇਕਮੁਠਤਾ ਜਤਾਉਣ ਦਾ ਇਹ ਪ੍ਰੋਗਰਾਮ ਸੀ। ਪਹਿਲਾਂ ਅਜਿਹੇ ਪਰਚੇ ਸਾਹਮਣੇ ਆਏ ਕਿ ਇਹ ਕਸ਼ਮੀਰ ਦੀ ਆਜਾਦੀ ਬਾਰੇ ਬਹਿਸ ਕਰਨ ਅਤੇ ਉਸ ਦੀ ਹਮਾਇਤ ਦਾ ਪ੍ਰੋਗਰਾਮ ਹੈ। ਫਿਰ ਵੀਡੀਓ ਸਾਹਮਣੇ ਆਇਆ 'ਭਾਰਤ ਤੇਰੇ ਟੁਕੜੇ ਹੋਂਗੇ-ਇੰਸ਼ਾ ਅਲਾਹ-ਇੰਸ਼ਾ ਅਲਾਹ'। ਦੋ ਖਬੇ ਪਖੀ ਤੇ ਇਕ ਮੁਸਲਮਾਨ ਵਿਦਿਆਰਥੀ ਨੂੰ ਦੇਸ਼ ਧ੍ਰੋਹ ਦੇ ਫਰਜੀ ਮਾਮਲੇ ਵਿਚ ਦੋਸ਼ੀ ਬਣਾਇਆ ਗਿਆ। ਹੋਰ ਵੀਡੀਓ ਸਾਹਮਣੇ ਆਏ। ਜੇ ਐਨ ਯੂ ਚੌਂਕ ਵਿਚ ਆਜਾਦੀ ਦੀ ਕਸ਼ਮੀਰੀ ਮੰਗ ਨੂੰ ਉਚਿਤ ਸਾਬਤ ਕਰਦੀ ਪ੍ਰਫੈਸਰ ਦੀ ਤਕਰੀਰ ਤੇ ਤਾੜੀਆਂ ਵਜਾਉਂਦੇ ਵਿਦਿਆਰਥੀ। ਨਵੀਂ ਕਹਾਣੀ ਤਿਆਰ ਹੋ ਗਈ। 'ਸ਼ਹਿਰੀ ਨਕਸਲੀ' ਤੇ ਵਖਵਾਦੀ ਮੁਸਲਮਾਨ-ਕਸ਼ਮੀਰ ਅਤੇ ਬਸਤਰ ਦੇ ਦੂਰ ਦੁਰਾਡੇ ਦੇ ਖਤਰੇ ਨੂੰ ਨਵੀਂ ਦਿੱਲੀ, ਹੈਦਰਾਬਾਦ, ਮੁੰਬਈ ਅਤੇ ਪੂਨੇ ਲਿਆਉਣ ਲਈ ਹੱਥ ਮਿਲਾ ਰਹੇ ਹਨ। ਜੇ ਐਨ ਯੂ ਤਾਂ 'ਬਦਮਾਸ਼ਾਂ ਦਾ ਅੱਡਾ' ਹੈ। ਕਸ਼ਮੀਰੀ ਵਖਵਾਦੀਆਂ ਨਾਲ ਸੁਰ ਮਿਲਾ ਕੇ ਅਧਾ ਕੰਮ ਕੱਟੜ ਖੱਬੇ ਪੱਖੀ ਬੁਧੀਜੀਵੀਆਂ ਨੇ ਕਰ ਦਿਤਾ ਤੇ ਬਾਕੀ ਅਧਾ ਕੰਮ ਮੋਦੀ ਤੇ ਸ਼ਾਹ ਨੇ ਮਿੱਤਰ ਟੀ ਵੀ ਚੈਨਲਾਂ ਨਾਲ ਮਿਲ ਕੇ ਕਰ ਲਿਆ। ਰਾਸ਼ਟਰ ਖਤਰੇ ਵਿਚ ਹੈ, ਦਾ ਨਵਾਂ ਭਰਮ ਪੈਦਾ ਕੀਤਾ ਜਾ ਰਿਹਾ ਹੈ।"

ਇਸ ਸਾਰੇ ਕੁਝ ਬਾਰੇ ਸ਼ੇਖਰ ਗੁਪਤਾ ਦੀ ਟਿਪਣੀ ਹੈ, "ਭਾਰਤ ਚੀਨੀ ਮਿਟੀ ਦਾ ਬਣਿਆ ਹੋਇਆ ਨਹੀਂ ਕਿ ਨਾਹਰਿਆਂ, ਲੇਖਾਂ, ਕਵਿਤਾਵਾਂ ਅਤੇ ਦੇਸ਼ ਦੇ ਅੰਦਰੂਨੀ ਭਾਗਾਂ ਤੇ ਕਸ਼ਮੀਰ ਵਿਚ ਬੰਦੂਕਾਂ ਲਈ ਮੁਠੀ ਭਰ ਲੋਕਾਂ ਨਾਲ ਟੁਟ ਜਾਏਗਾ, ਪਰ ਜੋ ਵੋਟਰ ਕਿਸੇ ਪਖ ਨਾਲ ਜੁੜੇ ਹੋਏ ਨਹੀਂ, ਉਨ੍ਹਾਂ ਦੀ ਇਸ ਵਿਚ ਰੁਚੀ ਹੋ ਸਕਦੀ ਹੈ। ਧੜਿਆਂ ਵਿਚ ਵੰਡੇ ਮਾਹੌਲ ਵਿਚ ਕੁਝ ਫੀ ਸਦੀ ਵੋਟਰਾਂ ਦਾ ਝੁਕਾਅ ਵੀ ਅਹਿਮ ਹੁੰਦਾ ਹੈ।"

ਸ਼ੇਖਰ ਗੁਪਤਾ ਅਗੇ ਲਿਖਦਾ ਹੈ, "ਅਦਾਲਤਾਂ ਵਿਚ ਮਨੁੱਖੀ ਅਧਿਕਾਰ ਆਗੂਆਂ ਨੂੰ ਉਚਿਤ ਹੀ ਰਾਹਤ ਮਿਲੇਗੀ। ਮੋਦੀ ਸਰਕਾਰ ਨਿਸ਼ਚਿਤ ਹੀ ਕਾਨੂੰਨੀ ਤੇ ਇਖਲਾਕੀ ਲੜਾਈ ਹਾਰ ਜਾਏਗੀ, ਪਰ ਉਹ ਪ੍ਰਵਾਹ ਨਹੀਂ ਕਰੇਗੀ।" ਕਿਉਂਕਿ ਉਹ ਹਰ ਢੰਗ ਵਰਤ ਕੇ ਚੋਣਾਂ ਜਿੱਤਣ ਦਾ ਯਤਨ ਕਰੇਗੀ। ਚੋਣਾਂ ਜਿੱਤ ਕੇ ਉਹ ਸਿਧ ਕਰ ਦੇਵੇਗੀ ਕਿ ਜਨ ਮਤ ਉਸ ਦੇ ਨਾਲ ਹੈ। ਭਾਵ ਮੋਦੀ ਸਰਕਾਰ ਵਾਸਤੇ ਕਾਨੂੰਨ ਤੇ ਇਖਲਾਕ ਦੀ ਕੋਈ ਅਹਿਮੀਅਤ ਨਹੀਂ, ਸਿਰਫ ਕੁਝ ਫੀਸਦੀ ਵੋਟਰਾਂ ਨੂੰ ਭਰਮਾਉਣ ਲਈ ਕੁਝ ਵੀ ਕਰਨਾ ਜਰੂਰੀ ਹੈ। ਤੁਸੀਂ ਹਥਿਆਰਬੰਦ ਸੰਘਰਸ਼ ਦੇ ਹਮਾਇਤੀ ਹੋ ਜਾਂ ਨਹੀਂ, ਤੁਹਾਨੂੰ ਧੱਕੇ ਨਾਲ




ਹਥਿਆਰਬੰਦ ਸੰਘਰਸ਼ ਨਾਲ ਜੋੜਿਆ ਜਾਏਗਾ। ਸਾਰੇ ਸਰਕਾਰੀ ਸਾਧਨ ਤੇ ਬੇਬਹਾ ਪੈਸੇ ਦੀ ਦੁਰਵਰਤੋਂ ਕਰਕੇ ਸਮਾਜ ਦੇ ਇਕ ਵਰਗ ਨੂੰ ਬਦਨਾਮ ਕੀਤਾ ਜਾਏਗਾ ਤੇ ਉਸ ਦੇ ਵਿਰੋਧ ਵਿਚ ਸਮਾਜ ਦੇ ਦੂਜੇ ਵਰਗ ਨੂੰ ਭਰਮਾ ਕੇ ਉਨ੍ਹਾਂ ਦੀਆਂ ਵੋਟਾਂ ਬਟੋਰੀਆਂ ਜਾਣਗੀਆਂ। ਇਹ ਹੈ 2019 ਦੀਆਂ ਪਾਰਲੀਮਾਨੀ ਚੋਣਾਂ ਜਿਤਣ ਦੀ ਭਾਜਪਾ-ਆਰ. ਐਸ. ਐਸ. ਮਾਰਕਾ ਨਵੀਂ ਰਾਜਨੀਤੀ।

ਭਾਵ ਜਿਵੇਂ ਕਿ ਜੌਹਨ ਡਰੀਜ ਨੇ ਕਿਹਾ ਹੈ ਕਿ ਹਿੰਦੂਤਵ ਦਾ ਮੁਖ ਨਿਸ਼ਾਨਾ ਸਿਰਫ ਮੁਸਲਮਾਨ ਨਹੀਂ, ਸਗੋਂ ਇਸਾਈ, ਸਿੱਖ, ਦਲਿਤ, ਆਦਿਵਾਸੀ, ਕਮਿਊਨਿਸਟ, ਧਰਮ ਨਿਰਪੇਖ, ਤਰਕਸ਼ੀਲ, ਔਰਤ ਪੱਖੀ, ਭਾਵ ਸੰਖੇਪ ਵਿਚ ਉਹ ਸਾਰੇ ਲੋਕ ਸ਼ਾਮਿਲ ਹਨ, ਜਿਹੜੇ ਉਚ ਜਾਤੀਆਂ ਦੀ ਉਚਤਾ ਨੂੰ ਮੰਨਣ ਵਾਲੇ ਬ੍ਰਾਹਮਣਵਾਦੀ ਸਾਮਾਜਿਕ ਢਾਂਚੇ ਦੀ ਮੁੜ ਬਹਾਲੀ ਦੇ ਰਾਹ ਵਿਚ ਰੁਕਾਵਟ ਬਣਦੇ ਹਨ। ਜੌਹਨ ਡਰੀਜ ਦਾ ਇਹ ਕਹਿਣਾ ਵੀ ਠੀਕ ਹੈ ਕਿ ਮੋਦੀ ਸਰਕਾਰ ਉਤੇ ਆਰ. ਐਸ. ਐਸ. ਦੀ ਬਣੀ ਪਕੜ, ਇਸ ਦੇ ਹਥਿਆਰਬੰਦ ਗੁੱਟਾਂ ਨੂੰ ਮਿਲੀ ਤਾਕਤ ਤੇ ਪਿਛਲੇ ਸਾਲਾਂ ਵਿਚ ਹਿੰਦੂਤਵ ਦੇ ਕਲਪਿਤ ਦੁਸ਼ਮਣਾਂ ਉਤੇ ਵਧੇ ਹਮਲਿਆਂ ਤੇ ਇਨ੍ਹਾਂ ਦਾ ਸ਼ਿਕਾਰ ਹੋ ਰਹੇ ਤਬਕੇ ਜਰੂਰ ਹੀ ਅਗਲੇ ਸਾਲ ਹੋਣ ਵਾਲੀ ਪਾਰਲੀਮਾਨੀ ਚੋਣ ਵਿਚ ਇਸ ਦਾ ਠੋਕਵਾਂ ਜੁਆਬ ਦੇਣਗੇ। ਸ਼ੇਖਰ ਗੁਪਤਾ ਦੀ ਇਸ ਲਿਖਤ ਵਿਚੋਂ ਵੀ ਆਰ. ਐਸ. ਐਸ. ਤੇ ਮੋਦੀ ਸਰਕਾਰ ਦੀ ਨਿਰਾਸ਼ਾ, ਬਦਹਵਾਸੀ ਤੇ ਪ੍ਰੇਸ਼ਾਨੀ ਸਪਸ਼ਟ ਨਜਰ ਆ ਰਹੀ ਹੈ। ਹਰ ਹੀਲੇ ਚੋਣਾਂ ਜਿਤਣ ਦੇ ਯਤਨ, ਉਸ ਕੋਲੋਂ ਅਨੇਕ ਅਜਿਹੇ ਗਲਤ ਕੰਮ ਕਰਵਾਉਣਗੇ, ਜਿਹੜੇ ਉਸ ਦੇ ਵਿਰੁਧ ਲੋਕਾਂ ਨੂੰ ਵਡੀ ਪਧਰ ਉਤੇ ਇਕ ਜੁਟ ਕਰਨਗੇ। ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ ਵਿਚ ਸਮਾਜ ਨੂੰ ਸਮਰਪਿਤ ਵਿਦਿਆਰਥੀ ਜਥੇਬੰਦੀ (ਸਟੂਡੈਂਟਸ ਫਾਰ ਸੁਸਾਇਟੀ) ਦੀ ਹੋਈ ਜਿਤ ਨੇ ਵਿਖਾ ਦਿਤਾ ਹੈ ਕਿ ਜੇ ਕੋਈ ਲੋਕਪੱਖੀ ਧਿਰ ਪੂਰੀ ਦ੍ਰਿੜਤਾ, ਸਿਆਣਪ ਤੇ ਦੂਰਅੰਦੇਸ਼ੀ ਨਾਲ ਹਕੂਮਤੀ ਧਿਰ ਦੇ ਹੱਥਕੰਡਿਆਂ ਦਾ ਮੁਕਾਬਲਾ ਕਰਦੀ ਹੈ ਤਾਂ ਨਾ ਸਿਰਫ ਉਹ ਚੋਣ ਜਿਤ ਸਕਦੀ ਹੈ, ਸਗੋਂ ਪੈਸੇ ਤੇ ਧੌਂਸ ਦੀ ਰਾਜਨੀਤੀ ਨਾਲੋਂ ਤੋੜ ਵਿਛੋੜਾ ਕਰਕੇ ਚੰਗੀਆਂ ਪਿਰਤਾਂ ਵੀ ਪਾ ਸਕਦੀ ਹੈ। ਇਸ ਜਿੱਤ ਨੇ ਇਹ ਵੀ ਵਿਖਾ ਦਿੱਤਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ 2019 ਦੀਆਂ ਆਉਣ ਵਾਲੀਆਂ ਪਾਰਲੀਮੈਂਟ ਚੋਣਾਂ ਵਿਚ ਜਿੱਤ ਦਾ ਪਾਇਆ ਜਾ ਰਿਹਾ ਰੌਲਾ ਥੋਥਾ ਹੈ ਅਤੇ ਜੇ ਅਗਾਂਹਵਧੂ ਧਿਰਾਂ ਆਪਣੀ ਸੀਮਤ ਸਮਰਥਾ ਦੇ ਬਾਵਜੂਦ ਆਰ. ਐਸ. ਐਸ. ਤੇ ਭਾਰਤੀ ਜਨਤਾ ਪਾਰਟੀ ਦੀਆਂ ਵੰਡ-ਪਾਊ ਨੀਤੀਆਂ ਉਤੇ ਦ੍ਰਿੜ ਰਾਜਨੀਤਕ ਹਮਲਾ ਵਿਢਦੀਆਂ ਹਨ ਤਾਂ ਇਨ੍ਹਾਂ ਨੂੰ ਹਰਾਇਆ ਜਾ ਸਕਦਾ ਹੈ।

# ਅਧਿਆਪਨ ਦੀ ਕਾਲੀ ਰਾਤ

**ਅਧਿਆਪਕ ਦਿਵਸ 'ਤੇ ਵਿਸ਼ੇਸ਼**

ਸਿੱਖਿਆ ਚਿੰਤਨ ਅਤੇ ਸੰਵੇਦਨਾ ਦੀਆਂ ਸੰਭਾਵਨਾਵਾਂ ਨੂੰ ਵਿਕਸਿਤ ਕਰਨ ਦਾ ਉਪਰਾਲਾ ਹੈ ਤਾਂ ਜੋ ਵਿਅਕਤੀ ਅਤੇ ਸਮਾਜ ਹੋਰ ਖੁਸ਼ਹਾਲ, ਅਮਨ-ਪਸੰਦ, ਅਹਿੰਸਕ ਅਤੇ ਪ੍ਰਸੰਨ-ਚਿੱਤ ਜੀਵਨ ਜੀਅ ਸਕਣ। ਇਸ ਉਪਰਾਲੇ ਦੇ ਕੇਂਦਰ ਵਿਚ ਅਧਿਆਪਨ ਹੈ, ਜਿਸ ਦਾ ਕਾਰਜ ਉਸ ਦੇ ਆਤਮ-ਸਨਮਾਨ, ਸਮਾਜਕ ਗੌਰਵ ਅਤੇ ਬੌਧਿਕ ਆਜਾਦੀ ਨਾਲ ਅਟੁੱਟ ਰੂਪ ਵਿਚ ਜੁੜਿਆ ਹੋਇਆ ਹੈ। ਨੱਬੇਵਿਆਂ ਤੋਂ ਅਧਿਆਪਨ ਦੇ ਕਾਰਜ ਅਤੇ

**ਰਾਜੇਸ਼ ਸ਼ਰਮਾ**
ਫੋਨ: 91-78379-60942

ਅਧਿਆਪਕ ਦੀ ਪ੍ਰਤਿਸ਼ਠਾ ਨੂੰ ਖੋਰਾ ਲਾਉਣ ਦੀ ਪ੍ਰਕ੍ਰਿਆ ਸ਼ੁਰੂ ਹੁੰਦੀ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਸਿੱਖਿਆ-ਤੰਤਰ ਵਿਚ ਵੱਡੇ ਪੱਧਰ ਉਤੇ ਸੁਧਾਰਾਂ ਦੇ ਨਾਂ 'ਤੇ ਕੀਤੀ ਗਈ ਤਬਦੀਲੀ ਇਸ ਖੋਰੇ ਦਾ ਕਾਰਨ ਕਿਵੇਂ ਬਣਦੀ ਹੈ?

ਦੇਸ਼ ਵਿਚ ਆਰਥਕ ਵਸੀਲਿਆਂ ਦੀ ਤੋਟ ਅਤੇ ਤੇਜ਼ੀ ਨਾਲ ਬਦਲ ਰਹੀ ਗਲੋਬਲੀ ਦੁਨੀਆਂ ਵਿਚ ਆਪਣਾ ਆਪ ਕਾਇਮ ਰੱਖਣ ਦੀ ਲੋੜ ਤੋਂ ਪ੍ਰੇਰਿਤ ਸਿੱਖਿਆ ਦਾ ਵਿਆਪਕ ਵਿਸਥਾਰ ਇੱਕ ਅਜਿਹੇ ਵਰਗ ਨੂੰ ਜਨਮ ਦਿੰਦਾ ਹੈ, ਜਿਸ ਦੀ ਨਜ਼ਰ ਸਮਾਜਕ ਜ਼ਿੰਮੇਦਾਰੀ ਨਿਭਾਏ ਬਿਨਾ ਨਿਰੋਲ ਲਾਭ ਖੱਟਣ 'ਤੇ ਕੇਂਦ੍ਰਿਤ ਰਹਿੰਦੀ ਹੈ। ਇਹ ਵਰਗ ਵੱਡੇ ਪੱਧਰ 'ਤੇ ਸਿੱਖਿਆ ਸੰਸਥਾਵਾਂ ਸਥਾਪਤ ਕਰਦਾ ਹੈ। ਰੈਗੂਲੇਟਰੀ ਪ੍ਰਣਾਲੀ ਦੀ ਘਾਟ, ਦੂਰਗਾਮੀ ਯੋਜਨਾਬੰਦੀ ਅਤੇ ਯੋਜਨਾਵਾਂ ਨੂੰ ਸਮਾਂਬੱਧ ਢੰਗ ਨਾਲ ਲਾਗੂ ਕਰਨ ਦੀ ਕਮੀ ਤੇ ਦੂਰ-ਅੰਦੇਸ਼ ਸੂਝ-ਬੂਝ ਦਾ ਨਾ ਹੋਣਾ ਦੇਸ਼ ਦੇ ਸਿੱਖਿਆ ਪ੍ਰਬੰਧ ਨੂੰ ਬਿਹਤਰ ਬਣਾਉਣ ਦੀ ਥਾਂ, ਉਸ ਨੂੰ ਤਬਾਹ ਕਰਨ ਵਿਚ ਵੱਧ ਯੋਗਦਾਨ ਪਾਉਂਦੇ ਹਨ।

ਨੀਵੇਂ ਪੱਧਰ ਦੀ ਸਿੱਖਿਆ ਦਿੱਤੀ ਜਾਂਦੀ ਹੈ ਤੇ ਅਜਿਹੇ ਚਾਲੂ ਕੋਰਸ ਬਣਾ ਕੇ ਵੇਚੇ ਜਾਂਦੇ ਹਨ, ਜਿਨ੍ਹਾਂ ਦਾ ਕੋਈ ਭਵਿੱਖ ਨਹੀਂ ਹੁੰਦਾ। ਸਿੱਖਿਆ ਸੰਸਥਾਵਾਂ ਵਿਚ ਵੱਖੋ ਵੱਖ ਵਿਸ਼ਿਆਂ ਨਾਲ ਸਬੰਧਤ ਲੈਬਾਰਟਰੀਆਂ ਜਾਂ ਤਾਂ ਸਥਾਪਤ ਹੀ ਨਹੀਂ ਕੀਤੀਆਂ ਜਾਂਦੀਆਂ ਜਾਂ ਬਹੁਤ ਹੀ ਮਾੜੀ ਹਾਲਤ ਵਿਚ ਹੁੰਦੀਆਂ ਹਨ। ਲਾਇਬਰੇਰੀਆਂ ਵਿਚ ਪੜ੍ਹਨਯੋਗ ਸਮੱਗਰੀ ਦੀ ਘਾਟ ਚਿੰਤਾ ਦਾ ਇਕ ਵੱਡਾ ਵਿਸ਼ਾ ਹੈ। ਅਜਿਹੀਆਂ ਸੰਸਥਾਵਾਂ ਦਾ ਉਦੇਸ਼ ਸਿੱਖਿਆ ਨਹੀਂ ਬਲਕਿ ਵਿਦਿਆਰਥੀਆਂ ਤੋਂ ਪੈਸਾ ਖੋਹਣਾ ਹੈ। ਇਸ ਲਈ ਉਹ ਜ਼ਬਰਦਸਤੀ ਅਧਿਆਪਕਾਂ ਦੀਆਂ ਟੀਮਾਂ ਬਣਾ ਕੇ ਦੂਰ ਦਰਾਜ ਵਿਦਿਆਰਥੀ ਰੂਪੀ ਸ਼ਿਕਾਰ ਦੀ ਭਾਲ ਕਰਦੇ ਹਨ।

ਸਿੱਖਿਆ ਦੇ ਖੇਤਰ ਵਿਚ ਨਿੱਤਰੇ 'ਵਪਾਰੀ' ਜਿਥੇ ਗਲ-ਵੱਢ ਮੁਕਾਬਲੇ ਵਿਚ ਕੁਝ ਵੀ ਕਰਨ ਲਈ ਤਿਆਰ ਹੁੰਦੇ ਹਨ, ਉਥੇ ਹੀ ਉਹ ਪੈਸਾ ਕਮਾਉਣ ਦੇ ਲਾਲਚ ਵਿਚ ਬੇਇਖਲਾਕੀ ਦੀਆਂ ਸਭ ਹੱਦਾਂ ਪਾਰ ਕਰ ਜਾਂਦੇ ਹਨ। ਪੋਸਟ-ਮੈਟ੍ਰਿਕ ਸਕੀਮ ਦੇ ਨਾਂ ਹੇਠ ਹੋਏ ਘੋਟਾਲੇ ਇਸੇ ਦੀ ਨਵੀਂ ਮਿਸਾਲ ਹਨ। ਇਹ ਵਰਗ ਸਰਕਾਰੀ ਅਧਿਕਾਰੀਆਂ ਤੱਕ ਇਕ ਜ਼ਬਰਦਸਤ ਲਾਬੀ ਦੇ ਰੂਪ ਵਿਚ ਭਾਈਵਾਲੀ ਪਾਉਂਦਿਆਂ ਆਪਣੀ ਪਹੁੰਚ ਤੇ ਰਸੂਖ ਬਣਾਉਂਦਾ ਹੈ ਅਤੇ ਆਪਣੇ ਲਾਲਚ ਖਾਤਰ ਸਰਕਾਰੀ ਅਦਾਰਿਆਂ ਵਿਚਲੇ ਅਧਿਆਪਕਾਂ ਦੀਆਂ ਤਨਖਾਹਾਂ 'ਤੇ ਕੁਹਾੜੀ ਚਲਵਾਉਂਦਾ ਹੈ, ਤਾਂ ਜੋ ਕਰੋੜਾਂ ਰੁਪਏ ਦਾ ਲਾਭ ਕਮਾਉਂਦੇ ਪ੍ਰਾਈਵੇਟ ਅਦਾਰੇ ਵੀ 'ਕਾਨੂੰਨੀ' ਦਾਇਰੇ 'ਚ ਰਹਿੰਦਿਆਂ ਘੱਟ ਤੋਂ ਘੱਟ ਮੁੱਲ ਉਪਰ ਅਧਿਆਪਨ ਦੀਆਂ ਸੇਵਾਵਾਂ ਖਰੀਦ ਸਕਣ।

ਸਮਾਜ ਵਿਚ ਲਗਾਤਾਰ ਆਪਣੀ ਪਹੁੰਚ ਪਸਾਰ ਰਿਹਾ ਕਾਰਪੋਰੇਟ ਮੀਡੀਆ ਬਦਲ ਰਹੇ ਪ੍ਰਵਚਨ ਵਿਚ ਸਿੱਖਿਆ ਨੂੰ 'ਕਦੇ ਨਾ ਚੋਰੀ ਕੀਤੀ ਜਾ ਸਕਣ ਵਾਲੇ ਅਮੁੱਲ ਹਾਸਲ' ਤੋਂ ਬਦਲ ਕੇ ਮਾਤਰ ਵਪਾਰ ਦੀ ਵਸਤ ਬਣਾ ਦਿੰਦਾ ਹੈ। ਇਸ ਤਹਿਤ ਵਿਦਿਆਰਥੀ ਖਪਤਕਾਰ ਬਣ ਜਾਂਦਾ ਹੈ, ਅਧਿਆਪਕ ਤੇ ਸੰਸਥਾਵਾਂ ਸਰਵਿਸ ਪ੍ਰੋਵਾਈਡਰ। ਚਿੰਤਨ, ਸਵੈ-ਚਿੰਤਨ, ਵਿਗਿਆਨਕ ਸੋਚ, ਗਿਆਨ ਦੀ ਨਿਰਸਵਾਰਥ ਤਲਾਸ਼, ਸਭਿਆਚਾਰਕ ਪਰਿਵਰਤਨਾਂ ਲਈ ਪ੍ਰਤੀਬੱਧਤਾ, ਬਿਹਤਰ ਸੰਸਾਰ ਦਾ ਤੱਸਵਰ ਆਦਿ ਵਰਗੇ ਪਾਰ-ਇਤਿਹਾਸਕ ਆਦਰਸ਼ ਦੇਖਦੇ ਹੀ ਦੇਖਦੇ ਪੁਰਾਣੇ ਫਰਨੀਚਰ ਵਾਂਗ ਨਵੇਂ ਬਾਜ਼ਾਰ ਦੀ ਲੋਹੜੀ ਵਿਚ ਬਾਲ ਦਿੱਤੇ ਜਾਂਦੇ ਹਨ। ਦੇਸ਼ ਦੇ ਸਭਿਆਚਾਰਕ ਵਿਰਸੇ ਨੂੰ ਇਸ ਹੱਦ ਤੱਕ ਤਾਂ ਬਸਤੀਵਾਦੀ ਹਕੂਮਤ ਨੇ ਵੀ ਢਾਹ ਨਹੀਂ ਲਾਈ ਸੀ। ਪੂੰਜੀਵਾਦੀ ਕਹੇ ਜਾਣ ਵਾਲੇ ਅਮਰੀਕਾ ਵਰਗੇ ਦੇਸ਼ ਨੇ ਵੀ ਸਿੱਖਿਆ ਨੂੰ ਨਿਰੋਲ ਵਪਾਰੀਕਰਨ ਤੋਂ ਬਚਾ ਕੇ ਰੱਖਿਆ ਹੋਇਆ ਹੈ। ਸੰਸਾਰ ਦੀਆਂ ਸਿਰਮੌਰ ਰਿਸਰਚ ਯੂਨੀਵਰਸਿਟੀਆਂ ਅੱਜ ਵੀ ਪਬਲਿਕ ਖੇਤਰ ਦੀਆਂ ਹੀ ਯੂਨੀਵਰਸਿਟੀਆਂ ਹਨ।

ਇਸੇ ਲਈ ਸਰਵਪਾਲੀ ਰਾਧਾਕ੍ਰਿਸ਼ਨਨ ਦੀ ਯਾਦ ਵਿਚ ਮਨਾਇਆ ਜਾਂਦਾ ਅਧਿਆਪਕ ਦਿਵਸ ਅੱਜ ਇਕ ਗਹਿਰੀ ਵਿਡੰਬਨਾ ਦਾ ਸੂਚਕ ਬਣ ਕੇ ਉਭਰਿਆ ਹੈ। ਸਰਕਾਰੀ ਵਪਾਰੀ ਤੰਤਰ ਦੁਆਰਾ ਇਹ ਦਿਹਾੜਾ ਆਪਣੀ ਦੋਸ਼ੀ ਅੰਤਰ-ਆਤਮਾ ਉਪਰ ਸਫੈਦੀ ਦਾ ਪੋਚਾ ਲਾਉਣ ਤੋਂ ਇਲਾਵਾ ਕੋਈ ਕੰਮ ਨਹੀਂ ਕਰਦਾ।

ਪੰਜਾਬ ਵਿਚਲਾ ਸੱਚ ਇਹ ਹੈ ਕਿ ਅਧਿਆਪਕਾਂ ਦੀ ਬਹੁਗਿਣਤੀ ਨੂੰ ਦਿਹਾੜੀਦਾਰ ਮਜ਼ਦੂਰ ਤੋਂ ਵੀ ਘੱਟ ਪੈਸੇ ਮਿਲਦੇ ਹਨ। ਮਜ਼ਦੂਰ ਤਾਂ ਸਵੈ-ਮਾਣ ਦੀ ਰਾਖੀ ਲਈ ਫਿਰ ਵੀ ਕਦੇ ਕਦੇ ਲੜਾਈ ਲੈਣ ਦੀ ਤਾਕਤ ਰੱਖਦਾ ਹੈ ਪਰ ਅਧਿਆਪਕ ਇਕ ਅਜਿਹੇ ਤਾਨਾਸ਼ਾਹੀ ਵਿੱਦਿਅਕ ਸ਼ਕਤੀ ਸੰਰਚਨਾ ਵਾਲੇ ਸਿੱਖਿਆ-ਤੰਤਰ ਦੀਆਂ ਦਾੜ੍ਹਾਂ ਵਿਚਕਾਰ ਦਰੜਿਆ ਜਾ ਰਿਹਾ ਹੈ, ਜਿਥੋਂ ਉਸ ਦੀ ਆਵਾਜ਼ ਵੀ ਸੁਣਾਈ ਨਹੀਂ ਦਿੰਦੀ। ਨਿਰਾਸ਼ ਅਤੇ ਨਿਰੰਤਰ ਚਿੰਤਤ ਅਧਿਆਪਕ ਤੋਂ ਜੇ ਅਸੀਂ ਸਮਾਜ ਨਿਰਮਾਣ, ਮਨੁੱਖੀ ਪ੍ਰੇਰਨਾ ਆਦਿ ਦੀਆਂ ਉਮੀਦਾਂ ਲਾ ਕੇ ਬੈਠੇ ਹੋਏ ਹਾਂ ਤਾਂ ਅਸੀਂ ਇਕ ਅਜਿਹੇ ਖਤਰਨਾਕ ਭੁਲੇਖੇ ਵਿਚ ਜੀਅ ਰਹੇ ਹਾਂ, ਜੋ ਸਾਥੋਂ ਆਪਣੇ ਦੇਸ਼, ਸਮਾਜ ਅਤੇ ਵਿਦਿਆਰਥੀਆਂ ਪ੍ਰਤੀ ਧ੍ਰੋਹ ਕਰਵਾਉਂਦਾ ਹੈ। ਸਾਨੂੰ ਅੱਖਾਂ ਖੋਲ੍ਹ ਕੇ ਭਵਿੱਖ ਦੇਖਣ ਦੀ ਥਾਂ ਹਨੇਰਾ ਕਬੂਲਣ ਲਈ ਪ੍ਰੇਰਦਾ ਹੈ।

ਜਨਮ ਦਿਨ 'ਤੇ ਵਿਸ਼ੇਸ਼

# ਟੁੱਟੇ ਰਿਸ਼ਤਿਆਂ ਦੀ ਟੁੱਟ-ਭੱਜ

*31 ਅਗਸਤ 1919 ਨੂੰ ਗੁਜਰਾਂਵਾਲਾ ਵਿਚ ਪੈਦਾ ਹੋਈ ਅੰਮ੍ਰਿਤਾ ਪ੍ਰੀਤਮ ਪੰਜਾਬੀ ਭਾਸ਼ਾ ਵਿਚ ਲਿਖਣ ਵਾਲੀ ਪਹਿਲੀ ਕਵਿਤਰੀ ਸੀ। ਜੇ ਅੱਜ ਅੰਮ੍ਰਿਤਾ ਜ਼ਿੰਦਾ ਹੁੰਦੀ ਤਾਂ ਉਸ ਨੂੰ 100ਵਾਂ ਸਾਲ ਲੱਗ ਜਾਂਦਾ (31 ਅਕਤੂਬਰ 2005 ਨੂੰ ਉਹ ਇਸ ਜਹਾਨ ਨੂੰ ਅਲਵਿਦਾ ਆਖ ਗਈ)। ਉਸ ਨੂੰ ਸਮਰਪਿਤ ਸਾਹਿਤਕ ਸਮਾਰੋਹ ਪੂਰਾ ਸਾਲ ਚੱਲਦੇ ਰਹਿਣਗੇ। ਅੰਮ੍ਰਿਤਾ ਨੇ 100 ਤੋਂ ਵੱਧ ਕਿਤਾਬਾਂ ਲਿਖੀਆਂ। 1956 ਵਿਚ ਉਸ ਨੂੰ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਆ ਗਿਆ। ਉਸ ਨੂੰ ਭਾਰਤ ਸਰਕਾਰ ਨੇ ਵੀ ਪਦਮਸ਼੍ਰੀ ਤੇ ਪਦਮ ਵਿਭੂਸ਼ਣ ਜਿਹੇ ਸਨਮਾਨਾਂ ਨਾਲ ਨਵਾਜਿਆ। ਅੰਮ੍ਰਿਤਾ ਪ੍ਰੀਤਮ ਦੇ ਜਨਮ ਦਿਨ ਮੌਕੇ ਅਸੀਂ ਪ੍ਰਸਿਧ ਸਾਹਿਤਕਾਰ ਗੁਲਜ਼ਾਰ ਸਿੰਘ ਸੰਧੂ, ਜਿਨ੍ਹਾਂ ਅੰਮ੍ਰਿਤਾ ਪ੍ਰੀਤਮ ਦਾ ਸੰਗ ਵੀ ਮਾਣਿਆ, ਦੇ ਦੋ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਮੁਫਲਸੀ, ਬੇਰੋਜ਼ਗਾਰੀ, ਰੇਪ,
ਰਿਸ਼ਵਤ, ਕਤਲ ਸਭ
ਵਕਤੇ ਆਖਿਰ ਨਾਮ ਤੇਰੇ
ਐ ਵਤਨ ਕਰ ਜਾਏਂਗੇ।

ਉਰਦੂ ਕਵਿਤਾ ਵਿਚ ਲਿਖੇ ਵਿਅੰਗ ਕਸਣ ਵਾਲੇ ਟੀ. ਐਨ. ਰਾਜ਼ ਦੇ ਇਸ ਸ਼ਿਅਰ ਦਾ ਕੋਈ ਜਵਾਬ ਨਹੀਂ। ਇਸ ਵਿਚ ਅਜੋਕੇ ਸਮਿਆਂ ਦੀ ਦੁਰਦਸ਼ਾ ਉਤੇ ਡੂੰਘੀ ਚੋਟ ਹੈ। ਗਰੀਬੀ ਤੇ ਬੇਰੋਜ਼ਗਾਰੀ ਤਾਂ ਪਹਿਲੇ ਸਮਿਆਂ ਵਿਚ ਵੀ ਘਟ ਨਹੀਂ ਸੀ ਪਰ ਰੇਪ, ਰਿਸ਼ਵਤ ਤੇ ਕਤਲਾਂ ਦਾ ਵਾਰਾ ਪਹਿਰਾ ਨੇੜਲੇ ਵਰਤਮਾਨ ਦੀ ਦੇਣ ਹੈ। ਇਨ੍ਹਾਂ ਵਿਚ ਨਸ਼ੇੜੀਆਂ ਦੀਆਂ ਕਰਤੂਤਾਂ ਤੇ ਨਸ਼ਾ ਤਸਕਰਾਂ ਦਾ ਯੋਗਦਾਨ ਵੀ ਜੋੜ ਲਈਏ ਤਾਂ ਅਜੋਕੇ ਮੀਡੀਆਂ ਵਿਚ ਇਨ੍ਹਾਂ ਤੋਂ ਬਿਨਾ ਹੋਰ ਕੁਝ ਵੀ ਨਹੀਂ ਲਭਦਾ। ਸਵੇਰ ਦੀ ਅਖਬਾਰ ਨੂੰ ਹੱਥ ਲਾਇਆਂ ਮਨ ਤ੍ਰਹਿੰਦਾ ਹੈ। ਬਾਪ-ਬੇਟੇ ਦੀ ਤੂੰ-



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਤੂੰ, ਮੈਂ-ਮੈਂ ਦਾ ਕਤਲ ਤੱਕ ਚਲੇ ਜਾਣਾ ਹੀ ਨਹੀਂ, ਨੰਨ੍ਹੀਆਂ ਜਿੰਦਾਂ ਦੇ ਆਂਢੀਆਂ-ਗੁਆਂਢੀਆਂ ਤੇ ਨੇੜਲੇ ਸਾਕਾਂ-ਸਬੰਧੀਆਂ ਵਲੋਂ ਬਲਾਤਕਾਰ ਦੀਆਂ ਖਬਰਾਂ ਪੜ੍ਹ ਕੇ ਮਨ ਘ੍ਰਿਣਾ ਨਾਲ ਭਰ ਜਾਂਦਾ ਹੈ।

ਇਹ ਵਰਤਾਰਾ ਪਿਛਲੇ ਦੋ ਕੁ ਸਾਲਾਂ ਤੋਂ ਹਰ ਤਰ੍ਹਾਂ ਦੇ ਹੱਦਾਂ ਬੰਨੇ ਟੱਪ ਗਿਆ ਹੈ, ਸੂਰਮਗਤੀ ਲਈ ਜਾਣੇ ਜਾਂਦੇ ਹਰਿਆਣਾ ਵਿਚ ਸਭ ਤੋਂ ਵਧ। ਘੜੀ-ਮੁੜੀ ਇਸ ਦਾ ਜ਼ਿਕਰ ਕਰਦਿਆਂ ਵੀ ਸ਼ਰਮ ਆਉਂਦੀ ਹੈ। ਇਸ ਵਾਰ ਦਾ ਸਬੱਬ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਬਣੀ, ਜੋ ਉਸ ਦੀ ਜਨਮ ਸ਼ਤਾਬਦੀ ਦੀ ਗੱਲ ਕਰਦਿਆਂ ਚੇਤੇ ਆ ਗਈ। ਉਸ ਨੇ 31 ਅਗਸਤ ਵਾਲੇ ਦਿਨ ਆਪਣੀ ਉਪਮਾ ਦੇ 100ਵੇਂ ਸਾਲ ਵਿਚ ਪਰਵੇਸ਼ ਕਰ ਜਾਣਾ ਸੀ। ਭਾਵੇਂ ਇਹ ਕਵਿਤਾ ਕਾਵਿਕ ਉਤਮਤਾ ਤੋਂ ਕੋਰੀ ਹੈ, ਪਰ ਅੱਜ ਦੇ ਸਮੇਂ ਵਿਚ ਇਸ ਨੂੰ ਚੇਤੇ ਕਰਨ ਦਾ ਮੂਲ ਕਾਰਨ ਇਹਦੇ ਵਿਚਲਾ ਸੰਦੇਸ਼ ਹੈ। ਇਹ ਦੇਸ਼ ਵੰਡ ਦੇ ਖੂਨ ਖਰਾਬੇ, ਕਤਲੇਆਮ ਤੇ ਜਬਰਜਨਾਹ ਨੂੰ ਯਾਦ ਕਰਾਉਂਦਾ ਹੈ।

ਕੁਝ ਇਸ ਤਰ੍ਹਾਂ ਜਿਵੇਂ ਕਿਸੇ ਮਾੜੀ ਘਟਨਾ ਤੋਂ ਕਾਵਿਕ ਉਤਮਤਾ ਵੀ ਤ੍ਰਹਿੰਦੀ ਹੋਵੇ। ਖੈਰ!

ਇਸ ਕਵਿਤਾ ਦੇ ਹਰਮਨ ਪਿਆਰੀ ਹੋਣ ਦਾ ਭੇਤ ਹੀ ਇਸ ਵਿਚ ਸੀ ਕਿ ਇਹ ਪੰਜਾਬੀ ਸਮਾਂ ਪਾ ਕੇ ਵੀ ਵੰਡ ਉਤੇ ਹੰਝੂ ਕੇਰਦੀ ਸੀ, ਜਿਸ ਨੇ ਸਮਾਂ ਏਧਰਲੇ ਪੰਜਾਬ ਨੂੰ ਹਰਿਆਣਾ ਤੇ ਪੰਜਾਬ ਰਾਜਾਂ ਵਿਚ ਹੀ ਨਹੀਂ ਵੰਡਿਆ, ਇਸ ਵਿਚੋਂ ਹਿਮਾਚਲ ਦੇ ਮਨਮੋਹਣੇ ਖੇਤਰ ਵੀ ਕਢਵਾ ਦਿੱਤੇ। ਇਸ ਦੀਆਂ ਅੱਗੋਂ ਵੰਡੀਆਂ ਪਾਉਣ ਵਾਲੇ ਵੀ ਮੂੰਹ ਅੱਡੀ ਫਿਰਦੇ ਹਨ।

ਖੈਰ ਸਾਨੂੰ ਦੇਸ਼ਾਂ-ਦੇਸ਼ਾਂਤਰਾਂ ਦੀ ਟੁੱਟ ਭੱਜ ਵਿਚੋਂ ਨਿਕਲ ਕੇ ਅੰਮ੍ਰਿਤਾ ਪ੍ਰੀਤਮ ਦੀ ਜੀਵਨੀ ਤੇ ਰਚਨਾਕਾਰੀ ਦੀ ਗੱਲ ਕਰਨੀ ਚਾਹੀਦੀ ਹੈ, ਰਚਨਾਵਾਂ ਦੀ ਪਹਿਲਾਂ। ਉਹ ਡੇਢ ਦਰਜਨ ਕਾਵਿ ਪੁਸਤਕਾਂ, ਇਸ ਤੋਂ ਵੱਧ ਨਾਵਲਾਂ ਤੇ ਅੱਧੀ ਦਰਜਨ ਕਹਾਣੀ ਸੰਗ੍ਰਿਹਾਂ ਦੀ ਰਚੈਤਾ ਸੀ। ਉਸ ਦੀਆਂ ਰਚਨਾਵਾਂ ਦਾ ਅਨੁਵਾਦ ਭਾਰਤ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਵਿਚ ਹੋ ਕੇ ਦੇਸ਼ ਦੇ ਕੋਨੇ ਕੋਨੇ ਤੱਕ ਪਹੁੰਚਿਆ, ਇਥੋਂ ਤੱਕ ਕਿ ਦੇਸ਼ ਤੋਂ ਬਾਹਰ ਰੂਸ, ਬੁਲਗਾਰੀਆ, ਸਪੇਨ, ਅਲਬੇਨੀਆ, ਅਰਬ, ਚੀਨ, ਜਪਾਨ, ਚੈਕੋਸਲੋਵਾਕੀਆ, ਹੰਗਰੀ, ਰੋਮਾਨੀਆ, ਉਜ਼ਬੇਕਿਸਤਾਨ, ਯੂਕਰੇਨ, ਮੈਕੇਡੋਨੀਆ ਤੇ ਜਰਮਨੀ ਵਿਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਵਿਚ ਵੀ। ਉਹ ਦੇਸ਼-ਵਿਦੇਸ਼ ਦੇ 18-20 ਪੁਰਸਕਾਰਾਂ ਦੀ ਵਿਜੇਤਾ ਵੀ ਹੋ ਨਿਬੜੀ।

ਜਿੱਥੇ ਰਚਨਾਕਾਰੀ ਪੱਖੋਂ ਉਹ ਆਪਣੇ ਪੰਜਾਬ ਦੀ ਪਸੰਦੀਦਾ ਸਾਹਿਤਕਾਰਾ ਵਜੋਂ ਸਥਾਪਤ ਹੋਈ, ਉਸ ਦਾ ਨਿੱਜੀ ਜੀਵਨ ਟੁੱਟ-ਭੱਜ ਨਾਲ ਭਰਿਆ ਹੋਇਆ ਸੀ। ਛੋਟੀ ਉਮਰੇ ਵਿਆਹੇ ਜਾਣ ਪਿੱਛੋਂ ਦੋ ਬੱਚਿਆਂ ਦੀ ਮਾਂ ਤਾਂ ਬਣੀ ਪਰ ਸਾਰੀ ਉਮਰ ਪਤੀ ਤੋਂ ਦੂਰ ਰਹੀ। ਪਤੀ ਦਾ ਨਾਂ ਪ੍ਰੀਤਮ ਸਿੰਘ ਸੀ ਤੇ ਇਹ ਨਾਂ ਅੰਮ੍ਰਿਤਾ ਦੇ ਨਾਂ ਨਾਲ ਕੇਵਲ 'ਅੰਮ੍ਰਿਤਾ ਪ੍ਰੀਤਮ' ਵਜੋਂ ਜੁੜਿਆ ਰਿਹਾ।



ਦੇਸ਼ ਵੰਡ ਤੋਂ ਪਿੱਛੋਂ ਉਹ ਕਾਫੀ ਸਮਾਂ ਵੈਸਟ ਪਟੇਲ ਨਗਰ ਰਹੀ ਪਰ ਮਹਿੰਦਰ ਸਿੰਘ ਰੰਧਾਵਾ ਵਲੋਂ ਦਿਵਾਏ ਗਏ ਸਸਤੇ ਪਲਾਟ ਉਤੇ ਕੋਠੀ ਬਣ ਜਾਣ ਪਿਛੋਂ ਉਹ ਹੌਜ਼ ਖਾਸ ਐਨਕਲੇਵ ਚਲੀ ਗਈ, ਜਿਥੇ ਕਰਤਾਰ ਸਿੰਘ ਦੁੱਗਲ ਤੇ ਭਾਪਾ ਪ੍ਰੀਤਮ ਸਿੰਘ ਤੋਂ ਬਿਨਾ ਉਸ ਦੇ ਕਈ ਕਲਾਕਾਰ ਗਵਾਂਢੀ ਬਣੇ, ਰੰਧਾਵਾ ਸਾਹਿਬ ਦੀ ਬਦੌਲਤ। ਇਥੇ ਜਾ ਕੇ ਉਹ ਭੰਗੂ ਗੋਤ ਦੇ ਆਰਟਿਸਟ ਇੰਦਰਜੀਤ ਦੇ ਸੰਪਰਕ ਵਿਚ ਆ ਗਈ, ਜੋ ਇਮਰੋਜ਼ ਨਾਂ ਧਾਰ ਕੇ ਉਸ ਦੇ ਅੰਤਲੇ ਸਾਹਾਂ ਤੱਕ ਉਸ ਦਾ ਸਾਥੀ ਰਿਹਾ। ਇਸ ਘਰ ਦੇ ਦਰ-ਦੀਵਾਰਾਂ ਉਤੇ ਇੰਦਰਜੀਤ ਉਰਫ ਇਮਰੋਜ਼ ਨੇ ਅੰਮ੍ਰਿਤਾ ਪ੍ਰੀਤਮ ਦੇ ਸ਼ਿਅਰ ਅਤੇ ਕਵਿਤਾਵਾਂ ਬੜੇ ਹੀ ਸੁੰਦਰ ਅੱਖਰਾਂ ਵਿਚ ਇਕ ਵਧੀਆ ਕਾਤਬ ਵਜੋਂ ਲਿਖੇ। ਇਹ ਗੱਲ ਵੱਖਰੀ ਹੈ ਕਿ ਉਸ ਦੀ ਕੁੱਖ ਤੋਂ ਜਨਮੇ ਉਸ ਦੇ ਪੱਤਰ ਨਵਰਾਜ ਨੇ ਉਹ ਕੋਠੀ ਵੇਚ ਕੇ ਇਸ ਦਾ ਕਾਲਾ ਧਨ ਤਾਂ ਆਪਣੀ ਜੇਬ ਵਿਚ ਪਾ ਲਿਆ ਤੇ ਚਿੱਟੇ ਧਨ ਵਿਚੋਂ ਗਰੇਟਰ ਕੈਲਾਸ਼, ਨਵੀਂ ਦਿੱਲੀ ਦੀ ਬਹੁਮੰਜ਼ਲੀ ਇਮਾਰਤ ਵਿਚੋਂ ਇੱਕ ਨਿੱਕਾ ਜਿਹਾ ਫਲੈਟ ਖਰੀਦ ਕੇ ਆਪਣੀ ਭੈਣ ਕੰਦਲਾ ਨੂੰ ਉਥੇ ਭੇਜ ਦਿੱਤਾ ਤੇ ਇੱਕ ਏਡਾ ਹੀ ਫਲੈਟ ਉਸ ਦੇ ਸਾਹਮਣੇ ਲੈ ਕੇ ਇਮਰੋਜ਼ ਨੂੰ ਵਸਦਾ ਕਰ ਦਿੱਤਾ।

ਇਮਰੋਜ਼ ਦੇ ਚਿੱਤਰਕਾਰੀ ਹੱਥਾਂ ਨਾਲ ਲਿਖੀਆਂ ਅੰਮ੍ਰਿਤਾ ਦੀਆਂ ਕਵਿਤਾਵਾਂ ਵੀ ਨਾਲ ਹੀ ਵਿਕ ਵਿਕਾ ਗਈਆਂ। ਹਾਲਾਤ ਦੀ ਸਿਤਮਜ਼ਰੀਫੀ ਇਹ ਕਿ ਨਵਰਾਜ ਨੇ ਆਪਣੇ ਨਾਲ ਆਰਕੀਟੈਕਟ ਵਜੋਂ ਕੰਮ ਕਰਦੀ ਇੱਕ ਗੁਜਰਾਤੀ ਮਹਿਲਾ ਨਾਲ ਸ਼ਾਦੀ ਕੀਤੀ, ਜੋ ਬਹੁਤ ਛੇਤੀ ਟੁੱਟ ਗਈ। ਉਸ ਤੋਂ ਪਿੱਛੋਂ ਉਹ ਕਾਲੇ ਧਨ ਸਦਕਾ ਆਪਣੇ ਇਕ ਮਾਤਹਿਤ ਦੀ ਅਲਕਾ ਨਾਮੀ ਬੇਟੀ ਨੂੰ ਵਿਆਹ ਕੇ ਮੁੰਬਈ ਜਾ ਵੱਸਿਆ, ਜਿੱਥੇ ਜਾ ਕੇ ਕਥਿਤ ਤੌਰ 'ਤੇ ਅਜਿਹੇ ਧੰਦੇ ਵਿਚ ਪੈ ਗਿਆ ਕਿ ਉਸ ਨੂੰ ਧੰਦੇ ਦੇ ਭਾਈਵਾਲ ਨੇ ਕਤਲ ਕਰਾ ਦਿੱਤਾ। ਉਧਰ ਕੰਦਲਾ ਦੇ ਪਤੀ ਨੇ ਵੀ ਦੋ ਬੱਚਿਆਂ ਦਾ ਬਾਪ ਹੋ ਕੇ ਉਸ ਨੂੰ ਤਲਾਕ ਦੇ ਦਿੱਤਾ। ਅੰਮ੍ਰਿਤਾ ਪ੍ਰੀਤਮ ਦੇ ਆਪਣੇ ਰਿਸ਼ਤੇ ਦੀ ਟੁੱਟ-ਭੱਜ ਉਸ ਦੇ ਆਪਣੇ ਹੱਥੀਂ ਪਾਲੇ ਨਵਰਾਜ ਤੇ ਕੰਦਲਾ ਉਤੇ ਵੀ ਭਾਰੂ ਹੋਈ। ਅੱਜ ਕੱਲ੍ਹ ਕੰਦਲਾ ਅਮਰੀਕਾ ਦੀ ਵਰਜੀਨੀਆ ਸਟੇਟ ਵਿਚ ਆਪਣੇ ਬੱਚਿਆਂ ਕੋਲ ਬੁਢਾਪਾ ਕੱਟ ਰਹੀ ਹੈ ਤੇ ਨਵਰਾਜ ਦੀ ਵਿਧਵਾ ਅਲਕਾ ਆਪਣੇ ਬੱਚਿਆਂ ਕੋਲ ਮੁੰਬਈ ਵਿਖੇ।

ਚੰਗੀ ਗੱਲ ਇਹ ਕਿ ਅੰਮ੍ਰਿਤਾ ਵਾਲਾ ਇਮਰੋਜ਼ ਅਲਕਾ ਤੇ ਉਸ ਦੇ ਬੱਚਿਆਂ ਨੂੰ ਆਪਣੇ ਬੱਚਿਆਂ ਵਾਂਗ ਸਮਝਦਾ ਹੈ। ਪਿੱਛੇ ਜਿਹੇ ਮੁੰਬਈ ਉਨ੍ਹਾਂ ਕੋਲ ਰਹਿਣ ਗਿਆ ਸੀ ਤਾਂ ਅਲਕਾ ਨੂੰ ਆਪਣੇ ਨਾਲ ਨਵੀਂ ਦਿੱਲੀ ਲੈ ਆਇਆ। ਇਨ੍ਹਾਂ ਸਤਰਾਂ ਦੇ ਲਿਖਣ ਤੱਕ ਅਲਕਾ ਆਪਣੇ ਪਿਤਾ ਰੂਪੀ ਇਮਰੋਜ਼ ਕੋਲ ਰਹਿ ਰਹੀ ਹੈ ਤੇ ਇਨ੍ਹਾਂ ਸਤਰਾਂ ਦੇ ਛਪਣ ਤੱਕ ਉਹ ਇਮਰੋਜ਼ ਦੀ ਸੰਗਤ ਵਿਚ ਉਸ ਸਮਾਗਮ ਵਿਚ ਭਾਗ ਲੈ ਚੁਕੀ ਹੋਵੇਗੀ ਜੋ ਅੰਮ੍ਰਿਤਾ ਦੀ ਜਨਮ ਸ਼ਤਾਬਦੀ ਦੇ ਸਬੰਧ ਵਿਚ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵਲੋਂ ਰਚਾਇਆ ਜਾ ਰਿਹਾ ਹੈ। ਅੰਮ੍ਰਿਤਾ ਪ੍ਰੀਤਮ ਦੇ ਰਹਿ ਚੁਕੇ ਗਵਾਂਢੀ ਭਾਪਾ ਪ੍ਰੀਤਮ ਸਿੰਘ ਦੀ ਬੇਟੀ ਰੇਣੁਕਾ ਸਿੰਘ ਇਸ ਸਭਾ ਦੀ ਰੂਹੇ ਰਵਾਂ ਹੈ। ਸੱਚੇ ਸੁੱਚੇ ਪੰਜਾਬੀ ਰਿਸ਼ਤਿਆਂ ਦੀ ਟੁੱਟ-ਭੱਜ ਨਾਲ ਨਿਪਟਣ ਦੇ ਆਦੀ ਹੋ ਚੁਕੇ ਹਨ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਜ਼ਿੰਦਾਬਾਦ।

**ਅੰਤਿਕਾ: ਅੰਮ੍ਰਿਤਾ ਪ੍ਰੀਤਮ**

ਜਦ ਕਦੀ ਵੀ ਗੀਤ ਮੇਰਾ
ਕੋਈ ਕਿਧਰੇ ਗਾਏਗਾ
ਜ਼ਿਕਰ ਤੇਰਾ ਆਏਗਾ, ਤੂੰ ਨਹੀਂ ਆਇਆ।
ਇਸ਼ਕ ਦੀ ਦਹਿਲੀਜ਼ 'ਤੇ
ਸਿਜਦਾ ਕਰੇਗਾ ਜਦ ਕੋਈ
ਯਾਦ ਫਿਰ ਦਹਿਲੀਜ਼ ਨੂੰ
ਮੇਰਾ ਜ਼ਮਾਨਾ ਆਏਗਾ
ਤੂੰ ਨਹੀਂ ਆਇਆ।

# ਮੇਰੇ ਚੇਤਿਆਂ ਦੀ ਅੰਮ੍ਰਿਤਾ ਪ੍ਰੀਤਮ

**ਗੁਲਜ਼ਾਰ ਸਿੰਘ ਸੰਧੂ**

ਲਾਹੌਰ ਬੁੱਕ ਸ਼ਾਪ ਵਾਲਿਆਂ 'ਸਾਹਿਤ ਸਮਾਚਾਰ' ਦਾ ਅੰਮ੍ਰਿਤਾ ਪ੍ਰੀਤਮ ਅੰਕ ਕੱਢਣਾ ਸੀ। ਮੈਂ ਹਾਲੇ ਕਹਾਣੀਆਂ ਨਹੀਂ ਸੀ ਲਿਖਦਾ। ਮੇਰਾ ਲੇਖਕ ਬਣਨ ਨੂੰ ਜੀਅ ਕਰਦਾ ਸੀ, ਪਰ ਵਿਧੀ ਨਹੀਂ ਸੀ ਆਉਂਦੀ। 'ਸਾਹਿਤ ਸਮਾਚਾਰ' ਲਈ ਲੇਖ ਲਿਖਣਾ ਚੰਗਾ ਲੱਗਦਾ ਸੀ। ਇਮਤਿਹਾਨਾਂ ਵਿਚ ਅੱਵਲ ਆਉਂਦਾ ਰਿਹਾ ਸਾਂ। ਅਜਿਹੀਆਂ ਟਿੱਪਣੀਆਂ ਦੇ ਸਿਰ 'ਤੇ ਗਿਆਨੀ ਦੇ ਇਮਤਿਹਾਨ ਵਿਚ ਯੂਨੀਵਰਸਿਟੀ 'ਚ ਸਭ ਤੋਂ ਵੱਧ ਨੰਬਰ ਲੈ ਚੁਕਾ ਸਾਂ।

'ਸਾਹਿਤ ਸਮਾਚਾਰ' ਦਾ ਅੰਕ ਛਪਣ ਦੇ ਦਿਨਾਂ ਵਿਚ ਅੰਮ੍ਰਿਤਾ ਪ੍ਰੀਤਮ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲ ਗਿਆ। ਪੰਜਾਬੀ ਸਾਹਿਤ ਦੇ ਮੋਢੀ ਭਾਈ ਵੀਰ ਸਿੰਘ ਪਿੱਛੋਂ ਇਸ ਵੱਡੇ ਇਨਾਮ ਦੀ ਜੇਤੂ ਅੰਮ੍ਰਿਤਾ ਪ੍ਰੀਤਮ ਹੀ ਸੀ। ਮੈਂ ਉਸ ਨੂੰ ਪਟੇਲ ਨਗਰ ਦੇ ਪਤੇ ਉਤੇ ਚਿੱਠੀ ਲਿਖੀ, ਇਹ ਵੀ ਕਿ ਮੈਂ ਉਸ ਬਾਰੇ 'ਸਾਹਿਤ ਸਮਾਚਾਰ' ਵਿਚ ਲੇਖ ਲਿਖਣ ਵਾਲਾ ਗੁਲਜ਼ਾਰ ਸਿੰਘ ਸੰਧੂ ਹਾਂ।

ਅੰਮ੍ਰਿਤਾ ਪ੍ਰੀਤਮ ਦਾ ਬਹੁਤ ਹੀ ਖੂਬਸੂਰਤ ਲਿਖਤ ਵਾਲਾ ਪੋਸਟ ਕਾਰਡ ਮਿਲਿਆ, "ਜੇ ਦਿੱਲੀ ਵਿਚ ਹੀ ਰਹਿੰਦਾ ਏਂ ਤੇ ਮਿਲਦਾ ਕਿਉਂ ਨਹੀਂ?" ਏਨੀ ਵੱਡੀ ਲੇਖਿਕਾ ਦਾ ਆਪਣੇ ਸਾਧਾਰਨ ਪਾਠਕ ਨੂੰ ਏਨਾ ਮਿੱਠਾ ਸੱਦਾ, ਮੈਂ ਸੋਚਿਆ ਤਕ ਨਹੀਂ ਸੀ। ਮੈਂ ਜਵਾਹਰ ਨਗਰ ਰਹਿੰਦਾ ਸਾਂ ਤੇ ਉਹ ਈਸਟ ਪਟੇਲ ਨਗਰ। ਮੈਂ ਸਾਫ-ਸੁਥਰੇ ਕੱਪੜੇ ਪਾ ਕੇ ਸਾਈਕਲ ਨੂੰ ਲਿਸ਼ਕਾ ਕੇ ਪੈਡਲ ਘੁਮਾਉਂਦਾ ਉਹਦੇ ਘਰ ਜਾ ਵੜਿਆ। ਅੱਗੇ ਬਜ਼ੁਰਗ ਹਿੰਦੀ ਲੇਖਕ ਜੈਨਿੰਦਰ ਕੁਮਾਰ ਬੈਠਾ ਸੀ। ਦੋਵੇਂ ਬਹੁਤ ਖੁਸ਼ ਸਨ ਜਿਵੇਂ ਮਸਾਂ ਮਸਾਂ ਮਿਲੇ ਹੋਣ। ਮੈਨੂੰ ਲੱਗਾ, ਮੈਂ ਵਿਘਨ ਪਾ ਰਿਹਾ ਹਾਂ। ਕਦੇ ਫੇਰ ਮਿਲਣ ਦੀ ਗੱਲ ਕਰ ਕੇ ਉਠਣ ਲੱਗਾ ਤਾਂ ਅੰਮ੍ਰਿਤਾ ਪ੍ਰੀਤਮ ਨੇ ਪਿਆਰ ਨਾਲ ਘੂਰਿਆ। ਮੇਰੇ ਵਿਚ ਅੱਗੋਂ ਕੁਝ ਕਹਿਣ ਦੀ ਹਿੰਮਤ ਨਹੀਂ ਸੀ ਰਹੀ। ਜੈਨਿੰਦਰ ਕੁਮਾਰ ਦਾ ਅੰਦਾਜ਼ ਉਹਦੇ ਨਾਲੋਂ ਪਿਆਰਾ ਸੀ, 'ਅਸੀਂ ਤਾਂ ਨੌਜਵਾਨਾਂ ਨੂੰ ਮਿਲਣ ਲਈ ਤਰਸਦੇ ਰਹਿੰਦੇ ਹਾਂ।' ਕੁਝ ਇਸ ਤਰ੍ਹਾਂ ਦਾ।

ਜੈਨਿੰਦਰ ਕੁਮਾਰ ਦੇ ਪੁੱਛਣ 'ਤੇ ਮੈਂ ਦੱਸਿਆ ਕਿ ਮੈਂ ਕਹਾਣੀ ਲਿਖਦਾ ਹਾਂ। ਉਦੋਂ ਤੀਕ ਮੇਰੀਆਂ ਦੋ ਕਹਾਣੀਆਂ 'ਪ੍ਰੀਤਮ' ਤੇ 'ਪੰਜ ਦਰਿਆ' ਵਿਚ ਛਪ ਚੁਕੀਆਂ ਸਨ। ਇੱਕ ਕਹਾਣੀ ਦੇ ਕਿੰਨੇ ਪੈਸੇ ਮਿਲਦੇ ਹਨ, ਦੇ ਉਤਰ ਵਿਚ ਮੈਂ ਦੱਸਿਆ ਕਿ ਅਸੀਂ ਪੰਜਾਬੀ ਵਾਲੇ ਲਿਖਦੇ ਆਪਣੀ ਭਾਸ਼ਾ ਵਿਚ ਹਾਂ ਤੇ ਪੈਸੇ ਰਾਸ਼ਟਰੀ ਭਾਸ਼ਾ ਤੋਂ ਲੈਂਦੇ ਹਾਂ। 'ਪੰਜ ਦਰਿਆ' ਵਾਲੀ ਕਹਾਣੀ ਨਵੇਂ ਨਿਕਲੇ ਹਿੰਦੀ ਰਸਾਲੇ 'ਨਵ ਆਲੋਕ' ਵਿਚ ਛਪ ਚੁਕੀ ਸੀ ਤੇ ਉਸ ਦੇ ਮੈਨੂੰ ਦਸ ਰੁਪਏ ਮਿਲੇ ਸਨ।

ਪੰਜਾਬੀ ਤੇ ਹਿੰਦੀ ਵਿਚ ਲਿਖਣ-ਲਿਖਾਉਣ ਵਾਲੀ ਗੱਲ ਇੱਕ ਤਰ੍ਹਾਂ ਦੇ ਰੇਡੀਓ ਪ੍ਰੋਗਰਾਮ ਵਾਲਾ ਪ੍ਰਭਾਵ ਛੱਡ ਗਈ। ਕੁਝ ਇਸ ਤਰ੍ਹਾਂ ਜਿਵੇਂ ਮੇਰਾ ਤੇ ਜੈਨਿੰਦਰ ਕੁਮਾਰ ਦਾ ਪ੍ਰੋਗਰਾਮ ਹੋਵੇ ਅਤੇ ਅੰਮ੍ਰਿਤਾ ਪ੍ਰੀਤਮ ਉਸ ਦੀ ਸੰਚਾਲਕ। ਅੰਮ੍ਰਿਤਾ ਪ੍ਰੀਤਮ ਕਿਸੇ ਗੱਲ ਨੂੰ ਭੁੰਜੇ ਨਹੀਂ ਸੀ ਡਿੱਗਣ ਦਿੰਦੀ। ਉਦੋਂ ਉਹ ਰੇਡੀਓ ਪ੍ਰੋਗਰਾਮ ਕਰਦੀ ਹੁੰਦੀ ਸੀ। ਰੌਚਕ ਤੇ ਪ੍ਰਭਾਵੀ। ਅੰਮ੍ਰਿਤਾ ਪ੍ਰੀਤਮ ਨੇ ਜੈਨਿੰਦਰ ਕੁਮਾਰ ਦੀਆਂ ਕਹਾਣੀਆਂ ਦੀ ਗੱਲ ਛੇੜ ਲਈ, ਉਨ੍ਹਾਂ ਵਿਚ ਆਈਆਂ ਔਰਤਾਂ ਦੀ। ਉਹ ਜਾਣਨਾ ਚਾਹੁੰਦੀ ਸੀ ਕਿ ਇੰਨੇ ਸੇਕ ਤੇ ਇੰਨੀ ਦਲੇਰੀ ਵਾਲੀਆਂ ਔਰਤਾਂ ਦਾ ਸੰਕਲਪ ਜੈਨਿੰਦਰ ਨੂੰ ਕਿੱਥੋਂ ਮਿਲਿਆ? ਜੈਨਿੰਦਰ ਨੇ ਦੱਸਿਆ ਕਿ ਜਦੋਂ ਉਹ ਜਵਾਨ ਹੋ ਰਿਹਾ ਸੀ ਤਾਂ ਉਸ ਨੂੰ ਗੁਆਂਢ ਵਿਚ ਰਹਿਣ ਵਾਲੀ ਕੁੜੀ ਦਾ ਲਿਬਾਸ ਬੜਾ ਚੰਗਾ ਲੱਗਦਾ ਸੀ। ਕੁਝ ਇਸ ਤਰ੍ਹਾਂ ਜਿਵੇਂ ਉਸ ਨੇ ਸ਼ਬਨਮ ਦੇ ਵਸਤਰ ਪਹਿਨੇ ਹੋਣ।

"ਸ਼ਬਨਮ ਦੇ?" ਅੰਮ੍ਰਿਤਾ ਨੇ ਹੈਰਾਨ ਹੋ ਕੇ ਪੁੱਛਿਆ ਤਾਂ ਜੈਨਿੰਦਰ ਕੁਮਾਰ ਨੇ ਸਹਿਜੇ ਸਹਿਜੇ ਸਮਝਾਇਆ ਕਿ ਸੂਤੀ ਸਨ ਜਾਂ ਰੇਸ਼ਮੀ, ਉਸ ਨੂੰ ਸ਼ਬਨਮ ਦੇ ਲੱਗਦੇ ਸਨ। ਜੈਨਿੰਦਰ ਨੇ ਉਹ ਕੁੜੀ ਨੇੜਿਓਂ ਨਹੀਂ ਸੀ ਤੱਕੀ। ਜੇ ਤੱਕੀ ਸੀ ਤਾਂ ਗੌਲੀ ਨਹੀਂ ਸੀ। ਉਹ ਸ਼ਬਨਮ ਦੇ ਵਸਤਰਾਂ ਵਾਲੀ ਕੁੜੀ ਦਾ ਤੱਸਵਰ ਲੈ ਕੇ ਦੂਰ ਸ਼ਹਿਰ ਵਿਚ ਪੜ੍ਹਨ ਚਲਾ ਗਿਆ। ਜਦੋਂ ਉਹ ਮੁੜ ਕੇ ਆਇਆ ਤਾਂ ਇਹ ਕੁੜੀ ਉਸ ਦਾ ਗੁਆਂਢ ਛੱਡ ਕੇ ਕਿਧਰੇ ਦੂਰ ਜਾ ਚੁਕੀ ਸੀ। ਪਰ ਉਸ ਦਾ ਤੱਸਵਰ ਨਾ ਟੁੱਟਾ। "ਮੇਰੀਆਂ ਪਾਤਰ ਔਰਤਾਂ ਵਿਚ ਉਸ ਕੁੜੀ ਦੀ ਲਿਸ਼ਕ ਆ ਵੜਦੀ ਹੈ। ਕਿਸੇ ਨਾ ਕਿਸੇ ਸ਼ਕਲ ਵਿਚ ਉਸ ਦੀ ਉਹ ਲਿਸ਼ਕ।"

ਅੰਮ੍ਰਿਤਾ ਪ੍ਰੀਤਮ ਨੂੰ ਏਦਾਂ ਦੀਆਂ ਗੱਲਾਂ ਸੁਣਨ ਦਾ ਬੜਾ ਸ਼ੌਕ ਸੀ। ਉਸ ਨੇ ਗੱਲਬਾਤ ਦੀ ਅੰਗੀਠੀ ਮਘਾਈ ਰੱਖਣ ਲਈ ਰੋਮਾਨੀਆ ਦੇ ਕਿਸੇ ਨਾਵਲਕਾਰ ਦੀ ਗੱਲ ਛੋਹ ਲਈ, ਜਿਸ ਨਾਲ ਉਸ ਦੀ ਜਵਾਨੀ ਵਿਚ ਇੱਕ ਨੰਗੇ ਪੈਰਾਂ ਵਾਲੀ ਕੁੜੀ ਖੇਡਦੀ ਰਹੀ ਸੀ। ਇਹ ਨੰਗੇ ਪੈਰ ਉਸ ਦੇ ਚੇਤੇ ਵਿਚ ਇੰਨੇ ਸਮਾਏ ਕਿ ਉਸ ਨੇ ਆਪਣੇ ਪਹਿਲੇ ਨਾਵਲ ਦਾ ਨਾਂ 'ਨੰਗੇ ਪੈਰ' ਰੱਖਿਆ। ਪਿੱਛੋਂ ਜਾ ਕੇ ਪਤਾ ਲੱਗਾ ਕਿ ਉਹ ਕੁੜੀ ਕਿਸੇ ਬਹੁਤ ਵੱਡੇ ਘਰ ਵਿਆਹੀ ਗਈ। ਸਮਾਂ ਪਾ ਕੇ ਲੇਖਕ ਮਿਲਣ ਗਿਆ ਤਾਂ ਪਹਿਰੇਦਾਰਾਂ ਦਾ ਅੰਤ ਨਹੀਂ ਸੀ। ਪਹਿਰੇਦਾਰ ਹੀ ਉਸ ਨੂੰ ਉਸ ਦੀ ਬੈਠਕ ਵਿਚ ਛੱਡ ਕੇ ਆਏ। ਕੁੜੀ ਵੀ ਲੇਖਕ ਨੂੰ ਮਿਲ ਕੇ ਬਹੁਤ ਖੁਸ਼ ਹੋਈ। ਜਿੰਨਾ ਚਿਰ ਮੁਲਾਕਾਤ ਚੱਲੀ, ਨਿੱਘ ਵਰਤਦਾ ਰਿਹਾ। ਚੰਗਾ ਵੀ ਲੱਗਿਆ, ਪਰ ਇਸ ਮੁਲਾਕਾਤ ਨੇ ਲੇਖਕ ਦੇ ਤੱਸਵਰ ਵਾਲੀ ਕੁੜੀ ਮਾਰ ਛੱਡੀ। ਮਿਲ ਕੇ ਘਰ ਪਰਤਣ ਤਕ ਏਨਾ ਉਦਾਸ ਹੋ ਗਿਆ ਕਿ ਅਗਲੀ ਸ਼ਾਮ ਉਸ ਦੇ ਘਰ ਖਾਣੇ 'ਤੇ ਵੀ ਨਾ ਪੁੱਜਾ, ਜਿਸ ਦਾ ਸੱਦਾ ਉਸ ਨੇ ਪ੍ਰਵਾਨ ਕੀਤਾ ਹੋਇਆ ਸੀ।

ਇਹ ਗੱਲ ਦੱਸ ਕੇ ਅੰਮ੍ਰਿਤਾ ਪ੍ਰੀਤਮ ਨੇ ਮੇਰੇ ਕੋਲੋਂ ਵੀ ਕਿਸੇ ਅਜਿਹੀ ਕੁੜੀ ਦੀ ਗੱਲ ਸੁਣਨੀ ਚਾਹੀ। ਮੇਰੇ ਵਾਲੀ ਕੁੜੀ ਮਾਹੌਲ ਨਾਲ ਹੀ ਮੇਰੇ ਗਲੇ ਵਿਚ ਆਣ ਬੈਠੀ ਸੀ। ਕਿਉਂ ਨਾ ਦੱਸਦਾ? ਮੈਂ ਵੀ ਬੋਲ ਪਿਆ। ਕੀ ਬੋਲਿਆ ਸੀ, ਉਸ ਦਾ ਹੁਣ ਚੇਤਾ ਨਹੀਂ। ਉਹ ਦਿਨ ਤੇ ਇਹ ਦਿਨ, ਅੰਮ੍ਰਿਤਾ ਨੇ ਕੋਈ ਗੱਲ ਭੁੰਜੇ ਨਹੀਂ ਡਿੱਗਣ ਦਿੱਤੀ। ਸਿਵਾਏ ਉਹਦੇ ਨਾਲ ਹੋਈ ਅੰਤਲੀ ਮਿਲਣੀ ਦੇ, ਜਿਸ ਦੀ ਗੱਲ ਫੇਰ ਕਰਦੇ ਹਾਂ।

---

1960 ਵਿਚ ਮੈਂ ਜਵਾਹਰ ਨਗਰ ਛੱਡ ਕੇ ਯੂਨੀਵਰਸਿਟੀ ਤੋਂ ਵੀ ਦੂਰ ਮਾਡਲ ਟਾਊਨ ਰਹਿਣ ਲੱਗ ਪਿਆ ਤੇ ਅੰਮ੍ਰਿਤਾ ਪ੍ਰੀਤਮ ਈਸਟ ਪਟੇਲ ਨਗਰ ਛੱਡ ਕੇ ਕੁਤਬ ਮੀਨਾਰ ਦੇ ਰਾਹ ਵਿਚ ਹੌਜ਼ ਖਾਸ। ਮਾਡਲ ਟਾਊਨ ਵਿਚ ਵੀਰਾਨੀ ਤਾਂ ਸੀ, ਪਰ ਸਾਹਿਤਕ ਵੀਰਾਨੀ ਨਹੀਂ। ਮੇਰੇ ਰਹਿਣ ਵਾਲੀ ਥਾਂ ਤੋਂ ਦੋ-ਚਾਰ ਸੌ ਗਜ ਦੀ ਦੂਰੀ ਉਤੇ ਉਰਦੂ ਅਫਸਾਨਾਨਿਗਾਰ ਕ੍ਰਿਸ਼ਨ ਚੰਦਰ, ਹਿੰਦੀ ਲੇਖਕ ਕਮਲੇਸ਼ਵਰ ਤੇ ਪੰਜਾਬੀ ਗਾਇਕੀ ਦੀ ਮਲਿਕਾ ਸੁਰਿੰਦਰ ਕੌਰ ਤੋਂ ਬਿਨਾ ਮੇਰਾ ਜਮਾਤੀ ਅਰਵਿੰਦ ਕੁਮਾਰ ਵੀ ਸੀ, ਜੋ 'ਕੈਰਾਵਾਨ' (ਅੰਗਰੇਜ਼ੀ) ਤੇ 'ਸਰਿਤਾ' (ਹਿੰਦੀ) ਵਿਚ ਸੰਪਾਦਕੀ ਪੜ੍ਹਤ ਵਾਲਾ ਉਪ ਸੰਪਾਦਕ ਸੀ। ਮੇਰੀਆਂ ਕਹਾਣੀਆਂ ਪੰਜਾਬੀ ਜਗਤ ਤੋਂ ਬਾਹਰ ਹਿੰਦੀ ਤੇ ਅੰਗਰੇਜ਼ੀ ਵਿਚ ਛਪਣ ਲੱਗ ਪਈਆਂ ਸਨ। ਮੈਂ ਮਹਿੰਦਰ ਸਿੰਘ ਰੰਧਾਵਾ ਦੇ ਦਫਤਰ ਵਿਚ ਪੰਜਾਬੀ ਦਾ ਉਪ ਸੰਪਾਦਕ ਲੱਗ ਚੁਕਾ ਸਾਂ, ਜਿੱਥੇ ਸਾਹਿਤ ਅਕਾਦਮੀ ਵਾਲਾ ਗੋਪੀ ਚੰਦ ਨਾਰੰਗ ਉਰਦੂ ਦਾ ਉਪ ਸੰਪਾਦਕ ਸੀ।

ਮੈਂ ਅੰਮ੍ਰਿਤਾ ਪ੍ਰੀਤਮ ਤੋਂ ਹਰ ਪੱਖੋਂ ਦੂਰ ਹੋ ਗਿਆ, ਪਰ ਇੰਨਾ ਦੂਰ ਵੀ ਨਹੀਂ ਕਿ ਨਿੱਘ ਵਿਚ ਕਿਸੇ ਤਰ੍ਹਾਂ ਦਾ ਫਰਕ ਆਵੇ। ਮੇਰੇ ਕੋਲ ਮੋਟਰਸਾਈਕਲ ਵੀ ਸੀ ਤੇ ਬਹੁਤ ਵਾਰੀ ਅੰਮ੍ਰਿਤਾ ਪ੍ਰੀਤਮ ਨੂੰ ਮਿਲਣ ਵਾਲੇ ਪੰਜਾਬ ਦੇ ਪੰਜਾਬੀ ਲੇਖਕ ਮੇਰੇ ਕੋਲ ਹੀ ਆ ਕੇ ਠਹਿਰਦੇ ਸਨ। ਝਾਕ ਬਣੀ ਰਹਿੰਦੀ ਕਿਉਂਕਿ ਇਕੱਲਿਆਂ ਨਾਲੋਂ ਤਿੰਨ ਬੰਦਿਆਂ ਵਿਚ ਗੁਫਤਗੂ ਵਧੇਰੇ ਮਘਦੀ ਸੀ। ਈਸਟ ਪਟੇਲ ਨਗਰ ਵਿਚ ਹੋਈ ਪਹਿਲੇ ਦਿਨ ਦੀ ਗੁਫਤਗੂ ਵਾਂਗ।

ਇੱਕ ਦਿਨ ਨਿਚਲੇ ਘਰ ਵਾਲਿਆਂ ਦੀ ਬੱਚੀ ਭੱਜੀ ਭੱਜੀ ਆਈ: "ਕੋਈ ਅੰਕਲ-ਆਂਟੀ ਆਏ ਨੇ।" ਉਸ ਨੂੰ ਸਾਹ ਚੜ੍ਹਿਆ ਹੋਇਆ ਸੀ।

"ਆਂਟੀ ਕਿਹੋ ਜਿਹੀ ਏ? ਸੁਹਣੀ ਏ?" ਮੈਂ ਮਜ਼ਾਕ 'ਚ ਪੁੱਛਿਆ।

"ਦੋਵੇਂ ਬਹੁਤ ਸੋਹਣੇ ਨੇ।" ਕਹਿ ਕੇ ਉਹ ਮੇਰੇ ਪਿੱਛੇ ਪਿੱਛੇ ਪੌੜੀਆਂ ਉਤਰ ਆਈ ਜਿਵੇਂ ਥੱਲੇ ਆਏ ਅੰਕਲ-ਆਂਟੀ ਨੂੰ ਦੁਬਾਰਾ ਦੇਖਣਾ ਚਾਹੁੰਦੀ ਹੋਵੇ। ਇੱਕ ਪੁਰਾਣੀ ਕਾਰ ਕੋਲ ਅੰਮ੍ਰਿਤਾ ਪ੍ਰੀਤਮ ਅਤੇ ਇਮਰੋਜ਼ ਖੜ੍ਹੇ ਦੇਖ ਕੇ ਮੈਨੂੰ ਬੜੀ ਹੈਰਾਨੀ ਹੋਈ। ਮੈਂ ਉਨ੍ਹਾਂ ਨੂੰ ਜਾਣਦਾ ਤਾਂ ਸਾਂ, ਪਰ ਇੰਨਾ ਨਹੀਂ ਕਿ ਉਹ ਮੈਨੂੰ ਬਿਨਾ ਦੱਸੇ ਲੱਭ ਲਭਾ ਕੇ ਮੇਰੇ ਘਰ ਆਉਂਦੇ।

ਮੇਰੇ ਘਰ ਦਾ ਨੰਬਰ 14214 ਐਫ ਸੀ। ਮੇਰੇ ਨਾਲ ਮਨਮੋਹਨ ਸਿੰਘ ਰਹਿੰਦੇ ਸਨ। ਅਸੀਂ ਦੋਵੇਂ ਅਣਵਿਆਹੇ ਸਾਂ ਤੇ ਮਨਮੋਹਨ ਦੇ ਬੇਜੀ ਸਾਡੀ ਰੋਟੀ ਬਣਾਉਂਦੇ ਸਨ। ਮੈਂ ਅੰਮ੍ਰਿਤਾ ਪ੍ਰੀਤਮ ਤੋਂ ਸੋਲਾਂ ਸਾਲ ਛੋਟਾ ਸਾਂ। ਸਦਾ ਹੀ ਸਾਂ, ਪਰ 1960 ਵਿਚ ਇਹ ਫਰਕ ਬਹੁਤ ਵੱਡਾ ਲੱਗਦਾ ਸੀ ਤੇ ਹੈ ਵੀ ਸੀ। ਮੈਨੂੰ ਜਾਪਿਆ ਜਿਵੇਂ ਕਿਸੇ ਦੇ ਘਰ ਦਾ ਰਾਹ ਪੁੱਛਣ ਆਏ ਹੋਣ। ਮੈਂ ਡੌਰ-ਭੌਰ ਜਿਹਾ ਉਨ੍ਹਾਂ ਦੇ ਮੂੰਹ ਵੱਲ ਤੱਕਣ ਲੱਗ ਪਿਆ। "ਤੈਨੂੰ ਮਿਲਣ ਆਏ ਹਾਂ।" ਕਹਿ ਕੇ ਉਹ ਪੌੜੀਆਂ ਚੜ੍ਹ ਆਏ। ਆਪਣੇ ਘਰ ਅੰਮ੍ਰਿਤਾ ਪ੍ਰੀਤਮ ਨੂੰ ਵੇਖ ਕੇ ਬੇਜੀ ਮੇਰੇ ਨਾਲੋਂ ਵੀ ਵੱਧ ਹੈਰਾਨ। ਮਨਮੋਹਨ ਸਿੰਘ ਵੀ।

"ਕ੍ਰਿਸ਼ਨ ਘਰ ਨਹੀਂ ਸੀ। ਅਸੀਂ ਸੋਚਿਆ ਗੁਲਜ਼ਾਰ ਨੂੰ ਮਿਲਦੇ ਜਾਈਏ।" ਅੰਮ੍ਰਿਤਾ ਪ੍ਰੀਤਮ ਦੇ ਇਸ ਵਾਕ ਨੇ ਗੁੰਝਲ ਖੋਲ੍ਹੀ ਕਿ ਉਹ ਕ੍ਰਿਸ਼ਨ ਚੰਦਰ ਦੀ ਸਾਰ ਲੈਣ ਆਏ ਸਨ। ਸ਼ਾਇਦ ਡਾਕਟਰ

*(ਅਗਲੇ ਸਫੇ 'ਤੇ ਜਾਰੀ)*

# ਗੁਰੂਆਂ ਦਾ ਦੇਵ

ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-259-9353

ਪਿਛੇ ਜਿਹੇ ਇੱਕ ਐਤਵਾਰ ਮੈਂ ਇੱਕ ਸਥਾਨਕ ਗੁਰਦੁਆਰੇ ਗਿਆ। ਉਥੇ ਭੋਗ ਪਿਛੋਂ ਉਨ੍ਹਾਂ ਕੁਝ ਬੱਚਿਆਂ ਨੂੰ ਇਨਾਮ ਦੇਣ ਦੀ ਰਸਮ ਕੀਤੀ ਗਈ, ਜਿਨ੍ਹਾਂ ਕੁਝ ਦੇਰ ਪਹਿਲਾਂ ਦਿੱਤੀ ਗਈ ਪ੍ਰਸ਼ਨਾਵਲੀ ਦੇ ਉਤਰ ਦਿੱਤੇ ਸਨ। ਇਕ ਪ੍ਰਸ਼ਨ ਗੁਰੂ ਨਾਨਕ ਦੀ ਜੀਵਨੀ ਨਾਲ ਸਬੰਧਤ ਸੀ। ਕੁਝ ਬੱਚਿਆਂ ਨੇ ਆਪਣੇ ਉਤਰਾਂ ਵਿਚ ਗੁਰੂ ਨਾਨਕ ਦਾ ਨਾਂ 'ਗੁਰੂ ਨਾਨਕ ਦੇਵ' ਲਿਖ ਦਿੱਤਾ ਸੀ ਜਿਸ ਕਾਰਨ ਇਨਾਮ ਵਰਤਾਉਣ ਵਾਲਾ ਸੱਜਣ ਕਾਫੀ ਭੜਕਿਆ ਮਲੂਮ ਹੁੰਦਾ ਸੀ। ਉਸ ਨੇ ਆਪਣੇ ਝਿੜਕਾਂ ਭਰੇ ਭਾਸ਼ਣ ਵਿਚ ਕਿਹਾ, ਲਗਦਾ ਹੈ 'ਗੁਰੂ ਨਾਨਕ ਦੇਵ' ਲਿਖਣ ਵਾਲੇ ਬੱਚਿਆਂ ਨੇ ਗੁਰੂ ਜੀ ਬਾਰੇ ਜਾਣਕਾਰੀ ਇੰਟਰਨੈਟ ਤੋਂ ਲਈ ਹੈ, ਵਰਨਾ ਉਹ ਗੁਰੂ ਦਾ ਨਾਂ ਨਿਰਾ 'ਗੁਰੂ ਨਾਨਕ' ਹੀ ਲਿਖਦੇ। ਇਸ ਗਲਤੀ ਕਾਰਨ ਕੁਝ ਬੱਚਿਆਂ ਦੇ ਨੰਬਰ ਕੱਟੇ ਗਏ।

ਮੈਨੂੰ ਹੈਰਾਨੀ ਹੋਈ ਕਿ ਰੁਹਬ ਭਰੀ ਜ਼ਬਾਨ ਵਿਚ ਬੋਲ ਰਹੇ ਇਸ ਮਹੱਤਵਾਕਾਂਖੀ ਸੱਜਣ ਦੀ ਇੰਟਰਨੈਟ ਬਾਰੇ ਜਾਣਕਾਰੀ ਕਿੰਨੀ ਸੀਮਿਤ ਹੈ। ਆਮ ਤੌਰ ਤੇ ਨੈਟ ਤੋਂ ਕਿਸੇ ਵਿਸ਼ੇ ਬਾਰੇ ਜਾਣਕਾਰੀ ਲੈਣ ਲਈ 'ਵਿਕੀਪੀਡੀਆ' ਦੀ ਮਦਦ ਲਈ ਜਾਂਦੀ ਹੈ, ਜਦ ਕਿ ਅੰਗਰੇਜ਼ੀ ਵਿਕੀਪੀਡੀਆ ਵਿਚ ਗੁਰੂ ਸਾਹਿਬ ਵਾਲੇ ਇੰਦਰਾਜ ਅਧੀਨ 'ਗੁਰੂ ਨਾਨਕ' ਨਾਂ ਦੀ ਹੀ ਵਰਤੋਂ ਕੀਤੀ ਗਈ ਹੈ, ਨਾਲ ਦੇਵ ਪਿਛੇਤਰ ਇੱਕ ਵਾਰੀ ਵੀ ਲੱਗਾ ਨਹੀਂ ਮਿਲਦਾ। ਉਂਜ ਇੰਟਰਨੈਟ ਆਪਣੇ ਆਪ ਕੋਈ ਸਮੱਗਰੀ ਨਹੀਂ ਘੜਦਾ, ਜੋ ਲੋਕ ਭੇਜਦੇ ਹਨ ਉਹੀ ਸਾਹਮਣੇ ਪਰੋਸਦਾ ਹੈ। ਇਸ ਲਈ 'ਗੁਰੂ ਨਾਨਕ' ਅਤੇ 'ਗੁਰੂ ਨਾਨਕ ਦੇਵ' ਦੋਵੇਂ ਮਿਲਦੇ ਹਨ। ਜੱਗ ਜਾਣਦਾ ਹੈ ਕਿ ਗੁਰੂ ਨਾਨਕ ਦਾ ਦੇਵ ਪਿਛੇਤਰ ਵਾਲਾ ਨਾਂ ਇੰਟਰਨੈਟ ਈਜਾਦ ਹੋਣ ਤੋਂ ਢੇਰ ਸਮਾਂ ਪਹਿਲਾਂ ਤੋਂ ਪ੍ਰਚਲਿਤ ਹੈ। ਅਸੀਂ ਆਪਣੇ ਸਕੂਲੀ ਦਿਨਾਂ ਵਿਚ ਗੁਰੂ ਨਾਨਕ ਬਾਰੇ ਲੇਖ ਲਿਖਦਿਆਂ 'ਗੁਰੂ ਨਾਨਕ ਦੇਵ' ਹੀ ਲਿਖਦੇ ਰਹੇ ਹਾਂ। ਸਾਰੀਆਂ ਪਾਠ-ਪੁਸਤਕਾਂ ਅਤੇ ਹੋਰ ਸਾਹਿਤ ਵਿਚ ਏਹੀ ਨਾਂ ਮਿਲਦਾ ਸੀ। ਉਸ ਦਿਨ ਮੈਂ ਗੁਰਦੁਆਰੇ ਦੀ ਕੰਧ ਤੇ 'ਗੁਰੂ ਨਾਨਕ ਸਾਹਿਬ' ਨਾਂ ਵਰਤੇ ਜਾਣ ਦੀ ਹਦਾਇਤ ਵੀ ਦੇਖੀ।

ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ 24 ਨਵੰਬਰ 1969 ਨੂੰ ਗੁਰੂ ਨਾਨਕ ਦੀ 500ਵੀਂ ਜਨਮ ਵਰ੍ਹੇ ਗੰਢ ਦੀ ਮਨੌਤ ਵਜੋਂ ਸਥਾਪਤ ਕੀਤੀ ਗਈ ਸੀ। ਪਹਿਲਾਂ ਇਸ ਦਾ ਨਾਂ 'ਗੁਰੂ ਨਾਨਕ ਯੂਨੀਵਰਸਿਟੀ' ਰੱਖਿਆ ਗਿਆ ਸੀ ਪਰ ਪੰਥਕ ਧਿਰਾਂ ਨੇ ਸਖਤ ਇਤਰਾਜ਼ ਕੀਤਾ ਕਿ ਯੂਨੀਵਰਸਿਟੀ ਦੇ ਨਾਂ ਵਿਚ ਗੁਰੂ ਸਾਹਿਬ ਦਾ ਪੂਰਾ ਨਾਂ ਨਾ ਵਰਤ ਕੇ ਉਨ੍ਹਾਂ ਦੀ ਬੇਅਦਬੀ ਕੀਤੀ ਗਈ ਹੈ। ਸਿੱਟੇ ਵਜੋਂ ਉਦੋਂ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਨਾਂ ਵਿਚ ਤਬਦੀਲੀ ਕਰਕੇ 'ਗੁਰੂ ਨਾਨਕ ਦੇਵ ਯੂਨੀਵਰਸਿਟੀ' ਕਰ ਦਿੱਤਾ। ਧਾਰਮਕ ਮਾਮਲਿਆਂ ਵਿਚ ਭਾਵਨਾਵਾਂ ਝਟ ਹੀ ਵਲੂੰਧਰੀਆਂ ਜਾਂਦੀਆਂ ਹਨ। ਉਦੋਂ ਇੰਟਰਨੈਟ ਪ੍ਰਗਟ ਹੀ ਨਹੀਂ ਸੀ ਹੋਇਆ, ਇਹ 1980ਵਿਆਂ ਵਿਚ ਚੱਲਿਆ।

ਗੁਰੂ ਨਾਨਕ ਸਮੇਤ ਗੁਰੂ ਅੰਗਦ ਅਤੇ ਗੁਰੂ ਅਰਜਨ ਦੇ ਨਾਂ ਪਿੱਛੇ ਦੂਜਾ ਨਾਂ 'ਦੇਵ' ਲਾਉਣ ਬਾਰੇ ਕਿੰਤੂ ਪ੍ਰੰਤੂ ਸ਼ਾਇਦ ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਇੱਕ 'ਖੋਜ ਭਰੀ' ਲਿਖਤ ਤੋਂ ਸ਼ੁਰੂ ਹੋਇਆ। ਮੇਰੀ ਜਾਚੇ ਇਸ ਪਿੱਛੇ ਕੰਮ ਕਰਦੀ ਭਾਵਨਾ ਇਹ ਹੈ ਕਿ ਦੇਵ ਸ਼ਬਦ ਹਿੰਦੂ ਧਰਮ ਨਾਲ ਸਬੰਧਤ ਹੈ, ਜਿਸ ਤੋਂ ਗੁਰੂ ਜੀ ਦਾ ਹਿੰਦੂ ਦੇਵਤਿਆਂ ਨਾਲ ਲਾਗਾ ਉਘੜਦਾ ਹੈ। ਅੱਜ ਕਲ੍ਹ ਸਿੱਖਾਂ ਦੇ ਕਈ ਸੰਕੀਰਣ ਵਿਦਵਾਨ ਅਤੇ ਉਨ੍ਹਾਂ ਦੇ ਪਿਛਲੱਗ ਗੁਰਦੁਆਰੇ ਜਾਂ ਹੋਰ ਸੰਸਥਾਵਾਂ ਹਿੰਦੂ ਧਰਮ ਨਾਲ ਕਿਸੇ ਵੀ ਜਾ ਜੁੜਦੀ ਗੱਲ ਤੋਂ ਏਨਾ ਚਿੜ੍ਹਦੇ ਹਨ ਕਿ ਜਨੂੰਨ ਵਿਚ ਆਏ ਉਹ ਤਰਕ ਦੀ ਹਰ ਸੀਮਾ ਪਾਰ ਕਰ ਦਿੰਦੇ ਹਨ।



ਨਾਨਕਦੇਵ ਸਤਿਗੁਰੂ - nānakadhēv satigurū - नानकदेव सतिगुरू ·
ਸਿੱਖ ਧਰਮ ਦੇ ਆਚਾਰਯ, ਅਗਜਾਨ ਅੰਧਕਾਰ ਦੇ ਵਿਨਾਸ਼ਕ ਸੂਰਯਰੂਪ ਜਗਤ ਗੁਰੂ ਨਾਨਕ ਦਾ ਜਨਮ ਵੈਸਾਖ ਸੁਦੀ ੩. (੨੦ ਵੈਸਾਖ) ਸੰਮਤ ੧੫੨੬ (੧੫ ਅਪ੍ਰੈਲ ਸਨ ੧੪੬੯) ਨੂੰ ਬੇਦੀ ਕਾਲੂ ਚੰਦ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਰਾਇਇ ਭੋਇ ਦੀ ਤਲਵੰਡੀ ਵਿੱਚ (ਜੋ ਹੁਣ ਨਾਨਕਿਆਣਾ ਪ੍ਰਸਿੱਧ ਹੈ) ਹੋਇਆ.[1]#ਸੰਮਤ ੧੫੩੨ ਵਿੱਚ ਗੋਪਾਲ ਪੰਡਿਤ ਪਾਸ ਹਿੰਦੀ, ਸੰਮਤ ੧੫੩੫ ਵਿੱਚ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਅਤੇ ਸੰਮਤ ੧੫੩੮ ਵਿੱਚ ਮੌਲਵੀ ਕੁਤਬੁੱਦੀਨ ਪਾਸ ਫਾਰਸੀ ਪੜ੍ਹਨ ਬੈਠਾਏ, ਪਰ ਇਨ੍ਹਾਂ ਤੇਹਾਂ ਉਸਤਾਦਾਂ ਨੂੰ ਆਪਣੇ ਆਤਮਿਕ ਬਲ ਨਾਲ ਸ਼ਾਗਿਰਦ ਬਣਾ ਕੇ ਸਮਝਾਇਆ ਕਿ ਵਿਦਯਾ ਦੇ ਤੱਤ ਜਾਣੇ ਬਿਨਾਂ ਪੜ੍ਹਿਆ ਹੋਇਆ ਆਦਮੀ ਭੀ ਮੂਰਖ ਹੈ. ਇਸੇ ਵਰ੍ਹੇ ਕਾਲੂ ਜੀ ਨੇ ਕ੍ਸ਼੍ਤ੍ਰੀਆਂ ਦੀ ਰੀਤਿ ਅਨੁਸਾਰ ਹਰਿਦਯਾਲ ਕੁਲਪੁਰੋਹਿਤ ਤੋਂ ਗੁਰੂ ਸਾਹਿਬ ਦੇ ਜਨੇਊ ਪਵਾਉਣ ਦਾ ਪ੍ਰਬੰਧ ਕੀਤਾ. ਜਦ ਪੁਰੋਹਿਤ ਨੇ ਜਨੇਊ ਲੈ ਕੇ ਮੰਤ੍ਰ ਉਪਦੇਸ਼ ਸਹਿਤ ਗੁਰੂ ਨਾਨਕ ਦੇਵ ਦੇ ਗਲ ਪਹਿਰਾਉਣਾ ਚਾਹਿਆ, ਤਦ ਸਤਿਗੁਰੂ ਨੇ ਜਨੇਊ ਨੂੰ ਜਾਤਿਬੰਧਨ ਜਾਣ ਕੇ ਪਹਿਰਣੇ ਇਨਕਾਰ ਕੀਤਾ ਅਰ- "ਦਇਆ ਕਪਾਹ ਸੰਤੋਖ ਸੂਤ" ਆਦਿ ਸ਼ਲੋਕ ਉਚਾਰੇ, ਜੋ ਵਾਰ ਆਸਾ ਵਿੱਚ ਹਨ.#ਗੁਰੂ ਸਾਹਿਬ ਦਾ ਮਨ ਸਦਾ ... ਚਿੰਤਨ ਵਿੱਚ ਲੀਨ ਰਹਿੰਦਾ ਸੀ ਅਰ ਵਿਹਾਰਾਂ ਵੱਲ ਧਯਾਨ ਨਹੀਂ ਦਿੰਦੇ ਸਨ. ਪਰ

*'ਮਹਾਨ ਕੋਸ਼' ਵਿਚ ਗੁਰੂ ਨਾਨਕ ਦਾ ਇੰਦਰਾਜ*

ਆਉ ਜ਼ਰਾ ਡਾ. ਦਿਲਗੀਰ ਦੀਆਂ ਦਲੀਲਾਂ ਵੱਲ ਨਜ਼ਰ ਮਾਰ ਲਈਏ। ਉਨ੍ਹਾਂ ਅਨੁਸਾਰ ਗੁਰੂਆਂ ਦੇ ਨਾਂਵਾਂ ਪਿੱਛੇ ਦੇਵ ਲਾਉਣ ਦੀ ਰੀਤ ਕੁਝ ਕੁ ਦਹਾਕਿਆਂ ਤੋਂ ਸ਼ੁਰੂ ਹੋਈ ਹੈ। ਕੁਝ ਕੁ ਦਹਾਕਿਆਂ ਦਾ ਮਤਲਬ ਵੱਧ ਤੋਂ ਵੱਧ ਚਾਲੀ ਪੰਜਾਹ ਸਾਲ ਹੀ ਹੋ ਸਕਦਾ ਹੈ ਜਦ ਕਿ ਸੌ ਤੋਂ ਵੀ ਵੱਧ ਸਾਲ ਪਹਿਲਾਂ ਭਾਈ ਕਾਨ੍ਹ ਸਿੰਘ ਰਚਿਤ 'ਮਹਾਨ ਕੋਸ਼' ਵਿਚ ਗੁਰੂ ਸਾਹਿਬ ਦਾ ਨਾਂ 'ਗੁਰੂ ਨਾਨਕ ਦੇਵ' ਵਜੋਂ ਦਰਜਨਾਂ ਵਾਰੀ ਮਿਲਦਾ ਹੈ। ਮਿਸਾਲ ਵਜੋਂ ਦੇਖੋ ਗੁਰੂ ਜੀ ਬਾਰੇ ਮੁੱਖ ਇੰਦਰਾਜ 'ਨਾਨਕਦੇਵ ਸਤਿਗੁਰੂ''। ਇਸ ਵਿਚ ਭਾਈ ਸੰਤੋਖ ਸਿੰਘ (1787-1843) ਵਲੋਂ ਵਰਤਿਆ ਨਾਂ 'ਗੁਰੂ ਨਾਨਕ ਦੇਵ' ਵੀ ਮੌਜੂਦ ਹੈ। ਇਸ ਕੋਸ਼ ਵਿਚ 'ਅੰਗਦ ਦੇਵ' ਅਤੇ 'ਅਰਜਨ ਦੇਵ' ਆਦਿ ਨਾਂ ਵੀ ਮਿਲਦੇ ਹਨ।

ਮਹਾਨ ਕੋਸ਼ 1912 ਤੋਂ ਅਰੰਭ ਕਰਕੇ 1926 ਵਿਚ ਮੁਕੰਮਲ ਹੋਇਆ ਸੀ। ਰਾਵਲਪਿੰਡੀ ਵਿਚ 1904 ਵਿਚ ਸੇਵਾਰਾਮ ਸਿੰਘ ਥਾਪੜ ਦੁਆਰਾ ਗੁਰੂ ਨਾਨਕ ਬਾਰੇ ਪ੍ਰਕਾਸ਼ਤ ਪੁਸਤਕ ਵਿਚ ਗੁਰੂ ਸਾਹਿਬ ਦਾ ਦੇਵ ਵਾਲਾ ਨਾਂ ਕਈ ਵਾਰੀ ਮਿਲਦਾ ਹੈ, ਪੁਸਤਕ ਦਾ ਨਾਂ ਹੀ 'The life and teachings of Sri Guru Nanak Dev' ਹੈ।

ਡਾ. ਦਿਲਗੀਰ ਨੇ ਸਿੱਖਾਂ ਵਿਚ 'ਸ੍ਰੀ ਦੀ ਵਰਤੋਂ ਨੂੰ ਵੀ ਸ਼ਰਾਰਤਪੂਰਨ ਕਿਹਾ ਹੈ। ਸ੍ਰੀ ਬਾਰੇ ਮੈਂ ਬਹੁਤ ਪਹਿਲਾਂ ਲਿਖ ਚੁੱਕਾ ਹਾਂ, ਇਥੇ ਤਨਜ਼ ਕੱਸ ਕੇ ਸਾਰ ਲੈਂਦਾ ਹਾਂ ਕਿ ਸ੍ਰੀ ਦਿਲਗੀਰ ਵੀ ਕਿਸੇ ਨੂੰ ਨਮਸਕਾਰਨ ਲਈ 'ਸਤਿ ਸ੍ਰੀ ਅਕਾਲ' ਹੀ ਕਹਿੰਦੇ ਹੋਣਗੇ ਅਤੇ ਅਰਦਾਸ ਕਰਦੇ ਸਮੇਂ 'ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸ ਡਿਠੈ ਸਭਿ ਦੁਖ ਜਾਇ॥' ਅਤੇ 'ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ' ਅਵੱਸ਼ ਉਚਾਰਦੇ ਹੋਣਗੇ। ਗੁਰੂ ਨਾਨਕ ਨੇ ਵੱਡੇ ਪੁੱਤਰ ਦਾ ਨਾਂ 'ਸ੍ਰੀ ਚੰਦ' ਰੱਖਿਆ ਸੀ।

ਡਾ. ਦਿਲਗੀਰ ਦੀ ਦਲੀਲ ਹੈ ਕਿ ਨਾਨਕ, ਅੰਗਦ ਅਤੇ ਅਰਜਨ ਦੀ ਤਰ੍ਹਾਂ ਬਾਕੀ ਗੁਰੂਆਂ- ਜਿਵੇਂ ਰਾਮਦਾਸ, ਅਮਰਦਾਸ, ਹਰਿਗੋਬਿੰਦ ਆਦਿ ਨਾਂ ਵੀ ਇੱਕ ਲਫਜ਼ੇ ਹੀ ਹਨ। ਇਹ ਉਨ੍ਹਾਂ ਦਾ ਦਾਅਵੇ ਭਰਿਆ ਬਿਆਨ ਹੈ, ਇਸ ਦਾ ਕੋਈ ਤਰਕ ਨਹੀਂ ਦਿੱਤਾ ਕਿ ਇਹ ਨਾਂ ਕਿਵੇਂ ਇੱਕ ਲਫਜ਼ੇ ਹਨ। 'ਰਾਮਦਾਸ' ਆਦਿ ਭਾਵੇਂ ਜੋੜ ਕੇ ਲਿਖੇ ਗਏ ਹੋਣ ਭਾਵੇਂ ਜੁਦੇ ਜੁਦੇ, ਇਹ ਨਾਂ ਬਣੇ ਦੋ ਸ਼ਬਦਾਂ ਤੋਂ ਹੀ ਹਨ ਅਤੇ ਨਾਂ ਪਿਛੇ ਭਾਵਨਾ ਅਤੇ ਅਰਥ ਓਹੀ ਰਹਿੰਦੇ ਹਨ ਯਾਨਿ ਰਾਮਦਾਸ-ਰਾਮ ਦਾ ਦਾਸ। ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਨਾਂ ਘੜਨਾ ਇਕ ਰੀਤੀ ਬਣ ਜਾਂਦੀ ਹੈ ਭਾਵੇਂ ਕੋਈ ਅਰਥ ਬਣਦਾ ਹੋਵੇ ਜਾਂ ਨਾ। ਮਰਹੂਮ ਖੁਸ਼ਵੰਤ ਸਿੰਘ ਨੇ ਇੱਕ ਵਾਰ ਕਿਹਾ ਸੀ ਕਿ 'ਗੋਪਾਲ ਸਿੰਘ' ਨਾਂ ਦਾ ਅਰਥ ਬਣਦਾ ਹੈ, ਗਊਆਂ ਪਾਲਣ ਵਾਲਾ ਸ਼ੇਰ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਅਤੇ ਭਗਤ ਜੈਦੇਵ ਦੀ ਬਾਣੀ ਮੌਜੂਦ ਹੈ, ਦੇਵ ਤਾਂ ਆ ਹੀ ਗਿਆ ਨਾ! ਗੁਰੂ ਲਈ ਗੁਰਦੇਵ ਸ਼ਬਦ ਵੀ ਅਨੇਕਾਂ ਵਾਰ ਆਇਆ ਹੈ। ਫਿਰ ਦੇਵ ਤੋਂ ਏਨਾ ਨੱਕ ਕਿਉਂ ਵੱਟਿਆ ਜਾ ਰਿਹਾ ਹੈ? ਹਰਜਿੰਦਰ ਦੇ ਨਾਂ ਵਿਚ ਵੀ ਇੱਕ ਹਿੰਦੂ ਦੇਵਤੇ ਇੰਦਰ ਦਾ ਵਾਸਾ ਹੈ।

ਡਾ. ਦਿਲਗੀਰ ਦੀ ਖੋਜ ਅਨੁਸਾਰ ਚਰਚਾ ਅਧੀਨ ਗੁਰੂ ਸਾਹਿਬਾਨ ਦੇ ਨਾਂਵਾਂ ਪਿੱਛੇ ਦੇਵ ਸ਼ਬਦ ਗੁਰੂ ਕਾਲ ਤੋਂ ਬਾਅਦ ਦਾ ਵਰਤਾਰਾ ਹੈ। ਇਸ ਖੋਜ ਨੂੰ ਰੱਦ ਕਰਨ ਲਈ ਮੇਰੇ ਕੋਲ ਨਾ ਕੋਈ ਦਲੀਲ ਹੈ ਤੇ ਨਾ ਮੇਰੀ ਇਸ ਵਿਸ਼ੇ ਬਾਰੇ ਏਨੀ ਜਾਣਕਾਰੀ ਹੈ। ਇਸ ਲਈ ਹਾਲ ਦੀ ਘੜੀ ਮੇਰੇ ਕੋਲ ਕੋਈ ਕਾਰਨ ਨਹੀਂ ਕਿ ਮੈਂ ਉਨ੍ਹਾਂ 'ਤੇ ਵਿਸ਼ਵਾਸ ਨਾ ਕਰਾਂ। ਇਸ ਗੱਲੋਂ ਸਗੋਂ ਮੈਂ ਉਨ੍ਹਾਂ ਦੀ ਖੋਜ ਦੀ ਸ਼ਲਾਘਾ ਕਰਦਾ ਹਾਂ, ਇਸ ਦਾ ਆਪਣਾ ਮੁੱਲ ਹੈ। ਮੈਂ ਡਾ. ਦਿਲਗੀਰ ਦੀ ਲਭਤ ਨੂੰ ਚੁਣੌਤੀ ਨਹੀਂ ਦੇ ਰਿਹਾ ਸਗੋਂ ਇਸ ਨੂੰ ਜ਼ਬਰਦਸਤੀ ਲਾਗੂ ਕਰਾਉਣ ਤੋਂ ਪੈਦਾ ਹੁੰਦੇ ਸਵਾਲਾਂ ਨੂੰ ਉਜਾਗਰ ਕਰਨਾ ਚਾਹੁੰਦਾ ਹਾਂ। ਮਸਲਾ ਇਹ ਹੈ ਕਿ ਜੇ ਬਾਅਦ ਵਿਚ ਕਿਸੇ ਨੇ ਗੁਰੂਆਂ ਦੇ ਨਾਂ ਪਿਛੇ ਸਤਿਕਾਰਸੂਚਕ ਪਿਛੇਤਰ ਲਾ ਦਿੱਤੇ ਜੋ ਅੱਜ ਤੱਕ ਵੀ ਪ੍ਰਵਾਨ ਹੁੰਦੇ ਆ ਰਹੇ ਹਨ ਤਾਂ ਹੁਣ ਉਨ੍ਹਾਂ ਨੂੰ ਹਟਾਉਣ ਦੀ ਕੀ ਤੁਕ ਹੈ?

ਦੇਵ ਸ਼ਬਦ ਸਿਰਫ ਦੇਵਤੇ ਲਈ ਹੀ ਨਹੀਂ, ਸਗੋਂ ਇਸ ਦਾ ਪਹਿਲਾ ਅਰਥ ਪ੍ਰਕਾਸ਼, ਰੌਸ਼ਨੀ ਆਦਿ ਦਾ ਬੋਧਕ ਹੈ। ਪੁਰਾਣੇ ਸਮੇਂ ਤੋਂ ਹੀ ਦੇਵ ਸ਼ਬਦ ਸਤਿਕਾਰਯੋਗ, ਪੂਜਣਯੋਗ ਧਾਰਮਕ ਪੁਰਸ਼ਾਂ ਲਈ ਵਰਤਿਆ ਜਾਂਦਾ ਰਿਹਾ ਹੈ। ਇਹ ਗੱਲ ਮੰਨੀ ਜਾ ਸਕਦੀ ਹੈ ਕਿ ਨਾ ਤਾਂ ਗੁਰੂਆਂ ਦੇ ਜਨਮ ਵੇਲੇ ਇਹ ਨਾਂ ਰੱਖੇ ਗਏ ਹੋਣਗੇ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਭਦ ਹਨ।

ਡਾ. ਦਿਲਗੀਰ ਅਨੁਸਾਰ "ਦਰ ਅਸਲ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ 'ਦੇਵ' ਲਿਖਣ ਦੀ ਹਰਕਤ ਨਿਰਮਲਿਆਂ ਨੇ ਸ਼ੁਰੂ ਕੀਤੀ ਸੀ। ਲੇਖਕਾਂ ਵਿਚੋਂ ਇਸ ਦੀ ਵਰਤੋਂ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਨੇ ਸ਼ੁਰੂ ਕੀਤੀ ਸੀ (ਜੋ ਖੁਦ ਇਕ ਨਿਰਮਲਾ ਸੀ)। ਗੁਰੂਆਂ ਦੇ ਨਾਂਵਾਂ ਨਾਲ ਸ੍ਰੀ ਅਤੇ ਦੇਵ-ਦੋਵੇਂ ਨਿਰਮਲਿਆਂ ਅਤੇ ਬ੍ਰਾਹਮਣਾਂ ਦੀਆਂ ਕਰਤੂਤਾਂ ਦਾ ਨਤੀਜਾ ਹਨ। ਇੰਜ ਹੀ ਗੁਰੂਆਂ ਨਾਲ ਸਬੰਧਤ ਸ਼ਹਿਰਾਂ ਦੇ ਨਾਂ ਨਾਲ ਸ੍ਰੀ ਅਤੇ ਸਾਹਿਬ ਲਾਉਣ ਦੀ ਹਰਕਤ ਵੀ ਨਿਰਮਲਿਆਂ ਨੇ ਸ਼ੁਰੂ ਕੀਤੀ ਸੀ।"

ਮਤਲਬ ਸ੍ਰੀ ਅਤੇ ਸਾਹਿਬ ਵੀ ਅਪ੍ਰਵਾਨ ਹਨ। ਵਿਡੰਬਨਾ ਹੈ ਕਿ ਦਿਲਗੀਰ ਸਾਹਿਬ (!) ਖੁਦ ਗੁਰੂ ਨਾਨਕ ਦੇ ਨਾਂ ਨਾਲ ਸਾਹਿਬ ਪਿਛੇਤਰ ਲਾ ਰਹੇ ਹਨ ਤੇ ਨਾਲ ਹੀ ਇਸ ਨੂੰ ਨਿਰਮਲਿਆਂ ਤੇ ਬਾਹਮਣਾਂ ਦੀ ਕਰਤੂਤ ਗਰਦਾਨ ਰਹੇ ਹਨ। ਉਨ੍ਹਾਂ ਦੇ ਲੇਖ ਦਾ ਸਿਰਲੇਖ ਹੀ ਗੁਰੂ ਨਾਨਕ 'ਸਾਹਿਬ' ਕਿ ਗੁਰੂ ਨਾਨਕ 'ਦੇਵ' ਹੈ। ਉਹ ਸਾਹਿਬ ਪਿਛੇਤਰ 'ਤੇ ਕੋਈ ਇਤਰਾਜ਼ ਨਹੀਂ ਦਰਸਾ ਰਹੇ। ਦਿਲਗੀਰ ਜਿਹੇ ਵਿਦਵਾਨਾਂ ਦੇ ਅੰਤਰ ਮਨ ਵਿਚ ਕੋਈ ਦੁਬਿਧਾ ਤਾਂ ਜ਼ਰੂਰ ਹੈ ਕਿ ਗੁਰੂਆਂ ਦਾ ਨਾਂ ਦੋ ਜੁਜ਼ਾਂ ਵਾਲਾ ਹੋਣਾ ਚਾਹੀਦਾ ਹੈ। ਸਾਹਿਬ ਵੀ ਗੁਰੂਆਂ ਦੇ ਜਨਮ ਵੇਲੇ ਤੋਂ ਉਨ੍ਹਾਂ ਨਾਲ ਜੁੜਿਆ ਹੋਇਆ ਨਹੀਂ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ। ਇਹ ਲਫਜ਼ ਹੈ ਵੀ ਇਸਲਾਮੀ ਸਭਿਅਤਾ ਨਾਲ ਪਰੁੱਚ ਅਰਬੀ ਪਿਛੋਕੜ ਵਾਲਾ। ਇਹ ਗੱਲ ਆਮ ਹੀ ਜਾਣੀ ਜਾਂਦੀ ਹੈ ਕਿ ਸਾਡੇ ਦੇਸ਼ ਵਿਚ ਸਤਿਕਾਰ ਅਤੇ ਅਧੀਨਗੀ ਦੇ ਭਾਵਾਂ ਵਾਲਾ ਸਾਹਿਬ ਸ਼ਬਦ ਯੂਰਪੀਨਾਂ ਦੇ ਵੇਲੇ ਤੋਂ ਸ਼ੁਰੂ ਹੋਇਆ ਜੋ ਕਿ ਭਾਰਤੀਆਂ ਵਲੋਂ 'ਗੋਰੇ ਸਾਹਿਬਾਂ' ਲਈ ਵਰਤਿਆ ਜਾਂਦਾ ਸੀ। ਗੋਰੀਆਂ ਮੇਮਾਂ ਨੂੰ ਮੇਮ ਸਾਹਿਬ ਕਿਹਾ ਜਾਂਦਾ ਸੀ। ਡਾ. ਦਿਲਗੀਰ ਦੀ ਖੋਜ ਗੁਰੂਆਂ ਨਾਲ ਜੋੜੇ ਜਾਂਦੇ ਸਾਹਿਬ ਬਾਰੇ ਕੀ ਕਹਿੰਦੀ ਹੈ?

ਗੁਰੂਆਂ ਦੇ ਨਾਂ ਅੱਗੇ ਗੁਰੂ ਸ਼ਬਦ ਲਾਉਣ ਬਾਰੇ ਵੀ ਕਿੰਤੂ ਕੀਤਾ ਜਾ ਸਕਦਾ ਹੈ। ਗੁਰੂ-ਸ਼ਿਸ਼ ਤਾਂ ਹਿੰਦੂ ਧਰਮ ਦੀ ਪ੍ਰਾਚੀਨ ਪਰੰਪਰਾ ਹੈ। ਜ਼ਰਾ ਸੋਚੋ, ਗੁੜਗਾਵਾਂ ਦਾ ਨਾਂ ਬਦਲ ਕੇ ਗੁਰੂਗ੍ਰਾਮ ਕਿਉਂ ਰੱਖਿਆ ਗਿਆ? ਮੇਰੇ ਕਈ ਗੁਜਰਾਤੀ ਮਿੱਤਰਾਂ ਦੀ ਜੇਬ ਵਿਚ ਉਨ੍ਹਾਂ ਦੇ ਗੁਰੂ ਦੀ ਫੋਟੋ ਹੁੰਦੀ ਹੈ। ਗੁਰੂ ਸੰਸਕ੍ਰਿਤ ਦਾ ਪੁਰਾਣਾ ਸ਼ਬਦ ਹੈ ਜਿਸ ਬਾਰੇ ਬਹੁਤ ਪਹਿਲਾਂ ਲਿਖਿਆ ਜਾ ਚੁਕਾ ਹੈ। ਸਿੱਖਾਂ ਦੇ ਨਾਂ ਪਿੱਛੇ ਲਾਇਆ ਜਾ ਰਿਹਾ 'ਸਿੰਘ' ਸ਼ਬਦ ਪ੍ਰਾਚੀਨ ਪਿਛੇਤਰ ਹੈ। ਸਿੰਘ ਅਤੇ ਇਸ ਦੇ ਰੁਪਾਂਤਰ ਲਗਭਗ ਸਾਰੇ ਭਾਰਤ ਵਿਚ ਹਿੰਦੂਆਂ ਦੇ ਕਈ ਫਿਰਕਿਆਂ ਦੇ ਨਾਂਵਾਂ ਪਿੱਛੇ ਲਾਏ ਜਾਂਦੇ ਹਨ। ਦਸਵੀਂ ਸਦੀ ਦੇ 'ਅਮਰ ਕੋਸ਼' ਦੇ ਕਰਤਾ ਦਾ ਨਾਂ 'ਅਮਰ ਸਿੰਘ' ਸੀ। ਗੁਰੂ ਸਾਹਿਬ ਨੇ ਸਿੱਖ ਨਾਂਵਾਂ ਲਈ ਹਿੰਦੂਆਂ ਵਾਲਾ ਸਿੰਘ ਕਿਉਂ ਚੁਣਿਆ? ਕੌਰ ਵੀ 'ਕੁਮਾਰ' ਸ਼ਬਦ ਦਾ ਹੀ ਬਦਲਿਆ ਰੂਪ ਹੈ। ਰਾਜਸਥਾਨ ਦੇ ਕਈ ਇਲਾਕਿਆਂ ਵਿਚ ਸਦੀਆਂ ਤੋਂ ਹਿੰਦੂ ਇਸਤਰੀਆਂ ਦੇ ਨਾਂ ਪਿੱਛੇ ਕੌਰ ਪਿਛੇਤਰ ਲਗਦਾ ਹੈ।

ਅਸੀਂ 'ਗ੍ਰੰਥ' (ਗੁਰੂ ਮਾਨਿਓ ਗ੍ਰੰਥ) ਨੂੰ ਪਹਿਲਾਂ 'ਆਦਿ ਗ੍ਰੰਥ' ਫਿਰ 'ਗੁਰੂ ਗ੍ਰੰਥ' ਫਿਰ 'ਸ੍ਰੀ ਗੁਰੂ ਗ੍ਰੰਥ' ਫਿਰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਹਿਣਾ ਸ਼ੁਰੂ ਕਰ ਦਿੱਤਾ। ਕਿਸੇ ਵੀ ਰਾਜੇ ਜਾਂ ਦੈਵੀ ਪੁਰਸ਼ ਨੂੰ ਸਤਿਕਾਰ ਵਜੋਂ ਵਿਸ਼ੇਸ਼ਣ ਲਾਉਣ ਦੀ ਰੀਤੀ ਬਹੁਤ ਪੁਰਾਣੀ ਹੈ। 'ਪਰਸੂ, ਪਰਸਾ, ਪਰਸ ਰਾਮ, ਕਹਾਵਤ ਕਿਸੇ ਵਿਅਕਤੀ ਦੇ ਦਿਨ ਪ੍ਰਤੀ ਦਿਨ ਵਧ ਰਹੇ ਮਾਣ-ਸਨਮਾਨ ਅਤੇ ਪ੍ਰਤਿਸ਼ਠਾ ਨੂੰ ਦਰਸਾਉਂਦੀ ਹੈ। ਦੈਵੀ ਪੁਰਸ਼ਾਂ ਦੀ ਵਡਿਆਈ ਲਈ ਵੀ ਸਾਨੂੰ ਰਾਜੇ ਮਹਾਰਾਜਿਆਂ ਦੇ ਖਿਤਾਬ ਹੀ ਸੁਝਦੇ ਹਨ। ਗ੍ਰੰਥ ਸਾਹਿਬ ਨੂੰ ਮਹਾਰਾਜ ਜਾਂ ਸਵਾਰਾ ਸਾਹਿਬ ਵੀ ਕਿਹਾ ਜਾਂਦਾ ਹੈ। ਬਹੁਤ ਸਾਰੀਆਂ ਪਰੰਪਰਾਵਾਂ ਨੂੰ ਵਿਸ਼ੇਸ਼ ਧਰਮ ਨਾਲ ਨਹੀਂ ਬਲਕਿ ਸਾਂਝੀ ਵਿਰਾਸਤ ਨਾਲ ਜੋੜ ਕੇ ਸਮਝਿਆ ਜਾਣਾ ਚਾਹੀਦਾ ਹੈ। ਬਹੁਤੇ ਗੁਰੂਆਂ ਦੇ ਨਾਂ ਹਿੰਦੂ ਮਿਥਿਹਾਸ ਵਿਚ ਉਪਲਭਦ ਨਾਇਕਾਂ ਜਾਂ ਅਵਤਾਰਾਂ ਵਾਲੇ ਹਨ।

**ਨੋਟ:** ਦੇਵ, ਸ੍ਰੀ, ਗੁਰੂ, ਜੀ, ਸਿੰਘ, ਸਰਦਾਰ ਸ਼ਬਦਾਂ ਬਾਰੇ ਵਿਸਤ੍ਰਿਤ ਲੇਖ ਪਹਿਲਾਂ ਲਿਖੇ ਜਾ ਚੁਕੇ ਹਨ, ਜਗਿਆਸੂ ਪਾਠਕ ਪੜ੍ਹ ਸਕਦੇ ਹਨ।

---

# ਮੇਰੇ ਚੇਤਿਆਂ ਦੀ ਅੰਮ੍ਰਿਤਾ ਪ੍ਰੀਤਮ

*(ਪਿਛਲੇ ਸਫੇ ਦੀ ਬਾਕੀ)*

ਵੱਲ ਗਿਆ ਹੋਇਆ ਸੀ। ਗੁਰਦਾ ਰੋਗ ਤੋਂ ਪੀੜਤ ਸੀ। ਤੀਮਾਰਦਾਰੀ ਨਾਲੋਂ ਤਫਰੀਹ ਦੇ ਮੂਡ ਵਿਚ ਸਨ, ਜਿਵੇਂ ਆਸ਼ਕ ਹੁੰਦੇ ਹਨ। ਆਪਣੇ ਘਰ ਤੋਂ ਬਾਹਰ ਕਿਸੇ ਓਪਰੀ ਥਾਂ ਦੀ ਭਾਲ ਵਿਚ ਜਿੱਥੇ ਇੱਕ ਅੱਧ ਓਪਰਾ ਵੀ ਹਾਜ਼ਰ ਹੋਵੇ। ਕ੍ਰਿਸ਼ਨ ਨਹੀਂ ਤਾਂ ਗੁਲਜ਼ਾਰ ਹੀ ਸੀ। ਇਸ ਨਾਲ ਬੇਜੀ 'ਤੇ ਮੇਰਾ ਬਹੁਤ ਪ੍ਰਭਾਵ ਪਿਆ। ਉਨ੍ਹਾਂ ਨੂੰ ਮੇਰੇ ਖਾਣ-ਪੀਣ ਦਾ ਮਨਮੋਹਨ ਜਿੰਨਾ ਹੀ ਫਿਕਰ ਰਹਿਣ ਲੱਗਾ ਤੇ ਵਿਆਹ ਦਾ ਵੀ। ਸਾਡੇ ਦੋਵਾਂ ਦੇ ਵਿਆਹ ਦਾ। ਅੰਮ੍ਰਿਤਾ ਦੀ ਸਾਡੇ ਘਰ ਫੇਰੀ ਨਾਲ ਮਨਮੋਹਨ ਦਾ ਘਰ ਵੀ ਮੇਰਾ ਘਰ ਹੋ ਗਿਆ, ਜੋ ਅੱਜ ਤਕ ਹੈ।

---

ਅੰਮ੍ਰਿਤਾ ਪ੍ਰੀਤਮ ਨਾਲ ਮੇਰੀ ਆਖਰੀ ਮੁਲਾਕਾਤ ਰਵਿੰਦਰ ਰਵੀ ਨਾਲ ਹੋਈ। ਉਹ ਕੈਨੇਡਾ ਤੋਂ ਆਇਆ ਸੀ। ਅੰਮ੍ਰਿਤਾ ਕਾਫੀ ਬੀਮਾਰ ਸੀ। ਉਸ ਦੇ ਖੂਨ ਦੀਆਂ ਨਾਲੀਆਂ ਤਿੜਕਣ ਲੱਗ ਪਈਆਂ ਸਨ। ਰਵਿੰਦਰ ਰਵੀ ਖੁਦ ਦਿਲ ਦਾ ਮਰੀਜ਼ ਸੀ। ਇਹ ਮਿਲਣੀ ਦੋਹਾਂ ਲਈ ਆਖਰੀ ਹੋ ਸਕਦੀ ਸੀ।

ਮੈਂ ਟੈਲੀਫੋਨ ਕਰਕੇ ਅੰਮ੍ਰਿਤਾ ਪ੍ਰੀਤਮ ਤੋਂ ਸਮਾਂ ਮੰਗਿਆ। ਉਹਦੇ ਪੁੱਛਣ ਉਤੇ ਮੈਂ ਆਪਣਾ ਨਾਂ ਦੱਸਿਆ ਤਾਂ ਉਸ ਦੇ ਮੂੰਹੋਂ 'ਕਿਹੜਾ ਗੁਲਜ਼ਾਰ' ਸੁਣ ਕੇ ਭੁਚੱਕਾ ਰਹਿ ਗਿਆ। ਮੇਰੀ ਆਵਾਜ਼ ਸੁਣਦੇ ਸਾਰ 'ਗੁਲਜ਼ਾਰ ਮੀਆਂ!' ਕਹਿਣ ਵਾਲੀ ਅੰਮ੍ਰਿਤਾ ਨੂੰ ਕੀ ਹੋ ਗਿਆ ਸੀ? ਇੰਦਰਜੀਤ ਦੇ ਕਹਿਣ 'ਤੇ ਅਸੀਂ ਅੰਮ੍ਰਿਤਾ ਨੂੰ ਜਾ ਮਿਲੇ।

ਬੜੀਆਂ ਉਦਾਸ ਗੱਲਾਂ ਹੋਈਆਂ। "ਅੱਡੀਆਂ ਰਗੜ ਕੇ ਮਰਨ ਨਾਲੋਂ ਤਾਂ ਬੰਦਾ ਸਾਈਨਾਈਡ ਦੀ ਗੋਲੀ ਖਾ ਕੇ ਮਰ ਜਾਵੇ।" ਰਵੀ ਦੇ ਇਹ ਵਾਕ ਬੋਲਣ ਉਤੇ ਅੰਮ੍ਰਿਤਾ ਨੇ ਹਉਕਾ ਲੈ ਕੇ ਕਿਹਾ, "ਜੇ ਕਿਧਰੇ ਮਿਲਦੀ ਹੈ ਤਾਂ ਮੇਰੇ ਲਈ ਵੀ ਲੈ ਰੱਖੀਂ।"

ਮੈਂ ਤੇ ਰਵੀ ਵਾਪਸੀ ਵੇਲੇ ਅੰਮ੍ਰਿਤਾ ਦੇ ਸੁੱਜੇ ਹੋਏ ਪੈਰਾਂ ਤੇ ਖੂਨ ਦੀਆਂ ਫੁੱਲੀਆਂ ਨਾੜੀਆਂ ਦੀ ਗੱਲ ਕਰਕੇ ਉਦਾਸ ਹੋ ਗਏ। ਇਹ ਉਦਾਸੀ ਉਸ ਦਿਨ ਦੂਰ ਹੋਈ ਜਦੋਂ ਰੇਡੀਓ ਤੇ ਦੂਰਦਰਸ਼ਨ ਉਤੇ ਅੰਮ੍ਰਿਤਾ ਪ੍ਰੀਤਮ ਦੇ ਤੁਰ ਜਾਣ ਦੀ ਖਬਰ ਆਈ।

ਮੈਂ ਅੰਮ੍ਰਿਤਾ ਦੀ ਜਵਾਨੀ ਵਿਚ ਲਿਖੀ ਤੁਕ ਵਿਚੋਂ 'ਮੇਰਾ' ਸ਼ਬਦ ਦੀ ਥਾਂ 'ਤੇਰਾ' ਭਰ ਕੇ ਮਨ ਹੀ ਮਨ ਵਿਚ ਉਸ ਨੂੰ ਆਖਰੀ ਸਲਾਮ ਕਹੀ:

ਇਸ਼ਕ ਦੀ ਦਹਿਲੀਜ਼ 'ਤੇ
ਸਿਜਦਾ ਕਰੇਗਾ ਜਦ ਕੋਈ,
ਯਾਦ ਫਿਰ ਦਹਿਲੀਜ਼ ਨੂੰ
'ਤੇਰਾ' ਜ਼ਮਾਨਾ ਆਏਗਾ।

## ਅੱਜ ਆਖਾਂ ਵਾਰਿਸ ਸ਼ਾਹ ਨੂੰ...

ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੋਂ ਕਬਰਾਂ ਵਿਚੋਂ ਬੋਲ!
ਤੇ ਅੱਜ ਕਿਤਾਬੇ-ਇਸ਼ਕ ਦਾ
ਕੋਈ ਅਗਲਾ ਵਰਕਾ ਫੋਲ!
ਇਕ ਰੋਈ ਸੀ ਧੀ ਪੰਜਾਬ ਦੀ
ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ
ਤੈਨੂੰ ਵਾਰਿਸ ਸ਼ਾਹ ਨੂੰ ਕਹਿਣ
ਉਠ ਦਰਦਮੰਦਾਂ ਦਿਆ ਦਰਦੀਆ!
ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ
ਤੇ ਲਹੂ ਦੀ ਭਰੀ ਚਨਾਬ
ਕਿਸੇ ਨੇ ਪੰਜਾਂ ਪਾਣੀਆਂ ਵਿਚ
ਦਿੱਤੀ ਜ਼ਹਿਰ ਰਲਾ
ਤੇ ਉਨ੍ਹਾਂ ਪਾਣੀਆਂ ਧਰਤ ਨੂੰ
ਦਿੱਤਾ ਪਾਣੀ ਲਾ

ਇਸ ਜ਼ਰਖੇਜ਼ ਜ਼ਮੀਨ ਦੇ
ਲੂੰ ਲੂੰ ਫੁਟਿਆ ਜ਼ਹਿਰ
ਗਿਠ ਗਿਠ ਚੜ੍ਹੀਆਂ ਲਾਲੀਆਂ
ਫੁੱਟ ਫੁੱਟ ਚੜ੍ਹਿਆ ਕਹਿਰ
ਵਿਹੁ ਵਲਿੱਸੀ ਵਾ ਫਿਰ
ਵਣ ਵਣ ਵੱਗੀ ਜਾ
ਉਹਨੇ ਹਰ ਇਕ ਵਾਂਸ ਦੀ
ਵੰਝਲੀ ਦਿੱਤੀ ਨਾਗ ਬਣਾ
ਪਹਿਲਾ ਡੰਗ ਮਦਾਰੀਆਂ
ਮੰਤਰ ਗਏ ਗੁਆਚ
ਦੂਜੇ ਡੰਗ ਦੀ ਲੱਗ ਗਈ
ਜਣੇ ਖਣੇ ਨੂੰ ਲਾਗ
ਨਾਗਾਂ ਕੀਲੇ ਲੋਕ ਮੂੰਹ

ਬੱਸ ਫਿਰ ਡੰਗ ਹੀ ਡੰਗ
ਪਲੋ ਪਲੀ ਪੰਜਾਬ ਦੇ
ਨੀਲੇ ਪੈ ਗਏ ਅੰਗ।

ਗਲਿਓਂ ਟੁੱਟੇ ਗੀਤ ਫਿਰ
ਤ੍ਰਕਲਿਓਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸਹੇਲੀਆਂ
ਚਰੱਖੜੇ ਘੂਕਰ ਬੰਦ
ਸਣੇ ਸੇਜ ਦੇ ਬੇੜੀਆਂ
ਲੁੱਡਣ ਦਿੱਤੀਆਂ ਰੋੜ੍ਹ
ਸਣੇ ਡਾਲੀਆਂ ਪੀਂਘ ਅੱਜ
ਪਿੱਪਲਾਂ ਦਿੱਤੀ ਤੋੜ੍ਹ
ਜਿਥੇ ਵਜਦੀ ਸੀ ਫੂਕ ਪਿਆਰ ਦੀ

ਵੇ ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅੱਜ
ਭੁੱਲ ਗਏ ਉਸ ਦੀ ਜਾਚ।
ਧਰਤੀ 'ਤੇ ਲਹੂ ਵੱਸਿਆ
ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਾਹਜ਼ਾਦੀਆਂ
ਅੱਜ ਵਿਚ ਮਜ਼ਾਰਾਂ ਰੋਣ।
ਅੱਜ ਸੱਭੇ ਕੈਦੋਂ ਬਣ ਗਏ
ਹੁਸਨ ਇਸ਼ਕ ਦੇ ਚੋਰ
ਅੱਜ ਕਿਥੋਂ ਲਿਆਈਏ ਲੱਭ ਕੇ
ਵਾਰਿਸ ਸ਼ਾਹ ਇਕ ਹੋਰ।
ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੋਂ ਕਬਰਾਂ ਵਿਚੋਂ ਬੋਲ!
ਤੇ ਅੱਜ ਕਿਤਾਬੇ ਇਸ਼ਕ ਦਾ
ਕੋਈ ਅਗਲਾ ਵਰਕਾ ਫੋਲ!

*-ਅੰਮ੍ਰਿਤਾ ਪ੍ਰੀਤਮ*

# ਖੁਸ਼ੀ ਦੀ ਖਬਰ

***ਕੈਂਸਰ ਅਜਿਹਾ ਭਿਆਨਕ ਰੋਗ ਹੈ ਕਿ ਇਸ ਦਾ ਨਾਂ ਸੁਣਦਿਆਂ ਹੀ ਬੰਦੇ ਦਾ ਤ੍ਰਾਹ ਨਿੱਕਲ ਜਾਂਦਾ ਹੈ। ਪ੍ਰੋ. ਲਖਬੀਰ ਸਿੰਘ ਨੇ ਜਿੰਨੇ ਦਿਲ ਜਿਗਰੇ ਨਾਲ ਇਸ ਦਾ ਮੁਕਾਬਲਾ ਕੀਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਅਸੀਂ ਉਨ੍ਹਾਂ ਦੀ ਇਹ ਲਿਖਤ ਕਿਸ਼ਤਾਂ ਵਿਚ ਇਸ ਸੋਚ ਨਾਲ ਛਾਪ ਰਹੇ ਹਾਂ ਕਿ ਸ਼ਾਇਦ ਕਿਸੇ ਨੂੰ ਮੁਸੀਬਤ ਦਾ ਸਾਹਮਣਾ ਕਰਨ ਲਈ ਹਿੰਮਤ ਬੱਝੇ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਮਾਰਚ 2007 ਵਿਚ ਜਦੋਂ ਪਹਿਲੇ ਪੜਾਅ ਦਾ ਇਲਾਜ ਮੁਕੰਮਲ ਹੋ ਗਿਆ ਤਾਂ ਸਾਰੇ ਟੈਸਟ ਮੁੜ ਕੀਤੇ ਗਏ ਤਾਂ ਜੋ ਬੀਮਾਰੀ ਨੂੰ ਸਮਝ ਕੇ ਅਗਲੇ ਪੜਾਅ ਦਾ ਇਲਾਜ ਸ਼ੁਰੂ ਹੋ ਸਕੇ। ਅਪਰੈਲ 2007 ਵਿਚ ਰੇਡੀਓਥੈਰੇਪੀ ਅਤੇ ਕੀਮੋਥੈਰੇਪੀ ਦੇ ਦੌਰ ਦੀ ਜਾਂਚ ਹੋਈ। ਟੈਸਟਾਂ ਦੀਆਂ ਰਿਪੋਰਟਾਂ ਬੜੀਆਂ ਹੌਸਲਾ ਵਧਾਊ ਆਈਆਂ ਸਨ। ਕੈਂਸਰ 80 ਪ੍ਰਤੀਸ਼ਤ ਹਾਰ ਗਿਆ ਤੇ ਡਾਕਟਰ ਕਹਿੰਦੇ, ਵਕਤੀ ਤੌਰ 'ਤੇ ਬੀਮਾਰੀ ਘਟ ਗਈ ਹੈ। ਕੈਂਸਰ ਦੀ ਹਾਲਤ ਵਿਚ ਰੀਮਿਸ਼ਨ ਸ਼ਬਦ ਵਰਤਿਆ ਜਾਂਦਾ ਹੈ। ਇਲਾਜ ਕੰਮ ਨਾ ਕਰੇ ਤਾਂ ਨੋ ਰੀਮਿਸ਼ਨ, ਘੱਟ ਕਰੇ ਤਾਂ ਪੂਅਰ ਰੀਮਿਸ਼ਨ। ਬੀਮਾਰੀ ਖਤਮ ਹੋ ਜਾਵੇ ਤਾਂ ਡਾਕਟਰ ਅਤੇ ਮੈਡੀਕਲ ਸਾਇੰਸ ਗੁੱਡ ਰੀਮਿਸ਼ਨ ਦਾ ਦਰਜਾ ਦਿੰਦੀ ਹੈ। ਕੀਮੋਥੈਰੇਪੀ ਤੇ ਰੇਡੀਓਥੈਰੇਪੀ ਦੇ



**ਪ੍ਰੋ. ਲਖਬੀਰ ਸਿੰਘ**
**ਫੋਨ: 91-98148-66230**

ਚੰਗੇ ਅਸਰ ਨੇ ਮੇਰੀ ਇੱਛਾ ਸ਼ਕਤੀ, ਹਿੰਮਤ ਅਤੇ ਹੌਂਸਲਾ ਹੋਰ ਵਧਾਏ। ਲਗਾਤਾਰ ਰੇਡੀਓਥੈਰੇਪੀ ਦੇ ਮਾਰੂ ਅਸਰਾਂ ਅਤੇ ਕੀਮੋਥੈਰੇਪੀ ਨੇ ਸਰੀਰ ਨੂੰ ਕਮਜ਼ੋਰ ਕਰ ਦਿੱਤਾ ਤੇ ਸਰੀਰ 'ਤੇ ਸੋਜਿਸ਼ ਆ ਗਈ, ਪਰ ਬਿਸਤਰ ਤੋਂ ਉਠ ਬਹਾਰ ਨਿਕਲਣ ਅਤੇ ਕੰਮ ਕਰਨ ਦੀ ਹਿੰਮਤ ਬਰਕਰਾਰ ਸੀ।

ਅਪਰੈਲ 'ਚ ਵਿਸ਼ਵ ਸਿਹਤ ਦਿਵਸ ਹੁੰਦਾ ਹੈ। ਸਰਕਾਰੀ ਹਸਪਤਾਲ ਚਿੱਠੀ ਭੇਜ ਕੇ 'ਪਹਿਲ' ਵੱਲੋਂ ਸਰਕਾਰੀ ਸੈਕੰਡਰੀ ਸਕੂਲ, ਮਕਸੂਦਾਂ 'ਚ ਡਾਕਟਰੀ ਜਾਂਚ ਕੈਂਪ ਲਾਇਆ ਗਿਆ। ਹਲਕਾ ਵਿਧਾਇਕ ਕ੍ਰਿਸ਼ਨ ਦੇਵ ਭੰਡਾਰੀ ਮੁੱਖ ਮਹਿਮਾਨ ਸਨ। ਸਿਵਲ ਹਸਪਤਾਲ ਦੇ ਡਾਕਟਰ ਅਤੇ ਪੈਰਾਮੈਡੀਕਲ ਸਟਾਫ ਵਕਤ ਸਿਰ ਕੈਂਪ ਵਿਚ ਪਹੁੰਚ ਗਏ। ਮੈਂ ਖੁਦ ਤਿਆਰ ਹੋ ਕੇ, ਪਿੱਠ ਨੂੰ ਸਹਾਇਤਾ ਦੇਣ ਲਈ ਟੇਲਰਜ਼ ਬਰੇਸ ਲਾ ਕੇ ਡਾਕਟਰਾਂ ਦੀਆਂ ਟੀਮਾਂ ਤੋਂ ਪਹਿਲਾਂ ਕੈਂਪ ਵਾਲੀ ਥਾਂ ਸਭ ਦੇ ਸਵਾਗਤ ਲਈ ਖੜ੍ਹਾ ਸਾਂ। ਮੈਂ ਪੂਰਾ ਸਮਾਂ ਕੈਂਪ ਵਿਚ ਰਿਹਾ ਤੇ ਲੋੜਵੰਦ ਬਾਲਾਂ ਨੂੰ ਹੱਥੀਂ ਦੰਦ ਬ੍ਰਸ਼ ਤੇ ਟੁਥ ਪੇਸਟ ਦਿੱਤੇ। ਇਨ੍ਹੀਂ ਦਿਨੀਂ ਵਿਸ਼ਵ ਵਿਰਾਸਤ ਦਿਵਸ ਸੀ। ਜੀ. ਟੀ. ਰੋਡ 'ਤੇ ਜਾ ਕੇ ਖੁਦ 'ਪਹਿਲ' ਦਾ ਇਕ ਗਰੁਪ ਸਾਹਿਤਕਾਰ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਵਸਾਏ ਪਿੰਡ ਪ੍ਰੀਤ ਨਗਰ ਦੀ ਯਾਤਰਾ ਲਈ ਰਵਾਨਾ ਕੀਤਾ। ਇੰਜ ਮੈਂ ਸਮਾਜਕ ਕੰਮਾਂ ਦੀ ਫਿਰ ਤੋਂ ਸ਼ੁਰੂਆਤ ਕਰ ਦਿੱਤੀ।

**ਜ਼ਿੰਦਗੀ ਮੌਤ ਦਾ ਸਵਾਲ:** ਕਈ ਡਾਕਟਰਾਂ ਨੇ ਬੋਨ ਮੈਰੋ ਟਰਾਂਸਪਲਾਂਟ ਦੀ ਸਲਾਹ ਦਿੱਤੀ। ਇਹ ਇਲਾਜ ਦਾ ਅਗਲਾ ਪੜਾਅ ਸੀ-ਆਟੋਲੋਗਸ ਸਟੈਮ ਸੈਲ ਟਰਾਂਸਪਲਾਂਟ। ਬੋਨ ਮੈਰੋ ਟਰਾਂਸਪਲਾਂਟ ਕਈ ਕਿਸਮ ਦਾ ਹੈ। ਸਭ ਤੋਂ ਵੱਧ ਅਸਰਦਾਰ ਆਟੋਲੋਗਸ ਸਟੈਮ ਸੈਲ ਟਰਾਂਸਪਲਾਂਟ ਹੈ। ਮੈਂ ਇਸ ਬਾਰੇ ਅਮਰੀਕਾ ਦੀ ਇਕ ਸੰਸਥਾ ਇੰਟਰਨੈਸ਼ਨਲ ਮਾਈਲੋਮਾ ਫਾਊਂਡੇਸ਼ਨ ਵਲੋਂ ਆਏ ਸਾਹਿਤ ਵਿਚੋਂ ਵਿਸਥਾਰ ਨਾਲ ਪੜ੍ਹਿਆ ਹੋਣ ਕਰਕੇ ਕੁਝ ਡਰਦਾ ਸਾਂ, ਕਿਉਂਕਿ ਮੈਨੂੰ ਇਹ ਬਹੁਤ ਔਖਾ ਲੱਗਦਾ ਸੀ। ਹਰਵਿੰਦਰ ਅਤੇ ਹੋਰ ਨਜ਼ਦੀਕੀ ਕਹਿੰਦੇ ਤਾਂ ਮੈਂ ਟਾਲਦਾ ਸਾਂ। ਹੋਰ ਪੜ੍ਹ ਕੇ ਇਸ ਫੈਸਲੇ 'ਤੇ ਪਹੁੰਚਿਆ ਕਿ ਮੇਰੇ ਕੋਲ ਹੋਰ ਕੋਈ ਚਾਰਾ ਨਹੀਂ। ਇਹ ਸੂਖਮ ਅਤੇ ਵਿਸਤ੍ਰਿਤ ਜਾਣਕਾਰੀ ਹਰਵਿੰਦਰ ਨੂੰ ਪੜ੍ਹਾਈ। ਉਹ ਡਰ ਗਈ।

ਦਿੱਲੀ ਏਮਜ਼ ਤੋਂ ਬੋਨ ਮੈਰੋ ਟਰਾਂਸਪਲਾਂਟ ਕਰਾਉਣ ਦਾ ਫੈਸਲਾ ਇਸ ਕਰਕੇ ਲਿਆ ਕਿਉਂਕਿ ਉਨ੍ਹੀਂ ਸਾਲੀਂ ਭਾਰਤ ਵਿਚ 6 ਵੱਡੇ ਹਸਪਤਾਲਾਂ ਵਿਚ ਹੀ ਟਰਾਂਸਪਲਾਂਟ ਹੁੰਦਾ ਸੀ। ਉਥੇ ਬਾਹਰੋਂ ਹੋਏ ਟੈਸਟਾਂ ਦੀਆਂ ਰਿਪੋਰਟਾਂ 'ਤੇ ਵਿਸ਼ਵਾਸ ਨਹੀਂ ਸੀ ਕੀਤਾ ਜਾਂਦਾ, ਸਾਰੇ ਟੈਸਟ ਏਮਜ਼ ਵਿਚ ਹੀ ਕੀਤੇ ਜਾਂਦੇ। ਮੈਂ ਅਪਰੈਲ 2007 ਵਿਚ ਸਾਰੇ ਟੈਸਟ ਕਰਾ ਲਏ। ਮਨਸੂਬਾ ਇਹ ਬਣਿਆ ਕਿ ਮੈਂ 8 ਮਈ 2007 ਨੂੰ ਦਿੱਲੀ ਰਵਾਨਾ ਹੋਵਾਂਗਾ। ਡਾਕਟਰਾਂ ਨਾਲ ਗੱਲਬਾਤ ਹੋ ਚੁਕੀ ਸੀ, ਸ਼ਰਤ ਇਹ ਕਿ ਦਾਖਲ ਖੁਦ ਦੇ ਯਤਨਾਂ ਨਾਲ ਹੋਣਾ ਹੈ ਤੇ ਟਰਾਂਸਪਲਾਂਟ ਡਾਕਟਰ ਕਰ ਦੇਣਗੇ।

8 ਮਈ ਵਿਸ਼ਵ ਰੈਡ ਕਰਾਸ ਦਿਵਸ ਹੁੰਦਾ ਹੈ, ਜੋ 'ਪਹਿਲ' ਹਰ ਸਾਲ ਮਨਾਉਂਦੀ ਹੈ। ਮੈਂ ਇਕ ਦਿਨ ਪਹਿਲਾਂ ਹੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਸ਼ਮੀ ਮਿੱਤਲ ਨੂੰ ਮਿਲ ਕੇ 7 ਮਈ ਨੂੰ ਵਿਸ਼ਵ ਰੈਡ ਕਰਾਸ ਦਿਵਸ ਮਨਾਉਣ ਦਾ ਪ੍ਰੋਗਰਾਮ ਬਣਾ ਲਿਆ। ਵਿਦਿਆਰਥੀਆਂ ਦੇ ਖਚਾਖਚ ਭਰੇ ਹਾਲ ਵਿਚ ਪ੍ਰੇਰਨਾ ਭਾਸ਼ਣ ਦਿੱਤਾ। ਜਦ ਘਰ ਪੁੱਜਾ ਤਾਂ ਘਰ ਦੀ ਲਾਬੀ ਰੀਕਾਰਡਿੰਗ ਸਟੂਡੀਓ ਬਣੀ ਹੋਈ-ਲਾਈਟਾਂ, ਪਰਦੇ ਤੇ ਵਿਸ਼ੇਸ਼ ਸੈਟ। ਉਨ੍ਹੀਂ ਦਿਨੀਂ ਇੰਗਲੈਂਡ ਦਾ ਇਕ ਚੈਨਲ 'ਰੰਗਲਾ ਪੰਜਾਬ' ਪ੍ਰੋਗਰਾਮ ਪੇਸ਼ ਕਰਦਾ ਸੀ ਤੇ ਉਸ ਵਿਚ ਹਫਤਾਵਾਰੀ ਕੱਟ ਹੁੰਦਾ ਸੀ, 'ਸ਼ਾਨ ਪੰਜਾਬ ਦੀ।' ਇਸ ਪ੍ਰੋਗਰਾਮ ਵਿਚ ਪੰਜਾਬ ਦੀ ਕਿਸੇ ਹਸਤੀ ਨੂੰ ਪੇਸ਼ ਕੀਤਾ ਜਾਂਦਾ ਸੀ। ਇਸ ਪ੍ਰੋਗਰਾਮ ਲਈ ਮੇਰੀ ਚੋਣ ਹੋਈ ਅਤੇ ਉਸੇ ਦਿਨ ਇਸ ਵਾਸਤੇ ਮੈਨੂੰ ਰੀਕਾਰਡ ਕੀਤਾ ਜਾਣਾ ਸੀ। ਐਂਕਰ ਸਨ, ਕੌਮਾਂਤਰੀ ਪ੍ਰਸਿੱਧੀ ਵਾਲੇ ਜੋਅ ਬਾਠ, 6 ਫੁੱਟ ਤੋਂ ਕਿਤੇ ਵੱਧ ਕੱਦ ਤੇ ਵੱਡਾ ਜੁੱਸਾ।

ਦੂਜੇ ਪਾਸੇ ਜ਼ਿੰਦਗੀ ਤੇ ਮੌਤ ਦੇ ਵੱਡੇ ਫੈਸਲੇ ਬਾਰੇ ਅੰਤਿਮ ਨਿਰਣਾ, ਬਹੁਤ ਸਾਰੇ ਕੰਮ, ਘਰ-ਘਾਟ, ਬਾਲ-ਬੱਚੇ, ਆਰ-ਪਰਿਵਾਰ ਸਭ ਕੁਝ ਛੱਡ ਬੜੀ ਖੌਫਨਾਕ ਪ੍ਰਕ੍ਰਿਆ ਬੋਨ ਮੈਰੋ ਟਰਾਂਸਪਲਾਂਟ ਲਈ ਦਿੱਲੀ ਵੱਲ ਕੂਚ, ਜਿਸ ਦੇ ਸਿੱਟੇ ਨਾਜ਼ੁਕ ਤੇ ਖਤਰਨਾਕ ਹੋਣ ਦੀ ਸੰਭਾਵਨਾ ਵੀ ਸੀ, ਤੇ ਜੇਤੂ ਬਣ ਨਵੀਂ ਜ਼ਿੰਦਗੀ ਲੈ ਵਾਪਸ ਆਉਣ ਦੀ ਸੰਭਾਵਨਾ ਵੀ।

**ਸੁਨਹਿਰੀ ਦਿਲ ਵਾਲਾ ਡਾਕਟਰ:** ਇਕ ਵੱਡਾ ਕਾਰਨ ਮਾਹਿਰ ਡਾਕਟਰ ਲਲਿਤ ਕੁਮਾਰ, ਜੋ ਅਤਿ ਜਹੀਨ-ਤਰੀਨ ਸ਼ਖਸੀਅਤ, ਹਰ ਕਿਸੇ ਦੀ ਸੁਣਨ ਵਾਲਾ, ਦਿਲ-ਦਿਮਾਗ ਨਾਲ ਇਲਾਜ ਲਈ ਜੁਟਿਆ। ਸਮਾਂ, ਤਨਖਾਹ ਉਨ੍ਹਾਂ ਲਈ ਅਹਿਮ ਨਹੀਂ ਸੀ, ਬਸ ਕੰਮ ਦੀ ਲਗਨ ਅਤੇ ਕੰਮ ਵਿਚੋਂ ਖੁਸ਼ੀਆਂ। ਡਾ. ਲਲਿਤ ਬਿਨਾ ਕਿਸੇ ਭਿੰਨ-ਭੇਦ ਦੇ ਹਰ ਕਿਸੇ ਮਰੀਜ਼ ਨੂੰ ਇਕੋ ਜਿਹੀ ਤਵੱਜੋ ਦਿੰਦੇ। ਇਕ ਹੋਰ ਵੱਡੀ ਗੱਲ ਉਨ੍ਹਾਂ ਵਿਚ ਇਹ ਸੀ ਕਿ ਉਸ ਵਕਤ ਤੱਕ, ਸ਼ਾਇਦ ਅੱਜ ਤੱਕ ਵੀ, ਸਭ ਤੋਂ ਵੱਧ ਬੋਨ ਮੈਰੋ ਟਰਾਂਸਪਲਾਂਟ ਕਰਨ ਦਾ ਤਜ਼ਰਬਾ ਡਾ. ਲਲਿਤ ਕੋਲ ਸੀ। ਉਨ੍ਹਾਂ ਦੀ ਸਮੁੱਚੀ ਸਿਖਿਆ, ਖੋਜ ਇਸ ਤੱਥ 'ਤੇ ਨਿਰਭਰ ਰਹੀ ਕਿ ਕੈਂਸਰ ਦਾ ਘੱਟ ਖਰਚ ਨਾਲ ਇਲਾਜ ਕਿਵੇਂ ਹੋ ਸਕਦਾ ਹੈ।

ਮੈਂ ਬਿਨਾ ਅਪੁਆਇੰਟਮੈਂਟ ਲਏ, ਘਰਵਾਲੀ ਤੇ ਉਸ ਦੇ ਭਾਈ ਸਮੇਤ ਅਪਰੈਲ 2007 ਦੇ ਇਕ ਦਿਨ ਭੀਮ ਰਾਓ ਅੰਬੇਦਕਰ ਅੰਤਰਰਾਸ਼ਟਰੀ ਰੋਟਰੀ ਕੈਂਸਰ ਏਮਜ਼ ਹਸਪਤਾਲ, ਦਿੱਲੀ ਪਹੁੰਚ ਗਿਆ। ਉਂਜ ਹੀ ਕਿਸੇ ਵਿਅਕਤੀ ਨੂੰ ਏਮਜ਼ ਵਿਚ ਕਿਸੇ ਡਾਕਟਰ ਨੂੰ ਮਿਲਣ ਬਾਰੇ ਪੁੱਛਿਆ ਤੇ ਅੱਗੋਂ ਖਚਰੀ ਹਾਸੀ ਵਾਲਾ ਜੁਆਬ ਮਿਲਿਆ, "ਏਮਜ਼, ਤੇ ਬਿਨਾ ਅਪੁਆਇੰਟਮੈਂਟ?" ਤੇ ਉਹ ਮੇਰੀ ਨਾਦਾਨੀ ਨੂੰ ਦੰਦ ਚਿੜਾਉਂਦਾ ਚਲਦਾ ਬਣਿਆ। ਮੈਂ ਇਕ ਸਿਸਟਰ ਨੂੰ ਪੁੱਛਿਆ ਕਿ ਕੋਈ ਐਸਾ ਡਾਕਟਰ ਜੋ ਤੁਰਿਆ ਜਾਂਦਾ ਗੱਲ ਸੁਣ ਲੈਂਦਾ ਹੈ? ਹਵਾਲਾ ਦੂਹਰਾ ਹੋ ਗਿਆ, ਡਾ. ਲਲਿਤ ਕੁਮਾਰ। ਮੈਂ ਕਮਰਾ ਪੁੱਛ ਕੇ ਪਹੁੰਚ ਗਿਆ ਤੇ ਅੰਦਰ ਖੋਜ-ਕਾਰਜ ਵਿਚ ਖੁੱਭੀ ਬੈਠੀ ਸੰਭਾਵੀ ਡਾਕਟਰ ਨੂੰ ਪੁੱਛਿਆ, ਕਹਿੰਦੀ ਸਰ ਕਲਾਸ ਖਤਮ ਕਰਕੇ ਇਥੇ ਆਉਣਗੇ। ਇਕ ਜੈਂਟਲਮੈਨ ਕਮਰੇ 'ਚ ਦਾਖਲ ਹੁੰਦਾ ਦੇਖ ਝੱਟ ਦੇਣੀ ਮਗਰ ਚਲਾ ਗਿਆ। ਡਾ. ਲਲਿਤ ਕੁਮਾਰ ਉਸ ਲੜਕੀ ਨੂੰ ਕਹਿੰਦੇ ਕਿ ਇਨ੍ਹਾਂ ਨੂੰ ਮੇਰੇ ਬੋਰਡ ਰੂਮ 'ਚ ਬਿਠਾ ਦਿਓ। 10 ਮਿੰਟ ਬਾਅਦ ਹੱਥ 'ਚ ਇਕ ਪੈਡ ਫੜ੍ਹੀ ਮੇਰੇ ਕੋਲ ਆਏ। ਮਲਟੀਪਲ ਮਾਈਲੋਮਾ ਕੈਂਸਰ ਬਾਰੇ ਸਾਰੀ ਵਾਕਫੀ 45 ਮਿੰਟ ਦੇ ਇਕ ਪੀਰੀਅਡ ਜਿੰਨੇ ਸਮੇਂ 'ਚ ਮੇਰੇ ਖਾਨੇ 'ਚ ਪਾਈ। ਮੈਂ ਕਿਹਾ, ਡਾ. ਸਾਹਿਬ ਮੇਰਾ ਇਲਾਜ ਹੁਣ ਤੁਸਾਂ ਹੀ ਕਰਨਾ ਹੈ। ਕਹਿੰਦੇ, "ਮੈਂ ਪਹਿਲਾਂ ਹੀ ਲੋੜ ਤੋਂ ਵੱਧ ਮਰੀਜ਼ ਆਪਣੇ ਕੋਲ ਦਾਖਲ ਕੀਤੇ ਹੋਏ ਹਨ। ਹੋਰ ਕਰ ਹੀ ਨਹੀਂ ਸਕਦਾ। ਹਾਂ, ਤੁਸੀਂ ਦਾਖਲ ਹੋ ਜਾਓ, ਮੈਂ ਤੁਹਾਡਾ ਇਲਾਜ (ਬੋਨ ਮੈਰੋ ਟਰਾਂਸਪਲਾਂਟ) ਕਰ ਦਿਆਂਗਾ।"

ਓ. ਪੀ. ਡੀ. ਸਲਿਪ ਬਣਾ ਕੇ ਮੈਂ ਘਰੋਂ ਜਾ ਕੇ ਦੋ ਹਫਤਿਆਂ ਵਿਚ ਆਪਣੀ ਪ੍ਰੋਗਨੋਸਿਸ ਰਿਪੋਰਟ ਤਿਆਰ ਕਰਾ ਲਈ ਤੇ ਇੰਜ ਬੋਨ ਮੈਰੋ ਟਰਾਂਸਪਲਾਂਟ ਲਈ ਪਿਠਭੂਮੀ ਤਿਆਰ ਹੋ ਗਈ। ਡਾ. ਲਲਿਤ ਕੁਮਾਰ ਨਾਲ ਪਹਿਲੀ ਮੁਲਾਕਾਤ ਦਾ ਪਿਆ ਪ੍ਰਭਾਵ ਦਿਨ-ਬ-ਦਿਨ ਗਹਿਰਾ ਹੀ ਹੁੰਦਾ ਗਿਆ। ਟਰਾਂਸਪਲਾਂਟ ਦੌਰਾਨ ਉਨ੍ਹਾਂ ਵਧੇਰੇ ਸਮਾਂ ਮੇਰੇ ਕਮਰੇ ਵਿਚ ਬਿਤਾਉਣਾ। ਉਹ ਕਦੇ ਕਦਾਈਂ ਸਾਹਿਤਕ ਵੇਰਵੇ ਵੀ ਦਿੰਦੇ, ਖਾਸ ਕਰ ਮਾਨਵਵਾਦੀ ਸਾਹਿਤ ਦੇ। ਉਨ੍ਹਾਂ ਦੀ ਸ਼ਖਸੀਅਤ ਮੈਨੂੰ ਬੜਾ ਪ੍ਰਭਾਵਿਤ ਕਰਦੀ।

**ਇਮਤਿਹਾਨ ਦਰ ਇਮਤਿਹਾਨ:** ਬੋਨ ਮੈਰੋ ਟਰਾਂਸਪਲਾਂਟ ਵਿਚ ਬੰਦੇ ਨੂੰ ਇਕ ਵਾਰ ਜ਼ੀਰੋ ਕਰਕੇ ਮੁੜ ਜੀਣ ਯੋਗ ਬਣਾਇਆ ਜਾਂਦਾ ਹੈ। ਇੰਨਾ ਵੱਡਾ ਕ੍ਰਿਸ਼ਮਾ ਕਰਨ ਲਈ ਬੰਦੇ ਦੀਆਂ ਖਾਹਿਸ਼ਾਂ ਪੁੱਛੀਆਂ ਜਾਂਦੀਆਂ ਹਨ। ਜਦੋਂ ਮੇਰੀ ਪ੍ਰੋਗਨੋਸਿਸ ਰਿਪੋਰਟ ਤਿਆਰ ਹੋ ਗਈ ਤਾਂ ਦਾਖਲ ਹੋਣ ਤੋਂ ਵੀ ਪਹਿਲਾਂ ਟਰਾਂਸਪਲਾਂਟ ਕਰਨ ਦਾ ਫੈਸਲਾ ਅੰਤਿਮ ਹਾਂ-ਪੱਖੀ ਹੋ ਗਿਆ ਸੀ। ਡਾਕਟਰ ਨਾਲ ਹਰ ਪੱਧਰ ਦੇ ਜ਼ਿੰਦਗੀ-ਮੌਤ ਦੀ ਖੇਡ ਦੇ ਸਵਾਲ ਡਿਸਕਸ ਹੋ ਚੁਕੇ ਸਨ। ਸਭ ਕੁਝ ਤੈਅ ਹੋਣ 'ਤੇ ਡਾ. ਲਲਿਤ ਨੇ ਪੈਰਾ ਮੈਡੀਕਲ ਸਟਾਫ ਦੀ ਡਿਊਟੀ ਲਾਈ ਕਿ ਉਹ ਮੈਨੂੰ ਇਕ ਕਮਰਾ ਦਿਖਾ ਦੇਣ, ਜਿਸ 'ਚ ਮੇਰਾ ਬੋਨ ਮੈਰੋ ਟਰਾਂਸਪਲਾਂਟ ਕੀਤਾ ਜਾਣਾ ਹੈ। ਲਿਫਟ ਦੇ ਮਾਧਿਅਮ ਨਾਲ ਮੈਂ ਤੇ ਹਰਵਿੰਦਰ ਉਸ ਕਮਰੇ 'ਚ ਦਾਖਲ ਹੋਣ ਲੱਗੇ ਤਾਂ ਵਾਰਡ ਸਿਸਟਰ ਨੇ ਇਕ ਦਮ ਸਾਨੂੰ ਰੋਕ ਕੇ ਚੰਦ ਕੁ ਪਲ ਉਡੀਕਣ ਲਈ ਕਿਹਾ। ਅੱਗੋਂ ਇਕ ਸਟਰੈਚਰ ਬਾਹਰ ਨਿਕਲਦਾ ਹੈ, ਜਿਸ ਉਤੇ ਇਕ ਡੈਡਬਾਡੀ ਪੂਰੇ ਸਨਮਾਨ ਨਾਲ ਢਕ ਕੇ ਬਾਹਰ ਆਉਂਦੀ ਹੈ ਤੇ ਪਿਛੋਂ ਸਿਸਟਰ ਸਾਨੂੰ ਕਮਰੇ ਅੰਦਰ ਜਾਣ ਦਾ ਇਸ਼ਾਰਾ ਕਰਦੀ ਹੈ। ਅਸੀਂ ਕਮਰੇ 'ਚ ਦਾਖਲ ਤਾਂ ਹੋ ਗਏ, ਪਰ ਮੌਤ ਦੇ ਪਰਮ ਸੱਚ ਨੂੰ ਨਤਮਸਤਕ ਹੁੰਦੇ ਦੋਹਾਂ ਨੇ ਨਮ ਅੱਖਾਂ ਨਾਲ ਵਿਛੜੀ ਆਤਮਾ ਨੂੰ ਸ਼ਰਧਾ ਸੁਮਨ ਚੁੱਪ-ਚੁਪੀਤਿਆਂ ਅਰਪਿਤ ਕੀਤੇ।

ਬੜੀ ਲੰਬੀ ਕਸ਼ਮਕਸ਼ ਪਿਛੋਂ ਕਮਰਾ ਮਿਲਿਆ ਤਾਂ ਉਹੀ ਮਿਲਿਆ ਜਿਸ ਕਮਰੇ 'ਚੋਂ ਅਸੀਂ ਅਣਪਛਾਤੀ ਲਾਸ਼ ਨੂੰ ਵਿਦਾਇਗੀ ਦਿੱਤੀ ਸੀ। ਜਦੋਂ ਉਸ ਕਮਰੇ 'ਚ ਅਸੀਂ ਅੱਖਾਂ ਮਿਲਾ ਕੇ ਚੁੱਪ ਦੀ ਭਾਸ਼ਾ 'ਚ ਗੱਲ ਕੀਤੀ ਤਾਂ ਮੈਂ ਖੁਦ ਨਾਲ ਇਕ ਵਾਅਦਾ ਕੀਤਾ, 'ਲਖਬੀਰ ਤੂੰ ਇਥੋਂ ਆਪ ਚੱਲ ਕੇ ਹੀ ਬਾਹਰ ਨਿਕਲਣਾ ਹੈ। ਸਟਰੈਚਰ ਉਤੇ ਬੇਸਾਹ ਹੋ ਕੇ, ਲੇਟ ਕੇ ਨਹੀਂ।'

ਟਰਾਂਸਪਲਾਂਟ 'ਚ ਬਹੁਤ ਮੁਸ਼ਕਿਲਾਂ ਆਈਆਂ ਪਰ ਹਰ ਪੜਾਅ ਕਾਮਯਾਬੀ ਨਾਲ ਪੂਰਾ ਹੁੰਦਾ ਗਿਆ। ਇਸ ਸਭ ਕਾਸੇ ਵਿਚ ਮੈਨੂੰ ਆਪਣਾ ਆਪ 'ਜ਼ਿੰਦਗੀ ਜ਼ਿੰਦਾਬਾਦ' ਦੀ ਕਹਾਣੀ ਦਾ ਮੁੱਖ ਪਾਤਰ ਹੀ ਲੱਗਣ ਲੱਗ ਪਿਆ। ਕਿੰਨੀਆਂ ਮੁਸ਼ਕਿਲ ਘਾਟੀਆਂ ਲੰਘਣੀਆਂ ਪਈਆਂ ਲੇਕਿਨ ਅੰਤ ਨੂੰ ਜਿੱਤ ਹੀ ਮਿਲਦੀ ਰਹੀ।

**ਏਮਜ਼ ਵਿਚ ਦਾਖਲਾ:** ਪੀ. ਜੀ. ਆਈ., ਚੰਡੀਗੜ੍ਹ ਅਤੇ ਦਿੱਲੀ ਦੇ ਏਮਜ਼ ਜਿਹੇ ਹਸਪਤਾਲ ਵਿਚ ਛੋਟੀ-ਮੋਟੀ ਬੀਮਾਰੀ ਵਾਲੇ ਮਰੀਜ਼ ਕਦੀ ਨਹੀਂ ਜਾਂਦੇ। ਮੇਰੀ ਸੋਚ ਕੁਝ ਹੋਰ ਸੀ ਕਿ ਏਮਜ਼ ਤੋਂ ਬਿਹਤਰ ਤੇ ਸਸਤਾ ਇਲਾਜ ਮੈਨੂੰ ਦੁਨੀਆਂ ਭਰ ਵਿਚ ਕਿਤੇ ਨਹੀਂ ਮਿਲ ਸਕਦਾ। ਖੈਰ, ਸਾਰੇ ਡਰ ਇਕ ਪਾਸੇ ਰੱਖ ਏਮਜ਼ 'ਚ ਦਾਖਲੇ ਦੀ ਸੋਚ ਬਣਾਈ। ਤਤਕਾਲੀ ਐਮ. ਪੀ. ਰਾਣਾ ਗੁਰਜੀਤ ਸਿੰਘ ਤੋਂ ਇਕ ਚਿੱਠੀ ਡਾਇਰੈਕਟਰ ਏਮਜ਼ ਦੇ ਨਾਂ ਲਿਖਾ ਲਈ ਤੇ ਹੋਰ ਸਿਫਾਰਸ਼ ਲੱਭ ਕੇ ਇਕ ਚਿੱਠੀ ਡਾ. ਰਾਮਾਦੌਸ, ਉਸ ਵਕਤ ਦੇ ਕੇਂਦਰੀ ਸਿਹਤ ਮੰਤਰੀ ਦੀ ਸਿਫਾਰਸ਼ੀ ਚਿੱਠੀ ਲੈ ਕੇ ਸੋਚਿਆ, ਹੁਣ ਕੌਣ ਰੋਕੇਗਾ ਦਾਖਲੇ ਨੂੰ? ਮੈਂ ਤੇ ਹਰਵਿੰਦਰ ਇਕੱਠੇ ਖੱਜਲ ਹੋ ਰਹੇ ਸਾਂ। ਕਦੀ ਪੌੜੀਆਂ ਚੜ੍ਹਦੇ, ਕਦੀ ਲਿਫਟਾਂ, ਮੇਰੀ ਰੀੜ੍ਹ ਦੀ ਹੱਡੀ ਉਤੇ ਸਪਾਈਨ ਬਰੇਸ ਲੱਗੀ ਹੋਈ ਸੀ। ਫਿਰ ਵੀ ਚਲਦਿਆਂ ਤੇ ਪੌੜੀਆਂ ਚੜ੍ਹਦਿਆਂ ਤੰਗੀ ਹੋ ਰਹੀ ਸੀ। ਦਰ-ਦਰ ਭਟਕਣ ਤੋਂ ਪਤਾ ਲੱਗਾ ਕਿ ਅਜਿਹੇ ਰੁੱਕਿਆਂ ਪ੍ਰਵਾਨਿਆਂ ਨੂੰ ਏਮਜ਼ ਦੇ ਅਧਿਕਾਰੀ ਪੁੱਛਦੇ ਵੀ ਨਹੀਂ।

ਮਨ 'ਚ ਉਸਾਰੂ ਖਿਆਲ ਨੇ ਖੁਦ ਨੂੰ ਸੰਬੋਧਨ ਕੀਤਾ, "ਲਖਬੀਰ ਸਿੰਘ ਤੂੰ ਕਦੀ ਕਿਸੇ ਦਾ ਆਸਰਾ ਨਹੀਂ ਤੱਕਿਆ ਤੇ ਅੱਜ ਇਨ੍ਹਾਂ ਕਾਗਜ਼ਾਂ 'ਤੇ ਝਰੀਟਿਆਂ ਅੱਖਰਾਂ ਦੇ ਜਹਾਜ 'ਤੇ ਚੜ੍ਹ ਕੇ ਜ਼ਿੰਦਗੀ ਸ਼ੁਰੂ ਕਰਨ ਦੀ ਸੋਚ ਰਿਹਾ ਏ!" ਮੇਰੇ ਮਨ ਨੇ ਕਿਹਾ, ਛੱਡੋ ਪਰੇ! ਆਪਣੇ ਵਿਹਾਰ ਤੇ ਇੱਛਾ-ਸ਼ਕਤੀ ਦਾ ਸਹਾਰਾ ਵੱਡਾ ਹੁੰਦਾ ਹੈ। ਨਾਲੇ ਦੇਖਦੇ ਹਾਂ, ਮਨ ਦੀ ਇੱਛਾ ਸ਼ਕਤੀ ਕਿੰਜ ਕਾਰਜ ਕਰਦੀ ਹੈ।

ਚਿੱਠੀਆਂ ਇਕ ਫਾਈਲ ਵਿਚ ਨੱਥੀ ਕਰਕੇ ਨੁਕਰੇ ਲਾ ਦਿੱਤੀਆਂ। ਇੱਕ ਦਫਤਰ ਤੋਂ ਪੁੱਛਿਆ ਕਿ ਏਮਜ਼ ਦਾ ਸਭ ਤੋਂ ਅਸਰਦਾਰ ਅਧਿਕਾਰੀ ਕੌਣ ਹੈ? ਉਨ੍ਹਾਂ ਦੱਸਿਆ ਕਿ ਏਮਜ਼ ਦੇ ਕਾਰਜਕਾਰੀ ਫੈਸਲੇ ਲੈਣ ਅਤੇ ਚਲਾਉਣ ਵਿਚ ਮੈਡੀਕਲ ਸੁਪਰਡੈਂਟ ਸਭ ਤੋਂ ਅਸਰਦਾਰ ਹੁੰਦਾ ਹੈ। ਏਮਜ਼ ਦੇ ਮੈਡੀਕਲ ਸੁਪਰਡੈਂਟ ਦਾ ਦਫਤਰ ਲੱਭ ਅੰਦਰ ਦਾਖਲ ਹੋਇਆ। ਆਪਣੀ 'ਦਰਿਆਵੇ ਕੰਢੇ ਰੁੱਖੜੇ' ਵਰਗੀ ਨਾਜ਼ੁਕ ਜ਼ਿੰਦਗੀ ਦੀ ਵਿਥਿਆ ਇਕ ਜ਼ਿੰਮੇਦਾਰ ਕੁਰਸੀ ਉਤੇ ਬੈਠੇ ਸੰਵੇਦਨਸ਼ੀਲ ਅਫਸਰ ਨੂੰ ਇਕੋ ਸਾਹੇ ਸੁਣਾ ਦਿੱਤੀ। ਲੱਗਦੇ ਹੱਥ ਇਕ ਫਾਈਲ ਉਪਰ ਆਪਣਾ ਵਿਜ਼ਿਟਿੰਗ ਕਾਰਡ ਰੱਖ ਕੇ, ਕੰਮ 'ਚ ਮਸ਼ਰੂਫ ਮੈਡੀਕਲ ਸੁਪਰਡੈਂਟ ਏਮਜ਼, ਡਾ. ਸ਼ਰਮਾ ਅੱਗੇ ਰੱਖ ਦਿੱਤਾ। ਮੇਰੀ ਗੱਲ ਸੁਣ ਕਹਿੰਦੇ, "ਮੈਂ ਤੁਹਾਡੀ ਲੋੜ ਸਮਝ ਗਿਆ ਹਾਂ, ਇਸ ਪਲ ਤੋਂ ਬਾਅਦ ਜਿਹੜਾ ਵੀ ਕਮਰਾ ਪ੍ਰਾਈਵੇਟ ਵਾਰਡ ਵਿਚ ਖਾਲੀ ਹੋਵੇਗਾ, ਉਹ ਤੁਹਾਨੂੰ ਹੀ ਮਿਲੇਗਾ। ਆਪਣਾ ਫੋਨ ਨੰਬਰ ਤੇ ਐਡਰੈਸ ਇਥੇ ਦੇ ਕੇ ਅਰਾਮ ਨਾਲ ਦਿੱਲੀ ਵਿਚ ਜਿਥੇ ਠਹਿਰਨਾ ਹੈ, ਠਹਿਰੋ।"

9 ਮਈ ਸ਼ਾਮ ਚਾਰ ਵਜੇ ਡਾ. ਸ਼ਰਮਾ ਦਾ ਮੋਬਾਈਲ ਨੰਬਰ ਲੈ ਕੇ ਵਸੰਤ ਕੁੰਜ ਚਾਚੀ ਹਰਜੀਤ ਕੌਰ ਕੋਲ ਜਾ ਟਿਕਾਣਾ ਕੀਤਾ। 10 ਮਈ 2007 ਨੂੰ ਸ਼ਾਮ 5 ਵਜੇ ਤੱਕ ਕਾਲ ਨਾ ਆਉਣ ਨੇ ਬੇਸਬਰੇ ਕਰ ਦਿੱਤਾ ਤੇ ਡਾ. ਸ਼ਰਮਾ ਦਾ ਨੰਬਰ ਮਿਲਾਇਆ, ਜੁਆਬ ਸੀ, "ਮਿਸਟਰ ਸਿੰਘ ਮੈਂ ਠੀਕ ਹੀ ਕਿਹਾ ਸੀ, ਖਾਲੀ ਹੋਣ ਵਾਲਾ ਪਹਿਲਾ ਕਮਰਾ ਤੁਹਾਨੂੰ ਹੀ ਮਿਲੇਗਾ।"

ਬਸ ਫਿਰ ਕੀ ਸੀ, 11 ਮਈ ਸਵੇਰੇ 9 ਵਜੇ ਮੋਬਾਈਲ ਦੀ ਘੰਟੀ ਕਚਹਿਰੀ ਦੇ ਬਾਹਰ ਖੜ੍ਹੇ ਦਰਬਾਨ ਦੀ ਆਵਾਜ਼ ਵਾਂਗ ਆਈ, ਜਿਵੇਂ ਕਹਿ ਰਹੀ ਹੋਵੇ, "ਲਖਬੀਰ ਸਿੰਘ ਹਾਜ਼ਰ ਹੋ।" ਲੋੜੀਂਦੀ ਰਕਮ ਦਾ ਡਰਾਫਟ ਏਮਜ਼ ਦੇ ਹੱਕ 'ਚ ਬਣਾਇਆ ਤੇ ਪ੍ਰਾਈਵੇਟ ਵਾਰਡ ਦੇ ਇਕ ਕਮਰੇ ਦਾ ਵਕਤੀ ਬਿਆਨਾ ਮੇਰੇ ਨਾਂ 'ਤੇ ਹੋ ਗਿਆ। ਦਰਵਾਜੇ ਵੜਦਿਆਂ ਸੋਫਾ ਸੈਟ ਅਤੇ ਤਪਾਈ ਇਕ ਮਹਿਮਾਨ ਘਰ ਵਾਂਗ ਲੱਗਦਾ ਸੀ, ਅਗਲੀ ਕੈਬਿਨ ਵਿਚ ਮਰੀਜ਼ ਦਾ ਬੈਡ ਅਲੱਗ ਕੀਤਾ ਹੋਇਆ ਅਤੇ ਅਗਲੇ ਦੋ ਹਿੱਸਿਆਂ ਵਿਚ ਇਕ ਪਾਸੇ ਬਾਥਰੂਮ ਟਾਇਲਟ ਤੇ ਦੂਜੇ ਪਾਸੇ ਰਸੋਈ। ਸੁਣਦੇ ਸਾਂ ਕਿ ਉਚ ਮਨਿਸਟਰ, ਰਾਸ਼ਟਰਪਤੀ, ਪ੍ਰਧਾਨ ਮੰਤਰੀ ਏਮਜ਼ ਵਿਚ ਪ੍ਰਾਈਵੇਟ ਵਾਰਡ 'ਚ ਦਾਖਲ ਹੋ ਕੇ ਇਲਾਜ ਕਰਾਉਂਦੇ ਹਨ ਤੇ ਅੱਜ ਕੈਂਸਰ ਨੇ ਮੈਨੂੰ ਵੀ ਉਸੇ ਤਰ੍ਹਾਂ ਦੇ ਹਾਲਾਤ 'ਚ ਖੜ੍ਹਾ ਕਰ ਦਿੱਤਾ ਸੀ।

ਦਾਖਲ ਹੋਣ ਦੇ ਸਾਰੇ ਹਾਲਾਤ ਤੇ ਜਾਣਕਾਰੀ ਮੇਰੇ ਇਲਾਜ ਲਈ ਜ਼ਿੰਮੇਦਾਰ ਡਾ. ਲਲਿਤ ਕੁਮਾਰ ਤੱਕ ਪਹੁੰਚਾ ਕੇ ਆਪ ਨਿਸ਼ਚਿੰਤ ਹੋ ਗਏ। ਏਮਜ਼ ਦੀ ਪ੍ਰਾਈਵੇਟ ਵਾਰਡ ਦੀ ਪਹਿਲੀ ਮੰਜ਼ਿਲ 'ਤੇ ਸਥਿਤ ਕਮਰੇ 'ਚ ਬੋਨ ਮੈਰੋ ਟਰਾਂਸਪਲਾਂਟ ਦੇ ਵਿਭਿੰਨ ਪ੍ਰੋਟੋਕੋਲ ਸ਼ੁਰੂ ਹੋਣ ਤੋਂ ਪਹਿਲਾਂ ਖਿਆਲਾਂ ਦੇ ਘੋੜੇ ਜ਼ਿੰਦਗੀ ਦੀ ਪਰਿਕਰਮਾ ਕਰਨ ਲੱਗੇ। ਕਿਥੇ ਜਨਮ ਹੋਇਆ, ਕਿਸ ਤਰ੍ਹਾਂ ਪਲਿਆ, ਕਿਵੇਂ ਤੰਗੀਆਂ-ਤੁਰਸੀਆਂ ਵਿਚ ਮੁਢਲੀ, ਐਲੀਮੈਂਟਰੀ ਅਤੇ ਹਾਈ ਸਕੂਲ ਦੀ ਸਿਖਿਆ ਸਰਕਾਰੀ ਸਕੂਲਾਂ ਤੋਂ ਹਾਸਿਲ ਕੀਤੀ? ਕਿਵੇਂ, ਕਿਸ ਤਰ੍ਹਾਂ 1986 ਵਿਚ ਡੀ. ਏ. ਵੀ. ਕਾਲਜ ਜਲੰਧਰ ਅਧਿਆਪਕ ਬਣਿਆ ਅਤੇ ਅਧਿਆਪਨ ਸੇਵਾ ਸ਼ੁਰੂ ਕੀਤੀ? ਆਰਥਕ ਤੌਰ 'ਤੇ ਵੱਡੇ ਵੀਰ ਸੁਖਦੇਵ ਨੇ ਹੱਥ ਫੜ੍ਹ ਲਿਆ ਅਤੇ ਬੀ. ਏ., ਐਮ. ਏ. ਵਿਚ ਉਹ ਸਹਾਈ ਰਿਹਾ? ਕਿਵੇਂ ਅਧਿਆਪਨ ਸੇਵਾ ਵਿਚ 20 ਸਾਲ ਬੀਤ ਗਏ? ਵਕਤ ਦਾ ਤਕਾਜ਼ਾ, ਮੌਤ ਦੀ ਘੰਟੀ ਗਲੇ 'ਚ ਲਟਕ ਗਈ! ਕੈਂਸਰ ਬਣ ਕੇ!! ਮਨ ਮਸਤਕ ਵਿਚ ਜ਼ਿੰਦਗੀ ਦੀ ਇਕ ਫਿਲਮ ਚੱਲ ਰਹੀ ਸੀ, ਜਿਸ ਦਾ ਚਿਤਰਪੱਟ ਜਾਤੀਕੇ ਪੈਦਾਇਸ਼ ਤੇ ਪ੍ਰਾਇਮਰੀ ਭੰਡਾਲ ਬੇਟ ਕੀਤੀ, ਕਪੂਰਥਲਾ ਬੀ. ਏ. ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਮ. ਏ. ਤੋਂ ਡੀ. ਏ. ਵੀ. ਕਾਲਜ, ਜਲੰਧਰ ਤੱਕ ਫੈਲਿਆ ਹੋਇਆ ਸੀ।

**ਬੋਨ ਮੈਰੋ ਟਰਾਂਸਪਲਾਂਟ ਦੀ ਤਿਆਰੀ:** 12 ਮਈ 2007 ਨੂੰ ਡਾ. ਲਲਿਤ ਕੁਮਾਰ ਸੀਨੀਅਰ ਰੈਜੀਡੈਂਟਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਟੀਮ ਨਾਲ ਮੇਰੇ ਕਮਰੇ ਵਿਚ ਪਹੁੰਚੇ। ਬੋਨ ਮੈਰੋ ਟਰਾਂਸਪਲਾਂਟ ਦਾ ਮੁੱਖ ਪ੍ਰੋਸੀਜਰ ਸ਼ੁਰੂ ਹੋਣ ਤੋਂ ਪਹਿਲਾਂ ਸਮੁੱਚਾ ਸਰੀਰਕ ਸਰਵੇਖਣ ਹੋਣਾ ਸੀ। ਡਾ. ਸਾਹਿਬ ਨੇ ਵੱਖ ਵੱਖ ਵਿਭਾਗਾਂ ਨੂੰ ਆਦੇਸ਼ ਸਲਿੱਪਾਂ ਬਣਾ ਕੇ ਪੈਰਾ ਮੈਡੀਕਲ ਸਟਾਫ ਨੂੰ ਆਦੇਸ਼ ਦੇ ਦਿੱਤੇ ਅਤੇ ਮੈਨੂੰ ਸਭ ਕੁਝ ਸਮਝਾ ਦਿੱਤਾ।

ਬੋਨ ਮੈਰੋ ਟਰਾਂਸਪਲਾਂਟ ਸ਼ੁਰੂ ਕਰਨ ਤੋਂ ਪਹਿਲਾਂ ਸੱਜੇ ਪਾਸੇ ਪਸਲੀਆਂ ਥੱਲੇ ਅਪਰੇਸ਼ਨ ਕਰਕੇ ਇਕ ਤਿਮੂੰਹਾਂ ਕੈਥੇਟਰ ਪਾ ਦਿੱਤਾ ਜਾਂਦਾ ਹੈ ਜੋ ਸ਼ਾਹਰਗ ਨਾਲ ਜੋੜਿਆ ਹੁੰਦਾ ਹੈ, ਇਕ ਦਵਾਈਆਂ ਲਈ, ਇਕ ਖੁਰਾਕ ਅਤੇ ਇਕ ਐਮਰਜੈਂਸੀ ਲਈ ਹੁੰਦਾ ਹੈ। ਬੋਨ ਮੈਰੋ ਟਰਾਂਸਪਲਾਂਟ ਆਪਣੇ ਆਪ ਵਿਚ ਇਕ ਕ੍ਰਿਸ਼ਮਾ ਹੀ ਹੈ। ਇਹ ਤਿੰਨ ਤੋਂ ਚਾਰ ਹਫਤੇ ਪੜਾਅ-ਦਰ-ਪੜਾਅ ਚਲਦਾ ਹੈ। ਕੈਂਸਰ ਤੇ ਕੁਝ ਹੋਰ ਬੀਮਾਰੀਆਂ ਵਿਚ ਇਸ ਨਾਲ ਉਮਰ ਵਧਾਉਣ ਦਾ ਯਤਨ ਕੀਤਾ ਜਾਂਦਾ ਹੈ।

ਪਹਿਲਾਂ ਅੱਖਾਂ ਦੇ ਮਾਹਿਰ ਆਏ ਅਤੇ ਉਨ੍ਹਾਂ ਸਾਰਾ ਕੁਝ ਠੀਕ ਜਾਂਚ ਕੇ ਆਪਣੀ ਰਿਪੋਰਟ ਦੇ ਦਿਤੀ। ਦੂਜੇ ਨੰਬਰ 'ਤੇ ਮਨੋਚਿਕਿਤਸਕ ਉਚਾ ਲੰਬਾ ਨੌਜਵਾਨ ਡਾਕਟਰ ਆਇਆ, ਉਸ ਨੇ ਅਜੇ ਦੋ-ਚਾਰ ਸਵਾਲ ਹੀ ਪੁੱਛੇ ਸਨ ਕਿ ਉਠ ਕੇ ਖੜ੍ਹਾ ਹੋ ਗਿਆ ਤੇ ਮੇਰਾ ਨੰਬਰ ਲਿਖ ਲਿਆ। ਕਹਿੰਦਾ, "ਤੁਸੀਂ ਇੰਨੀ ਜ਼ਬਰਦਸਤ ਇੱਛਾ-ਸ਼ਕਤੀ ਵਾਲੇ ਹੋ ਕਿ ਤੁਹਾਡੀ ਲੋੜ ਤਾਂ ਮੈਨੂੰ ਪੈ ਸਕਦੀ ਹੈ।" ਆਪਣੀ ਰਿਪੋਰਟ ਲਿਖੀ ਤੇ ਚਲਾ ਗਿਆ। ਫਿਰ ਵਾਰੀ ਆਈ ਦੰਦਾਂ ਦੇ ਮਾਹਿਰ ਦੀ। ਉਸ ਨੇ ਮੇਰੇ ਦੰਦਾਂ ਨੂੰ ਬੜੇ ਧਿਆਨ ਨਾਲ ਦੇਖ ਕੇ ਕਿਹਾ ਕਿ ਤੁਹਾਡਾ ਸੱਜੇ ਪਾਸੇ ਆਖਰੀ ਦੰਦ ਸਮੱਸਿਆ ਖੜ੍ਹੀ ਕਰ ਸਕਦਾ ਹੈ। ਤੁਸੀਂ ਡੌਕਸੀਸਾਈਕਲੀਨ ਦੇ 500 ਮਿਲੀਗ੍ਰਾਮ ਦੇ ਚਾਰ ਕੈਪਸੂਲ ਐਂਟੀਬਾਇਓਟਿਕ ਖਾ ਕੇ ਡੈਂਟਲ ਕਲਿਨਿਕ ਆ ਜਾਓ। ਮੈਂ ਇੰਜ ਹੀ ਕੀਤਾ। ਦੋ ਡਾਕਟਰ ਤਿੰਨ ਘੰਟੇ ਲੱਗੇ ਰਹੇ, ਕੋਈ ਗੱਲ ਨਾ ਬਣੀ ਤੇ ਇਹ ਕਹਿ ਕੇ ਕਿ ਕੱਲ੍ਹ ਫਿਰ 2000ਐਮ ਜੀ ਐਂਟੀਬਾਇਓਟਿਕ ਖਾ ਕੇ ਮੁੜ ਆ ਜਾਓ। ਫਿਰ ਵੀ ਡਾਕਟਰਾਂ ਤੋਂ ਗੱਲ ਨਾ ਬਣੀ। ਆਖਿਰ ਬੜੀ ਨਫੀਸ ਔਰਤ ਡਾਕਟਰ, ਜੋ ਦੰਦਾਂ ਦੇ ਵਿਭਾਗ ਦੀ ਮੁਖੀ ਸੀ, ਨੇ ਮੈਨੂੰ ਦੇਖਿਆ ਤੇ ਕਿਹਾ ਕਿ ਮੈਂ ਦੰਦ ਨੂੰ ਛੇ ਮਹੀਨੇ ਲਈ ਠੀਕ ਕਰ ਦਿੰਦੀ ਹਾਂ। ਮੈਂ ਬਹੁਤ ਖੁਸ਼ ਹੋਇਆ ਕਿ ਮਸਲਾ ਤਾਂ ਬਸ ਇਕ ਮਹੀਨੇ ਦਾ ਹੈ, ਬਾਅਦ ਵਿਚ ਮੈਂ ਇਸ ਦਾ ਸਹੀ ਇਲਾਜ ਕਰਵਾ ਲਵਾਂਗਾ।

ਬਾਕੀ ਡਾਕਟਰਾਂ ਵੀ ਸਹੀ ਰਿਪੋਰਟਾਂ ਦਿੱਤੀਆਂ ਤੇ ਮੈਨੂੰ ਸਟੈਮ ਸੈਲ ਹਾਰਵੈਸਟ ਵਾਲੇ ਟੀਕੇ ਸਵੇਰੇ-ਸ਼ਾਮ ਤੋਂ ਸੱਜੇ ਖੱਬੇ ਮੋਢਿਆਂ 'ਤੇ ਵਾਰੋ ਵਾਰੀ ਲੱਗਣੇ ਸ਼ੁਰੂ ਹੋ ਗਏ, ਛੇ ਦਿਨਾਂ ਵਿਚ ਸਵੇਰੇ ਸ਼ਾਮ ਗਰਾਸਟਿਮ ਦੇ 12 ਟੀਕੇ ਲੱਗਣ ਨਾਲ ਮੇਰਾ ਇਨਫੈਕਸ਼ਨ ਲੈਵਲ 1.22 ਲੱਖ ਹੋ ਗਿਆ, ਜਿਸ ਦੀ ਸੀਮਾ ਵੱਧ ਤੋਂ ਵੱਧ 11000 ਹੁੰਦੀ ਹੈ। ਇਨ੍ਹਾਂ 30 ਮਾਈਕਰੋਗ੍ਰਾਮ ਛੁਟਕੂ ਸਾਈਜ਼ ਦੇ ਟੀਕਿਆਂ ਦਾ ਮਕਸਦ ਬੋਨ ਮੈਰੋ ਕਲੋਨੀਆਂ ਨੂੰ ਡੀਸਟੈਬਲਾਈਜ ਕਰਕੇ ਪੈਰੀਫੈਰੀ ਵਿਚ ਲਿਆਉਣਾ ਹੁੰਦਾ ਹੈ। ਇਨ੍ਹਾਂ ਦੇ ਲੱਗਣ ਨਾਲ ਹੱਡੀਆਂ ਅੰਦਰ ਬੜੀ ਥਰੋਬਿੰਗ ਦਰਦ ਹੁੰਦੀ ਹੈ। ਇੰਜ ਲੱਗਦਾ ਹੈ ਜਿਵੇਂ ਕੋਈ ਵਦਾਨ ਮਾਰ ਕੇ ਹੱਡੀਆਂ ਤੋੜ ਰਿਹਾ ਹੋਵੇ। ਦਰਦ ਨਾਲ ਸਮੁੰਦਰੀ ਲਹਿਰਾਂ ਵਾਂਗ ਮੇਰਾ ਸਰੀਰ ਦਰਦ ਨਾਲ ਲਹਿਰ-ਦਰ-ਲਹਿਰ ਕੰਬ ਰਿਹਾ ਸੀ। ਮੈਂ ਦਰਦ ਦਾ ਇਜ਼ਹਾਰ ਨਹੀਂ ਕਰ ਰਿਹਾ ਸੀ। ਹਰਵਿੰਦਰ ਨੇ ਪੁੱਛਿਆ ਕਿ ਇੰਜ ਕਿਉਂ ਕਰ ਰਹੇ ਹੋ ਤਾਂ ਮੇਰਾ ਜੁਆਬ ਸੀ, "ਵੈਸੇ ਹੀ ਆ।"

ਛੇ ਦਿਨਾਂ ਵਿਚ 12 ਟੀਕੇ ਲੱਗਣ ਨਾਲ ਇਹ ਪੜਾਅ ਪੂਰਾ ਹੋ ਗਿਆ। ਸੱਤਵੇਂ ਦਿਨ ਸਵੇਰੇ ਅਫੈਰੇਸਿਸ ਮਸ਼ੀਨ 'ਤੇ ਲਿਟਾ ਕੇ ਦੋ ਬੋਤਲਾਂ ਸਟੈਮ ਸੈਲ ਹਾਰਵੈਸਟ ਕਰ ਲਏ ਗਏ ਅਤੇ ਹਾਈਡ੍ਰੋਜਨ ਵਿਚ ਸੁਰੱਖਿਅਤ ਕਰ ਦਿੱਤੇ ਗਏ। ਪਲੇਟਲੈਟ ਸੈਲ ਆਮ ਤੌਰ 'ਤੇ ਘੰਟੇ, ਡੇਢ ਘੰਟੇ ਵਿਚ ਇਕ ਬੋਤਲ ਨਿਕਲ ਆਉਂਦੇ ਹਨ ਲੇਕਿਨ ਸਟੈਮ ਸੈਲ ਕੱਢਦਿਆਂ ਸਿਹਤ ਅਨੁਸਾਰ ਚਾਰ ਤੋਂ ਛੇ ਘੰਟੇ ਅਫੈਰੇਸਿਸ ਮਸ਼ੀਨ ਦੇ ਕਾਊਚ 'ਤੇ ਲੇਟਣਾ ਪੈਂਦਾ ਹੈ। ਸੈਂਟਰੀਫਿਊਗਲ ਢੰਗ ਨਾਲ ਅੱਧਾ ਲੀਟਰ ਖੂਨ ਕੱਢ ਲੈਂਦੀ ਹੈ, ਉਸ ਵਿਚੋਂ ਸਟੈਮ ਸੈਲ ਰੱਖ ਕੇ ਬਾਕੀ ਖੂਨ ਵਾਪਿਸ ਸਰੀਰ ਵਿਚ ਭੇਜ ਦਿੰਦੀ ਹੈ। ਸਟੈਮ ਸੈਲ ਕੱਢਦਿਆਂ ਮਨੁੱਖ ਦਾ ਸਾਰਾ ਖੂਨ ਦੋ ਤੋਂ ਵੱਧ ਵਾਰ ਬਾਹਰ ਆ ਕੇ ਮਸ਼ੀਨ ਵਿਚੋਂ ਦੀ ਲੰਘ ਕੇ ਮੁੜ ਸਰੀਰ ਅੰਦਰ ਜਾਂਦਾ ਹੈ। ਇਸ ਸਾਰੀ ਪ੍ਰਕ੍ਰਿਆ ਪਿਛੋਂ ਮੈਨੂੰ ਇਕ ਦਿਨ ਆਰਾਮ ਲਈ ਛੁੱਟੀ ਮਿਲ ਗਈ।

*(ਚਲਦਾ)*

# ਸਾਡਾ ਦਿਮਾਗ, ਮਨ ਅਤੇ ਵਤੀਰਾ

**ਸਰੀਰ ਵਿਗਿਆਨ**

ਦੁਨੀਆਂ ਅੰਦਰਲੀ ਅਤਿ ਗੁੰਝਲਦਾਰ ਬਣਤਰ ਦਾ ਜ਼ਿਕਰ ਛਿੜਦਾ ਹੈ ਤਾਂ ਗੱਲ ਮਨੁੱਖ ਦੇ ਦਿਮਾਗ ਤਕ ਜਾ ਪੁੱਜਦੀ ਹੈ। 2700 ਵਰ੍ਹਿਆਂ 'ਚ ਜਿੰਨੇ ਸਕਿੰਟ ਹਨ, ਲਗਭਗ ਓਨੇ ਸੈਲ ਮਨੁੱਖ ਦੇ ਦਿਮਾਗ ਅੰਦਰ ਹਨ ਭਾਵ 85 ਅਰਬ ਤੋਂ ਵੀ ਵੱਧ। ਦਿਮਾਗ ਦੇ ਸੈਲ ਇੱਕ ਦੂਜੇ ਦੇ ਸੰਪਰਕ 'ਚ ਆਉਣ ਲਈ ਜੀਵਨ ਭਰ ਲਗਰਾਂ ਉਪਜਾਉਂਦੇ ਰਹਿੰਦੇ ਹਨ। ਅਰਬਾਂ ਸੈਲਾਂ ਅਤੇ ਖਰਬਾਂ ਲਗਰਾਂ ਦੇ ਤਾਣੇ-ਬਾਣੇ ਵਾਲੇ ਦਿਮਾਗ 'ਚੋਂ ਅਗਾਂਹ ਜਿਹੜਾ ਨਿਰਾਕਾਰ ਮਨ ਪੁੰਗਰ ਰਿਹਾ ਹੈ, ਉਹ ਵੀ ਆਪਣੇ-ਆਪ 'ਚ ਮਹਾਨ ਹੈ ਅਤੇ ਇਸ ਦਾ ਝਲਕਾਰਾ ਸਾਡੇ ਸੱਭਿਆਚਾਰਕ ਖਿਲਾਰ 'ਚੋਂ ਪੈ ਰਿਹਾ ਹੈ। ਇਸੇ ਮਨ ਬਾਰੇ 1996 'ਚ ਪੋਪ ਜੌਨ ਪਾਲ ਨੇ ਵਿਚਾਰ ਪ੍ਰਗਟਾਇਆ ਸੀ ਕਿ ਅਜਿਹੇ ਗੁੰਝਲਦਾਰ



**ਸੁਰਜੀਤ ਸਿੰਘ ਢਿੱਲੋਂ**
**ਫੋਨ: 91-175-2214547**

ਮਨ ਦੀ ਥਾਹ ਪਾ ਸਕਣਾ ਵਿਗਿਆਨ ਲਈ ਵੀ ਸੰਭਵ ਨਹੀਂ। ਵਿਗਿਆਨ ਭਾਵੇਂ ਅਜਿਹਾ ਕਰ ਸਕਣ ਦਾ ਦਾਅਵਾ ਨਾ ਵੀ ਕਰੇ, ਫਿਰ ਵੀ ਦਿਮਾਗ 'ਚੋਂ ਪੁੰਗਰ ਰਹੇ ਮਨ ਬਾਰੇ ਜੋ ਕੁਝ ਵੀ ਜਾਣਿਆ ਜਾ ਸਕਦਾ ਹੈ, ਉਹ ਵਿਗਿਆਨਕ ਵਿਧੀ ਅਪਨਾਇਆਂ ਹੀ ਸੰਭਵ ਹੈ; ਇਲਹਾਮ ਜਾਂ ਆਵੇਸ਼ ਰਾਹੀਂ ਨਹੀਂ।


ਦਿਮਾਗ ਦੇ ਵੱਖ ਵੱਖ ਖੇਤਰ ਵੱਖ ਵੱਖ ਕਾਰਜ ਕਰਦੇ ਹਨ। ਇਸ ਦੇ ਅਗਲੇ ਭਾਗ 'ਚੋਂ ਸੂਝ ਜਨਮ ਲੈ ਰਹੀ ਹੈ ਜੋ ਸਮੱਸਿਆਵਾਂ ਸੁਲਝਾਉਣ ਅਤੇ ਨਿਰਣੇ ਲੈਣ ਲਈ ਨਿਰਧਾਰਤ ਹੈ। ਸੱਭਿਆਚਾਰਕ ਪ੍ਰਵਿਰਤੀਆਂ ਵੀ ਦਿਮਾਗ ਦੇ ਇਸੇ ਖੇਤਰ 'ਚੋਂ ਪੁੰਗਰਦੀਆਂ ਹਨ। ਦਿਮਾਗ ਦਾ ਇਹੋ ਖੇਤਰ ਮਨੁੱਖ 'ਚ ਨਵਾਂ ਵਿਕਸਿਤ ਹੋਇਆ ਹੈ। ਦਿਮਾਗ ਦਾ ਕੇਂਦਰੀ ਭਾਗ ਭਾਵਨਾਵਾਂ ਦਾ ਗੜ੍ਹ ਹੈ ਜੋ ਮਨੁੱਖ ਨੂੰ ਇਸ ਦੇ ਪੂਰਵਜਾਂ ਦੀ ਦੇਣ ਹੈ। ਦਿਮਾਗ ਦੇ ਪਾਸਿਆਂ ਦੇ ਦੋ ਅੱਧ-ਖੱਬਾ ਅਤੇ ਸੱਜਾ, ਉਚਾਰੇ ਜਾ ਰਹੇ ਸ਼ਬਦਾਂ ਅਤੇ ਕਲਪਨਾ ਦੇ ਸਰੋਤ ਹਨ। ਦਿਮਾਗ ਦਾ ਪਿਛਲਾ ਭਾਗ ਦ੍ਰਿਸ਼ ਭਾਂਪਦਾ ਹੈ। ਇਸ ਦੇ ਹੇਠ ਉਹ ਖੇਤਰ ਹੈ ਜਿਸ ਦਾ ਸਬੰਧ ਸਰੀਰਕ ਗਤੀਵਿਧੀਆਂ ਨਾਲ ਹੈ। ਸਮੁੱਚੇ ਦਿਮਾਗ 'ਚੋਂ ਮਿਲ-ਮਿਲਾ ਕੇ ਸੂਝ-ਸਮਝ, ਆਸਾਂ, ਡਰ, ਈਰਖਾ, ਘਿਰਣਾ, ਮੋਹ, ਸਨੇਹ, ਸਹਿਚਾਰ, ਯਾਦਾਂ ਆਦਿ ਮੌਕੇ ਅਨੁਕੂਲ ਉਮੜਦੇ ਰਹਿੰਦੇ ਹਨ। ਇਨ੍ਹਾਂ ਦਾ ਏਕੀਕ੍ਰਿਤ ਰੂਪ ਹੀ ਮਨ ਹੈ।

ਆਲੇ-ਦੁਆਲੇ ਜੋ ਵਾਪਰ ਰਿਹਾ ਹੈ, ਉਸ ਪ੍ਰਤੀ ਦਿਮਾਗ ਅਤਿ ਸੰਵੇਦਨਸ਼ੀਲ ਹੈ। ਵਾਪਰ ਰਹੀਆਂ ਘਟਨਾਵਾਂ ਅਤੇ ਸੰਪਰਕ ਵਿਚ ਆ ਰਹੇ ਲੋਕਾਂ ਦੇ ਪ੍ਰਭਾਵ ਦਿਮਾਗ ਵਿਚ ਯਾਦਾਂ ਦੇ ਰੂਪ 'ਚ ਸਿਮਟਦੇ ਅਤੇ ਸੰਭਲਦੇ ਰਹਿੰਦੇ ਹਨ। ਦਿਮਾਗ ਅਤੇ ਫਲਸਰੂਪ ਮਨ ਅੰਦਰ ਇਕੱਤਰ ਹੋਏ ਪ੍ਰਭਾਵ ਇੱਕ ਬੰਨੇ ਗਮੀਆਂ, ਉਦਾਸੀਆਂ ਦੇ ਸਬੱਬ ਬਣਦੇ ਹਨ ਅਤੇ ਦੂਜੇ ਬੰਨੇ ਹਵਾ 'ਚ ਮਹਿਲ ਉਸਾਰਨ ਦੇ ਸੁਪਨੇ ਵੀ ਇਹੋ ਦਿਖਾਉਂਦੇ ਹਨ। ਇਹੋ ਪ੍ਰਭਾਵ ਵਿਅਕਤੀਗਤ ਕਲਪਨਾ ਦੇ ਰੰਗ 'ਚ ਰੰਗੇ ਜਾਣ ਅਤੇ ਨਿਖਾਰੇ-ਤਰਾਸ਼ੇ ਜਾਣ ਪਿਛੋਂ ਪ੍ਰਗਟਾਏ ਜਾਂਦੇ ਹਨ ਤਾਂ ਇਹ ਕਿਤੇ ਕੋਮਲ ਕਲਾ ਬਣ ਜਾਂਦੇ ਹਨ, ਕਿਤੇ ਸਾਹਿਤਕ ਰਚਨਾ ਅਤੇ ਕਿਤੇ ਅਲਾਪਿਆ ਜਾ ਰਿਹਾ ਸੰਗੀਤ।

ਦਿਮਾਗੀ ਸੈਲਾਂ ਅੰਦਰਲੇ ਅਜਿਹੇ ਉਤਾਰ-ਚੜ੍ਹਾਅ ਲਈ ਦਿਮਾਗ 'ਚੋਂ ਪਾਰ ਹੋ ਰਹੀਆਂ ਬਿਜਲਈ ਸੁਭਾਅ ਵਾਲੀਆਂ ਤਰੰਗਾਂ ਅਤੇ ਸੈਲਾਂ 'ਚੋਂ ਰਿਸਦੇ ਸੰਚਾਲਕ ਰਸ ਜ਼ਿੰਮੇਵਾਰ ਹਨ। ਦਿਮਾਗ 'ਚੋਂ ਪਾਰ ਹੋ ਰਹੀਆਂ ਤਰੰਗਾਂ ਅਤੇ ਇਨ੍ਹਾਂ ਦਾ ਸੰਚਾਲਨ ਕਰ ਰਹੇ ਰਸਾਂ ਦੇ ਵੱਖ ਵੱਖ ਸੁਭਾਅ ਹਨ। ਇਨ੍ਹਾਂ ਦੀ ਵੰਨਗੀ ਉਪਰ ਵਿਅਕਤੀਗਤ ਮੂਡ ਅਤੇ ਧਾਰਨ ਕੀਤਾ ਜਾ ਰਿਹਾ ਵਤੀਰਾ ਨਿਰਭਰ ਹਨ। ਐਲਫਾ ਤਰੰਗਾਂ ਦੇ ਪ੍ਰਭਾਵ ਅਧੀਨ ਦਿਮਾਗ ਸ਼ਾਂਤ ਅਵਸਥਾ 'ਚ ਹੁੰਦਾ ਹੈ। ਸੁਪਨਿਆਂ ਰਹਿਤ ਗੂੜ੍ਹੀ ਨੀਂਦਰ ਮਾਣ ਰਹੇ ਬੰਦੇ ਦੇ ਦਿਮਾਗ 'ਚੋਂ ਡੈਲਟਾ ਤਰੰਗਾਂ ਪਾਰ ਹੋ ਰਹੀਆਂ ਹੁੰਦੀਆਂ ਹਨ ਜਦੋਂਕਿ ਹਲਕੀ ਨੀਂਦਰ ਦੌਰਾਨ ਦਿਮਾਗ 'ਚੋਂ ਥੀਟਾ ਤਰੰਗਾਂ ਪਾਰ ਹੋਣ ਲੱਗਦੀਆਂ ਹਨ। ਬੀਟਾ ਤਰੰਗਾਂ ਦੇ ਪ੍ਰਭਾਵ ਅਧੀਨ ਦਿਮਾਗ ਸਾਵਧਾਨ ਅਤੇ ਚੌਕਸ ਵਿਚਰਦਾ ਹੈ ਅਤੇ ਗੈਮਾ ਤਰੰਗਾਂ ਦੇ ਪ੍ਰਭਾਵ ਹੇਠ ਸੋਚ-ਵਿਚਾਰ ਕਰਨ ਲੱਗਦਾ ਹੈ। ਇਨ੍ਹਾਂ ਤਰੰਗਾਂ ਦੀ ਵੱਖ ਵੱਖ ਫ੍ਰੀਕੁਐਂਸੀ ਹੋਣ ਕਰਕੇ ਦਿਮਾਗ ਨੂੰ ਇਹ ਵੱਖ ਵੱਖ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ। ਇਨ੍ਹਾਂ ਦੀ ਫ੍ਰੀਕੁਐਂਸੀ ਇੱਕ ਤੋਂ ਲੈ ਕੇ 70 ਹਰਟਜ਼ ਤਕ ਹੈ। ਘੱਟ ਤੋਂ ਘੱਟ ਥਰਕਣ ਯੋਗ ਡੈਲਟਾ ਤਰੰਗਾਂ ਹਨ ਅਤੇ ਵੱਧ ਤੋਂ ਵੱਧ, ਗੈਮਾ ਤਰੰਗਾਂ।

ਦਿਮਾਗ ਅੰਦਰ ਰਿਸ ਰਹੇ ਅਤੇ ਤਰੰਗਾਂ ਦਾ ਸੰਚਾਲਨ ਕਰ ਰਹੇ ਰਸਾਂ ਦੀਆਂ ਵੀ ਭਿੰਨ ਭਿੰਨ ਵਿਸ਼ੇਸ਼ਤਾਵਾਂ ਹਨ। ਸਨੇਹਮਈ ਵਤੀਰੇ ਅਤੇ ਇੱਕ ਦੂਜੇ 'ਚ ਵਿਸ਼ਵਾਸ ਨੂੰ ਆਕਸੀਟਾਸਿਨ ਉਤਸ਼ਾਹਿਤ ਕਰਦੇ ਹਨ ਅਤੇ ਕਾਰਜਸ਼ੀਲ ਪ੍ਰਵਿਰਤੀਆਂ ਨੂੰ ਡਾਪੇਮੀਨ ਟੁੰਬ ਟੁੰਬ ਜਗਾਉਂਦੇ ਰਹਿੰਦੇ ਹਨ ਜਦੋਂਕਿ ਸੰਤੁਸ਼ਟੀ ਦੇ ਅਨੁਭਵ ਲਈ ਸਿਰੋਟੋਨਿਨ ਜ਼ਿੰਮੇਵਾਰ ਹਨ। ਐਂਡਾਰਫਨ ਜਦੋਂ ਦਿਮਾਗ ਅੰਦਰ ਰਿਸਦੇ ਹਨ ਤਾਂ ਬੰਦਾ ਖੀਵਾ ਹੋਇਆ ਅਨੰਦ ਵਿਚ ਆਕਾਸ਼ 'ਚ ਉਡਦਾ ਮਹਿਸੂਸ ਕਰਦਾ ਹੈ। ਇਸੇ ਤਰ੍ਹਾਂ ਡਰ, ਕ੍ਰੋਧ, ਘਿਰਣਾ ਆਦਿ ਵੀ ਭਿੰਨ ਭਿੰਨ ਰਸਾਂ ਦੀ ਉਪਜ ਹਨ। ਦਿਮਾਗ ਵਿਚ ਇੱਕ ਸਮੇਂ ਕਿਹੜੀ ਤਰੰਗ ਸਾਰਥਕ ਹੈ ਅਤੇ ਕਿਹੜਾ ਰਸ ਰਿਸ ਰਿਹਾ ਹੈ, ਇਹ ਬੰਦੇ ਨਾਲ ਵਾਪਰ ਰਹੀ ਘਟਨਾ ਅਤੇ ਉਸ ਦੇ ਕੀਤੇ ਜਾ ਰਹੇ ਕਾਰਜ ਉਪਰ ਨਿਰਭਰ ਹੁੰਦਾ ਹੈ।

ਵਿਕਸਿਤ ਹੋ ਰਹੇ ਦਿਮਾਗ ਦੁਆਲੇ ਜਦੋਂ ਸੂਝ ਨਾਲ ਸਬੰਧਤ ਕਾਰਟੈਕਸ ਦਾ ਗਿਲਾਫ ਲਿਪਟ ਗਿਆ ਤਾਂ ਮਨੁੱਖ ਆਪਣੀ ਹੋਂਦ ਅਤੇ ਹੋਂਦ ਨਾਲ ਜੁੜੀ ਮੌਤ ਬਾਰੇ ਵੀ ਸੋਚਣ-ਵਿਚਾਰਨ ਲੱਗਾ। ਉਦੋਂ ਇਸ ਨੂੰ ਕਿਸੇ ਨਾ ਕਿਸੇ ਪ੍ਰਕਾਰ ਦੇ ਵਿਸ਼ਵਾਸ ਦਾ ਆਸਰਾ ਲੈਣ ਦੀ ਲੋੜ ਮਹਿਸੂਸ ਹੋਈ। ਫਲਸਰੂਪ ਦੇਵੀ-ਦੇਵਤੇ ਧਿਆਏ ਗਏ ਅਤੇ ਸੰਸਾਰ ਦੇ ਰਚੈਤਾ ਬਾਰੇ ਫੁਰਨੇ ਫੁਰੇ। ਇਸ ਵਿਚਾਰਧਾਰਾ ਨੇ ਸਮੇਂ ਨਾਲ ਹੋਰ ਵੀ ਗੰਭੀਰ ਧਾਰਮਿਕ ਰੂਪ ਧਾਰਨ ਕਰ ਲਿਆ। ਸਦੀਵੀ ਜਿਉਂਦੇ ਰਹਿਣ ਦੀ ਲਾਲਸਾ ਨੇ ਮਨ ਅੰਦਰ ਅਮਰ ਰੂਹ ਦਾ ਪਰਵੇਸ਼ ਕਰਵਾ ਦਿੱਤਾ ਅਤੇ ਰੂਹਾਨੀ ਸੰਸਾਰ ਨੂੰ ਦਿਸ ਰਹੇ ਸੰਸਾਰ ਨਾਲੋਂ ਵੱਖ ਅਤੇ ਉਤਮ ਮੰਨ ਕੇ ਇਸ ਨੂੰ ਤਾਂਘਿਆ ਜਾਣ ਲੱਗਾ। ਤਰਕ, ਪਰਖ-ਪੜਤਾਲ ਅਤੇ ਪ੍ਰਯੋਗ ਹਕੀਕਤ ਫਰੋਲਣ ਦਾ ਸਾਧਨ ਬਣੇ ਤਾਂ ਕਲਪਨਾ 'ਤੇ ਆਧਾਰਤ ਇਸ ਵਿਚਾਰਧਾਰਾ ਨੇ ਪਾਸਾ ਪਰਤਿਆ। ਰੂਹ ਬਾਰੇ ਵੀ ਸਥਿਤੀ ਸਪਸ਼ਟ ਹੋਈ। ਇਸ ਨੂੰ ਆਕਾਸ਼ੋਂ ਉਤਰ ਕੇ ਮਨ ਅੰਦਰ ਸਮਾਈ ਅਵਸਥਾ ਦੀ ਥਾਂ ਦਿਮਾਗ 'ਚੋਂ ਪੁੰਗਰ ਰਹੇ ਮਨ ਦੀ ਹੀ ਸੂਖਮ ਤੇ ਸੂਖਮ ਅਵਸਥਾ ਸਮਝਿਆ ਗਿਆ। ਰੂਹ ਦੀ ਦਿਮਾਗ ਨਾਲੋਂ ਵੱਖਰੀ ਹੋਂਦ ਨੂੰ ਅਸੰਭਵ ਸਮਝਿਆ ਗਿਆ। ਨਾ ਰੂਹ ਨੂੰ ਮਨ ਤੋਂ ਸੁਤੰਤਰ ਮੰਨਿਆ ਗਿਆ ਅਤੇ ਨਾ ਮਨ ਨੂੰ ਦਿਮਾਗ ਤੋਂ। ਜੇ ਇਹ ਇੱਕ ਦੂਜੇ 'ਤੇ ਨਿਰਭਰ ਨਾ ਹੁੰਦੇ ਤਾਂ ਸ਼ਰਾਬ ਦੀ ਘੁੱਟ ਭਰਿਆਂ ਮਨ ਨੇ ਬੇਕਾਬੂ ਨਹੀਂ ਸੀ ਹੋਣਾ ਅਤੇ ਨਾ ਹੀ ਰੂਹ ਨੇ ਕਿਧਰੇ ਹੋਰ ਜਾ ਬਿਰਾਜਣਾ ਸੀ। ਹੋਰਨਾਂ ਨਸ਼ਿਆਂ ਦੇ ਪ੍ਰਭਾਵ ਅਧੀਨ ਵੀ ਥੋੜ੍ਹੇ ਸਮੇਂ ਲਈ ਸਵਰਗ ਮਾਣ ਲੈਣ ਪਿਛੋਂ ਰੂਹ ਅਤੇ ਮਨ ਦਿਲਗੀਰੀ ਦੀ ਦਲਦਲ 'ਚ ਖੁੱਭੇ ਛਟਪਟਾਉਣ ਲੱਗਦੇ ਹਨ। ਅਲਜ਼ਾਈਮਰ ਰੋਗ 'ਚ ਉਲਝੇ ਦਿਮਾਗ ਵਾਲੇ ਮਨ ਨੂੰ ਵੀ ਕੁਝ ਯਾਦ ਨਹੀਂ ਰਹਿੰਦਾ। ਦਿਮਾਗ ਨਾਲ ਵਾਪਰਦੇ ਤੋਂ ਮਨ ਨੇ ਇਸ ਲਈ ਪ੍ਰਭਾਵਿਤ ਹੋਣਾ ਹੀ ਹੁੰਦਾ ਹੈ ਕਿਉਂਕਿ ਦੋਵੇਂ ਆਪਸ 'ਚ ਗੱਡ-ਮੱਡ ਹੋਏ ਇੱਕ ਹਨ, ਇੱਕ ਦੂਜੇ ਤੋਂ ਵੱਖ ਨਹੀਂ।



ਸਾਡਾ ਸੂਝਵਾਨ ਮਨ, ਸਮੁੱਚੇ ਦਿਮਾਗ ਦੀ ਉਪਜ ਨਹੀਂ। ਇਹ ਦਿਮਾਗ ਦੇ ਫੁਟਕਲ ਜਿਹੇ ਭਾਗ 'ਚੋਂ ਪੁੰਗਰ ਰਿਹਾ ਹੈ। ਬਾਕੀ ਦੇ ਦਿਮਾਗ ਦੀਆਂ ਸਰਗਰਮੀਆਂ ਲਈ ਫਰਾਇਡ ਨੇ 'ਅਵਚੇਤਨ ਮਨ' ਦਾ ਸਿਰਲੇਖ ਵਰਤਿਆ ਸੀ। ਦਿਮਾਗ ਦੇ ਇਸ ਭਾਗ 'ਚ ਦਿਨੇ ਅਤੇ ਰਾਤੀਂ ਕੁਝ ਨਾ ਕੁਝ ਚਲਦਾ ਰਹਿੰਦਾ ਹੈ, ਪਰ ਇਸ ਬਾਰੇ ਬੰਦੇ ਨੂੰ ਕੁਝ ਵੀ ਅਨੁਭਵ ਨਹੀਂ ਹੁੰਦਾ। ਸਰੀਰ ਦੇ ਮੁੱਖ ਕਾਰੋਬਾਰ ਦਿਮਾਗ ਦੇ ਇਸ ਖੇਤਰ ਦੀ ਅਗਵਾਈ ਅਧੀਨ ਨਿਭ ਰਹੇ ਹਨ। ਮਨੋਵੇਗ, ਅੰਤਰ-ਪ੍ਰੇਰਣਾ, ਦਿੱਬ-ਦ੍ਰਿਸ਼ਟੀ ਆਦਿ ਵੀ ਦਿਮਾਗ ਦੇ ਇਸੇ ਖੇਤਰ 'ਚੋਂ ਪੁੰਗਰਦੇ ਹਨ ਜੋ ਰਾਤੀਂ ਸੁਪਨੇ ਵੀ ਤੱਕ ਰਿਹਾ ਹੁੰਦਾ ਹੈ, ਜਦੋਂ ਦਿਮਾਗ ਦਾ ਸੂਝਵਾਨ ਖੇਤਰ ਸੰਸਾਰ ਤੋਂ ਬੇਖਬਰ ਸੌਂ ਰਿਹਾ ਹੁੰਦਾ ਹੈ।

ਇਹ ਵੀ ਨਹੀਂ ਕਿ ਸੁਚੇਤ ਅਤੇ ਅਚੇਤ ਮਨ ਇੱਕ ਦੂਜੇ ਤੋਂ ਅਟੰਕ ਹਨ। ਸਾਡੀਆਂ ਲੋੜਾਂ, ਤਾਂਘਾਂ, ਨਿਰਧਾਰਤ ਕੀਤੇ ਜਾ ਰਹੇ ਮੰਤਵ, ਉਭਰ ਰਹੀਆਂ ਯਾਦਾਂ, ਭਵਿੱਖ ਲਈ ਦੇਖੇ ਜਾ ਰਹੇ ਸੁਪਨੇ ਅਤੇ ਪਾਲੇ ਜਾ ਰਹੇ ਮੋਹ ਆਦਿ ਸਭ ਸੁਚੇਤ ਮਨ ਅੰਦਰੋਂ ਉਠ ਰਹੇ ਅਨੁਭਵ ਹਨ ਜਿਨ੍ਹਾਂ ਦੀਆਂ ਜੜ੍ਹਾਂ ਅਵਚੇਤਨ ਮਨ 'ਚ ਸਮਾਈਆ ਹੋਈਆਂ ਹਨ। ਅਜਿਹੇ ਅਨੁਭਵ ਜੀਨਾਂ ਦੇ ਪ੍ਰਭਾਵ ਅਧੀਨ ਅਵਚੇਤਨ ਮਨ ਦੇ ਹਨੇਰਿਆਂ 'ਚ ਜਨਮ ਲੈ ਕੇ ਸੁਚੇਤ ਮਨ ਵਿਚ ਨਿਸਰਦੇ ਹਨ। ਸਾਡੀਆਂ ਪਰੇਸ਼ਾਨੀਆਂ, ਉਦਾਸੀਆਂ, ਦਵੰਦ ਅਤੇ ਸਾਡੇ ਕੋਲੋਂ ਹੋ ਰਹੀਆਂ ਸਦਾਚਾਰਕ ਭੁੱਲਾਂ ਦਾ ਮੁੱਢ ਵੀ ਅਵਚੇਤਨ ਮਨ ਅੰਦਰ ਹੀ ਬੱਝਦਾ ਹੈ, ਜਿਸ ਨੂੰ ਆਪ ਨਾ ਤਾਂ ਜ਼ਿੰਮੇਵਾਰੀ ਦਾ ਅਹਿਸਾਸ ਹੈ ਅਤੇ ਨਾ ਹੀ ਫਰਜ਼ ਪੂਰੇ ਕਰਨ ਦਾ। ਅਵਚੇਤਨ ਮਨ ਨੇ ਤਾਂ ਨਿਰੋਲ ਵਿਰਸੇ 'ਚ ਮਿਲੇ ਆਵੇਗਾਂ ਦੀ ਆਗਿਆ ਦੀ ਪਾਲਣਾ ਕਰਨੀ ਹੁੰਦੀ ਹੈ। ਅਗਾਂਹ ਸੂਝ ਨੂੰ ਵੀ ਅਵਚੇਤਨ ਮਨ ਦੀ ਅਗਵਾਈ ਸਵੀਕਾਰ ਕਰਨੀ ਪੈਂਦੀ ਹੈ। ਸੂਝਵਾਨ ਮਨ ਦੇ ਲਏ ਗਏ ਨਿਰਣਿਆਂ ਬਾਰੇ ਨਿਰਣਾ ਵੀ ਕੁਝ ਸਕਿੰਟ ਪਹਿਲਾਂ ਅਵਚੇਤਨ ਮਨ ਲੈ ਚੁਕਾ ਹੁੰਦਾ ਹੈ। ਇਸੇ ਕਾਰਨ ਅਸੀਂ ਸੂਝ-ਸਮਝ ਨਾਲੋਂ ਮਨੋਵੇਗਾਂ ਦੇ ਵੱਸ ਵੱਧ ਵਿਚਰ ਰਹੇ ਹਾਂ।

ਦਿਮਾਗੀ ਪ੍ਰਕ੍ਰਿਆਵਾਂ ਦਾ ਸੂਝ ਨਾਲ ਸਬੰਧ ਉਸ ਹੱਦ ਤਕ ਪੀਢਾ ਨਹੀਂ, ਜਿਸ ਹੱਦ ਤਕ ਭਾਵਨਾਵਾਂ ਅਤੇ ਮਨੋਵੇਗਾਂ ਨਾਲ ਹੈ। ਭਾਵਨਾਵਾਂ ਅਤੇ ਮਨੋਵੇਗਾਂ ਦੇ ਲੜ ਲੱਗੇ ਦਿਮਾਗ 'ਤੇ ਸੂਝ ਉਪਜਾਉਂਦੇ ਕਾਰਟੈਕਸ ਦਾ ਸੂਖਮ ਗਿਲਾਫ ਲਿਪਟਿਆ ਹੋਣ ਕਰਕੇ ਅਜਿਹੀ ਸਥਿਤੀ ਹੈ। ਉਂਜ ਵੀ, ਜੀਵਨ ਨੂੰ ਚਲਦਿਆਂ ਰੱਖਣ ਨਾਲ ਜੁੜੀਆਂ ਪ੍ਰਸਥਿਤੀਆਂ ਵੀ ਭਾਵਨਾਵਾਂ ਨਾਲ ਹੀ ਪ੍ਰਣਾਈਆਂ ਹੋਈਆਂ ਹਨ। ਭੁੱਖ, ਪਿਆਸ, ਡਰ, ਪ੍ਰਜਨਨ ਆਦਿ ਨਿਰੋਲ ਜਜ਼ਬਾਤੀ ਅਨੁਭਵ ਹਨ। ਇਸ ਕਾਰਨ ਵੀ ਭਾਵਨਾਵਾਂ ਦੇ ਟਾਕਰੇ ਸੂਝ ਦਾ ਫਿੱਕਾ ਵਜੂਦ ਹੈ। ਸੂਝ ਨਾਲੋਂ ਅਸੀਂ ਸ਼ੋਸ਼ਿਤ ਹੋਣ ਯੋਗ ਭਾਵਨਾਵਾਂ ਦੇ ਅਸਰ ਅਧੀਨ ਵੱਧ ਹਾਂ ਜਿਸ ਕਾਰਨ ਅਸੀਂ ਵਿਵੇਕਹੀਣ ਅੰਧ-ਵਿਸ਼ਵਾਸ ਪਾਲਦਿਆਂ ਨਹੀਂ ਝਿਜਕਦੇ ਅਤੇ ਨਾ ਚਾਹੁੰਦਿਆਂ ਵੀ ਬਹੁਤ ਕੁਝ ਅਜਿਹਾ ਕਰ ਬੈਠਦੇ ਹਾਂ ਜਿਸ ਦੀ ਸੂਝ ਆਗਿਆ ਨਹੀਂ ਦਿੰਦੀ।

ਦਿਮਾਗ 'ਚੋਂ ਸੂਝਵਾਨ ਵਿਚਾਰ ਵੀ ਤਦ ਹੀ ਪੁੰਗਰਦੇ ਹਨ, ਜਦੋਂ ਭਾਵਨਾਵਾਂ ਸ਼ਾਂਤ ਹੁੰਦੀਆਂ ਹਨ। ਸੂਝ ਅਤੇ ਭਾਵਨਾਵਾਂ ਦੇ ਪ੍ਰਸੰਗ 'ਚ ਵਿਰਸੇ 'ਚ ਮਿਲੇ ਜੀਨਾਂ ਦੀ ਕੀ ਭੂਮਿਕਾ ਹੈ? ਮਨੋਵੇਗੀ ਤੀਬਰਤਾ ਅਤੇ ਸੂਝਵਾਨ ਸੰਵੇਦਨਸ਼ੀਲਤਾ ਦੀਆਂ ਹੱਦਾਂ ਜੀਨ ਨਿਰਧਾਰਤ ਕਰਦੇ ਹਨ ਜੋ ਤੰਗਨਜ਼ਰ ਵਿਵੇਕਹੀਣਤਾ ਲਈ ਵੀ ਨਿਰਣਾਇਕ ਸਿੱਧ ਹੁੰਦੇ ਹਨ। ਕੌਣ ਕਿਸ ਹੱਦ ਤਕ ਉਦਾਸ ਹੋਣ ਯੋਗ ਹੈ, ਕਿਸ ਦੀ ਕਲਪਨਾ ਕਿੰਨੀ ਉਦਾਰ ਹੈ, ਮੋਹ ਲਈ ਕੌਣ ਕਿੰਨੇ ਕੁਝ ਦਾ ਤਿਆਗ ਕਰਨ ਯੋਗ ਹੈ ਅਤੇ ਕੌਣ ਕਿਹੋ ਜਿਹੀ ਨਿਪੁੰਨਤਾ ਤੇ ਕਿਹੋ ਜਿਹੇ ਗਿਆਨ ਦੇ ਯੋਗ ਹੈ: ਅਜਿਹੇ ਕੁਝ ਨੂੰ ਵੀ ਜੀਨ ਹੀ ਅਰਥ ਅਰਪਣ ਕਰਦੇ ਹਨ। ਹਕੀਕਤ ਇਹ ਹੈ ਕਿ ਅਸੀਂ ਜੀਨਾਂ ਦੇ ਮਾਲਕ ਨਹੀਂ, ਜੀਨ ਸਾਡੇ ਮਾਲਕ ਹਨ।

ਪਕੜੇ ਜਾਤੇ ਹੈਂ ਫਰਿਸ਼ਤੋਂ ਕੇ
ਲਿਖੇ ਪਰ ਨਾ ਹੱਕ,
ਆਦਮੀ ਕੋਈ ਹਮਾਰਾ
ਦਮ-ਏ-ਤਹਿਰੀਰ ਭੀ ਥਾ।

# ਕਿਵੇਂ ਮਨਾਈਏ ਰੁੱਸੇ ਸੱਜਣਾਂ ਨੂੰ

ਗੁੱਸੇ 'ਚ ਬੰਦਾ ਨਿੱਕੀ ਨਿੱਕੀ ਗੱਲ 'ਤੇ ਖਿਝਦਾ ਹੈ। ਗੁੱਸਾ ਮਜਬੂਰ ਕਰ ਦਿੰਦਾ ਹੈ ਕਿ ਉਹ ਸਭ ਤੋਂ ਸ੍ਰੇਸ਼ਠ ਹੋ ਜਾਵੇ। ਗੁੱਸੇ 'ਚ ਬੰਦੇ ਦਾ ਵਤੀਰਾ ਤਾਨਾਸ਼ਾਹੀ ਹੋ ਜਾਂਦਾ ਹੈ। ਉਹ ਚਾਹੁੰਦਾ ਹੈ ਕਿ ਸਾਰੇ ਉਵੇਂ ਹੀ ਕਰਨ ਜਿਵੇਂ ਉਹ ਕਹਿ ਰਿਹਾ ਹੁੰਦਾ ਹੈ। ਉਸ ਦਾ ਦਿਲ ਕਰਦਾ ਹੈ ਕਿ ਉਹ ਡੰਡਾ ਚੁੱਕ ਕੇ ਘਰ ਦੇ ਸਾਰੇ ਬਲਬ ਭੰਨ ਦੇਵੇ ਜਾਂ ਕਿਸੇ ਦਾ ਦਿਲ ਅਤੇ ਜਾਂ ਕਿਸੇ ਦਾ ਸਿਰ। ਗੁੱਸੇ ਵਿਚ ਅਸੀਂ ਆਪਣੇ ਸਭ ਤੋਂ ਅਜ਼ੀਜ਼ ਸਬੰਧੀਆਂ ਉਤੇ ਵੀ ਜ਼ੁਲਮ ਕਰਨੋਂ ਨਹੀਂ ਟਲਦੇ। ਗੁੱਸਾ ਮਨੁੱਖ ਦੀ ਹਉਮੈ ਦੀ ਸਿਖਰਵੀਂ ਅਵਸਥਾ ਉਤੇ ਪਹੁੰਚਣ 'ਚੋਂ ਪੈਦਾ ਹੁੰਦਾ ਹੈ।

**ਰਾਜਿੰਦਰ ਸਿੰਘ ਸੇਖੋਂ**

ਗੁੱਸਾ ਠੰਡਾ ਹੋਣ ਪਿੱਛੋਂ ਹਰੇਕ ਗੁੱਸੇਖੋਰ ਮਹਿਸੂਸ ਕਰਦਾ ਹੈ ਕਿ ਉਸ ਦਾ ਗੁਸੈਲੀ ਅਵਸਥਾ ਵਿਚ ਕੀਤਾ ਵਿਹਾਰ ਗਲਤ ਸੀ। ਗੁੱਸਾ ਵੀ ਜਜ਼ਬਾਤ ਦੇ ਵਿਰੇਚਨ ਦਾ ਇਕ ਸਰੀਰਕ ਸਾਧਨ ਹੈ ਜਿਵੇਂ ਰੋਣਾ, ਹੱਸਣਾ, ਕਵਿਤਾ ਲਿਖਣਾ ਦੂਸਰੇ ਸਾਧਨ ਹਨ। ਮਿਰਗੀ ਅਤੇ ਦਿਲ ਦੇ ਦੌਰੇ ਵਾਂਗ ਇਹ ਵੀ ਇਕ ਦੌਰਾ ਹੈ ਪਰ ਇਹ ਸਿਹਤਮੰਦੀ ਅਵਸਥਾ ਵਿਚ ਹੀ ਪੈਂਦਾ ਹੈ।

**ਗੁੱਸਾ ਕਾਬੂ ਕਿਵੇਂ ਕਰੀਏ?** ਗੁੱਸਾ ਆਮ ਕਰਕੇ ਉਦੋਂ ਹੀ ਆਉਂਦਾ ਹੈ ਜਦੋਂ ਬੰਦੇ ਦੀ 'ਮੈਂ' ਨੂੰ ਸੱਟ ਵੱਜਦੀ ਹੈ। ਗੁੱਸੇਖੋਰ ਬੰਦੇ ਦਾ ਵਤੀਰਾ ਇਕ ਤਾਨਾਸ਼ਾਹ ਵਾਲਾ ਹੋ ਜਾਂਦਾ ਹੈ। ਗੁੱਸੇ ਵਿਚ ਬੰਦਾ ਇਕ 'ਬੱਚਾ' ਵੀ ਬਣ ਜਾਂਦਾ ਹੈ। ਬੱਚੇ ਨੂੰ ਗੁੱਸੇ ਦੀ ਹਾਲਤ 'ਚ ਵੇਖੋ, ਇਕ ਟਾਫੀ ਨਾ ਮਿਲਣ ਕਰਕੇ ਕਤਲ ਕਰ ਦੇਣ ਤਕ ਦੇ ਭਾਵ ਉਸ ਵਿਚ ਹੁੰਦੇ ਹਨ। ਹੁਣ ਇਕ ਬੰਦੇ ਨੂੰ ਗੁਸੈਲੀ ਅਵਸਥਾ ਵਿਚ ਵੇਖੋ, ਬਿਲਕੁਲ ਇਹੋ ਜਿਹੇ ਭਾਵ ਹੀ ਉਸ 'ਚ ਹੁੰਦੇ ਹਨ। ਪਰ ਇਥੇ ਮੁੱਦਾ ਟਾਫੀ ਜਾਂ ਖਿਡੌਣੇ ਦਾ ਨਹੀਂ ਜ਼ਰ, ਜ਼ੋਰੂ ਜਾਂ ਜਮੀਨ ਦਾ ਹੁੰਦਾ ਹੈ।

ਗੁੱਸੇ 'ਚ ਆਏ ਬੰਦੇ ਦਾ ਕਦੇ ਵਿਰੋਧ ਨਹੀਂ ਕਰਨਾ ਚਾਹੀਦਾ। ਇਸ ਦਾ ਸਿੱਟਾ ਉਹੋ ਹੀ ਨਿਕਲਦਾ ਹੈ ਜੋ ਇਕ ਤਾਨਾਸ਼ਾਹ ਵਿਰੁੱਧ ਬੋਲਣ ਵਾਲੇ ਬੰਦੇ ਦਾ ਹੁੰਦਾ ਹੈ। ਗੁੱਸੇਖੋਰ ਵਿਰੁੱਧ 'ਗੁਪਤ ਅਸਹਿਯੋਗ ਅੰਦੋਲਨ' ਚਲਾਓ। ਉਸ ਦੀ ਕਿਸੇ ਵੀ ਗੱਲ ਦਾ ਕੱਟਵਾਂ ਜਵਾਬ ਨਾ ਦਿਓ। ਗੁੱਸੇਖੋਰ ਬੰਦਾ ਜਦੋਂ ਕਾਫੀ ਬੋਲ ਚੁੱਕਾ ਹੋਵੇ ਤਾਂ ਉਸ ਨੂੰ ਇਕੱਲਾ ਛੱਡ ਦੇਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਵਿਹਾਰ ਦਾ ਮੰਥਨ-ਚਿੰਤਨ ਕਰ ਸਕੇ। ਆਮ ਤੌਰ 'ਤੇ ਗੁੱਸੇਖੋਰ ਬੰਦੇ ਦੀ ਇਹੋ ਇੱਛਾ ਹੁੰਦੀ ਹੈ, 'ਮੈਨੂੰ ਛੱਡ ਦਿਓ' ਜਾਂ 'ਮੈਨੂੰ ਇਕੱਲਾ ਛੱਡ ਦਿਓ।'

ਕੁਝ ਸਮੇਂ ਪਿੱਛੋਂ ਗੁੱਸੇ ਹੋਏ ਵਿਅਕਤੀ ਨੂੰ ਮਨਾਉਣਾ ਚਾਹੀਦਾ ਹੈ। ਮਨਾਉਣ ਵੇਲੇ ਉਸ ਲਈ ਅਜਿਹੇ ਵਿਸ਼ੇਸ਼ਣ ਵਰਤਣੇ ਚਾਹੀਦੇ ਹਨ ਜਿਨ੍ਹਾਂ ਵਿਚ ਪਿਆਰ, ਤੜਫ ਅਤੇ ਹਾਸੇ-ਠੱਠੇ ਦਾ ਮਿਸ਼ਰਣ ਹੋਵੇ। ਜਿਵੇਂ: ''ਲਓ ਫੜ੍ਹੋ, ਪਤੀ ਦੇਵ ਜੀ! ਰੋਟੀ ਖਾ ਲਵੋ।''

''ਲੈ ਗੁੱਸੇਖੋਰਾ! ਪਾਣੀ ਪੀ ਲੈ।''

''ਲਓ ਫੜ੍ਹੋ, ਰੋਟੀ ਖਾ ਲਵੋ, ਹੋਰ ਲੜਨ ਦੀ ਤਾਕਤ ਆ ਜਾਊ।''

ਅਜਿਹੇ ਸੰਬੋਧਨਾਂ ਉਤੇ ਗੁੱਸੇ ਵਿਚ ਆਇਆ ਬੰਦਾ ਆਪਣਾ ਵਿਰੋਧ ਅਤੇ ਹਲਕਾ ਗੁੱਸਾ ਵੀ ਪ੍ਰਗਟ ਸਕਦਾ ਹੈ ਪਰ ਇਹੋ ਸਮਾਂ ਹੁੰਦਾ ਹੈ, ਉਸ ਨੂੰ ਮਨਾਉਣ ਦਾ। ਉਸ ਨੂੰ ਤਾਨਾਸ਼ਾਹ ਤੋਂ ਲੋਕਤੰਤਰੀ ਬਣਾਉਣ ਦਾ। ਛੋਟੀ ਜਿਹੀ ਚੂੰਡੀ, ਪਿਆਰ-ਸਪਰਸ਼ ਜਾਂ ਦੂਸਰੀ ਤੀਸਰੀ ਵਾਰ ਮਨਾਉਣ ਦੀ ਕੋਸ਼ਿਸ਼ ਤੁਹਾਨੂੰ ਜਿਤਾ ਦੇਵੇਗੀ। ਗੁੱਸੇਖੋਰ ਹਾਰ ਜਾਵੇਗਾ/ਜਾਵੇਗੀ। ਉਸ ਦੇ ਹੰਝੂ ਵਗ ਆਉਣਗੇ। ਇਹ ਹਾਰ ਦੇ, ਪਛਤਾਵੇ ਦੇ ਹੰਝੂ



ਹੋਣਗੇ। ਰੋਂਦੇ/ਰੋਂਦੀ ਦੇ ਹੰਝੂ ਆਪਣੇ ਰੁਮਾਲ ਨਾਲ ਪੂੰਝ ਦੇਵੋ, ਸਾਰੀ ਸਮੱਸਿਆ ਹੱਲ ਹੋ ਜਾਵੇਗੀ।

ਆਮ ਤੌਰ 'ਤੇ ਸੁਝਾਅ ਦਿੱਤਾ ਜਾਂਦਾ ਹੈ ਕਿ ਜਦ ਕੋਈ ਗੁੱਸੇ ਦੀ ਅਵਸਥਾ ਵਿਚ ਹੋਵੇ ਤਾਂ ਇਕ ਮੈਂਬਰ ਨੂੰ ਘਰੋਂ ਬਾਹਰ ਚਲੇ ਜਾਣਾ ਚਾਹੀਦਾ ਹੈ। ਇਹ ਇਕ ਗਲਤ ਸੁਝਾਅ ਹੈ। ਗੁੱਸਾ ਮਨ ਵਿਚ ਪੈਦਾ ਹੋਏ ਭਾਵਾਂ ਦਾ ਸਮੂਹਿਕ ਉਬਾਲ ਹੈ। ਹੋਰ ਮਾਨਵੀ ਭਾਵਾਂ ਵਾਂਗ ਇਸ ਦਾ ਵਿਰੇਚਨ ਹੋਣਾ ਵੀ ਅਤਿ ਜ਼ਰੂਰੀ ਹੈ। ਅਜਿਹਾ ਕਰਨਾ ਖਤਰਨਾਕ ਹੋ ਸਕਦਾ ਹੈ। ਅਜਿਹੀ ਨਾਜ਼ੁਕ ਅਵਸਥਾ ਵਿਚ ਵਿਅਕਤੀ ਆਪਣੇ ਮਨ ਦੇ ਭਾਵਾਂ ਦੇ ਅਧੀਨ ਵਧੇਰੇ ਚਲਦਾ ਹੈ ਅਤੇ ਦਿਮਾਗ ਦੀ ਘੱਟ ਸੁਣਦਾ ਹੈ। ਸੰਵੇਦਨਸ਼ੀਲ ਵਿਅਕਤੀ ਅਜਿਹੀ ਅਵਸਥਾ ਵਿਚ ਆਤਮ-ਹੱਤਿਆ ਵੀ ਕਰ ਸਕਦੇ ਹਨ। ਦੋ ਸਤਰਾਂ ਵਿਚ ਕਹਿਣਾ ਹੋਵੇ ਤਾਂ ਗੁੱਸੇਖੋਰ ਬੰਦੇ ਨੂੰ ਕਾਬੂ ਕਰਨ ਦਾ ਤਰੀਕਾ ਇਹ ਹੈ-ਪਹਿਲਾਂ ਹਾਰ ਜਾਵੋ, ਫਿਰ ਜਿੱਤ ਲਵੋ। ਗੁੱਸੇਖੋਰ ਵਿਅਕਤੀ ਦੀ ਵੀ ਹਾਰ ਨਾ ਹੋਵੇ ਅਤੇ ਤੁਹਾਡੀ ਜਿੱਤ ਵੀ ਹੋ ਜਾਵੇ।

ਪਰ ਸਾਡਾ ਵਤੀਰਾ ਆਮ ਤੌਰ 'ਤੇ ਉਲਟ ਹੁੰਦਾ ਹੈ। ਇਸ ਕਰਕੇ ਕੱਚ ਦਾ ਗਲਾਸ ਟੁੱਟਣ ਤੋਂ ਸ਼ੁਰੂ ਹੋਏ ਘਰੇਲੂ ਝਗੜੇ ਵਕੀਲਾਂ, ਦਲੀਲਾਂ ਅਤੇ ਅਪੀਲਾਂ ਵਿਚੋਂ ਲੰਘਦੇ ਹੋਏ ਘਰ ਟੁੱਟਣ ਅਤੇ ਪਰਿਵਾਰਾਂ ਦੇ ਵਿਛੜਨ ਉਤੇ ਆ ਕੇ ਮੁਕਦੇ ਹਨ। ਘਰ ਦੇ ਬਿਖਰ ਜਾਣ ਪਿੱਛੋਂ, ਰਿਸ਼ਤਿਆਂ ਦੇ ਟੁੱਟ ਜਾਣ ਪਿਛੋਂ ਹੀ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਟੁੱਟਿਆ ਤਾਂ ਸਿਰਫ ਕੱਚ ਦਾ ਇਕ ਗਲਾਸ ਹੀ ਸੀ। ਕੀ ਇਸ ਦਾ ਇਹ ਅਰਥ ਲਿਆ ਜਾਵੇ ਕਿ ਸਾਨੂੰ ਕੱਚ ਦਾ ਗਲਾਸ ਘਰ ਅਤੇ ਪਰਿਵਾਰ ਨਾਲੋਂ ਵੀ ਵਧੇਰੇ ਪਿਆਰਾ ਸੀ।

ਉਸ ਸਮੇਂ ਸਾਡੇ ਹੱਥ ਵਿਚ ਕੱਚ ਦਾ ਗਲਾਸ ਹੁੰਦਾ ਹੈ, ਪਤਨੀ, ਘਰ ਜਾਂ ਪਰਿਵਾਰ ਨਹੀਂ ਜਦ ਕਿ ਗਲਾਸ ਬਾਜ਼ਾਰੋਂ ਅੱਠ-ਦਸ ਰੁਪਏ ਦਾ ਮੁੜ ਖਰੀਦਿਆ ਜਾ ਸਕਦਾ ਹੈ ਪਰ ਪਰਿਵਾਰ ਨਹੀਂ।

## ਚੰਗੀ ਹੁੰਦੀ ਕਸਰਤ ਤੇ ਸੈਰ ਦੀ ਆਦਤ

ਕਸਰਤ ਸਿਰਫ ਮੋਟਾਪੇ ਤੋਂ ਹੀ ਛੁਟਕਾਰਾ ਪਾਉਣ ਲਈ ਹੀ ਜ਼ੂਰਰੀ ਨਹੀਂ। ਇਹ ਸੁੰਦਰਤਾ ਲਿਆਉਂਦੀ ਤੇ ਚੁਸਤੀ ਪੈਦਾ ਕਰਦੀ ਹੈ। ਸੈਰ ਦੌਰਾਨ ਤਾਜ਼ੀ ਹਵਾ ਜੋ ਸਾਨੂੰ ਮਿਲਦੀ ਹੈ, ਉਹ ਬੇਹੱਦ ਜ਼ਰੂਰੀ ਹੈ। ਏਅਰ ਕੰਡੀਸ਼ਨਰ ਦੀ ਵਰਤੋਂ ਵਧ ਗਈ ਹੈ। ਬੰਦ ਦਰਵਾਜ਼ਿਆਂ ਤੇ ਖਿੜਕੀਆਂ ਰਾਹੀਂ ਤਾਜ਼ੀ ਹਵਾ ਦਾ ਆਉਣਾ ਰੁਕ ਗਿਆ ਹੈ। ਇਸ ਕਾਰਨ ਕਈ ਤਰ੍ਹਾਂ ਦੀਆਂ ਬੀਮਾਰੀਆਂ ਲੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਕਸਰਤ ਨਾਲ ਸਰੀਰ ਵਿਚਲੇ ਖ਼ੂਨ ਦਾ ਦੌਰਾ ਵਧਦਾ ਅਤੇ ਚਮੜੀ, ਅੱਖਾਂ ਤੇ ਵਾਲਾਂ ਨੂੰ ਤਾਕਤ ਮਿਲਦੀ ਹੈ। ਜੋ ਵਿਅਕਤੀ ਸਾਰਾ ਦਿਨ ਕੰਮ ਵਿਚ ਲੱਗੇ ਰਹਿੰਦੇ ਹਨ, ਉਨ੍ਹਾਂ ਲਈ ਵੀ ਘੁੰਮਣਾ, ਜਾਗਿੰਗ ਕਰਨਾ ਜਾਂ ਰੱਸੀ ਟੱਪਣਾ ਉਪਯੋਗੀ ਹੈ। ਜੇ ਤੁਸੀਂ ਉਨ੍ਹਾਂ ਲੋਕਾਂ ਵਿਚੋਂ ਹੋ ਜਿਨ੍ਹਾਂ ਨੇ ਕਦੇ ਕਸਰਤ ਨਹੀਂ ਕੀਤੀ ਤਾਂ ਪਹਿਲਾਂ ਕਿਸੇ ਡਾਕਟਰ ਦੀ ਸਲਾਹ ਜ਼ਰੂਰ ਲੈ ਲਓ। ਕਈ ਛੋਟੀਆਂ ਸਮੱਸਿਆਵਾਂ ਜਾਂ ਖ਼ੂਨ ਦਾ ਦੌਰਾ ਵਧਣਾ ਆਪਣੇ ਆਪ ਹੀ ਠੀਕ ਹੋ ਜਾਂਦੀਆਂ ਹਨ। ਕੁਝ ਹੀ ਦਿਨਾਂ ਦੀ ਰੋਜ਼ਾਨਾ ਕਸਰਤ ਤੋਂ ਬਾਅਦ ਤੁਹਾਨੂੰ ਆਪਣੀ ਮੁਰਝਾਈ ਚਮੜੀ ਵਿਚ ਨਿਖਾਰ ਆਉਂਦਾ ਲੱਗੇਗਾ। ਸਵੇਰ ਦੀ ਸੈਰ ਤਾਂ ਸ਼ਾਮ ਦੇ ਘੁੰਮਣ ਤੋਂ ਵੀ ਵੱਧ ਫਾਇਦੇਮੰਦ ਹੁੰਦੀ ਹੈ। ਸੋ ਰੋਜ਼ਾਨਾ ਸਵੇਰੇ ਕਸਰਤ ਤੇ ਸੈਰ ਕਰਨਾ ਅਤੇ ਸ਼ਾਮ ਨੂੰ ਘੁੰਮਣ ਦੀ ਆਦਤ ਪਾਓ। ਇਹ ਹਰੇਕ ਨੂੰ ਸਿਹਤਮੰਦ ਬਣਾਉਂਦੀ ਹੈ ਅਤੇ ਸੁੰਦਰਤਾ ਅਤੇ ਲੰਮੀ ਉਮਰ ਬਖਸ਼ਦੀ ਹੈ।

*-ਹਰੀ ਕਿਸ਼ਨ ਪੋਜੇਵਾਲ*

# 'ਇਕ ਬਟਾ ਦੋ ਆਦਮੀ' ਦਾ ਜਨਮ

***ਕਹਾਣੀਕਾਰ ਐਸ. ਸਾਕੀ ਨੇ ਆਪਣੇ ਇਸ ਛੋਟੇ ਜਿਹੇ ਲੇਖ ਵਿਚ ਆਪਣੀ ਕਹਾਣੀ ਕਲਾ 'ਤੇ ਸੰਖੇਪ ਝਾਤ ਪੁਆਈ ਹੈ ਕਿ ਕਿਵੇਂ ਉਸ ਨੇ ਕਹਾਣੀ ਲਿਖਣੀ ਸ਼ੁਰੂ ਕੀਤੀ ਅਤੇ ਕਿਵੇਂ ਉਸ ਦੀਆਂ ਕਹਾਣੀਆਂ ਦੀਆਂ ਕਿਤਾਬਾਂ ਛਪਣ ਲੱਗੀਆਂ, ਜੋ 16 ਦੀ ਗਿਣਤੀ ਤੱਕ ਪਹੁੰਚ ਗਈਆਂ। ਉਸ ਦੀ ਕਹਾਣੀ ਕਲਾ 'ਤੇ ਪਾਠਕਾਂ ਦੀ ਇਕ ਝਾਤ ਪੁਆਉਣ ਲਈ ਉਸ ਦੀ ਕਹਾਣੀ 'ਗਲੀ ਦੇ ਮੋੜ 'ਤੇ' ਵੀ ਛਾਪ ਰਹੇ ਹਾਂ। -ਸੰਪਾਦਕ***

ਲੇਖਕ ਨੂੰ ਉਸ ਦੀ ਪਹਿਲੀ ਕਿਸੇ ਵੀ ਵਿਧੀ 'ਚ ਲਿਖੀ ਪੁਸਤਕ ਛਪਣ ਦਾ ਬਹੁਤ ਚਾਅ ਹੁੰਦਾ ਹੈ। ਇਸ ਤੋਂ ਬਾਅਦ ਉਹ ਆਪਣ ਆਪ ਨੂੰ ਸੱਚਮੁੱਚ ਹੀ ਲੇਖਕ ਸਮਝਣ ਲੱਗਦਾ ਹੈ। ਮੇਰੇ ਨਾਲ ਵੀ ਇਸੇ ਤਰ੍ਹਾਂ ਹੋਇਆ। ਜਦੋਂ ਮੇਰੀ ਪਹਿਲੀ ਲਿਖੀ ਕਹਾਣੀ ਇੱਕ ਵਾਰ ਪ੍ਰੋ. ਮੋਹਨ ਸਿੰਘ ਦੇ ਰਸਾਲੇ 'ਪੰਜ ਦਰਿਆ' ਵਿਚ ਛਪੀ ਤਾਂ ਮੈਨੂੰ ਵੀ ਜਿਵੇਂ ਚਾਅ ਚੜ੍ਹ ਗਿਆ। ਉਦੋਂ ਮੈਂ ਕਾਲਜ ਪੜ੍ਹਦਾ ਸੀ। ਇਸ ਤੋਂ ਬਾਅਦ ਮੇਰੀਆਂ ਕਹਾਣੀਆਂ ਕਈ ਮਿਆਰੀ ਰਸਾਲਿਆਂ 'ਚ ਛਪਣ ਲੱਗੀਆਂ। ਜਦੋਂ ਉਨ੍ਹਾਂ ਦੀ ਗਿਣਤੀ 21 ਹੋ ਗਈ ਤਾਂ ਮੈਂ ਆਪਣਾ

**ਐਸ. ਸਾਕੀ**

ਪਹਿਲਾ ਕਹਾਣੀ ਸੰਗ੍ਰਿਹ ਪ੍ਰਕਾਸ਼ਿਤ ਕਰਾਉਣ ਬਾਰੇ ਸੋਚਿਆ। ਇਸ ਲਈ ਮੈਂ ਚਾਂਦਨੀ ਚੌਕ ਦੇ ਨੈਸ਼ਨਲ ਬੁੱਕ ਸ਼ਾਪ ਦੇ ਮਾਲਕ ਰਾਜਿੰਦਰ ਸਿੰਘ ਤੇ ਪਰਮਜੀਤ ਸਿੰਘ ਨਾਲ ਗੱਲ ਕੀਤੀ। ਉਨ੍ਹਾਂ ਬਿਨਾ ਸ਼ਰਤ ਮੇਰਾ ਪਹਿਲਾ ਕਹਾਣੀ ਸੰਗ੍ਰਿਹ ਛਾਪਣ ਦੀ ਹਾਮੀ ਭਰ ਦਿੱਤੀ। ਉਦੋਂ ਵੀ ਬਹੁਤੇ ਪ੍ਰਕਾਸ਼ਕ ਸ਼ਾਇਦ ਅੱਜ ਵਾਂਗ ਪੈਸੇ ਲੈ ਕੇ ਕਿਤਾਬਾਂ ਛਾਪਦੇ ਹੋਣਗੇ। ਪਰ ਉਨ੍ਹਾਂ ਮੇਰੇ ਨਾਲ ਇੰਜ ਨਾ ਕੀਤਾ ਸਗੋਂ ਮੇਰੇ 16 ਕਹਾਣੀ ਸੰਗ੍ਰਿਹ ਤੇ 3 ਨਾਵਲ ਛਾਪੇ।

ਮੈਂ ਉਨ੍ਹਾਂ ਨੂੰ ਆਪਣੀਆਂ 21 ਕਹਾਣੀਆਂ ਦੇ ਦਿੱਤੀਆਂ। ਮੈਂ ਜਦੋਂ ਵੀ ਕਦੇ ਉਨ੍ਹਾਂ ਦੀ ਬੁੱਕ ਸ਼ਾਪ 'ਤੇ ਜਾਂਦਾ ਤਾਂ ਇੱਕ ਜਣੇ ਨੂੰ ਮੇਰੀ ਕਿਤਾਬ ਦੀ ਕੰਪੋਜ਼ਿੰਗ ਕਰਦੇ ਵੇਖਦਾ ਕਿ ਕਿਵੇਂ ਉਹ ਇੱਕ ਇੱਕ ਅੱਖਰ ਜੋੜ ਕੇ ਸ਼ਬਦ ਬਣਾਉਂਦਾ। ਫਿਰ ਉਨ੍ਹਾਂ ਸ਼ਬਦਾਂ ਨਾਲ ਮੇਰਾ ਪਹਿਲਾ ਕਹਾਣੀ ਸੰਗ੍ਰਿਹ 1986 ਵਿਚ ਪੂਰ ਚੜ੍ਹਿਆ।

ਉਨ੍ਹੀਂ ਦਿਨੀਂ ਮੈਂ ਆਪਣੇ ਇੱਕ ਮਿੱਤਰ ਏ. ਰਾਮਾਚੰਦਰਨ ਨਾਲ ਰਹਿੰਦਾ ਸਾਂ। ਅਸੀਂ ਦੋਵੇਂ ਦਿੱਲੀ ਇੱਕ ਬਰਸਾਤੀ ਵਿਚ ਕਿਰਾਏਦਾਰ ਸਾਂ। ਉਹ ਸ਼ਾਂਤੀ ਨਿਕੇਤਨ ਤੋਂ ਮੇਰੇ ਨਾਲੋਂ ਬਹੁਤ ਸੀਨੀਅਰ ਸੀ ਤੇ ਬਹੁਤ ਜੀਨੀਅਸ ਵੀ। ਉਹ ਸ਼ਾਂਤੀ ਨਿਕੇਤਨ ਤੋਂ ਪਾਣੀ ਵਾਲੇ ਰੰਗਾਂ ਦੇ ਮੀਡੀਅਮ 'ਚ ਪੇਂਟਿੰਗ ਸਿੱਖ ਕੇ ਆਇਆ ਸੀ, ਪਰ ਦਿੱਲੀ ਆ ਉਹ ਆਇਲ ਪੇਂਟਿੰਗ ਕਰਨ ਲੱਗਾ। ਇਹ ਕੋਈ ਚਾਲੀ ਪੰਤਾਲੀ ਸਾਲ ਪਹਿਲਾਂ ਦੀ ਗੱਲ ਹੈ। ਉਦੋਂ ਉਹਦੀ ਇੱਕ ਪੇਂਟਿੰਗ ਸੁੰਦਰ ਨਗਰ ਆਰਟ ਗੈਲਰੀ 'ਚ 5 ਹਜ਼ਾਰ ਰੁਪਏ 'ਚ ਵਿਕਦੀ ਸੀ। ਅੱਜ ਉਹ ਪੇਂਟਿੰਗ 5 ਲੱਖ ਦੀ ਵਿਕਦੀ ਹੈ, ਸ਼ਾਇਦ ਇਸ ਤੋਂ ਵੀ ਵੱਧ।

ਮੈਂ ਉਸ ਨੂੰ ਮੇਰੀਆਂ ਕਹਾਣੀਆਂ ਲਈ ਸਕੈਚ ਬਣਾਉਣ ਨੂੰ ਆਖਿਆ। ਉਹ ਰਾਜ਼ੀ ਹੋ ਗਿਆ। ਬਸ ਮੁਸ਼ਕਿਲ ਇਹ ਸੀ ਕਿ ਦੱਖਣ ਭਾਰਤੀ ਹੋਣ ਕਰਕੇ ਨਾ ਉਹ ਪੰਜਾਬੀ ਸਮਝਦਾ ਸੀ ਤੇ ਨਾ ਹੀ ਬੋਲ ਸਕਦਾ ਸੀ। ਫਿਰ ਮੈਂ ਉਸ ਨੂੰ ਆਪਣੀਆਂ ਸਾਰੀਆਂ ਕਹਾਣੀਆਂ ਦੇ ਪਲਾਟ ਸੁਣਾਏ। ਉਸ ਨੇ ਬਿਨਾ ਰਬੜ ਪੈਨਸਿਲ ਵਰਤੇ ਸਿੱਧੇ ਕਾਲੇ ਪੈਨ ਨਾਲ ਉਹ ਸਕੈਚ ਤਿਆਰ ਕੀਤੇ ਜਿਹੜੇ 12.5 ਜਰਬ 17.5 ਸੈਂਟੀਮੀਟਰ ਦੇ ਸਨ ਅਤੇ ਸਾਰੇ ਹੀ ਬਹੁਤ ਮਅਰਕੇ ਦੇ ਸਨ। ਜਿਵੇਂ ਕਹਾਣੀ ਇੱਕ ਬਟਾ ਦੋ ਆਦਮੀ, ਜਾਤੀ, ਅਧੂਰੀ ਤਸਵੀਰ, ਪਰਾਈ ਔਰਤ, ਚਾਹ ਦਾ ਕੱਪ, ਮੰਗਲ ਸੂਤਰ, ਹਾਥੀ ਦੇ ਦੰਦ ਆਦਿ ਦੇ ਸਕੈਚ। ਮੈਂ ਨੈਸ਼ਨਲ ਬੁੱਕ ਸ਼ਾਪ ਦੇ ਮਾਲਕ ਰਾਜਿੰਦਰ ਸਿੰਘ ਨੂੰ ਹਰੇਕ ਕਹਾਣੀ ਤੋਂ ਪਹਿਲਾਂ ਇਹ ਸਕੈਚ ਲਾਉਣ ਲਈ ਆਖਿਆ। ਫਿਰ ਪੁਸਤਕ 'ਇਕ ਬਟਾ ਦੋ ਆਦਮੀ' ਇਨ੍ਹਾਂ ਸਕੈਚਾਂ ਸਮੇਤ ਤਿਆਰ ਹੋ ਗਈ।

ਫਿਰ ਆਈ ਇਹਦੇ ਟਾਈਟਲ ਦੀ ਵਾਰੀ। ਜਿੱਥੋਂ ਤੀਕ ਮੈਨੂੰ ਯਾਦ ਹੈ, ਉਨ੍ਹੀਂ ਦਿਨੀਂ ਦੋ ਹੀ ਆਰਟਿਸਟ ਪੰਜਾਬੀ ਕਿਤਾਬਾਂ ਦੇ ਬਹੁਤੇ ਟਾਈਟਲ ਬਣਾਉਂਦੇ ਸਨ। ਉਨ੍ਹਾਂ ਦਾ ਵੀ ਆਪਣਾ ਇੱਕ ਅੰਦਾਜ਼ ਸੀ। ਉਹ ਵਾਟਰ ਕਲਰ ਨੂੰ ਪਾਣੀ ਵਿਚ ਘੋਲ ਕਾਗਜ਼ 'ਤੇ ਖਿਲਾਰ ਦਿੰਦੇ ਸਨ ਤੇ ਉਸ ਵਿਚੋਂ ਕੋਈ ਆਕਾਰ ਲੱਭ ਕਿਤਾਬ 'ਤੇ ਉਸ ਦਾ ਨਾਂ ਤੇ ਲੇਖਕ ਦਾ ਨਾਂ ਲਿਖ ਦਿੰਦੇ। ਕਿਤਾਬ ਦੇ ਟਾਈਟਲ ਲਈ ਮੈਂ ਦੇਸਰਾਜ ਨਾਂ ਦੇ ਆਰਟਿਸਟ ਨਾਲ ਗੱਲ ਕੀਤੀ, ਜੋ ਅੰਗਰੇਜ਼ੀ ਦੀ ਇੱਕ ਵੱਡੀ ਪਬਲੀਕੇਸ਼ਨ ਨਾਲ ਜੁੜਿਆ ਹੋਇਆ ਸੀ। ਦੇਸਰਾਜ ਨੇ ਮੇਰੇ ਪਹਿਲੇ ਕਹਾਣੀ ਸੰਗ੍ਰਿਹ 'ਇਕ ਬਟਾ ਦੋ ਆਦਮੀ' ਦਾ ਟਾਈਟਲ ਬਣਾਇਆ, ਜੋ ਚਲੰਤ ਟਾਈਟਲਾਂ ਨਾਲੋਂ ਵੱਖਰਾ ਸੀ।

ਕਿਤਾਬ ਤਿਆਰ ਹੋ ਗਈ। ਨੈਸ਼ਨਲ ਬੁੱਕ ਸ਼ਾਪ ਵਾਲਿਆਂ ਮੁੱਲ ਤੀਹ ਰੁਪਏ ਰੱਖਿਆ, ਜੋ ਮੈਨੂੰ ਬਹੁਤ ਘੱਟ ਲੱਗਾ। ਆਸਟਰੇਲੀਆ ਆਉਣ ਤੋਂ ਪਹਿਲਾਂ ਮੈਂ ਕਨਾਟ ਪਲੇਸ ਦੀ ਇੱਕ ਆਰਟ ਗੈਲਰੀ 'ਚ ਗਿਆ। ਉਸ ਨੂੰ ਸਕੈਚ ਦਿਖਾਇਆ। ਉਸ ਨੇ ਕਿਹਾ ਕਿ ਮੈਂ ਇਨ੍ਹਾਂ ਸਕੈਚਾਂ 'ਤੇ ਏ. ਰਾਮਾਚੰਦਰਨ ਦੇ ਹਸਤਾਖਰ ਲੈ ਕੇ ਹੇਠਾਂ ਮੋਹਰ ਲਵਾ ਲਓ (ਜੋ ਉਹ ਅੱਜ ਕੱਲ੍ਹ ਹਰ ਪੇਂਟਿੰਗ ਹੇਠ ਲਾਉਂਦੇ ਹਨ) ਤਾਂ ਇੱਕ ਸਕੈਚ ਇੱਕ ਲੱਖ ਰੁਪਏ ਦਾ ਹੈ। ਇਹ ਗੱਲ ਸੁਣ ਕੇ ਮੈਂ ਉਹਦੇ ਮੂੰਹ ਵੱਲ ਵੇਖਦਾ ਹੀ ਰਹਿ ਗਿਆ ਤੇ ਹਿਸਾਬ ਲਾਉਣ ਲੱਗਾ ਕਿ ਮੇਰੇ ਪਹਿਲੇ ਕਹਾਣੀ ਸੰਗ੍ਰਿਹ ਦਾ ਇਨ੍ਹਾਂ ਸਕੈਚਾਂ ਨਾਲ ਕੀ ਮੁੱਲ ਹੈ? ਜਦੋਂ ਦੀ ਇਹ ਗੱਲ ਹੈ, ਉਦੋਂ ਮੈਂ ਕਸ਼ਮੀਰੀ ਗੇਟ ਦਿੱਲੀ 'ਚ ਕੰਮ ਕਰਦਾ ਸੀ। ਉਨ੍ਹੀਂ ਦਿਨੀਂ ਪੰਜਾਬੀ ਅਕਾਦਮੀ ਦਾ ਦਫਤਰ ਵੀ ਕਸ਼ਮੀਰੀ ਗੇਟ ਵਿਚ ਡਾਕਘਰ ਦੇ ਪਿੱਛੇ ਨੂੰ ਕਰਕੇ ਸੀ। ਮੈਂ ਆਪਣਾ ਇਹ ਪਹਿਲਾ ਕਹਾਣੀ ਸੰਗ੍ਰਿਹ ਉਸ ਥਾਂ ਦੇਣ ਦਾ ਸੋਚਿਆ।

ਕਿਤਾਬ ਦੇ ਪ੍ਰਕਾਸ਼ਨ ਪਿਛੋਂ ਮੈਂ ਸੱਚਮੁੱਚ ਹੀ ਆਪਣੇ ਆਪ ਨੂੰ ਲੇਖਕ ਸਮਝਣ ਲੱਗਾਂ। ਤਦ ਥੋੜ੍ਹੀ ਸਰਦੀ ਉਤਰ ਆਈ ਸੀ। ਬੱਸ ਫਿਰ ਕੀ, ਮੈਂ ਘਰੋਂ ਸ਼ਾਲ ਲੈ ਆਇਆ। ਉਨ੍ਹੀਂ ਦਿਨੀਂ ਅਦਾਕਾਰ ਰਾਜੇਸ਼ ਖੰਨਾ ਵੀ ਇਸੇ ਤਰ੍ਹਾਂ ਕਰਦਾ ਸੀ। ਕਿਤਾਬ ਲੈ ਕੇ ਮੈਂ ਪੰਜਾਬੀ ਅਕਾਦਮੀ ਪਹੁੰਚ ਗਿਆ। ਉਥੇ ਦਫਤਰ ਦੇ ਅੱਗੇ-ਪਿੱਛੇ ਦੋ ਕਮਰੇ ਬਣੇ ਹੋਏ ਸਨ, ਪਰ ਉਨ੍ਹਾਂ ਵਿਚ ਕੋਈ ਵੀ ਨਹੀਂ ਸੀ। ਫਿਰ ਇੱਕ ਬੰਦਾ ਦਿਸਿਆ। ਮੈਂ ਆਪਣੀ ਜਾਣ-ਪਛਾਣ ਕਰਵਾਈ ਤੇ ਦੱਸਿਆ ਕਿ ਮੈਂ ਪੰਜਾਬੀ ਦਾ ਲੇਖਕ ਹਾਂ। ਇਹ ਆਖ ਕੇ ਮੈਂ ਕਿਤਾਬ ਉਸ ਵੱਲ ਵਧਾਈ, ਪਰ ਉਸ ਨੇ ਤਾਂ ਉਹ ਕਿਤਾਬ ਫੜ੍ਹੀ ਵੀ ਨਾ ਸਗੋਂ ਮੇਜ਼ 'ਤੇ ਰੱਖਣ ਦਾ ਇਸ਼ਾਰਾ ਕੀਤਾ। ਉਸ ਨੇ ਤਾਂ ਇੰਨੀ ਸੋਹਣੀ ਕਿਤਾਬ ਖੋਲ੍ਹ ਕੇ ਵੀ ਨਾ ਵੇਖੀ। ਮੈਂ ਕਿਤਾਬ ਮੇਜ਼ 'ਤੇ ਰੱਖ ਦਫਤਰ ਵਿਚੋਂ ਬਾਹਰ ਨਿਕਲ ਆਇਆ। ਉਸ ਵੇਲੇ ਮੈਂ ਬਹੁਤ ਨਿਰਾਸ਼ ਸੀ। ਮੇਰੇ ਅੰਦਰ ਬੈਠੇ ਲੇਖਕ ਨੂੰ ਚੋਟ ਜੋ ਲੱਗੀ ਸੀ।

**ਕਹਾਣੀ**

# ਗਲੀ ਦੇ ਮੋੜ 'ਤੇ

**ਐਸ. ਸਾਕੀ**

ਪਾਰਵਤੀ ਨੇ ਲੋਹੇ ਦਾ ਟਰੰਕ ਖੋਲ੍ਹਿਆ। ਸਾਹਮਣੇ ਉਹਦਾ ਉਹ ਵੈਡਿੰਗ ਗਾਊਨ ਸੀ ਜੋ ਸੱਸ ਜੂਲੀਆ ਨੇ ਪੰਜਾਹ ਵਰ੍ਹੇ ਪਹਿਲਾਂ ਉਸ ਨੂੰ ਦਿੱਤਾ ਸੀ। ਇਹੋ ਗਾਊਨ ਫੇਰ ਅੰਜਲੀ ਨੇ ਆਪਣੀ ਸੱਸ ਜੂਲੀਆ ਕੋਲੋਂ ਲਿਆ ਸੀ। ਪਰ ਪਾਰਵਤੀ ਫੇਰ ਇਹ ਨਾ ਪੁੱਛ ਸਕੀ ਕਿ ਜੂਲੀਆ ਨੂੰ ਇਹ ਗਾਊਨ ਕਿਸ ਨੇ ਦਿੱਤਾ ਸੀ। ਵੈਡਿੰਗ ਗਾਊਨ 'ਤੇ ਉਹ ਇਓਂ ਹੱਥ ਫੇਰਨ ਲੱਗੀ ਜਿਵੇਂ ਉਸ ਨੂੰ ਪਿਆਰ ਕਰ ਰਹੀ ਹੋਵੇ ਜਾਂ ਸਲਾਹੁਣ ਲੱਗੀ ਹੋਵੇ। ਟੁੱਟੇ-ਟੁੱਟੇ ਤੇ ਬਿਖਰੇ-ਬਿਖਰੇ ਸ਼ਬਦ ਉਹਦੇ ਮਨ ਵਿਚ ਆਉਣ ਲੱਗੇ ਜਿਹੜੇ ਫੇਰ ਗੱਲ ਬਣ ਗਏ। ਏਸ ਦੇ ਨਾਲ ਹੀ ਫੇਰ ਸ਼ਬਦਾਂ ਦੀ ਇੱਕ ਕੜੀ ਜਿਹੀ ਉਸ ਦੇ ਸਾਹਮਣੇ ਆ ਗਈ ਜੋ ਹੌਲੀ ਹੌਲੀ ਜੁੜਦੀ ਜਿਵੇਂ ਇੱਕ ਲੰਬੀ ਕਹਾਣੀ ਬਣ ਗਈ।

ਜਦੋਂ ਦੀ ਇਹ ਗੱਲ ਹੈ, ਤਦ ਬਹੁਤ ਘੱਟ ਬੱਚੇ ਬਾਹਰ ਦੇ ਮੁਲਕਾਂ 'ਚ ਪੜ੍ਹਨ ਜਾਇਆ ਕਰਦੇ ਸਨ। ਕੁੜੀ ਤਾਂ ਕੋਈ ਵੀ ਨਹੀਂ। ਭਾਵੇਂ ਪਾਰਵਤੀ ਦੇ ਘਰ ਵਾਲੇ ਬਾਹਰ ਭੇਜਣ ਦੇ ਹੱਕ ਵਿਚ ਨਹੀਂ ਸਨ ਪਰ ਤਾਂ ਵੀ ਕਿਵੇਂ ਨਾ ਕਿਵੇਂ ਪਾਰਵਤੀ ਨੇ ਆਪਣੇ ਘਰਵਾਲਿਆਂ ਨੂੰ ਰਾਜ਼ੀ ਕਰ ਲਿਆ ਸੀ। ਉਨ੍ਹਾਂ ਨੂੰ ਮਨਾ ਲਿਆ ਸੀ। ਬ੍ਰਾਹਮਣ ਪਰਿਵਾਰ ਦੀ ਕੁੜੀ ਸੀ, ਘਰਦਿਆਂ ਉਸ ਅੱਗੇ ਕਈ ਸ਼ਰਤਾਂ ਰੱਖ ਦਿੱਤੀਆਂ, "ਬਾਹਰ ਦੇ ਮੁਲਕ ਜਾ ਮਾਸ ਨਹੀਂ ਖਾਣਾ, ਆਪਣਾ ਧਰਮ ਨਹੀਂ ਛੱਡਣਾ, ਪਰਾਏ ਮਰਦ ਵੱਲ ਅੱਖ ਚੁੱਕ ਕੇ ਨਹੀਂ ਵੇਖਣਾ।

"ਜੇ ਤੂੰ ਇਨ੍ਹਾਂ ਵਿਚੋਂ ਕੁਝ ਵੀ ਕੀਤਾ ਤਾਂ ਸਾਡੇ ਘਰ ਦੇ ਬੂਹੇ ਤੇਰੇ ਲਈ ਹਮੇਸ਼ਾ ਵਾਸਤੇ ਬੰਦ ਹੋ ਜਾਣਗੇ। ਸਾਡਾ ਤੇਰੇ ਨਾਲ ਕੋਈ ਰਿਸ਼ਤਾ ਨਹੀਂ ਰਹੇਗਾ। ਕੋਈ ਸਬੰਧ ਨਹੀਂ ਰਹੇਗਾ।" ਗੱਲਾਂ ਦੀ ਕੜੀ ਜੋੜਦਿਆਂ ਪਾਰਵਤੀ ਦੀਆਂ ਅੱਖਾਂ ਭਰ ਆਈਆਂ, ਜਿਵੇਂ ਉਸ ਨੂੰ ਆਪਣਾ ਘਰ ਛੱਡਦੇ ਵੇਲੇ ਦੁੱਖ ਹੋਇਆ ਸੀ, ਤਕਲੀਫ ਹੋਈ ਸੀ।

ਆਸਟ੍ਰੇਲੀਆ ਹੁਣ ਤੋਂ ਨਹੀਂ ਸਗੋਂ ਬਹੁਤ ਪਹਿਲਾਂ ਤੋਂ ਜੋ ਵਿਦਿਆਰਥੀ ਪੜ੍ਹਨ ਆਉਂਦੇ, ਉਨ੍ਹਾਂ ਨੂੰ ਰਹਿਣ, ਖਾਣ-ਪੀਣ, ਯੂਨੀਵਰਸਿਟੀ ਫੀਸ ਦਾ ਆਪ ਪ੍ਰਬੰਧ ਕਰਨਾ ਪੈਂਦੈ। ਪਾਰਵਤੀ ਨੂੰ ਏਸ ਲਈ ਫੇਰ ਨੌਕਰੀ ਕਰਨੀ ਪਈ। ਉਸ ਨੇ ਆਸਟ੍ਰੇਲੀਆ ਦੀ ਇੱਕ ਬਹੁਤ ਵੱਡੀ ਕੰਪਨੀ ਬਨਿੰਗ ਦੇ ਇੱਕ ਵੇਅਰਹਾਊਸ ਵਿਚ ਨੌਕਰੀ ਕਰ ਲਈ। ਕੰਮ ਏਨਾ ਸੌਖਾ ਨਹੀਂ ਸੀ। ਭਾਰੀ ਸਮਾਨ ਟਰਾਲੀ 'ਤੇ ਰੱਖ ਧੱਕ ਕੇ ਇੱਕ ਥਾਂ ਤੋਂ ਦੂਜੀ ਥਾਂ ਲੈ ਜਾਣਾ ਪੈਂਦਾ ਸੀ। ਫੇਰ ਲਾਹ ਕੇ ਰੈਕ ਵਿਚ ਸੈਟ ਕਰਨਾ ਪੈਂਦਾ। ਪਾਰਵਤੀ ਭਾਵੇਂ ਜੁੱਸੇ ਦੀ ਤਕੜੀ ਸੀ ਪਰ ਤਾਂ ਵੀ ਇਹ ਕੰਮ ਏਨਾ ਸੌਖਾ ਨਹੀਂ ਸੀ।

ਉਸੇ ਬਨਿੰਗ ਵੇਅਰਹਾਊਸ ਵਿਚ ਵਿਲੀਅਮ ਨਾਂ ਦਾ ਇੱਕ ਮੁੰਡਾ ਵੀ ਜਾਬ ਕਰਦਾ ਸੀ, ਜੋ ਨਿਊਜ਼ੀਲੈਂਡ ਤੋਂ ਆਸਟ੍ਰੇਲੀਆ ਇੰਜੀਨੀਅਰਿੰਗ ਕਰਨ ਆਇਆ ਸੀ। ਉਹ ਆਪਣੀ ਮਾਂ ਨਾਲ ਆਪਣੇ ਛੋਟੇ ਜਿਹੇ ਘਰ ਵਿਚ ਰਹਿੰਦਾ ਸੀ। ਸ਼ੁਰੂ ਵਿਚ ਔਖਾ ਕੰਮ ਦੇਖ ਉਹ ਪਾਰਵਤੀ ਦੀ ਕਈ ਵਾਰੀ ਮਦਦ ਵੀ ਕਰ ਦਿੰਦਾ।

ਫਿਰ ਹੌਲੀ ਹੌਲੀ ਮਦਦ ਜਾਣ-ਪਛਾਣ ਵਿਚ ਬਦਲ ਗਈ। ਭਾਵੇਂ ਪਾਰਵਤੀ ਨੂੰ ਇੱਕ ਵਾਰੀ ਆਪਣੇ ਘਰ ਦੇ ਵੱਡਿਆਂ ਦੀਆਂ ਸ਼ਰਤਾਂ ਚੇਤੇ ਆਈਆਂ, ਪਰ ਤਾਂ ਵੀ ਉਹ ਆਪਣੇ ਆਪ ਨੂੰ ਰੋਕ ਨਾ ਸਕੀ। ਅਖੀਰ ਪਾਰਵਤੀ ਦਾ ਵਿਲੀਅਮ ਦੇ ਘਰ ਆਉਣਾ-ਜਾਣਾ ਸ਼ੁਰੂ ਹੋ ਗਿਆ।

ਵਿਲੀਅਮ ਦੀ ਮਾਂ ਨੂੰ ਪੁੱਤ ਦੀ ਚੁਣੀ ਕੁੜੀ ਪਸੰਦ ਆ ਗਈ। ਉਸ ਨੇ ਪਾਰਵਤੀ ਨੂੰ ਵਿਆਹ ਲਈ ਉਹ ਗਾਊਨ ਦੇ ਦਿੱਤਾ ਜੋ ਪੰਜਾਹ ਵਰ੍ਹੇ ਪਹਿਲਾਂ ਉਸ ਦੀ ਸੱਸ ਨੇ ਉਸ ਨੂੰ ਦਿੱਤਾ ਸੀ। ਪਾਰਵਤੀ ਉਹ ਵੈਡਿੰਗ ਗਾਊਨ ਪਹਿਨ ਚਰਚ ਵਿਚ ਵਿਆਹ ਕਰਵਾ ਸਹੁਰੇ ਘਰ ਆ ਗਈ। ਮਾਪਿਆਂ ਤੋਂ ਉਹ ਹਮੇਸ਼ਾ ਲਈ ਟੁੱਟ ਗਈ। ਉਹ ਉਨ੍ਹਾਂ ਦੀਆਂ ਸ਼ਰਤਾਂ 'ਤੇ ਪੂਰੀ ਜੋ ਨਾ ਉਤਰ ਸਕੀ। ਵਕਤ ਲੰਘ ਗਿਆ। ਫੇਰ ਨਾ ਉਨ੍ਹਾਂ ਕਦੇ ਪਾਰਵਤੀ ਨਾਲ ਰਿਸ਼ਤਾ ਰੱਖਿਆ, ਨਾ ਪਾਰਵਤੀ ਉਨ੍ਹਾਂ ਨੂੰ ਮਿਲਣ ਲਈ ਗਈ। ਉਹ ਤਾਂ ਹਮੇਸ਼ਾ ਲਈ ਉਨ੍ਹਾਂ ਤੋਂ ਵੱਖ ਹੋ ਗਈ!



ਸਾਡੇ ਮੁਲਕ ਦੇ ਲੋਕਾਂ ਦੇ ਮਨਾਂ ਵਿਚ ਇਹ ਪ੍ਰਥਾ ਬਣੀ ਹੋਈ ਹੈ, ਇਹ ਸੋਚ ਹੈ ਕਿ ਬਾਹਰ ਦੇ ਮੁਲਕਾਂ ਦੇ ਮਰਦ ਜਦੋਂ ਠੀਕ ਲੱਗੇ ਪਹਿਲੀ ਪਤਨੀ ਬਦਲ ਲੈਂਦੇ ਨੇ, ਪਰ ਆਸਟ੍ਰੇਲੀਆ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਇਹ ਤਾਂ ਬੱਸ ਸਾਡਾ ਖਿਆਲ ਹੈ। ਪਾਰਵਤੀ ਰੋਜ਼ ਵੇਖਦੀ ਕਿਤਨੇ ਹੀ ਉਮਰ ਦਰਾਜ਼ ਮਰਦ ਆਪਣੀ ਬਿਮਾਰ ਪਤਨੀ ਨੂੰ ਵ੍ਹੀਲ ਚੇਅਰ ਵਿਚ ਲੈ ਜਾਂਦੇ ਦਿਸਦੇ। ਫੇਰ ਜੇ ਕੋਈ ਉਮਰ ਦਰਾਜ਼ ਮਰਦ ਵ੍ਹੀਲ ਚੇਅਰ 'ਚ ਹੁੰਦਾ ਤਾਂ ਉਸ ਦੀ ਪਤਨੀ ਉਸ ਨੂੰ ਧੱਕਾ ਲਾਉਂਦੀ ਦਿਸਦੀ। ਇਸੇ ਤਰ੍ਹਾਂ ਜੇ ਬਜ਼ੁਰਗ ਪਤਨੀ ਕੋਲੋਂ ਟੁਰਿਆ ਨਾ ਜਾਂਦਾ ਹੁੰਦਾ ਤਾਂ ਮਰਦ ਨੇ ਉਸ ਨੂੰ ਸਹਾਰਾ ਦਿੱਤਾ ਹੁੰਦਾ।

ਫੇਰ ਸਾਡੇ ਮੁਲਕ ਦੇ ਲੋਕਾਂ ਦੇ ਮਨਾਂ ਵਿਚ ਇਹ ਸੋਚ ਵੀ ਬਣੀ ਹੋਈ ਹੈ ਕਿ ਉਨ੍ਹਾਂ ਦੇ ਆਪਣੇ ਸੁੱਖ ਲਈ ਉਨ੍ਹਾਂ ਦੇ ਬੱਚੇ ਰੁਲ ਜਾਂਦੇ ਨੇ। ਮਾਪੇ ਉਨ੍ਹਾਂ ਦੀ ਪਰਵਾਹ ਨਹੀਂ ਕਰਦੇ। ਪਾਰਵਤੀ ਕਈ ਵਾਰ ਵੇਖਦੀ ਕਿ ਮਰਦ ਆਪਣੇ ਬੱਚਿਆਂ ਨੂੰ ਆਪਣੇ ਮੋਢੇ 'ਤੇ ਬਿਠਾ ਇਵੇਂ ਦਿਖਦੇ ਜਿਵੇਂ ਸਾਡੇ ਇੱਥੇ ਕਈ ਮਾਪੇ ਆਪਣੇ ਬੱਚੇ ਨੂੰ ਮੋਢੇ 'ਤੇ ਬਿਠਾ ਮੇਲਾ ਵੇਖਣ ਜਾਂਦੇ ਹਨ।

ਇੱਕ ਵਰ੍ਹੇ ਤੱਕ ਪਾਰਵਤੀ ਵਿਲੀਅਮ ਨਾਲ ਵੱਡੀ ਕੰਪਨੀ ਬਨਿੰਗ ਵੇਅਰ ਹਾਊਸ ਵਿਚ ਕੰਮ ਕਰਦੀ ਰਹੀ, ਫੇਰ ਉਹ ਬੱਚੇ ਦੀ ਆਸ ਨਾਲ ਹੋ ਗਈ। ਇਸੇ ਦੌਰਾਨ ਉਸ ਦੀ ਸੱਸ ਸੁਰਗਵਾਸ ਹੋ ਗਈ। ਉਹ ਆਉਣ ਵਾਲੇ ਬੱਚੇ ਦੀ ਸ਼ਕਲ ਤੀਕ ਨਾ ਵੇਖ ਸਕੀ। ਪਾਰਵਤੀ ਨੇ ਪੁੱਤ ਨੂੰ ਜਨਮ ਦਿੱਤਾ। ਵਿਲੀਅਮ ਨੇ ਉਸ ਦੀ ਨੌਕਰੀ ਛੁਡਾ ਦਿੱਤੀ ਅਤੇ ਉਹ ਬੱਚੇ ਨੂੰ ਪਾਲਣ ਲੱਗੀ। ਉਸ ਵਿਚ ਉਹ ਸਾਰੇ ਸੰਸਕਾਰ ਭਰ ਦੇਣਾ ਚਾਹੁੰਦੀ ਸੀ ਜੋ ਮਾਪਿਆਂ ਨੇ ਉਸ ਵਿਚ ਭਰੇ ਸਨ, ਉਸ ਨੂੰ ਦਿੱਤੇ ਸਨ। ਪਰ ਇਸ ਤਰ੍ਹਾਂ ਨਾ ਹੋਇਆ। ਪੁੱਤ ਸਟੀਵ ਉਸ ਤਰ੍ਹਾਂ ਦਾ ਨਾ ਬਣਿਆ, ਜਿਸ ਤਰ੍ਹਾਂ ਦਾ ਪਾਰਵਤੀ ਚਾਹੁੰਦੀ ਸੀ। ਸਕੂਲ ਪਾਸ ਕਰ ਕੇ ਉਹ ਆਸਟ੍ਰੇਲੀਆ ਦੇ ਦੂਜੇ ਬੱਚਿਆਂ ਵਾਂਗ ਵਿਲੀਅਮ ਤੇ ਪਾਰਵਤੀ ਨਾਲੋਂ ਅੱਡ ਹੋ ਗਿਆ। ਫੇਰ ਇੱਕ ਦਿਨ ਉਹ ਕਿਸੇ ਕੁੜੀ ਨੂੰ ਨਾਲ ਲੈ ਆਇਆ।

"ਮੌਮ ਇਹ ਮੇਰੀ ਗਰਲ ਫਰੈਂਡ ਹੈ, ਮੈਂ ਇਸ ਨਾਲ ਚਰਚ ਵਿਚ ਵਿਆਹ ਕਰਵਾ ਰਿਹਾਂ।"

ਪਾਰਵਤੀ ਦਾ ਮਨ ਸੀ ਕਿ ਉਹ ਚਰਚ ਵਿਚ ਉਹੀ ਵੈਡਿੰਗ ਗਾਊਨ ਪਹਿਨੇ ਜੋ ਪੰਜਾਹ ਵਰ੍ਹੇ ਪਹਿਲਾਂ ਉਸ ਨੂੰ ਸੱਸ ਜੂਲੀਆ ਨੇ ਦਿੱਤਾ ਸੀ। ਟਰੰਕ 'ਚੋਂ ਗਾਊਨ ਕੱਢ ਉਹ ਜਿਵੇਂ ਉਸ ਨੂੰ ਪਿਆਰ ਕਰਨ ਲੱਗੀ।

ਪਰ ਇੱਕ ਸਟੀਵ, ਉਸ ਨੇ ਤਾਂ ਚਰਚ ਵਿਚ ਵਿਆਹ ਵੇਲੇ ਨਾ ਮਾਂ ਨੂੰ ਸੱਦਿਆ ਤੇ ਨਾ ਪਿਓ ਨੂੰ। ਫੇਰ ਉਸ ਦੀ ਪਤਨੀ ਨੇ ਉਹ ਪੰਜਾਹ ਵਰ੍ਹੇ ਪਹਿਲਾਂ ਦਾ ਪਾਰਵਤੀ ਦਾ ਸਾਂਭਿਆ ਗਾਊਨ ਕੀ ਪਹਿਨਣਾ ਸੀ! ਉਹ ਤਾਂ ਬੱਸ ਵਿਆਹ ਕਰਵਾ ਕੇ ਸਿੱਧਾ ਘਰ ਆ ਗਈ। ਇਹ ਸਭ ਹੋਣਾ ਫੇਰ ਪਾਰਵਤੀ ਤੇ ਵਿਲੀਅਮ ਨੂੰ ਚੰਗਾ ਨਾ ਲੱਗਾ। ਉਨ੍ਹਾਂ ਨੂੰ ਬਹੁਤ ਦੁੱਖ ਹੋਇਆ।

ਫੇਰ ਕਦੇ ਕਦੇ ਸਟੀਵ ਉਸ ਕੁੜੀ ਨੂੰ ਨਾਲ ਲੈ ਉਨ੍ਹਾਂ ਨੂੰ ਮਿਲਣ ਆ ਜਾਂਦਾ। ਸਟੀਵ ਦੇ ਜਾਣ ਬਾਅਦ ਪਾਰਵਤੀ ਤੇ ਵਿਲੀਅਮ ਇਕੱਲੇ ਇਕੱਲੇ ਰਹਿ ਗਏ। ਪਾਰਵਤੀ ਨੂੰ ਸਰਕਾਰ ਵੱਲੋਂ ਪੈਨਸ਼ਨ ਮਿਲ ਗਈ।

ਆਸਟ੍ਰੇਲੀਆ ਵਿਚ ਬਹੁਤ ਸਾਰੇ ਕਈ ਅਜਿਹੇ ਉਮਰ ਦਰਾਜ਼ ਬੰਦੇ ਹੁੰਦੇ ਨੇ, ਜੋ ਆਪਣੀ ਆਖਰੀ ਉਮਰ ਵਿਚ ਇਕੱਲੇ ਰਹਿ ਜਾਂਦੇ ਨੇ। ਸਭ ਉਨ੍ਹਾਂ ਦਾ ਸਾਥ ਛੱਡ ਜਾਂਦੇ ਨੇ। ਉਨ੍ਹਾਂ ਦਾ ਕੋਈ ਵੀ ਨਹੀਂ ਹੁੰਦਾ। ਫੇਰ ਮਰਨ ਤੋਂ ਪਹਿਲਾਂ ਉਹ ਕਿਸੇ ਫਿਊਨਰਲ ਕੰਪਨੀ ਦੇ ਸੰਪਰਕ ਵਿਚ ਆ ਉਨ੍ਹਾਂ ਕੋਲ ਆਪਣੇ ਕਫਨ-ਦਫਨ ਦੇ ਪੈਸੇ ਜਮ੍ਹਾਂ ਕਰਵਾ ਦਿੰਦੇ ਨੇ ਤਾਂਕਿ ਉਨ੍ਹਾਂ ਦੇ ਮਰਨ ਦੇ ਬਾਅਦ ਕਬਰਾਂ ਵਿਚ ਉਹ ਠੀਕ ਥਾਂ ਲੱਭ ਸਕਣ। ਉਨ੍ਹਾਂ ਦੇ ਕਫਨ ਨੂੰ ਕੋਈ ਸਾਂਭਣ ਵਾਲਾ ਤਾਂ ਹੋਵੇ। ਉਹ ਕਿਤੇ ਰੁਲਣ ਨਾ।

ਵਿਲੀਅਮ ਨੇ ਇੱਕ ਫਿਊਨਰਲ ਕੰਪਨੀ ਦੇ ਸੰਪਰਕ ਵਿਚ ਆ ਆਪਣੇ ਅੰਤਿਮ ਸੰਸਕਾਰ ਦੇ ਪੈਸਿਆਂ ਬਾਰੇ ਪੁੱਛਿਆ ਤਾਂ ਕਿ ਪਾਰਵਤੀ ਤੇ ਵਿਲੀਅਮ ਦੇ ਮਰਨ ਬਾਅਦ ਕੋਈ ਉਨ੍ਹਾਂ ਦੇ ਕਫਨ ਨੂੰ ਸਾਂਭਣ ਵਾਲਾ ਤਾਂ ਹੋਵੇ। ਪੁੱਤ ਕੋਲੋਂ ਤਾਂ ਉਨ੍ਹਾਂ ਨੂੰ ਕੋਈ ਆਸ ਨਹੀਂ ਸੀ। ਵਿਲੀਅਮ ਉਨ੍ਹਾਂ ਨੂੰ ਪੁੱਛ ਆਇਆ ਸੀ ਕਿ ਇੱਕ ਬੰਦੇ ਦੇ ਕਿੰਨੇ ਪੈਸੇ ਲੱਗਣਗੇ। ਫਿਊਨਰਲ ਕੰਪਨੀ ਵਾਲਿਆਂ ਇੱਕ ਜਣੇ ਦੇ ਪੰਦਰਾਂ ਸੌ ਡਾਲਰ ਦੱਸੇ। ਵਿਲੀਅਮ ਦੇ ਮਨ ਵਿਚ ਆਇਆ ਕਿ ਉਹ ਵੀ ਤਦੋਂ ਤੀਕ ਨੌਕਰੀ ਕਰੇਗਾ ਜਦੋਂ ਤੀਕ ਤਿੰਨ ਹਜ਼ਾਰ ਡਾਲਰ ਨਹੀਂ ਜੁੜ ਜਾਂਦੇ। ਇਹ ਕੰਮ ਪੂਰਾ ਹੋਣ 'ਤੇ ਉਹ ਵੀ ਨੌਕਰੀ ਛੱਡ ਦੇਵੇਗਾ। ਪਾਰਵਤੀ ਤੇ ਉਸ ਨੂੰ ਜਿਹੜੀ ਪੈਨਸ਼ਨ ਮਿਲੇਗੀ, ਉਸ ਨਾਲ ਉਹ ਸੁਖਾਲੀ ਰੋਟੀ ਖਾਂਦੇ ਰਹਿਣਗੇ।

ਫੇਰ ਸਵੇਰੇ ਹੀ ਵਿਲੀਅਮ ਲੰਚ ਬਾਕਸ ਲੈ ਕੰਮ 'ਤੇ ਨਿਕਲ ਜਾਂਦਾ। ਉਸ ਦੇ ਘਰੋਂ ਬਾਹਰ ਆਉਣ ਤੋਂ ਪਹਿਲਾਂ ਪਾਰਵਤੀ ਬਗੀਚੇ ਦੇ ਵਾਂਸ ਦੇ ਬਣੇ ਗੇਟ ਦੇ ਕਿਸੇ ਵੀ ਵਾਂਸ ਨੂੰ ਫੜ੍ਹ ਖੜ੍ਹੀ ਹੋ ਜਾਂਦੀ ਅਤੇ ਪਤੀ ਦੀ ਉਡੀਕ ਕਰਨ ਲੱਗਦੀ। ਪਤੀ ਘਰੋਂ ਬਾਹਰ ਨਿਕਲਦਾ ਅਤੇ ਹੌਲੀ ਹੌਲੀ ਟੁਰਿਆ ਜਾਂਦਾ ਦਿਸਦਾ। ਪਾਰਵਤੀ ਉਦੋਂ ਤੀਕ ਉਹਦੀ ਪਿੱਠ ਵੱਲ ਤੱਕਦੀ ਜਦੋਂ ਤੀਕ ਕਿ ਉਹ ਗਲੀ ਦੇ ਛੇ-ਸੱਤ ਘਰ ਟੱਪ ਸੱਜੇ ਪਾਸੇ ਮੁੜਨ ਵਾਲੀ ਥਾਂ ਤੀਕ ਨਾ ਪਹੁੰਚ ਜਾਂਦਾ। ਸੱਜੇ ਪਾਸੇ ਮੁੜਨ ਤੋਂ ਪਹਿਲਾਂ ਉਹ ਇੱਕ ਖਾਸ ਥਾਂ 'ਤੇ ਖੜ੍ਹਾ ਹੋ ਪਾਰਵਤੀ ਵੱਲ ਵੇਖਦਾ। ਭਾਵੇਂ ਇਸ ਤਰ੍ਹਾਂ ਹੋਣ 'ਤੇ ਪਾਰਵਤੀ ਪਤੀ ਦੇ ਚਿਹਰੇ ਦੇ ਹਾਵਭਾਵ ਤਾਂ ਨਾ ਪੜ੍ਹ ਪਾਉਂਦੀ, ਉਸ ਦੇ ਜਜ਼ਬਾਤ ਦਾ ਵੀ ਉਸ ਨੂੰ ਕੁਝ ਪਤਾ ਨਾ ਲਗਦਾ, ਪਰ ਪਾਰਵਤੀ ਨੂੰ ਇਹ ਸਭ ਚੰਗਾ ਜ਼ਰੂਰ ਲੱਗਦਾ। ਪਾਰਵਤੀ ਕੁਝ ਚਿਰ ਉਸ ਥਾਂ ਖੜ੍ਹੀ ਰਹਿੰਦੀ। ਫੇਰ ਉਹ ਗੇਟ ਦੇ ਵਾਂਸ ਨੂੰ ਛੱਡ ਘਰ ਅੰਦਰ ਆ ਸੰਝ ਹੋਣ ਤੀਕ ਪਤੀ ਦੀ ਉਡੀਕ ਕਰਨ ਲੱਗਦੀ।

ਹੌਲੀ ਹੌਲੀ ਵਿਲੀਅਮ ਅਤੇ ਪਾਰਵਤੀ ਨੇ ਫਿਊਨਰਲ ਲਈ ਤਿੰਨ ਹਜ਼ਾਰ ਡਾਲਰ ਇਕੱਠੇ ਕਰ ਲਏ। ਉਹ ਦੋਵੇਂ ਬਹੁਤ ਖੁਸ਼ ਸਨ। ਚਾਅ ਜਿਹੇ ਨਾਲ ਭਰੇ ਹੋਏ ਸਨ। ਅੱਜ ਉਨ੍ਹਾਂ ਦੀ ਮੈਰਿਜ ਐਨੀਵਰਸਰੀ ਵੀ ਸੀ। ਵਿਲੀਅਮ ਨੇ ਜਾਣ ਤੋਂ ਪਹਿਲਾਂ ਪਾਰਵਤੀ ਨੂੰ ਅੱਜ ਉਹੀ ਗਾਊਨ ਪਹਿਨ ਤੇ ਸ਼ਾਮੀਂ ਤਿਆਰ ਹੋਣ ਲਈ ਆਖਿਆ, ਜੋ ਉਨ੍ਹਾਂ ਪੰਜਾਹ ਵਰ੍ਹੇ ਪਹਿਲਾਂ ਪਹਿਨ ਚਰਚ ਵਿਚ ਵਿਆਹ ਕਰਵਾਇਆ ਸੀ ਤਾਂ ਕਿ ਅੱਜ ਉਹ ਕੰਪਨੀ ਨੂੰ ਤਿੰਨ ਹਜ਼ਾਰ ਡਾਲਰ ਦੇ ਕੇ ਕਫਨ ਲਈ ਆਪਣੀ ਥਾਂ ਪੱਕੀ ਕਰਵਾ ਸਕੇ ਅਤੇ ਹਮੇਸ਼ਾ ਲਈ ਨੌਕਰੀ ਛੱਡ ਦੇਵੇ।

ਪਤੀ ਦੇ ਸ਼ਾਮੀਂ ਮੁੜ ਆਉਣ ਤੋਂ ਪਹਿਲਾਂ ਪਾਰਵਤੀ ਨੇ ਉਹ ਵੈਡਿੰਗ ਗਾਊਨ ਪਹਿਨ ਲਿਆ। ਉਹ ਤਾਂ ਮਾਰਕਿਟ ਤੋਂ ਇੱਕ ਛੋਟਾ ਜਿਹਾ ਕੇਕ ਵੀ ਖਰੀਦ ਲਿਆਈ। ਉਸ ਨੇ ਇੱਕ ਵਾਰੀ ਆਪਣੇ ਆਪ ਨੂੰ ਸ਼ੀਸ਼ੇ ਵਿਚ ਵੇਖਿਆ। ਉਮਰ ਦਰਾਜ਼ ਹੋਣ 'ਤੇ ਵੀ ਉਹ ਗਾਊਨ ਵਿਚ ਬਹੁਤ ਸੁਹਣੀ ਦਿਸ ਰਹੀ ਸੀ, ਬਹੁਤ ਪਿਆਰੀ ਲੱਗਦੀ ਸੀ। ਉਹ ਬਹੁਤ ਖੁਸ਼ ਵੀ ਸੀ।

ਪਰ ਆਹ ਕੀ? ਵਿਲੀਅਮ ਬਾਹਰੋਂ ਘਰ ਆਇਆ। ਉਸ ਨਾਲ ਕੋਈ ਗੱਲ ਨਾ ਕੀਤੀ। ਉਸ ਨਾਲ ਬੋਲਿਆ ਤੀਕ ਨਹੀਂ। ਉਹ ਤਾਂ ਸਿੱਧਾ ਬੈਡਰੂਮ 'ਚ ਜਾ ਬਿਸਤਰ 'ਤੇ ਲੰਮਾ ਪੈ ਗਿਆ। ਪਾਰਵਤੀ ਨੂੰ ਕੁਝ ਸਮਝ ਨਾ ਆਈ। ਉਹ ਤਾਂ ਉਵੇਂ ਹੀ ਸਜੀ ਹੋਈ ਵਿਲੀਅਮ ਕੋਲ ਆ ਉਸ ਵੱਲ ਵੇਖਣ ਲੱਗੀ।

ਬਹੁਤ ਕੁਝ ਕਹਿਣਾ ਚਾਹੁੰਦਿਆਂ ਵੀ ਉਹ ਕੁਝ ਨਾ ਕਹਿ ਸਕੀ। ਪਰ ਜਦੋਂ ਵਿਲੀਅਮ ਨੇ ਉਸ ਨੂੰ ਸਾਰੀ ਗੱਲ ਦੱਸੀ ਤਾਂ ਵੀ ਕੁਝ ਨਾ ਬੋਲੀ। ਜਦੋਂ ਵਿਲੀਅਮ ਤਿੰਨ ਹਜ਼ਾਰ ਡਾਲਰ ਕੰਪਨੀ ਅੱਗੇ ਜਮ੍ਹਾਂ ਕਰਵਾਉਣ ਗਿਆ ਤਾਂ ਉਸ ਨੇ ਕੰਪਨੀ ਅੱਗੇ ਇੱਕ ਸ਼ਰਤ ਰੱਖ ਦਿੱਤੀ ਕਿ ਉਨ੍ਹਾਂ ਦੋਹਾਂ ਦੇ ਕਫਨ ਨਾਲ ਨਾਲ ਜੋੜ ਕੇ ਦਫਨ ਕੀਤੇ ਜਾਣ ਤਾਂਕਿ ਜਦੋਂ ਵੀ ਉਨ੍ਹਾਂ ਦਾ ਮਨ ਕਰੇ ਉਹ ਇੱਕ ਦੂਜੇ ਨਾਲ ਮਿਲ ਲੈਣ, ਜਦੋਂ ਉਨ੍ਹਾਂ ਦਾ ਮਨ ਕਰੇ ਇੱਕ ਦੂਜੇ ਨਾਲ ਗੱਲਾਂ ਕਰ ਲੈਣ, ਜਦੋਂ ਮਨ ਕਰੇ ਇੱਕ ਦੂਜੇ ਨੂੰ ਛੋਹ ਕੇ ਵੇਖ ਲੈਣ।

ਪਰ ਇਸ ਖਾਤਰ ਵਿਲੀਅਮ ਨੂੰ ਕੰਪਨੀ ਨੇ ਤਿੰਨ ਸੌ ਡਾਲਰ ਵੱਧ ਦੇਣ ਲਈ ਆਖਿਆ। ਉਹ ਫੇਰ ਆਪਣੀ ਮੈਰਿਜ ਐਨੀਵਰਸਰੀ ਨਹੀਂ ਮਨਾ ਸਕੇ। ਉਨ੍ਹਾਂ ਦੇ ਮਨ ਦੀਆਂ ਗੱਲਾਂ, ਉਨ੍ਹਾਂ ਦੇ ਸਾਰੇ ਚਾਅ ਧਰੇ ਹੀ ਰਹਿ ਗਏ ਕਿਉਂਕਿ ਵਿਲੀਅਮ ਨੂੰ ਹੁਣ ਤਿੰਨ ਸੌ ਡਾਲਰ ਹੋਰ ਕਮਾਉਣ ਲਈ ਮੁੜ ਪੰਦਰਾਂ ਦਿਨ ਕੰਮ 'ਤੇ ਹੋਰ ਜਾਣਾ ਪਏਗਾ।

ਅਗਲੀ ਸਵੇਰ ਜਦੋਂ ਵਿਲੀਅਮ ਕੰਮ 'ਤੇ ਜਾਣ ਨੂੰ ਤਿਆਰ ਹੋਇਆ ਤਾਂ ਪਾਰਵਤੀ ਪਹਿਲਾਂ ਵਾਂਗ ਬਾਹਰ ਆ ਬਗੀਚੇ ਦੇ ਵਾਂਸ ਵਾਲੇ ਗੇਟ ਨੂੰ ਫੜ੍ਹ ਖੜ੍ਹੀ ਹੋ ਗਈ। ਉਸ ਨੇ ਵੇਖਿਆ, ਵਿਲੀਅਮ ਰੋਜ਼ ਵਾਂਗ ਆਪਣਾ ਲੰਚ ਬਾਕਸ ਫੜ੍ਹੀ ਟੁਰਿਆ ਜਾ ਰਿਹਾ ਸੀ। ਹੌਲੀ ਹੌਲੀ ਟੁਰਦਾ ਉਹ ਛੇ ਸੱਤ ਘਰ ਪਾਰ ਕਰ ਗਿਆ। ਪਾਰਵਤੀ ਦੀ ਨਜ਼ਰ ਉਸ ਦੇ ਟੁਰੇ ਜਾਂਦੇ ਦਾ ਪਿੱਛਾ ਕਰ ਰਹੀ ਸੀ। ਵਿਲੀਅਮ ਉਹ ਸਾਰੇ ਘਰ ਪਾਰ ਕਰਦਾ ਉਸ ਥਾਂ 'ਤੇ ਪਹੁੰਚ ਗਿਆ ਜਿੱਥੇ ਗਲੀ ਦਾ ਮੋੜ ਮੁੜਨ ਤੋਂ ਪਹਿਲਾਂ ਉਹ ਕੁਝ ਚਿਰ ਰੁਕਦਾ ਸੀ, ਤੇ ਪਾਰਵਤੀ ਵੱਲ ਵੇਖਦਾ ਸੀ। ਤਦ ਉਹਦੇ ਚਿਹਰੇ ਦੇ ਭਾਵ ਨਹੀਂ ਦਿਸਦੇ ਸਨ, ਪਰ ਅੱਜ ਇਸ ਤਰ੍ਹਾਂ ਨਾ ਹੋਇਆ। ਮੋੜ 'ਤੇ ਪਹੁੰਚ ਵਿਲੀਅਮ ਨੇ ਪਾਰਵਤੀ ਵੱਲ ਵੇਖਿਆ ਤੀਕ ਨਾ ਸਗੋਂ ਉਹ ਤਾਂ ਸੱਜੇ ਪਾਸੇ ਮੁੜ ਅੱਖਾਂ ਤੋਂ ਉਝਲ ਹੋ ਗਿਆ। ਪਾਰਵਤੀ ਵੱਲ ਵੇਖੇ ਬਿਨਾ ਅੱਖਾਂ ਤੋਂ ਓਹਲੇ ਹੋ ਗਿਆ।

ਪਾਰਵਤੀ ਖਾਸਾ ਚਿਰ ਬਗੀਚੇ ਦੇ ਵਾਂਸ ਵਾਲੇ ਗੇਟ ਨੂੰ ਫੜ੍ਹੀ ਖੜ੍ਹੀ ਰਹੀ ਅਤੇ ਫੇਰ ਚੁੱਪਚਾਪ ਘਰ ਅੰਦਰ ਆ ਸੰਝ ਹੋਣ ਦੀ ਉਡੀਕ ਕਰਨ ਲੱਗੀ, ਜਦੋਂ ਉਸ ਦੇ ਪਤੀ ਨੇ ਕੰਮ ਤੋਂ ਮੁੜਨਾ ਸੀ।

**ਯਾਦ ਝਰੋਖਾ**

# ਪਿੰਡ ਵਾਲਾ ਘਰ

ਮੇਰਾ ਪਿਤਾ ਪੁਰਖੀ ਘਰ ਪਿੰਡ ਕਾਲਰਾ ਜ਼ਿਲ੍ਹਾ ਜਲੰਧਰ ਵਿਚ ਹੈ ਸੀ ਪਰ ਪਾਕਿਸਤਾਨ ਵਾਲੀ ਜਮੀਨ ਕਾਲਰੇ ਤੋਂ ਦੋ ਮੀਲ ਦੱਖਣ ਵੱਲ ਪਿੰਡ ਲੁਟੇਰਾ ਖੁਰਦ ਅਲਾਟ ਹੋ ਗਈ ਸੀ। 1946 ਵਿਚ ਪਿਤਾ ਜੀ ਹਾਰਟ ਅਟੈਕ ਨਾਲ ਸਵਰਗਵਾਸ ਹੋ ਗਏ ਸਨ। ਸੰਨ 1947 ਵਿਚ ਮੈਂ ਦਸ ਕੁ ਸਾਲ ਦਾ ਸਾਂ। ਮੇਰੇ ਤਾਇਆ ਜੀ ਹੁਰਾਂ ਸਾਨੂੰ ਲੁਟੇਰੇ ਨਾ ਜਾਣ ਦਿੱਤਾ ਤੇ ਜਮੀਨ ਬਟਾਈ 'ਤੇ ਲੁਟੇਰਾ ਕਲਾਂ ਦੇ ਚਾਰ ਪੰਜ ਬੰਦਿਆਂ ਨੂੰ ਦੇ ਦਿੱਤੀ। ਉਹ ਆਪਣੀ ਮਰਜ਼ੀ ਨਾਲ ਜੋ ਉਨ੍ਹਾਂ ਦਾ ਚਿੱਤ ਕਰਦਾ, ਹਾੜ੍ਹੀ-ਸਾਉਣੀ ਦਾ ਦਾਣਾ ਪੱਠਾ ਸਾਡੇ ਘਰ ਕਾਲਰੇ ਛੱਡ ਜਾਂਦੇ। ਪਿਤਾ ਜੀ ਦੀ ਮੌਤ ਤੋਂ



**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਬਾਅਦ ਮਾਤਾ ਜੀ ਨੇ ਮੰਜਾ ਹੀ ਮੱਲਿਆ ਹੋਇਆ ਸੀ। ਜਦੋਂ ਮੈਂ ਪੰਦਰਾਂ ਕੁ ਸਾਲ ਦਾ ਹੋਇਆ ਅਤੇ ਆਪਣੀ ਫਸਲ ਦੀ ਕਟਾਈ ਵੇਲੇ ਆਪਣੇ ਹਿੱਸੇ ਦੀ ਫਸਲ ਦੀ ਰਾਖੀ ਜੋਗਾ ਹੋ ਗਿਆ ਤਾਂ ਅਸੀਂ ਲੁਟੇਰੇ ਘਰ ਬਣਾਉਣ ਦਾ ਸੋਚਿਆ।

ਜਦੋਂ ਤਹਿਸੀਲਦਾਰ ਪਿੰਡ ਲੁਟੇਰਾ ਖੁਰਦ ਦੇ ਘਰ ਅਲਾਟ ਕਰਨ ਲਈ ਆਇਆ ਤਾਂ ਸਾਡੀ ਤਰਫ ਤੋਂ ਕੋਈ ਵੀ ਨਹੀਂ ਸੀ। ਹਾਜ਼ਰ ਲੋਕਾਂ ਨੇ ਤਹਿਸੀਲਦਾਰ ਨੂੰ ਕਿਹਾ ਕਿ ਉਹ ਅਜੇ ਬੱਚੇ ਹਨ, ਜਦੋਂ ਜਵਾਨ ਹੋਣਗੇ ਤਾਂ ਐਥੇ ਆਉਣਗੇ, ਇਸ ਲਈ ਉਨ੍ਹਾਂ ਨੂੰ ਖਾਲੀ ਤੋੜ ਹੀ ਅਲਾਟ ਕਰ ਦਿਉ। ਉਨ੍ਹਾਂ ਖਾਲੀ ਤੋੜਾਂ ਵਿਚ ਢੱਠੀਆਂ ਕੰਧਾਂ ਅੱਧ-ਪਚੱਧੀਆਂ ਖੜ੍ਹੀਆਂ ਸਨ। ਅਸੀਂ ਉਨ੍ਹਾਂ ਦੀਆਂ ਇੱਟਾਂ ਨਾਲ ਪੰਜ ਖਾਨੇ ਦਾ ਦਲਾਨ ਅਤੇ ਉਸ ਦੇ ਅੱਗੇ ਇੰਨਾ ਹੀ ਬਰਾਂਡਾ ਬਣਾ ਲਿਆ।

ਕਾਲਰੇ ਸਾਡਾ ਘਰ ਬਹੁਤ ਆਲੀਸ਼ਾਨ ਸੀ। ਉਪਰ ਦੋ ਚੁਬਾਰੇ, ਜਿਨ੍ਹਾਂ ਨੂੰ ਇੰਗਲੈਂਡ ਦੀਆਂ ਬਣੀਆਂ ਗਰਿਲਾਂ ਲੱਗੀਆਂ ਹੋਈਆਂ ਸਨ, ਅੱਜ ਵੀ ਉਸੇ ਤਰ੍ਹਾਂ ਕਾਇਮ ਹਨ। ਘਰ ਵਿਚ ਮੇਰੀ ਸੁਰਤ ਤੋਂ ਪਹਿਲਾਂ ਹੀ ਨਲਕਾ ਲੱਗਾ ਹੋਇਆ ਸੀ। ਲੁਟੇਰੇ ਆ ਕੇ ਸਾਨੂੰ ਸੰਗ ਆਉਣੀ ਕਿ ਸਾਂਝੇ ਖੂਹ 'ਤੇ ਜਾ ਕੇ ਨਹਾਉਣਾ ਤੇ ਪਾਣੀ ਲਿਆਉਣਾ। ਲੁਟੇਰੇ ਝੀਰ ਸਵੇਰੇ ਦੋ ਘੜੇ ਪਾਣੀ ਪੀਣ ਲਈ ਰੱਖ ਜਾਂਦਾ ਸੀ ਪਰ ਅਸੀਂ ਨਲਕੇ ਦਾ ਖੁੱਲ੍ਹਾ ਪਾਣੀ ਵਰਤਣ ਵਾਲੇ ਬੜੀ ਤੰਗੀ ਮਹਿਸੂਸ ਕਰਦੇ ਸੀ। ਜੇ ਕੋਈ ਪ੍ਰਾਹੁਣਾ ਆ ਜਾਵੇ ਤਾਂ ਮਾਤਾ ਜੀ ਨੇ ਬੜੀ ਸੰਗ ਮਹਿਸੂਸ ਕਰਨੀ ਕਿ ਪ੍ਰਾਹੁਣੇ ਨੂੰ ਕਿੱਥੇ ਬਿਠਾਲੀਏ। ਰਾਤ ਨੂੰ ਪ੍ਰਾਹੁਣਿਆਂ ਨੂੰ ਗੁਆਂਢੀਆਂ ਦੀ ਬੈਠਕ ਵਿਚ ਸੌਣ ਲਈ ਭੇਜਣਾ।

1953 ਵਿਚ ਮੈਂ ਮੈਟ੍ਰਿਕ ਪਾਸ ਕਰਕੇ ਕਾਲਜ ਦੀ ਪੜ੍ਹਾਈ ਲਈ ਆਪਣੇ ਤਾਏ ਦੇ ਲੜਕੇ ਕੋਲ ਜਮਸ਼ੇਦਪੁਰ ਚਲਾ ਗਿਆ। ਸੰਨ 1957 ਦੇ ਨਵੰਬਰ ਨੂੰ ਮੇਰਾ ਵਿਆਹ ਹੋ ਗਿਆ। ਫੇਰ ਸਾਨੂੰ ਘਰ ਦੀ ਤੰਗੀ ਦਾ ਅਹਿਸਾਸ ਹੋਇਆ। ਮੇਰੀ ਨੌਕਰੀ ਲੱਗ ਗਈ ਤੇ ਹੌਲੀ-ਹੌਲੀ ਅਸੀਂ ਆਪਣੀ ਕਮਾਈ ਅਨੁਸਾਰ ਘਰ ਬਣਾਉਂਦੇ ਗਏ। ਦੁਆਬੇ ਵਿਚ ਪੰਜਾਹ ਕਿੱਲੇ ਜਮੀਨ ਵਾਲਿਆਂ ਦਾ ਗੁਜ਼ਾਰਾ ਸੌਖਾ ਹੀ ਹੋ ਜਾਂਦਾ ਸੀ। 1965 ਤਕ ਜਮੀਨ ਦੀ ਦੇਖਭਾਲ ਮੇਰਾ ਛੋਟਾ ਭਰਾ ਕਰਦਾ ਰਿਹਾ ਅਤੇ ਅੱਗੇ ਅਸੀਂ ਸੁਲਾਹ-ਸਫਾਈ ਨਾਲ ਹੀ ਜਮੀਨ ਅਤੇ ਘਰ ਦੀ ਵੰਡ ਵੰਡਾਈ ਕਰ ਲਈ। ਕਿਸੇ ਵੀ ਦੋਸਤ ਜਾਂ ਰਿਸ਼ਤੇਦਾਰ ਦੇ ਦਖਲ ਤੋਂ ਬਿਨਾ। ਫੇਰ ਤਾਂ ਮੈਨੂੰ ਨੌਕਰੀ ਤੋਂ ਇਲਾਵਾ ਪਿੰਡ ਦੀ ਜਮੀਨ ਦੀ ਆਮਦਨ ਵੀ ਆਉਣ ਲੱਗ ਪਈ।

ਅਕਤੂਬਰ 1970 ਵਿਚ ਇੰਸਪੈਕਟਰ ਲੇਬਰ ਐਂਡ ਕੰਸਟ੍ਰਕਸ਼ਨ ਸੁਸਾਇਟੀਜ਼ ਦੇ ਤੌਰ 'ਤੇ ਬਦਲੀ ਰਈਏ ਤੋਂ ਹੁਸ਼ਿਆਰਪੁਰ ਹੋਈ ਤਾਂ ਅਸੀਂ ਆਪਣੇ ਪਿੰਡ ਲੁਟੇਰਾ ਖੁਰਦ ਵਿਖੇ ਰਹਿਣ ਦਾ ਸੋਚਿਆ। ਸੰਨ 1968 ਤੋਂ ਪਿੰਡ ਬਿਜਲੀ ਵੀ ਆ ਗਈ ਸੀ। ਪਿੰਡ ਆ ਕੇ ਸਾਰੇ ਕਮਰਿਆਂ ਵਿਚ ਬਿਜਲੀ ਦੇ ਪੱਖੇ ਲਵਾਏ। ਘਰ ਅੰਦਰ ਬੋਰ ਕਰਵਾ ਕੇ ਪਾਣੀ ਦੀ ਟੈਂਕੀ ਬਣਵਾਈ। ਫਲੱਸ਼ ਸਿਸਟਮ ਵਾਲੀ ਲੈਟਰੀਨ ਬਣਵਾਈ। ਪਸ਼ੂਆਂ ਦੇ ਪਾਣੀ ਪੀਣ ਲਈ ਵੱਡੀ ਸਾਰੀ ਖੁਰਲੀ ਵੀ ਬਣਾਈ ਜਿਸ ਵਿਚ ਰੋਜ਼ ਤਾਜ਼ਾ ਪਾਣੀ ਭਰ ਦਿੰਦੇ ਅਤੇ ਪੁਰਾਣਾ ਪਾਣੀ ਕਿਆਰਿਆਂ ਨੂੰ ਛੱਡ ਦਿੰਦੇ।

ਦੋਵਾਂ ਬੇਟਿਆਂ ਨੇ ਸਾਰੇ ਪਿੰਡ ਦੇ ਨਿਆਣੇ ਖੁਰਲੀ ਵਿਚ ਨਹਾਉਣ ਨੂੰ 'ਕੱਠੇ ਕਰ ਲੈਣੇ। ਬੱਚਿਆਂ ਦੀਆਂ ਕਿਲਕਾਰੀਆਂ ਸਾਰੇ ਪਿੰਡ ਵਿਚ ਸੁਣਦੀਆਂ। ਮੇਰੇ ਮਾਤਾ ਜੀ ਨੇ ਰੌਲਾ ਪਾਉਣ 'ਤੇ ਡਰਾ ਕੇ ਭਜਾ ਦੇਣਾ। ਮੈਂ ਰੋਜ਼ ਮੋਟਰ ਸਾਈਕਲ 'ਤੇ ਹੁਸ਼ਿਆਰਪੁਰ ਡਿਊਟੀ 'ਤੇ ਜਾਣਾ। ਕਈ ਵਾਰੀ ਮੀਂਹ ਪੈਣ ਕਾਰਨ ਮੋਟਰ ਸਾਈਕਲ 'ਤੇ ਨਾ ਜਾ ਹੁੰਦਾ ਕਿਉਂਕਿ ਸੜਕ ਕੱਚੀ ਸੀ ਤੇ ਟਰੈਕਟਰਾਂ ਨਾਲ ਵੱਡੇ-ਵੱਡੇ ਟੋਏ ਪਏ ਹੁੰਦੇ ਸਨ। ਇਸ ਸੂਰਤ ਵਿਚ ਸਾਈਕਲ 'ਤੇ ਰਿਹਾਣਾ ਜੱਟਾਂ ਜਾਣਾ ਤੇ ਸਾਈਕਲ ਡਾਕਟਰ ਉਜਾਗਰ ਸਿੰਘ ਦੇ ਘਰ ਰੱਖ ਕੇ ਬੱਸ ਫੜ੍ਹ ਲੈਣੀ।

ਇਕ ਦਿਨ ਮੀਂਹ ਬੜੇ ਜ਼ੋਰ ਦਾ ਪੈ ਰਿਹਾ ਸੀ ਤੇ ਮੈਂ ਸਾਈਕਲ ਲੈ ਕੇ ਪਿੰਡ ਨੂੰ ਚੱਲਣ ਲੱਗਾ ਤਾਂ ਡਾਕਟਰ ਉਜਾਗਰ ਸਿੰਘ ਕਹਿਣ ਲੱਗੇ, "ਐਨੇ ਮੀਂਹ 'ਚ ਪਿੰਡ ਜਾਣਾ ਕੀ ਜ਼ਰੂਰੀ ਏ, ਚੁੱਪ ਕਰਕੇ ਅਹੁ ਚੁਬਾਰੇ ਵਿਚ ਜਾ ਕੇ ਪੈ ਜਾਓ, ਦਾਲ ਫੁਲਕਾ ਜਿਹੋ ਜਿਹਾ ਅਸੀਂ ਖਾਂਦੇ ਹਾਂ, ਤੁਹਾਡੇ ਲਈ ਪਹੁੰਚ ਜਾਊ।" ਉਨ੍ਹਾਂ ਦੇ ਕਹਿੰਦਿਆਂ ਹੀ ਮੈਂ ਸਾਈਕਲ ਲੈ ਕੇ ਪਿੰਡ ਨੂੰ ਆ ਗਿਆ।



*ਵਾਸਦੇਵ ਪਰਹਾਰ ਆਪਣੇ ਪੁਤਰ ਵਰਿੰਦਰ ਪਰਹਾਰ ਨਾਲ ਜੱਦੀ ਘਰ ਦੇ ਬਾਹਰ*

ਸਵੇਰੇ ਫੇਰ ਮੀਂਹ ਪੈਂਦੇ ਵਿਚ ਮੈਂ ਪਿੰਡੋਂ ਆਇਆ ਤਾਂ ਡਾਕਟਰ ਸਾਹਿਬ ਮੇਰੇ ਕੋਲ ਆ ਕੇ ਬੋਲੇ, "ਮੈਂ ਬੜਾ ਹੈਰਾਨ ਹਾਂ ਕਿ ਤੁਸੀਂ ਅੱਧੀ ਰਾਤ ਨੂੰ ਤਿੰਨ-ਚਾਰ ਮੀਲ ਜਾਂਦੇ ਹੋ ਤੇ ਸਵੇਰੇ ਫੇਰ ਆਉਂਦੇ ਹੋ, ਐਥੇ ਰਿਹਾਣੇ ਹੀ ਕਿਉਂ ਨਹੀਂ ਰਹਿਣ ਲੱਗ ਪੈਂਦੇ ਤੇ ਬੇਕਾਰ ਦੀ ਖੇਚਲ ਤੋਂ ਬਚੋ।" ਡਾਕਟਰ ਸਾਹਿਬ ਬਹੁਤ ਹੀ ਸਿਆਣੇ ਬਜੁਰਗ ਸਨ। ਮੈਂ ਕਿਹਾ, "ਡਾਕਟਰ ਸਾਹਿਬ ਆਪਣਾ ਜੱਦੀ ਘਰ ਛੱਡਣਾ ਬੜਾ ਔਖਾ ਏ, ਜੋ ਸੁਖ ਛੱਜੂ ਦੇ ਚੁਬਾਰੇ, ਬਲਖ ਨਾ ਬੁਖਾਰੇ।"

ਉਹ ਆਪਣੇ ਥਾਂ ਠੀਕ ਸਨ ਤੇ ਮੈਂ ਆਪਣੇ ਥਾਂ। ਇਹੋ ਜਿਹੀ ਮੁਸ਼ਕਿਲ ਦੇਖ ਕੇ ਹੁਸ਼ਿਆਪੁਰ ਚੁਬਾਰਾ ਕਿਰਾਏ 'ਤੇ ਲੈ ਲਿਆ। ਸਾਰਾ ਜ਼ਰੂਰੀ ਸਮਾਨ ਉਥੇ ਵੀ ਰੱਖ ਲਿਆ ਪਰ ਸ਼ਾਇਦ ਹੀ ਕਿਸੇ ਦਿਨ ਉਥੇ ਰਿਹਾ। ਐਵੇਂ ਕਿਰਾਇਆ ਭਰਦਾ ਰਿਹਾ। ਕਾਲਰੇ ਦਾ ਮਿਸਤਰੀਆਂ ਦਾ ਇਕ ਮੁੰਡਾ ਹੁਸ਼ਿਆਰਪੁਰ ਪੜ੍ਹਦਾ ਸੀ, ਉਸ ਨੂੰ ਰਹਿਣ ਨੂੰ ਦੇ ਦਿੱਤਾ ਕਿ ਜੇ ਮੈਂ ਕਦੇ ਰਹਿਣਾ ਹੋਊ ਤਾਂ ਉਸ ਕੋਲ ਰਹਿ ਲਵਾਂਗਾ।

ਅਕਤੂਬਰ 1971 ਵਿਚ ਮੇਰੀ ਬਦਲੀ ਬਤੌਰ ਲੈਕਚਰਾਰ ਕੋਆਪ-ਟਰੇਨਿੰਗ ਸੈਂਟਰ, ਜਲੰਧਰ ਦੀ ਹੋ ਗਈ। ਇਸ ਬਦਲੀ ਦੀ ਮੈਂ ਆਪ ਹੀ ਸਹਿਮਤੀ ਦਿੱਤੀ ਸੀ ਕਿ ਇਕ ਥਾਂ ਟਿਕ ਕੇ ਬੱਚਿਆਂ ਨੂੰ ਪੜ੍ਹਾਵਾਂਗਾ। ਪਰ ਸਰਕਾਰੀ ਨੌਕਰੀ ਵਿਚ ਇਕ ਥਾਂ ਟਿਕਾਣਾ ਕਿਥੇ ਨਸੀਬ ਸੀ। ਸਰਕਾਰ ਨੇ ਜਲੰਧਰ ਅਤੇ ਪਟਿਆਲਾ ਵਾਲੇ ਦੋਨੋਂ ਟਰੇਨਿੰਗ ਸੈਂਟਰ ਇਕੱਠੇ ਕਰਕੇ ਨਾਭਾ ਵਿਖੇ ਗਰਾਮ ਸੇਵਕ ਟਰੇਨਿੰਗ ਸੈਂਟਰ ਵਾਲੀ ਬਿਲਡਿੰਗ ਵਿਚ ਤਬਦੀਲ ਕਰ ਦਿੱਤੇ। ਜਲੰਧਰ ਤੋਂ ਨਾਭੇ ਜਾਣਾ ਪਹਿਲਾਂ ਤਾਂ ਕਾਲੇ ਪਾਣੀ ਜਾਣ ਵਾਂਗ ਲੱਗਾ, ਫੇਰ ਮਨ ਮਾਰ ਕੇ ਨਾਭੇ ਹੀ ਦਿਲ ਲਾ ਲਿਆ।

ਪਰਿਵਾਰ ਨੂੰ ਨਾਭੇ ਲੈ ਗਿਆ। ਜਦੋਂ ਬੱਚਿਆਂ ਨੂੰ ਛੁੱਟੀਆਂ ਹੁੰਦੀਆਂ ਤਾਂ ਪਿੰਡ ਜ਼ਰੂਰ ਆਉਂਦੇ। ਸੰਨ 1981 ਵਿਚ ਬੇਟੀ ਜਤਿੰਦਰ ਦੀ ਸ਼ਾਦੀ ਪਿੰਡ ਆ ਕੇ ਹੀ ਕੀਤੀ। ਗੜ੍ਹਸ਼ੰਕਰ ਵਾਲੇ ਏ.ਆਰ. ਤੋਂ ਜਦੋਂ ਮੈਂ 1982 ਵਿਚ ਚਾਰਜ ਲਿਆ ਤਾਂ ਉਸ ਚੁਬਾਰੇ ਵਿਚ ਮੈਂ ਵੀ ਰਹਿਣ ਲੱਗ ਪਿਆ। ਇਕੱਲੇ ਦਾ ਦਿਲ ਹੀ ਨਾ ਲੱਗਣਾ। ਜਿਸ ਤਰ੍ਹਾਂ ਸਾਰੇ ਸਰਕਾਰੀ ਮੁਲਾਜ਼ਮ ਕਰਦੇ ਹਨ, ਮੈਂ ਵੀ ਸ਼ਾਮ ਨੂੰ ਪਿੰਡ ਆ ਜਾਂਦਾ। ਕਈ ਵਾਰ ਸਕੂਟਰ 'ਤੇ ਹੀ ਪਿੰਡ ਗੜ੍ਹਸ਼ੰਕਰ ਨੂੰ ਨਹਿਰ ਦੀ ਪਟੜੀ ਪੈ ਕੇ ਘੰਟੇ ਕੁ ਵਿਚ ਪਹੁੰਚ ਜਾਂਦਾ। ਉਦੋਂ ਪੈਟਰੋਲ ਸਸਤਾ ਹੁੰਦਾ ਸੀ। ਜਦੋਂ ਕਦੇ ਗੜ੍ਹਸ਼ੰਕਰ ਰਹਿੰਦਾ ਤਾਂ ਸਵੇਰ ਵੇਲੇ ਕੰਢੀ ਦੇ ਪਹਾੜਾਂ ਦਾ ਨਜ਼ਾਰਾ ਬਹੁਤ ਦਿਲਕਸ਼ ਹੁੰਦਾ ਸੀ। ਗੜ੍ਹਸ਼ੰਕਰ ਤਾਂ ਮੈਦਾਨੀ ਇਲਾਕੇ ਵਿਚ ਹੈ ਤੇ ਇਥੋਂ 4-5 ਮੀਲ 'ਤੇ ਹੀ ਉਤਰ-ਪੂਰਬ ਵੱਲ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਪਹਾੜੀ ਇਲਾਕੇ ਦੇ ਲੋਕਾਂ ਦੀ ਰਹਿਣੀ-ਬਹਿਣੀ ਮੈਦਾਨੀ ਇਲਾਕੇ ਦੇ ਲੋਕਾਂ ਨਾਲੋਂ ਕਾਫੀ ਵੱਖਰੀ ਹੈ।

ਸੰਗਰੂਰ ਜ਼ਿਲ੍ਹੇ ਦੇ ਲੋਕਾਂ ਨਾਲੋਂ ਇਸ ਇਲਾਕੇ ਦੇ ਲੋਕਾਂ ਦੀਆਂ ਆਦਤਾਂ ਵੀ ਵੱਖਰੀਆਂ ਹਨ। ਸਰਕਾਰੀ ਅਫਸਰਾਂ ਦੀਆਂ ਸ਼ਿਕਾਇਤਾਂ ਕਰਨਾ ਇਨ੍ਹਾਂ ਦਾ ਸ਼ੁਗਲ ਹੈ। ਪਹਾੜੀ ਇਲਾਕੇ ਦੇ ਇਕ ਸੈਕਟਰੀ ਨੇ ਇਕ ਇੰਸਪੈਕਟਰ ਵਿਰੁਧ ਸ਼ਿਕਾਇਤ ਲਿਖ ਕੇ ਕੀਤੀ ਕਿ ਇੰਸਪੈਕਟਰ ਨੇ ਉਸ ਤੋਂ ਇਕ ਟਰਾਲੀ ਬਾਲਣ ਦੀ ਮੰਗਵਾਈ ਸੀ ਤੇ ਉਸ ਦੇ ਪੈਸੇ ਮੰਗਣ ਕਰਕੇ ਉਸ ਦੇ ਕੰਮ ਵਿਚ ਐਵੇਂ ਨੁਕਸ ਕੱਢਦਾ ਰਹਿੰਦਾ ਹੈ। ਕਿਸੇ ਵੀ ਅਫਸਰ ਲਈ ਸ਼ਿਕਾਇਤ ਵਿਚ ਸੱਚਾਈ ਲੱਭਣੀ ਔਖੀ ਨਹੀਂ ਹੁੰਦੀ। ਸ਼ਿਕਾਇਤ ਦੀ ਇਨਕੁਆਰੀ ਸਮੇਂ ਇੰਸਪੈਕਟਰ ਨੇ ਕਿਹਾ ਕਿ ਸੈਕਟਰੀ ਉਹ ਟਰਾਲੀ ਵਾਲਾ ਪੇਸ਼ ਕਰੇ ਜੋ ਉਸ ਦੇ ਪਿੰਡ ਬਾਲਣ ਦੀ ਟਰਾਲੀ ਛੱਡ ਕੇ ਆਇਆ ਸੀ।

ਅਗਲੀ ਪੇਸ਼ੀ 'ਤੇ ਸੈਕਟਰੀ ਨੇ ਪਿੰਡ ਦੇ ਇਕ ਟਰੈਕਟਰ-ਟਰਾਲੀ ਵਾਲੇ ਨੂੰ ਪੇਸ਼ ਕੀਤਾ। ਉਸ ਨੇ ਆਪਣਾ ਬਿਆਨ ਲਿਖਵਾਇਆ ਕਿ ਉਹ ਬਾਲਣ ਦੀ ਟਰਾਲੀ ਇੰਸਪੈਕਟਰ ਦੇ ਪਿੰਡ ਛੱਡ ਕੇ ਆਇਆ ਸੀ ਜੋ ਦਸ ਕੁ ਮੀਲ ਗੜ੍ਹਸ਼ੰਕਰ ਤੋਂ ਪੱਛਮ ਵੱਲ ਹੈ। ਇੰਸਪੈਕਟਰ ਨੇ ਜਿਰਹਾ ਕਰਦਿਆਂ ਪੁੱਛਿਆ, "ਤੁਸੀਂ ਬਾਲਣ ਦੀ ਟਰਾਲੀ ਕਿਥੋਂ ਲੱਦੀ ਸੀ?"

"ਆਪਣੇ ਪਿੰਡ ਦੇ ਜੰਗਲ ਵਿਚੋਂ।" ਟਰੈਕਟਰ ਵਾਲੇ ਦਾ ਜਵਾਬ ਸੀ।

ਇੰਸਪੈਕਟਰ ਨੇ ਪੁੱਛਿਆ, "ਉਸ ਜੰਗਲ ਵਿਚੋਂ ਲੱਕੜ ਵੱਢਣ ਦੀ ਇਜਾਜ਼ਤ ਤੁਸੀਂ ਜੰਗਲਾਤ ਮਹਿਕਮੇ ਤੋਂ ਲਈ ਸੀ?"

"ਇਹ ਤਾਂ ਸੈਕਟਰੀ ਨੂੰ ਪਤਾ ਹੋਊ।" ਟਰੈਕਟਰ ਵਾਲੇ ਦਾ ਜਵਾਬ ਸੀ।

ਇੰਸਪੈਕਟਰ ਨੇ ਫੇਰ ਪੁੱਛਿਆ, "ਤੁਸੀਂ ਮੇਰੇ ਪਿੰਡ ਨੂੰ ਗੜ੍ਹਸ਼ੰਕਰ ਵਿਚੋਂ ਹੀ ਲੰਘੇ ਸੀ?"

"ਹਾਂ ਜੀ, ਹੋਰ ਤਾਂ ਕੋਈ ਰਸਤਾ ਵੀ ਨਹੀਂ।" ਟਰੈਕਟਰ ਵਾਲੇ ਨੇ ਕਿਹਾ।

ਇੰਸਪੈਕਟਰ ਨੇ ਪੁੱਛਿਆ, "ਗੜ੍ਹਸ਼ੰਕਰ ਚੁੰਗੀ ਵਾਲਿਆਂ ਤੋਂ ਚੁੰਗੀ ਦੀ ਪਰਚੀ ਕਟਾਈ ਸੀ?"

"ਅਸੀਂ ਕੋਈ ਪਰਚੀ ਨਹੀਂ ਕਟਾਈ, ਓਦਾਂ ਹੀ ਟਰਾਲੀ ਭਜਾ ਕੇ ਲੈ ਗਏ ਸੀ।" ਟਰੈਕਟਰ ਵਾਲੇ ਨੇ ਕਿਹਾ।

ਇੰਸਪੈਕਟਰ ਨੇ ਪੁੱਛਿਆ, "ਤੈਨੂੰ ਸੈਕਟਰੀ ਨੇ ਕੋਈ ਭਾੜਾ ਵੀ ਦਿੱਤਾ ਸੀ?"

"ਹਾਂ ਜੀ, ਦੋ ਸੌ ਰੁਪਏ ਦਿੱਤਾ ਸੀ।" ਟਰੈਕਟਰ ਵਾਲੇ ਨੇ ਕਿਹਾ।

ਸਾਡਾ ਸਟੈਨੋ ਨਾਲੋ ਨਾਲ ਬਿਆਨ ਅਤੇ ਜਿਰਹਾ ਲਿਖ ਰਿਹਾ ਸੀ। ਜਦੋਂ ਇੰਸਪੈਕਟਰ ਨੇ ਕਿਹਾ ਕਿ ਬੱਸ ਜੀ, ਇਹਦੇ ਦਸਤਖਤ ਕਰਵਾ ਲਵੋ। ਇਸੇ ਕਾਰਵਾਈ ਦੌਰਾਨ ਗੜ੍ਹਸ਼ੰਕਰ ਦੇ ਦੋ ਵਕੀਲ ਹੋਰ ਕੇਸਾਂ ਦੇ ਸਬੰਧ ਵਿਚ ਬੈਠੇ ਸੀ। ਉਹ ਟਰੈਕਟਰ ਵਾਲਾ ਇਕ ਵਕੀਲ ਦਾ ਵਾਕਫ ਸੀ ਤੇ ਵਕੀਲ ਨੂੰ ਕਮਰੇ 'ਚੋਂ ਬਾਹਰ ਲੈ ਗਿਆ। ਪੰਜ ਕੁ ਮਿੰਟਾਂ ਬਾਅਦ ਆਏ ਤਾਂ ਵਕੀਲ ਉਨ੍ਹਾਂ ਦੀ ਤਰਫ ਤੋਂ ਕਹਿਣ ਲੱਗਾ, "ਏ. ਆਰ. ਸਾਹਿਬ, ਇਹ ਆਪਣੀ ਸ਼ਿਕਾਇਤ ਵਾਪਸ ਲੈਣੀ ਚਾਹੁੰਦੇ ਹਨ।" ਸ਼ਿਕਾਇਤ ਕਰਤਾ ਸੈਕਟਰੀ ਅਤੇ ਟਰੈਕਟਰ ਵਾਲਾ ਵੀ ਨਾਲ ਖੜ੍ਹੇ ਸਨ। ਵਕੀਲ ਨੇ ਬਾਹਰ ਉਨ੍ਹਾਂ ਨੂੰ ਸਮਝਾ ਲਿਆ ਕਿ ਤੁਸੀਂ ਆਪ ਹੀ ਆਪਣੇ ਪੈਰ 'ਤੇ ਕੁਹਾੜਾ ਮਾਰ ਰਹੇ ਹੋ, ਇਕ ਤਾਂ ਆਪ ਹੀ ਲਿਖ ਕੇ ਮੰਨਦੇ ਹੋ ਕਿ ਜੰਗਲ ਵਿਚੋਂ ਚੋਰੀ ਲੱਕੜ ਵੱਢੀ, ਚੁੰਗੀ ਕੋਲੋਂ ਲੰਘਾਈ, ਖੇਤੀਬਾੜੀ ਵਾਲੇ ਟਰੈਕਟਰ ਨੂੰ ਭਾੜਾ ਕਮਾਉਣ ਲਈ ਵਰਤਿਆ।

ਇਹ ਮਿਸਾਲ ਹੈ, ਇਸ ਇਲਾਕੇ ਦੇ ਲੋਕਾਂ ਦੇ ਸ਼ਿਕਾਇਤੀ ਸੁਭਾਅ ਦੀ।

ਹੁਸ਼ਿਆਰਪੁਰੀਆਂ ਦੇ ਅਫਸਰਾਂ ਦੀ ਸ਼ਿਕਾਇਤ ਕਰਨ ਦੇ ਸੁਭਾਅ ਦਾ ਜ਼ਿਕਰ ਡਾ. ਐਮ. ਐਸ. ਰੰਧਾਵਾ, ਆਈ. ਸੀ. ਐਸ. ਜੋ ਖੁਦ ਇਸ ਜ਼ਿਲ੍ਹੇ ਦੇ ਪਿੰਡ ਬੋਦਲਾਂ ਦੇ ਜੰਮਪਲ ਸਨ, ਨੇ ਆਪਣੀ ਪੁਸਤਕ 'ਰਾਖ 'ਚੋਂ ਉੱਗੇ' ਵਿਚ ਬਹੁਤ ਵਧੀਆ ਕੀਤਾ ਹੈ ਕਿ ਕੋਈ ਵੀ ਅਫਸਰ ਇਸ ਜ਼ਿਲ੍ਹੇ ਵਿਚ ਲੱਗ ਕੇ ਰਾਜ਼ੀ ਨਹੀਂ। ਡਾ. ਰੰਧਾਵਾ ਦੀ ਇਹ ਪੁਸਤਕ ਸੰਨ 1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਦੇ ਮੁੜ ਵਸੇਬੇ, ਖਾਸ ਕਰ ਜਮੀਨਾਂ ਦੀ ਅਲਾਟਮੈਂਟ ਬਾਰੇ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਸੱਤ ਹਜ਼ਾਰ ਪਟਵਾਰੀਆਂ ਨੂੰ ਜਲੰਧਰ ਵਿਖੇ ਆਰਜ਼ੀ ਸੈਕਟਰੀਏਟ ਬਣਾ ਕੇ ਰੱਖਿਆ ਅਤੇ ਉਨ੍ਹਾਂ ਤੋਂ ਇਸ ਤਰ੍ਹਾਂ ਕੰਮ ਲਿਆ ਕਿ ਉਹ ਕਿਸੇ ਵੀ ਅਲਾਟੀ ਤੋਂ ਰਿਸ਼ਵਤ ਨਾ ਲੈ ਸਕਣ।

ਕਸਬਾ ਗੜ੍ਹਸ਼ੰਕਰ ਸ਼ੰਕਰ ਨਾਂ ਦੇ ਡੋਡ ਰਾਜਪੂਤ ਰਾਜੇ ਨੇ ਵਸਾਇਆ ਸੀ। ਮਹਿਮੂਦ ਗਜ਼ਨਵੀ ਨੇ ਇਸ ਕਸਬੇ 'ਤੇ ਹਮਲਾ ਕਰਕੇ ਸਾਰੇ ਹੀ ਡੋਡ ਰਾਜਪੂਤਾਂ ਨੂੰ ਮਾਰ ਦਿੱਤਾ ਪਰ ਇਕ ਰਾਜਕੁਮਾਰ ਆਪਣੇ ਨਾਨਕੇ ਪਿੰਡ ਗਿਆ ਹੋਣ ਕਰਕੇ ਬਚ ਗਿਆ ਜਿਸ ਨੇ ਗੜ੍ਹਸ਼ੰਕਰ ਤਹਿਸੀਲ ਦੇ ਪੱਛਮ ਵੱਲ ਦਾ ਪਿੰਡ ਜਲਵੇੜਾ ਵਸਾ ਲਿਆ। ਅੱਜ ਤਕ ਵੀ ਜਲਵੇੜੇ ਦੇ ਰਾਜਪੂਤ ਗੜ੍ਹਸ਼ੰਕਰ ਦਾ ਪਾਣੀ ਨਹੀਂ ਪੀਂਦੇ। ਕਦੇ ਸਰਕਾਰੀ ਦਫਤਰਾਂ ਵਿਚ ਜਾਣਾ ਪਵੇ ਤਾਂ ਆਪਣੇ ਨਾਲ ਪਾਣੀ ਦੀਆਂ ਬੋਤਲਾਂ ਲੈ ਕੇ ਜਾਂਦੇ ਹਨ। ਪੁਰਾਣਾ ਸ਼ਹਿਰ ਬਹੁਤ ਉਚੀ ਥਾਂ 'ਤੇ ਹੈ। ਡੋਡ ਰਾਜਪੂਤਾਂ ਦੀ ਮਹਾਂ ਸਤੀ ਦਾ ਸਥਾਨ ਗੜ੍ਹਸ਼ੰਕਰ ਵਿਖੇ ਮਾਲ ਮਹਿਕਮੇ ਦੇ ਕਾਨੂੰਗੋ ਦੇ ਦਫਤਰ ਦੇ ਵਿਹੜੇ ਵਿਚ ਹੈ। ਇਹ ਜਗ੍ਹਾ ਉਨ੍ਹਾਂ ਦੇ ਰਾਜ ਸਮੇਂ ਉਨ੍ਹਾਂ ਦੀ ਨਿਜੀ ਜਾਇਦਾਦ ਸੀ।

ਗੜ੍ਹਸ਼ੰਕਰ ਵਿਖੇ ਮੈਂ ਸਾਲ ਕੁ ਰਿਹਾ। ਕੁਝ ਐਮ. ਐਲ. ਏ. ਹਰ ਵਕਤ ਨਾਜਾਇਜ਼ ਦਖਲ-ਅੰਦਾਜ਼ੀ ਕਰਦੇ ਤੇ ਆਖਦੇ, ਫਲਾਣੇ ਪਿੰਡ ਦੀ ਕਮੇਟੀ ਦੀ ਚੋਣ ਵਿਚ ਤੁਸੀਂ ਫਲਾਣੇ ਬੰਦੇ ਨੂੰ ਪ੍ਰਧਾਨ ਬਣਾਓ, ਫਲਾਣੇ ਸੈਕਟਰੀ ਨੇ ਭਾਵੇਂ ਗਬਨ ਕੀਤਾ ਹੈ ਪਰ ਉਸ ਨੂੰ ਨੌਕਰੀ ਤੋਂ ਨਾ ਹਟਾਓ। ਮੇਰੀ ਜ਼ਮੀਰ ਨਿਰਾ ਲੂਣ ਗੁੰਨ੍ਹਣ ਨੂੰ ਨਾ ਮੰਨਦੀ ਤੇ ਮੈਂ ਗਲਤ ਕੰਮ ਨਾ ਕੀਤੇ। ਉਸ ਸਮੇਂ ਸ. ਦਰਬਾਰਾ ਸਿੰਘ ਮੁੱਖ ਮੰਤਰੀ ਸਨ। ਹੁਸ਼ਿਆਰਪੁਰ ਵਾਲੇ ਐਮ. ਐਲ. ਏ. ਮਾਸਟਰ ਕੁੰਦਨ ਸਿੰਘ ਨੇ ਗੜ੍ਹਸ਼ੰਕਰ ਵਾਲੇ ਐਮ. ਐਲ. ਏ. ਪੰਡਿਤ ਸਰਵਣ ਰਾਮ ਅਤੇ ਬਲਾਚੌਰ ਵਾਲੇ ਮਾਸਟਰ ਦਲੀਪ ਚੰਦ ਨੂੰ ਨਾਲ ਲੈ ਕੇ ਮੁੱਖ ਮੰਤਰੀ ਦਰਬਾਰਾ ਸਿੰਘ ਕੋਲ ਸ਼ਿਕਾਇਤ ਕਰਕੇ ਮੇਰੀ ਬਦਲੀ ਨਾਭਾ ਕੋਆਪਰੇਟਿਵ ਟਰੇਨਿੰਗ ਸੈਂਟਰ ਦੀ ਕਰਵਾ ਦਿੱਤੀ। ਇਹ ਅਕਤੂਬਰ 1983 ਵਿਚ ਹੋਇਆ। ਜਦ ਨੂੰ ਪੰਜਾਬ ਵਿਚ ਗਵਰਨਰੀ ਰਾਜ ਲਾਗੂ ਹੋ ਗਿਆ। ਅਫਸਰਾਂ ਨੂੰ ਮੇਰੀ ਯੋਗਤਾ ਦਾ ਪਤਾ ਸੀ ਤੇ ਉਨ੍ਹਾਂ ਨੇ ਤਿੰਨ ਕੁ ਮਹੀਨੇ ਬਾਅਦ ਮੇਰੀ ਬਦਲੀ ਨਾਭੇ ਤੋਂ ਸਰਹਿੰਦ ਵਿਖੇ ਏ. ਆਰ. ਦੀ ਕਰਵਾ ਦਿੱਤੀ।

# ਹਾਰ ਵਾਲਾ ਡੱਬਾ

ਨਾਜਰ ਸਿਉਂ ਬੈਠਕ ਵਿਚ ਬੈਠਾ ਕੁਝ ਸੋਚ ਰਿਹਾ ਸੀ, ਏਨੇ ਨੂੰ ਉਹਦੀ ਘਰ ਵਾਲੀ ਆਪਣੀ ਧੀ ਨੂੰ ਆਵਾਜ਼ ਮਾਰ ਕੇ ਕਹਿੰਦੀ ਹੈ, "ਜਾ ਧੀਏ ਤੇਰੇ ਬਾਪੂ ਜੀ ਨੂੰ ਕਹਿ ਆ ਕੇ ਰੋਟੀ ਖਾ ਲਏ।"

ਧੀ ਜਾਂਦੀ ਹੈ, ਆਪਣੇ ਬਾਪੂ ਦੇ ਕੋਲ ਤੇ ਜਾ ਕੇ ਕਹਿੰਦੀ ਹੈ, "ਬਾਪੂ ਜੀ ਬੀਜੀ ਨੇ ਕਿਹਾ ਕਿ ਤੁਸੀਂ ਰੋਟੀ ਖਾ ਲਓ।"

"ਨਹੀਂ ਧੀਏ ਅਜੇ ਭੁੱਖ ਨਹੀਂ, ਜਾਹ ਜਾ ਕੇ ਤੇਰੀ ਬੀਜੀ ਨੂੰ ਭੇਜ, ਕੋਈ ਜਰੂਰੀ ਗੱਲ ਕਰਨੀ ਆ।"

ਕੁੜੀ ਆਪਣੀ ਮਾਂ ਕੋਲ ਆ ਕੇ ਕਹਿੰਦੀ ਹੈ, "ਬੀਜੀ ਤੁਹਾਨੂੰ ਬਾਪੂ ਜੀ ਬੁਲਾਉਂਦੇ, ਕੋਈ ਜਰੂਰੀ ਗੱਲ ਕਰਨੀ ਆ।"

"ਹੁਣ ਕੀ ਜਰੂਰੀ ਗੱਲ ਕਰਨੀ ਆ ਉਹਨੇ, ਪਹਿਲਾਂ ਰੋਟੀ ਤਾਂ ਖਾ ਲੈਂਦੇ।"

ਬੀਰੋ ਨਾਜਰ ਸਿਉਂ ਕੋਲ ਜਾਂਦੀ ਹੈ, "ਹਾਂ ਜੀ ਦੱਸੋ ਕੀ ਗੱਲ ਹੋ ਗਈ ਹੁਣ?"

"ਗੱਲ ਤਾਂ ਕੋਈ ਨ੍ਹੀਂ, ਕਈ ਦਿਨਾਂ ਦੀ ਬੈਂਕ ਵਾਲਿਆਂ ਦੀ ਚਿੱਠੀ ਆਈ ਆ, ਆਪਾਂ ਪਹਿਲਾਂ ਵੀ ਕਿਸ਼ਤਾਂ ਨਹੀਂ ਭਰੀਆਂ, ਪਰ ਹੁਣ ਇਹ ਕਿਸ਼ਤ ਭਰਨੀ ਜਰੂਰੀ ਆ। ਆੜਤੀਏ ਕੋਲ ਗਿਆ ਸੀ, ਉਹਨੂੰ ਪੈਸੇ ਪੁੱਛੇ ਤਾਂ ਉਹਨੇ ਇਹ ਕਹਿੰਦਿਆਂ ਜਵਾਬ ਦੇ ਦਿੱਤਾ ਕਿ ਨਾਜਰ ਸਿਉਂ ਹੋਰ ਖਰਚੇ ਤਾਂ ਕਰ ਸਕਦੈ ਪਰ ਬੈਂਕ ਦੀਆਂ ਕਿਸ਼ਤਾਂ ਨਹੀ ਭਰ ਸਕਦਾ? ਹੋਰ ਵੀ ਦੋ ਚਹੁੰ ਨੂੰ ਪੈਸੇ ਪੁੱਛੇ, ਪਰ ਕਿਤੋਂ ਮਿਲੇ ਨਹੀਂ। ਤੂੰ ਇਉਂ ਕਰ, ਕਿਉਂ ਨਾ ਤੂੰ ਆਪਣੇ ਭਰਾਵਾਂ ਤੋਂ ਲੈ ਆਵੇਂ।"

"ਨਾ ਜੀ ਉਨ੍ਹਾਂ ਦੀਆਂ ਤਾਂ ਅਪਦੀਆਂ ਹੀ ਕਬੀਲਦਾਰੀਆਂ ਸੂਤ ਨਹੀਂ ਆਉਂਦੀਆਂ, ਉਨ੍ਹਾਂ ਨੇ ਤਾਂ ਆਪ ਆਪਣਾ ਮੁੰਡਾ ਬਾਹਰ ਭੇਜਿਐ, ਕਿੰਨਾ



ਪੈਸਾ ਲੱਗਿਆ ਉਨ੍ਹਾਂ ਦਾ।"

ਲੰਮਾ ਜਿਹਾ ਹਉਕਾ ਭਰ ਕੇ ਨਾਜਰ ਸਿਉਂ ਕਹਿੰਦਾ, "ਚੱਲ ਫਿਰ ਐਂ ਕਰ, ਤੇਰੇ ਛੋਟੇ ਭਰਾ ਦੇ ਵਿਆਹ ਵੇਲੇ ਉਨ੍ਹਾਂ ਨੇ ਜਿਹੜਾ ਤੈਨੂੰ ਹਾਰ ਪਾਇਆ ਸੀ, ਉਹ ਲਿਆ ਦੇਹ, ਗਹਿਣੇ ਧਰ ਕੇ ਸ਼ਾਇਦ ਇੱਕ ਕਿਸ਼ਤ ਤੇ ਭਰੀ ਜਾਏ।"

"ਨਹੀਂ ਜੀ, ਉਹ ਹਾਰ ਤਾਂ ਨ੍ਹੀਂ ਮੈਂ ਦੇ ਸਕਦੀ, ਉਹ ਤੇ ਕੁੜੀਆਂ ਦੇ ਵਿਆਹ ਲਈ ਰਖਿਆ ਕਿਉਂਕਿ ਪਹਿਲਾਂ ਹੀ ਜਿਹੜੇ ਗਹਿਣੇ ਸੀ, ਉਹ ਤੁਸੀਂ ਖੇਤੀ ਅਤੇ ਹੋਰ ਘਰ ਦੇ ਕੰਮਾਂ ਧੰਦਿਆਂ ਵਿਚ ਵੇਚ ਦਿੱਤੇ। ਫਸਲ ਤਾਂ ਆਪਣੀ ਹਰ ਸਾਲ ਖਰਾਬ ਈ ਹੋ ਜਾਂਦੀ ਐ, ਕਦੇ ਹਾੜੀ ਮਰ ਗਈ, ਕਦੇ ਸਾਉਣੀ ਮਰ ਗਈ, ਤੇ ਕਦੇ ਰੇਟ ਨਾ ਮਿਲਿਆ।"

"ਚੱਲ ਕੋਈ ਨਾ, ਐਤਕੀਂ ਫਸਲ ਬਹੁਤ ਵਧੀਆ ਹੈ, ਮੇਰਾ ਵਾਅਦਾ ਰਿਹਾ ਤੇਰੇ ਨਾਲ, ਇਸ ਵਾਰ ਹਾਰ ਵਾਪਿਸ ਲੈ ਆਊਂ, ਬਸ ਤੂੰ ਹੁਣ ਹਾਰ ਲਿਆ ਦੇਹ।"


ਬੀਰੋ ਅੰਦਰ ਜਾਂਦੀ ਐ ਤੇ ਹਾਰ ਲਿਆ ਕੇ ਨਾਜਰ ਸਿਉਂ ਨੂੰ ਦੇ ਦਿੰਦੀ ਹੈ। ਨਾਜਰ ਸਿਉਂ ਹਾਰ ਵਾਲੇ ਡੱਬੇ 'ਚੋਂ ਹਾਰ ਕੱਢ ਕੇ ਲੈ ਜਾਂਦਾ ਹੈ ਤੇ ਡੱਬਾ ਉਥੇ ਹੀ ਰੱਖ ਜਾਂਦਾ ਹੈ। ਉਸ ਤੋਂ ਬਾਅਦ ਕੁੜੀਆਂ ਆਉਂਦੀਆਂ ਹਨ ਤੇ ਉਸ ਹਾਰ ਵਾਲੇ ਡੱਬੇ ਨਾਲ ਖੇਡਣ ਲੱਗ ਜਾਂਦੀਆਂ ਹਨ। ਅੰਦਰੋਂ ਬੀਰੋ ਆਉਂਦੀ ਹੈ ਤੇ ਕੁੜੀਆਂ ਤੋਂ ਡੱਬਾ ਫੜ੍ਹਦੀ ਕਹਿੰਦੀ ਹੈ, "ਪੁੱਤ ਇਹ ਡੱਬੇ ਨਾਲ ਖੇਡੀਦਾ ਨਹੀਂ, ਜਦੋਂ ਹਾਰ ਵਾਪਸ ਆਇਆ ਇਸ ਡੱਬੇ ਵਿਚ ਸਾਂਭ ਕੇ ਰੱਖ ਦਊਂ, ਤੁਹਾਡੇ ਵਿਆਹ ਵਾਸਤੇ।"

ਬੀਰੋ ਐਨਾ ਕਹਿ ਕੇ ਡੱਬਾ ਅੰਦਰ ਪੇਟੀ ਵਿਚ ਰੱਖ ਕੇ ਪੇਟੀ ਨੂੰ ਜਿੰਦਾ ਲਾ ਦਿੰਦੀ ਹੈ। ਪਰ ਕੁੱਛ ਸਮੇਂ ਬਾਅਦ ਪੱਕੀ ਫਸਲ 'ਤੇ ਮੀਂਹ ਅਤੇ ਗੜਿਆਂ ਦੀ ਮਾਰ ਪੈ ਜਾਂਦੀ ਹੈ ਤੇ ਸਾਰੀ ਫਸਲ ਖਰਾਬ ਹੋ ਜਾਂਦੀ ਹੈ। ਹੁਣ ਬੀਰੋ ਨੂੰ ਲੱਗਦਾ ਹੈ ਕਿ ਉਹ ਹਾਰ ਕਦੇ ਵਾਪਸ ਨਹੀਂ ਆਉਣਾ, ਉਹ ਹਾਰ ਵਾਲਾ ਡੱਬਾ ਪੇਟੀ 'ਚੋਂ ਕੱਢ ਕੇ ਕੁੜੀਆਂ ਨੂੰ ਖੇਡਣ ਨੂੰ ਦੇ ਦਿੰਦੀ ਹੈ।

*-ਅਰਵਿੰਦਰ ਕੌਰ ਸੰਧੂ*
*ਸਿਰਸਾ, ਹਰਿਆਣਾ।*

# ਤਵਾਰੀਖ ਸਾਂਦਲ ਬਾਰ

**ਸਾਂਦਲ ਬਾਰ ਦੀਆਂ ਗੂੰਜਾਂ ਇਤਿਹਾਸ ਵਿਚ ਬੜੀਆਂ ਗੂੜ੍ਹੀਆਂ ਹਨ। ਲੋਕ ਮਨ ਵਿਚ ਇਸ ਬਾਰ ਦਾ ਸਬੰਧ ਦੁੱਲਾ ਭੱਟੀ ਦੇ ਪੁਰਖਿਆਂ ਨਾਲ ਜੁੜਿਆ ਹੋਇਆ ਹੈ। 'ਤਵਾਰੀਖ ਸਾਂਦਲ ਬਾਰ' ਵਿਚ ਪਾਕਿਸਤਾਨੀ ਲਿਖਾਰੀ ਮੁਹੰਮਦ ਅਜ਼ਹਰ ਵਿਰਕ ਨੇ ਸਾਂਦਲ ਬਾਰ ਦੇ ਇਤਿਹਾਸ ਉਤੇ ਝਾਤੀ ਮਾਰੀ ਹੈ। ਇਸ ਲੇਖ ਵਿਚ ਉਨ੍ਹਾਂ ਸਾਂਦਲ ਬਾਰੇ ਹੁਣ ਤੱਕ ਹੋਈ ਖੋਜ ਅਤੇ ਲੋਕ ਮਨ ਵਿਚ ਚਲੇ ਆ ਰਹੇ ਤੱਥਾਂ, ਮਿਥਾਂ ਤੇ ਰਵਾਇਤਾਂ ਦੇ ਆਧਾਰ ਉਤੇ ਗੱਲਾਂ ਕੀਤੀਆਂ ਹਨ। ਆਪਣੇ ਇਤਿਹਾਸ ਦੀਆਂ ਅਹਿਮ ਕੜੀਆਂ ਜੋੜਦੇ ਇਸ ਦਿਲਚਸਪ ਲੇਖ ਨੂੰ ਅਸੀਂ ਆਪੇ ਪਾਠਕਾਂ ਲਈ ਛਾਪ ਰਹੇ ਹਾਂ। ਲੇਖ ਦਾ ਲਿਪੀਅੰਤਰ ਰਾਜਵਿੰਦਰ ਸਿੰਘ ਸਿੱਧੂ ਅਤੇ ਸਰਬਜੀਤ ਸਿੰਘ ਸੰਧੂ ਨੇ ਰਲ ਕੇ ਕੀਤਾ ਹੈ। -ਸੰਪਾਦਕ**




*ਸਾਂਦਲ ਬਾਰ ਦਾ ਇਲਾਕਾ ਚਨਾਬ ਅਤੇ ਰਾਵੀ ਦਰਿਆਵਾਂ ਵਿਚਕਾਰ ਪੈਂਦਾ ਹੈ।*

ਸਾਂਦਲ ਇਤਿਹਾਸ ਦਾ ਅਜਿਹਾ ਕਿਰਦਾਰ ਹੈ ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਬਾਰੇ ਵੱਖ-ਵੱਖ ਰਵਾਇਤਾਂ ਮੌਜੂਦ ਹਨ, ਕੁਝ ਜ਼ਬਾਨੀ ਲੋਕਾਂ ਤੋਂ ਪਤਾ ਲੱਗੀਆਂ ਤੇ ਕਈਆਂ ਦੀ ਤਾਰੀਖੀ ਤੌਰ 'ਤੇ ਵੱਖ-ਵੱਖ ਖੋਜਕਾਰਾਂ ਨੇ ਖੋਜ ਕੀਤੀ। ਸਾਂਦਲ ਕੀ ਹੈ? ਸਾਂਦਲ ਕੌਣ ਹਨ? ਸਾਂਦਲ ਕਿਥੇ ਹੈ? ਕੁਝ ਸਾਡੇ ਸਾਂਦਲ ਬਾਰ ਦੇ ਪੁਰਾਣੇ ਵਸਨੀਕਾਂ ਦੀਆਂ ਜ਼ਬਾਨੀ ਗੱਲਾਂ ਦਾ ਜ਼ਿਕਰ ਵੀ ਹੋਵੇਗਾ, ਜੋ ਉਹ ਪੀੜ੍ਹੀ-ਦਰ-ਪੀੜ੍ਹੀ ਆਪਣੇ ਬਜ਼ੁਰਗਾਂ ਤੋਂ ਸੁਣਦੇ ਆ ਰਹੇ ਹਨ।

### ਬਿਜਲੀ ਖਾਂ ਉਰਫ਼ ਸਾਂਦਲ

ਬਿਜਲੀ ਖਾਂ ਦੁੱਲੇ ਭੱਟੀ ਦਾ ਦਾਦਾ ਸੀ ਅਤੇ ਲੋਕਾਂ ਵਿਚ ਸਾਂਦਲ ਦੇ ਨਾਂ ਨਾਲ ਮਸ਼ਹੂਰ ਸੀ।

**ਮੁਹੰਮਦ ਅਜ਼ਹਰ ਵਿਰਕ**
ਲਿਪੀਅੰਤਰ: ਰਾਜਵਿੰਦਰ ਸਿੰਘ ਸਿੱਧੂ
ਸਰਬਜੀਤ ਸਿੰਘ ਸੰਧੂ

ਪਿੰਡੀ ਭੱਟੀਆਂ ਤੇ ਉਸ ਦੇ ਆਲੇ-ਦੁਆਲੇ ਜਿਹੜਾ ਇਲਾਕਾ ਸੀ, ਉਥੇ ਬਿਜਲੀ ਖਾਂ ਦੀ ਚੌਧਰ ਸੀ। ਇਸੇ ਵਾਸਤੇ ਇਸ ਨੂੰ ਸਾਂਦਲ ਦੀ ਬਾਰ ਜਾਂ ਸਾਂਦਲ ਬਾਰ ਦਾ ਨਾਂ ਦਿੱਤਾ ਗਿਆ, ਪਰ ਇਸ ਬਾਰੇ ਕੋਈ ਪੱਕੀ ਗੱਲ ਪਤਾ ਨਹੀਂ ਲਗਦੀ ਤੇ ਕੁਝ ਲੋਕਾਂ ਨੇ ਇਸ ਨੂੰ ਆਪਣੀਆਂ ਗੱਲਾਂ ਤੇ ਕਹਾਣੀਆਂ ਵਿਚ ਮਿਰਚ-ਮਸਾਲੇ ਲਾ ਕੇ ਅੱਗੇ ਤੋਰਿਆ। ਬਿਜਲੀ ਖਾਂ ਉਰਫ ਸਾਂਦਲ ਤੇ ਉਸ ਦੇ ਬੇਟੇ ਫਰੀਦ ਨੂੰ ਮੁਗ਼ਲਾਂ ਨੇ ਦਿੱਲੀ ਦਰਵਾਜ਼ੇ, ਲਾਹੌਰ ਬਾਹਰ ਬਗ਼ਾਵਤ ਦੇ ਇਲਜ਼ਾਮ ਵਿਚ ਫਾਂਸੀ ਦੇ ਦਿੱਤੀ ਸੀ। ਇਕ ਖੋਜ ਇਹ ਵੀ ਕਹਿੰਦੀ ਹੈ ਕਿ ਸਾਂਦਲ ਦਾ ਨਾਂ ਬਿਜਲੀ ਖਾਂ ਦੇ ਨਾਂ ਨਾਲ ਨਹੀਂ ਜੁੜਦਾ। ਇਸ ਦੀ ਵਜ੍ਹਾ ਇਹ ਹੈ ਕਿ ਬਿਜਲੀ ਖਾਂ ਤੋਂ ਪਹਿਲਾਂ ਵੀ ਇਸ ਖਿੱਤੇ ਵਿਚ ਸਾਂਦਲ ਦਾ ਨਾਂ ਮਸ਼ਹੂਰ ਸੀ।

### ਸਾਂਦਲ, ਸਾਂਗਲ ਤੇ ਸਾਰੂ

ਰਵਾਇਤਾਂ ਅਨੁਸਾਰ ਸਾਂਦਲ, ਸਾਂਗਲ ਅਤੇ ਸਾਰੂ ਤਿੰਨ ਭਰਾ ਸਨ। ਸਾਂਦਲ ਮਸ਼ਹੂਰ ਡਾਕੂ ਸੀ, ਜਿਸ ਦਾ ਟਿਕਾਣਾ ਸ਼ਾਹਕੋਟ (ਜ਼ਿਲ੍ਹਾ ਨਨਕਾਣਾ ਸਾਹਿਬ) ਦੀਆਂ ਪਹਾੜੀਆਂ 'ਤੇ ਸੀ। ਦੂਜਾ ਭਰਾ ਸਾਂਗਲ ਅੱਜ ਦੇ ਮੌਜੂਦਾ ਸ਼ਹਿਰ ਸਾਂਗਲਾ ਹਿੱਲ ਵਿਚ ਰਹਿੰਦਾ ਸੀ। ਉਸ ਕਰ ਕੇ ਹੀ ਉਸ ਸ਼ਹਿਰ ਦਾ ਨਾਂ ਸਾਂਗਲਾ ਪਿਆ। ਤੀਜਾ ਭਰਾ ਸਾਰੂ ਮੌਜੂਦਾ ਲਾਇਲਪੁਰ ਦੀ ਜਗ੍ਹਾ 'ਤੇ ਰਹਿ ਰਿਹਾ ਸੀ। ਸਾਰੂ ਕਾਰਨ ਹੀ ਉਸ ਦੇ ਇਰਦ-ਗਿਰਦ ਕਈ ਪਿੰਡਾਂ ਦੇ ਨਾਂ 'ਸਾਰੋ ਕੀ' ਪਏ। ਸ਼ੇਖੂਪੁਰੇ ਜ਼ਿਲ੍ਹੇ ਵਿਚ ਵੀ 'ਸਾਰੋ ਕੀ' ਨਾਂ ਦੇ ਕਈ ਪਿੰਡ ਮੌਜੂਦ ਹਨ। ਸਾਂਦਲ ਬਾਰੇ ਤਾਂ ਕੁਝ ਕੁਝ ਪਤਾ ਲੱਗਦਾ ਹੈ, ਪਰ ਦੂਜੇ ਭਰਾਵਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਕਿ ਉਹ ਕਿਥੇ ਤੁਰ ਗਏ, ਤੇ ਕਦੋਂ ਮਰੇ, ਪਰ ਸਾਂਦਲ ਬਾਰੇ ਬਹੁਤ ਸਾਰੀਆਂ ਰਵਾਇਤਾਂ ਵਿਚ ਪਤਾ ਲਗਦਾ ਹੈ ਕਿ ਸਾਂਦਲ ਨੂੰ ਡੱਚ ਕੌਮ ਨੇ ਲੜਾਈ ਦੌਰਾਨ ਮਾਰ ਦਿੱਤਾ ਸੀ। ਦੂਜੀ ਰਵਾਇਤ ਅਨੁਸਾਰ, ਸਾਂਦਲ ਨੂੰ ਇਕ ਨਾਈ ਨੇ ਉਦੋਂ ਮਾਰਿਆ, ਜਦੋਂ ਇਹ ਗੂੜ੍ਹੀ ਨੀਂਦੇ ਸੁੱਤਾ ਪਿਆ ਸੀ।

ਜਦੋਂ ਇਨ੍ਹਾਂ ਗੱਲਾਂ ਦੇ ਆਧਾਰ 'ਤੇ ਇਨ੍ਹਾਂ ਦੇ ਸਮੇਂ ਦੀ ਭਾਲ ਕਰੀਏ ਤਾਂ ਉਹ ਸਿਕੰਦਰ-ਏ-ਆਜ਼ਮ ਤੋਂ ਪਹਿਲਾਂ ਦਾ ਮਿਲਦਾ ਹੈ, ਕਿਉਂਕਿ ਸਾਂਗਲੇ ਦੇ ਕਰੀਬ ਸਿਕੰਦਰ ਦੀ ਵੱਡੀ ਲੜਾਈ ਖਤਾਈ ਨਸਲ ਦੇ ਲੋਕਾਂ ਨਾਲ ਹੋਈ ਸੀ। ਇਸ ਲੜਾਈ ਵਿਚ ਸਿਕੰਦਰ ਨੂੰ ਬਹੁਤ ਨੁਕਸਾਨ ਝੱਲਣਾ ਪਿਆ ਸੀ। ਦੂਜਾ ਵੱਡਾ ਸਬੂਤ ਜਿਹੜਾ ਸਾਂਦਲ ਬਾਰੇ ਸਿਕੰਦਰ ਤੋਂ ਪਹਿਲਾਂ ਦਾ ਮਿਲਦਾ ਹੈ, ਉਸ ਅਨੁਸਾਰ ਸਾਂਗਲੇ ਤੋਂ ਬਾਅਦ ਸ਼ਾਹਕੋਟ ਸ਼ਹਿਰ ਹੈ, ਜਿਥੇ ਵੀਰੂ ਰਸਲ ਨਾਂ ਦਾ ਹਿੰਦੂ ਨੌਜਵਾਨ ਪੰਜਾਬ ਦੀ ਗ਼ੈਰਤ ਦਾ ਨਿਸ਼ਾਨ ਬਣ ਕੇ ਸਿਕੰਦਰ ਸਾਹਮਣੇ ਖਲੋ ਗਿਆ ਸੀ। ਇਥੋਂ ਇਹ ਪਤਾ ਲਗਦਾ ਹੈ ਕਿ ਸਾਂਦਲ ਦਾ ਤਾਅਲੁਕ ਜਾਂ ਸਾਂਦਲ ਦਾ ਵੇਲਾ ਸਿਕੰਦਰ ਤੋਂ ਪਹਿਲਾਂ ਦਾ ਹੈ ਤੇ ਸਾਂਗਲਾ ਉਸ ਦੀ ਮਜ਼ਬੂਤ ਨੀਂਹ ਹੈ। ਖਤਾਈ ਅਤੇ ਕਾਠੀਆ ਤਕਰੀਬਨ ਇਕੋ ਨਸਲ ਦੇ ਲੋਕ ਸਨ, ਇਹ ਆਪਣੇ ਬੜੇ ਸੋਹਣੇ ਸਭਿਆਚਾਰ ਕਰ ਕੇ ਬੜੇ ਮਸ਼ਹੂਰ ਸਨ। ਇਹ ਫਿਰ ਸਾਂਗਲੇ ਤੋਂ ਰਾਵੀ ਵੱਲ ਕੂਚ ਕਰ ਗਏ।

### ਡਾਕੂ ਸਰਦਾਰ

ਜਿਹੜੇ ਸਾਂਦਲ ਬਾਰ ਦੇ ਵਸਨੀਕ ਹਨ, ਉਹ ਸਾਂਦਲ ਨੂੰ ਡਾਕੂ ਸਰਦਾਰ ਮੰਨਦੇ ਹਨ। ਇਹ ਬੜਾ ਬਹਾਦਰ, ਨਿਡਰ ਤੇ ਤਾਕਤਵਰ ਸੀ। ਪੂਰਾ ਇਲਾਕਾ ਇਸ ਦੇ ਨਾਂ ਤੋਂ ਡਰਦਾ ਸੀ। ਇਕ ਵਾਰ ਸਾਂਦਲ ਨੇ ਇਥੋਂ ਦੇ ਰਾਜਪੂਤਾਂ ਤੋਂ ਕਿਸੇ ਕੁੜੀ ਦਾ ਰਿਸ਼ਤਾ ਮੰਗਿਆ। ਰਾਜਪੂਤ ਰਾਜ਼ੀ ਨਾ ਹੋਏ, ਪਰ ਉਨ੍ਹਾਂ ਵਿਚ ਇਨਕਾਰ ਕਰਨ ਦੀ ਜੁਰਅਤ ਵੀ ਨਹੀਂ ਸੀ। ਇਨਕਾਰ ਦਾ ਮਤਲਬ ਸਾਂਦਲ ਦੀ ਗ਼ੈਰਤ ਨੂੰ ਲਲਕਾਰਨਾ ਸੀ। ਇਸ ਲਈ ਉਹ ਚੁੱਪ ਕਰ ਗਏ ਅਤੇ ਹੌਲੀ ਜਿਹੀ ਹਾਂ ਕਰ ਦਿੱਤੀ, ਪਰ ਨਾਲ ਹੀ ਉਨ੍ਹਾਂ ਸਾਂਦਲ ਕੋਲੋਂ ਵਾਅਦਾ ਲੈ ਲਿਆ ਕਿ ਉਹ ਜਦੋਂ ਇਕ ਸਾਲ ਬਾਅਦ ਜੰਞ ਲੈ ਕੇ ਢੁੱਕੇਗਾ ਤਾਂ ਉਦੋਂ ਸਾਂਦਲ ਨਾਲ ਉਸ ਦੀ ਕੌਮ ਦੇ ਪੂਰੇ ਮਰਦ, ਔਰਤਾਂ ਤੇ ਬੱਚੇ ਹੋਣੇ ਚਾਹੀਦੇ ਹਨ। ਸਾਲ ਗੁਜ਼ਰ ਗਿਆ ਤਾਂ ਸਾਂਦਲ ਜੰਞ ਲੈ ਕੇ ਪਹੁੰਚ ਗਿਆ। ਰਾਜਪੂਤਾਂ ਨੇ ਜਿਸ ਜਗ੍ਹਾ ਸਾਂਦਲ ਦੀ ਜੰਞ ਬਿਠਾਉਣੀ ਸੀ, ਉਥੇ ਮੋਟੀ ਸੁੱਕੀ ਤਹਿਦਾਰ ਘਾਹ ਵਿਛਾ ਦਿੱਤੀ ਤੇ ਘਾਹ ਦੇ ਹੇਠਾਂ ਸੁੱਕੀਆਂ ਲੱਕੜਾਂ ਰੱਖ ਦਿੱਤੀਆਂ। ਮਰਦਾਂ ਨੂੰ ਉਸ ਪਾਸੇ ਬਿਠਾ ਦਿੱਤਾ ਗਿਆ ਅਤੇ ਔਰਤਾਂ ਵਾਸਤੇ ਵੱਖਰਾ ਇੰਤਜ਼ਾਮ ਕਰ ਦਿੱਤਾ। ਜਦੋਂ ਮਰਦ ਉਸ ਘਾਹ 'ਤੇ ਬੈਠ ਗਏ ਤਾਂ ਰਾਜਪੂਤਾਂ ਦੇ ਜਵਾਨਾਂ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ। ਨਿਕਲਣ ਵਾਲੇ ਰਸਤਿਆਂ 'ਤੇ ਉਨ੍ਹਾਂ ਆਪਣੇ ਜੰਗਜੂ ਖੜ੍ਹੇ ਕਰ ਦਿੱਤੇ। ਫਿਰ ਇਕ ਰਾਜਪੂਤ ਨੇ ਸੁੱਕੀ ਘਾਹ ਅਤੇ ਬਾਲਣ ਨੂੰ ਅੱਗ ਲਾ ਦਿੱਤੀ। ਕਈ ਤਾਂ ਅੱਗ ਦੇ ਭਾਂਬੜਾਂ ਵਿਚ ਸੜ ਗਏ ਤੇ ਜਿਹੜੇ ਉਥੋਂ ਭੱਜਣ ਦੀ ਕੋਸ਼ਿਸ਼ ਕਰਨ, ਉਨ੍ਹਾਂ ਨੂੰ ਜੰਗਜੂ ਡੰਡੇ ਮਾਰ-ਮਾਰ ਕੇ ਪਿੱਛੇ ਸੁੱਟ ਦਿੰਦੇ ਸਨ। ਇਸ ਤਰ੍ਹਾਂ ਸਾਂਦਲ ਤੇ ਉਸ ਦੇ ਸਾਰੇ ਜਾਂਞੀ ਮਾਰੇ ਗਏ। ਇਹ ਜਗ੍ਹਾ ਅੱਜ ਵੀ ਤਹਿਸੀਲ ਤਾਂਦਲਿਆਂ ਵਾਲਾ ਜ਼ਿਲ੍ਹਾ ਲਾਇਲਪੁਰ ਵਿਚ ਖੱਡੇ ਦੀ ਸ਼ਕਲ ਵਿਚ ਮੌਜੂਦ ਹੈ। ਇਸ ਤੋਂ ਬਾਅਦ ਰਾਜਪੂਤਾਂ ਨੇ ਸਾਂਦਲ ਨਾਲ ਆਈਆਂ ਔਰਤਾਂ ਨਾਲ ਵਿਆਹ ਕਰਾ ਲਏ। ਇਲਾਕੇ ਦੇ ਜਿਹੜੇ ਦੂਜੇ ਰਾਜਪੂਤ ਸਨ, ਉਹ ਆਪਣੇ-ਆਪ ਨੂੰ ਇਨ੍ਹਾਂ ਤੋਂ ਵੀ ਵੱਡੇ ਸਮਝਦੇ ਸਨ, ਜਿਸ ਕਾਰਨ ਇਕ ਹੋਰ ਨਸਲ ਪੈਦਾ ਹੋ ਗਈ। ਸਾਂਦਲ ਦੀ ਜਾਤ ਦ੍ਰਾਵਿੜ ਕੌਮ ਦੀ ਗੋਤ ਨਾਲ ਸਬੰਧਤ ਹੈ, ਪਰ ਆਰਿਆਈ ਕੌਮ ਵੱਲੋਂ ਇਸ ਨੂੰ ਨਫਰਤ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ ਇਸ ਕੌਮ ਦੀਆਂ ਦੂਜੀਆਂ ਗੋਤਾਂ ਦੇ ਨਾਂ ਲਗਭਗ ਮਿਟ ਹੀ ਗਏ। ਇਹ ਸਾਰੀਆਂ ਆਰਿਆਈ ਕੌਮ ਦੀਆਂ ਪੈਦਾ ਕੀਤੀਆਂ ਦਰਜਾਬੰਦੀਆਂ ਸਨ।

ਜ਼ਿਲ੍ਹਾ ਲਾਇਲਪੁਰ ਦੇ ਜੁਗਰਾਫੀਏ ਵਿਚ ਇਸ ਸਾਂਦਲ ਦੀ ਰਵਾਇਤ ਨੂੰ ਮੰਨਿਆ ਗਿਆ ਹੈ। ਉਸ ਦੇ ਸਫਾ ਨੰਬਰ 7 'ਤੇ ਲਿਖਿਆ ਹੈ ਕਿ ਇਸ ਜੰਗਲ ਦਾ ਨਾਂ ਮਸ਼ਹੂਰ ਡਾਕੂ ਸਾਂਦਲ ਦੇ ਨਾਂ 'ਤੇ ਰੱਖਿਆ ਗਿਆ ਹੈ ਜੋ ਜੰਗਲ ਦੇ ਉਸ ਇਲਾਕੇ ਦਾ ਸਰਦਾਰ ਸੀ।


### ਆਦਲ ਹੁਕਮਰਾਨ

ਇਕ ਹੋਰ ਖਿਆਲ ਕੀਤਾ ਜਾਂਦਾ ਹੈ ਕਿ ਸਾਂਦਲ ਬਾਰ ਦਾ ਇਲਾਕਾ ਬੜੇ ਆਦਲ ਹਾਕਮ ਸਾਂਦਰਾ ਜਾਂ ਸਾਂਦਰ ਜਾਂ ਸਾਂਦਾ ਦੇ ਨਾਂ ਕਰ ਕੇ ਵੀ ਮਸ਼ਹੂਰ ਹੈ। ਖੋਖਰ ਕੌਮ ਨਾਲ ਇਸ ਦਾ ਤਾਅਲੁਕ ਸੀ। ਇਸ ਇਲਾਕੇ ਵਿਚ ਕਦੇ ਖੋਖਰਾਂ ਦੀ ਹਕੂਮਤ ਸੀ। ਇਸ ਵਜ੍ਹਾ ਕਰ ਕੇ ਸਾਂਦਾ, ਸਾਂਦਰ ਵਿਗੜ ਕੇ ਸਾਂਦਲ ਬਣ ਗਿਆ ਤੇ ਉਥੋਂ ਇਸ ਇਲਾਕੇ ਦਾ ਨਾਂ ਸਾਂਦਲ ਬਾਰ ਮਸ਼ਹੂਰ ਹੋ ਗਿਆ। ਸਆਦਤ ਅਲੀ ਖਿਚੀ ਦੀ ਕਿਤਾਬ 'ਤਾਰੀਖ-ਏ-ਰਾਜਪੂਤਾਂ' ਵਿਚ ਲਿਖਿਆ ਹੈ ਕਿ ਖੋਖਰ ਈਸਾ ਪੂਰਬ ਤੋਂ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਤੇ ਹਕੂਮਤ ਕਰ ਰਹੇ ਸਨ। ਇਸੇ ਕਰ ਕੇ ਹੀ ਇਨ੍ਹਾਂ ਨੂੰ ਚੰਦਰ ਬੰਸੀ ਜਾਂ ਗੰਗਾ ਬੰਸੀ ਰਾਜਪੂਤ ਮਿਥਿਆ ਜਾਂਦਾ ਹੈ। 10ਵੀਂ ਸਦੀ ਤਕ ਇਨ੍ਹਾਂ ਦੀ ਹੁਕਮਰਾਨੀ ਮੈਸੂਰ ਤੇ ਗੁੰਜਾਮ ਤਕ ਰਹੀ। ਉਸ ਤੋਂ ਬਾਅਦ ਇਨ੍ਹਾਂ ਖੋਖਰਾਂ ਨੇ ਸਿਕੰਦਰ ਦੇ ਖਿਲਾਫ ਰਾਜਾ ਪੋਰਸ ਦੀ ਬੜੀ ਜੁਰਅਤ ਨਾਲ ਪੂਰੀ-ਪੂਰੀ ਮਦਦ ਕੀਤੀ। ਫਿਰ ਜਦੋਂ ਮਹਿਮੂਦ ਗਜ਼ਨਵੀ ਨੇ ਹਮਲਾ ਕੀਤਾ ਤਾਂ ਉਦੋਂ ਆਨੰਦਪਾਲ ਨਾਲ ਹੋ ਕੇ ਲੜੇ। ਮੌਜੂਦਾ ਜ਼ਿਲ੍ਹਾ ਸਰਗੋਧਾ ਦੇ ਨੇੜੇ ਖੋਖਰਾਂ ਜਗ੍ਹਾ ਇਨ੍ਹਾਂ ਦਾ ਦਾਰੁਲ ਹਕੂਮਤ ਸੀ। ਇਨ੍ਹਾਂ ਖੋਖਰਾਂ ਦੀਆਂ ਲੜਾਈਆਂ ਦੀ ਤਾਰੀਖ ਬਿਲਕੁਲ ਮਹਿਫੂਜ਼ ਹੈ। ਫਿਰ ਇਸ ਤੋਂ ਬਾਅਦ ਇਸ ਕੌਮ ਦੇ ਵੱਡੇ-ਵੱਡੇ ਸਰਦਾਰ ਜਹਾਂਗੀਰ ਤੇ ਮਹਿਮੂਦ ਗਜ਼ਨਵੀ ਦੇ ਵੇਲੇ ਮੁਸਲਮਾਨ ਹੋ ਗਏ। ਇਨ੍ਹਾਂ ਵਿਚੋਂ ਵੱਡਾ ਸਰਦਾਰ ਦਾਦਨ ਖਾਂ ਸੀ ਜਿਸ ਨੇ ਬਾਅਦ ਵਿਚ ਪਿੰਡ ਦਾਦਨ ਖਾਂ ਦੀ ਨੀਂਹ ਰੱਖੀ। ਇਹ ਪਿੰਡ ਇਸ ਵੇਲੇ ਤਹਿਸੀਲ ਹੈਡਕੁਆਟਰ ਹੈ, ਤੇ ਜ਼ਿਲ੍ਹਾ ਜਿਹਲਮ ਵਿਚ ਪੈਂਦਾ ਹੈ।

### ਰਸ਼ੀ ਜੱਟ

'ਪੰਜਾਬੀ ਲੋਕਧਾਰਾ' ਵਿਚ ਵਣਜਾਰਾ ਬੇਦੀ ਲਿਖਦੇ ਹਨ ਕਿ ਸਾਂਦਲ ਬਾਰ ਦਾ ਇਲਾਕਾ ਬਹੁਤ ਵੱਡਾ ਜੰਗਲ ਸੀ। ਇਸ ਜੰਗਲ ਵਿਚ ਸੰਦਲ ਰਿਸ਼ੀ ਨੇ ਬੜਾ ਲੰਮਾ ਸਮਾਂ ਤਪੱਸਿਆ ਕੀਤੀ ਜਿਸ ਕਾਰਨ ਇਹ ਇਲਾਕਾ ਰਸ਼ੀ ਦੇ ਨਾਂ ਨਾਲ ਮਸ਼ਹੂਰ ਹੋ ਗਿਆ ਤੇ ਬਾਅਦ ਵਿਚ ਸਾਂਡਲ ਵਨ ਸਾਂਡਲ ਬਿਨ ਮਸ਼ਹੂਰ ਹੋ ਗਿਆ, ਜਿਹੜਾ ਹੌਲੀ-ਹੌਲੀ ਵਿਗੜ ਕੇ ਸਾਂਦਲ ਦੇ ਨਾਂ ਨਾਲ ਮਸ਼ਹੂਰ ਹੋ ਗਿਆ। ਇਕ ਹੋਰ ਵੀ ਖਿਆਲ ਕੀਤਾ ਜਾਂਦਾ ਹੈ ਕਿ ਸਾਂਦਲ ਲਫਜ਼ ਦਾ ਤਾਅਲੁਕ ਜੱਟਾਂ ਦੇ ਕਬੀਲੇ ਸੰਦਲ ਜਾਂ ਸੰਦੜ ਨਾਲ ਹੈ, ਜਿਹੜੇ ਸਦੀਆਂ ਤੋਂ ਇਥੇ ਰਹਿ ਰਹੇ ਸਨ। ਜੱਟਾਂ ਦੇ ਇਸ ਕਬੀਲੇ ਦੇ ਲੋਕ ਅੱਜ ਵੀ ਇਥੇ ਰਹਿ ਰਹੇ ਹਨ ਤੇ ਕਿਆਸ ਕੀਤਾ ਜਾਂਦਾ ਹੈ ਕਿ ਇਨ੍ਹਾਂ ਦੇ ਨਾਂ ਤੋਂ ਹੀ ਇਹ ਸੰਦਲ ਤੋਂ ਸਾਂਦਲ ਬਣ ਗਿਆ, ਪਰ ਇਹ ਕੋਈ ਇੰਨੀ ਪੱਕੀ ਠੁਕਵੀਂ ਗੱਲ ਨਹੀਂ ਮੰਨੀ ਜਾ ਸਕਦੀ। ਵਜ੍ਹਾ ਇਹ ਕਿ ਇਹ ਜੱਟਾਂ ਦੀ ਗੋਤ ਸੀ, ਜਿਹੜੀ ਖੇਤੀਬਾੜੀ ਕਰਦੀ ਸੀ। ਇਹ ਲੋਕ ਹੀ ਫਿਰ ਬਾਅਦ ਵਿਚ ਤਹਿਸੀਲ ਮੈਲਸੀ ਜ਼ਿਲ੍ਹਾ ਮੁਲਤਾਨ ਵਿਚ ਆਬਾਦ ਹੋ ਗਏ। ਇਹ ਲਫਜ਼ ਸੰਦਲ ਤੋਂ ਵਿਗੜ ਕੇ ਸੰਦੀਲਾ ਬਣ ਗਿਆ। ਇਹ ਮੁਲਤਾਨ ਦੇ ਏਰੀਏ ਵਿਚ ਮੌਜੂਦ ਹਨ ਤੇ ਇਹ ਲੋਕ ਦਾਅਵਾ ਕਰਦੇ ਹਨ ਕਿ ਅਸੀਂ ਸ਼ਾਹਜਹਾਂ ਦੇ ਦੌਰ ਵਿਚ ਦਿੱਲੀ ਤੋਂ ਇਥੇ ਆਏ ਸੀ।

**ਬਿਜਲੀ ਖਾਂ ਦੁੱਲੇ ਭੱਟੀ ਦਾ ਦਾਦਾ ਸੀ ਅਤੇ ਸਾਂਦਲ ਦੇ ਨਾਂ ਨਾਲ ਮਸ਼ਹੂਰ ਸੀ। ਪਿੰਡੀ ਭੱਟੀਆਂ ਤੇ ਉਸ ਦੇ ਆਲੇ-ਦੁਆਲੇ ਜਿਹੜਾ ਇਲਾਕਾ ਸੀ, ਉਥੇ ਬਿਜਲੀ ਖਾਂ ਦੀ ਚੌਧਰ ਸੀ। ਇਸੇ ਵਾਸਤੇ ਇਸ ਨੂੰ ਸਾਂਦਲ ਦੀ ਬਾਰ ਜਾਂ ਸਾਂਦਲ ਬਾਰ ਦਾ ਨਾਂ ਦਿੱਤਾ ਗਿਆ। ਬਿਜਲੀ ਖਾਂ ਉਰਫ ਸਾਂਦਲ ਤੇ ਉਸ ਦੇ ਬੇਟੇ ਫਰੀਦ ਨੂੰ ਮੁਗ਼ਲਾਂ ਨੇ ਦਿੱਲੀ ਦਰਵਾਜ਼ੇ, ਲਾਹੌਰ ਬਾਹਰ ਬਗ਼ਾਵਤ ਦੇ ਇਲਜ਼ਾਮ ਵਿਚ ਫਾਂਸੀ ਦੇ ਦਿੱਤੀ ਸੀ। ਇਕ ਖੋਜ ਇਹ ਵੀ ਕਹਿੰਦੀ ਹੈ ਕਿ ਸਾਂਦਲ ਦਾ ਨਾਂ ਬਿਜਲੀ ਖਾਂ ਨਾਲ ਨਹੀਂ ਜੁੜਦਾ। ਵਜ੍ਹਾ ਇਹ ਹੈ ਕਿ ਬਿਜਲੀ ਖਾਂ ਤੋਂ ਪਹਿਲਾਂ ਵੀ ਇਸ ਖਿੱਤੇ ਵਿਚ ਸਾਂਦਲ ਦਾ ਨਾਂ ਮਸ਼ਹੂਰ ਸੀ।**



*ਲਾਹੌਰ ਵਿਚ ਦੁੱਲਾ ਭੱਟੀ ਦੀ ਮਜ਼ਾਰ।*

### ਚੂਹੜ ਖਾਂ ਉਰਫ ਸਾਂਦਲ

ਇਕ ਹੋਰ ਰਵਾਇਤ ਮੁਤਾਬਿਕ ਚੂਹੜ ਖਾਂ ਇਸ ਇਲਾਕੇ ਦਾ ਹੁਕਮਰਾਨ ਸੀ, ਜਿਸ ਦੀ ਹਕੂਮਤ ਮੌਜੂਦਾ ਸਾਂਦਲ ਬਾਰ 'ਤੇ ਕਾਫੀ ਸਮਾਂ ਪਹਿਲਾਂ ਰਹੀ। ਇਹ ਚੂਹੜ ਖਾਂ ਸਾਂਦਲ ਦੇ ਨਾਂ ਨਾਲ ਮਸ਼ਹੂਰ ਸੀ। ਇਹ ਬੜਾ ਨੇਕ ਤੇ ਆਦਲ ਹੁਕਮਰਾਨ ਸੀ। ਇਸ ਦੀ ਹਕੂਮਤ ਬੜੇ ਲੰਮੇ ਸਮੇਂ ਤੱਕ ਰਹੀ। ਬਹੁਤ ਲੋਕ ਇਸ ਨੂੰ ਖੋਖਰ ਰਾਜਪੂਤ ਲਿਖਦੇ ਹੋਏ ਇਸ ਦੀ ਹਕੂਮਤ ਦਾ ਵੇਲਾ ਸਿਕੰਦਰ-ਏ-ਆਜ਼ਮ ਤੋਂ ਪਹਿਲਾਂ ਦਾ ਦੱਸਦੇ ਹਨ, ਪਰ ਇਹ ਗੱਲ ਕਿੰਨੀ ਕੁ ਸਹੀ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

### ਸਾਂਦਲ ਬਾਰ

ਸਾਂਦਲ ਬਾਰ ਦੀਆਂ ਕਈ ਰਵਾਇਤਾਂ ਵਿਚ ਇਸ ਨੂੰ ਸੰਘਣਾ ਜੰਗਲ ਹੋਣ ਕਾਰਨ ਆਖਿਆ ਜਾਂਦਾ ਹੈ। ਇਸ ਜੰਗਲ ਵਿਚ ਆਪਣੇ-ਆਪ ਉਗਣ ਵਾਲੇ ਸੰਦਲ ਦੇ ਰੁੱਖ ਬਹੁਤ ਸਨ ਤੇ ਉਨ੍ਹਾਂ ਰੁੱਖਾਂ ਕਾਰਨ ਹੀ ਇਸ ਦਾ ਕਾਰਨ ਸਾਂਦਲ ਪੈ ਗਿਆ। ਤਕਰੀਬਨ 100 ਸਾਲ ਪਹਿਲਾਂ ਤੱਕ ਜ਼ਿਲ੍ਹਾ ਲਾਇਲਪੁਰ ਤੇ ਜ਼ਿਲ੍ਹਾ ਝੰਗ ਦੇ ਇਲਾਕਿਆਂ ਵਿਚ ਸੰਦਲ ਦੇ ਰੁੱਖ ਵੇਖੇ ਗਏ ਹਨ, ਪਰ ਇਹ ਰਵਾਇਤ ਵੀ ਇੰਨੀ ਪੱਕੀ-ਪੀਡੀ ਨਹੀਂ।

### ਸਾਂਤਲ

ਸਾਂਤਲ ਵੀ ਅਸਲ ਵਿਚ ਦ੍ਰਾਵਿੜਾਂ ਦਾ ਗੋਤ ਹੈ। ਇਸ ਦੀ ਤਾਰੀਖ ਵੀ ਅਜੀਬੋ-ਗਰੀਬ ਹੈ। ਇਨ੍ਹਾਂ ਦੇ ਪਿਛੋਕੜ ਬਾਰੇ ਤਾਂ ਇੰਨਾ ਇਲਿਮ ਨਹੀਂ, ਪਰ ਇਹ ਗੱਲ ਜ਼ਰੂਰ ਹੈ ਕਿ ਇਹ ਕੌਮ ਭਾਰਤੀ ਉਪ-ਮਹਾਂਦੀਪ ਦੇ ਵੱਖ-ਵੱਖ ਇਲਾਕਿਆਂ ਵਿਚ ਖਿੰਡ ਕੇ ਰਹਿ ਗਈ ਹੈ ਤੇ ਇਥੋਂ ਦੀ ਮੁਕਾਮੀ ਕੌਮ ਨਾਲ ਸੰਬੰਧ ਬਣਾ ਕੇ ਆਪਣੀ ਸ਼ਨਾਖਤ ਖਤਮ ਕਰ ਲਈ, ਪਰ ਡਬਲਿਊ. ਕਰੂਕ ਮੁਤਾਬਿਕ ਇਹ ਗੱਲ ਪੱਕੀ ਕਹੀ ਜਾ ਸਕਦੀ ਹੈ ਕਿ ਇਹ ਲੋਕ ਪੱਛਮ ਦੇ ਪਾਸਿਓਂ ਆਏ ਤੇ ਫਿਰ ਪੂਰਬ ਵੱਲ ਨਿਕਲ ਗਏ। ਇਸ ਦੀ ਵਜ੍ਹਾ ਇਹ ਸੀ ਕਿ ਭੀਲ ਤੇ ਗੋਂਡ ਕੌਮ ਦਾ ਇਥੇ ਜ਼ਿਆਦਾ ਦਬਦਬਾ ਸੀ ਅਤੇ ਇਹ ਪੂਰਬ ਵੱਲ ਜਾਣ ਲਈ ਮਜਬੂਰ ਹੋ ਗਏ। ਇਸ ਤੋਂ ਬਾਅਦ ਸਾਂਤਲ ਕੌਮ ਨੇ ਨਗੌਰ ਸ਼ਹਿਰ ਦੀ ਬਰਹਾਰ ਕੌਮ ਨਾਲ ਲੜਾਈ ਲੜੀ। ਬਰਹਾਰ ਕੌਮ ਵੀ ਅਸਲ ਵਿਚ ਦ੍ਰਾਵਿੜ ਕੌਮ ਸੀ, ਜੋ ਹੌਲੀ-ਹੌਲੀ ਦਰਿਆ ਦਰੋਮਦਾ ਦੇ ਕਿਨਾਰੇ ਆਬਾਦ ਹੋ ਗਈ। ਉਨ੍ਹਾਂ ਇਸ ਦਰਿਆ ਨੂੰ ਪਵਿੱਤਰ ਮੰਨ ਲਿਆ ਤੇ ਆਪਣੇ ਮੁਰਦਿਆਂ ਦਾ ਸਸਕਾਰ ਕਰਨ ਤੋਂ ਬਾਅਦ ਸਵਾਹ ਇਸ ਵਿਚ ਸੁੱਟਣ ਲਗ ਪਏ। ਇਹ ਕੌਮ ਜਿਨਸੀ ਤੌਰ 'ਤੇ ਵੀ ਤਬਾਹ ਹੋ ਗਈ ਸੀ। ਇਹ ਆਪਣੇ ਪਿਉ-ਦਾਦੇ ਦੇ ਰਿਸ਼ਤੇਦਾਰਾਂ ਵਿਚ ਵਿਆਹ ਨਹੀਂ ਸਨ ਕਰਦੇ। ਇਹ ਲੋਕ ਜਾਦੂ ਟੂਣਿਆਂ ਨੂੰ ਮੰਨਣ ਵਾਲੇ ਤੇ ਵਹਿਮਾਂ-ਭਰਮਾਂ ਦੇ ਸ਼ਿਕਾਰ ਸਨ। ਇਸ ਕੌਮ ਦੇ ਕਬੀਲਿਆਂ ਦੀਆਂ ਸਾਰੀਆਂ ਔਰਤਾਂ ਜਿਨ੍ਹਾਂ ਦੀ ਉਮਰ 12 ਸਾਲ ਤੋਂ ਜ਼ਿਆਦਾ ਹੋ ਜਾਂਦੀ ਸੀ, ਉਨ੍ਹਾਂ ਨੂੰ ਪਾਣੀ ਵਿਚ ਖੜ੍ਹਾ ਕਰ ਦਿੰਦੇ, ਇਹ ਵੀ ਉਨ੍ਹਾਂ ਦੇ ਵਹਿਮ-ਭਰਮ ਦਾ ਹੀ ਹਿੱਸਾ ਸੀ। ਰਵਾਇਤਾਂ ਕਹਿੰਦੀਆਂ ਹਨ ਕਿ ਸਾਂਤਲ ਤੋਂ ਹੀ ਹੌਲੀ-ਹੌਲੀ ਸਾਂਦਲ ਬਣ ਗਿਆ, ਪਰ ਇਹ ਵੀ ਕੋਈ ਪੱਕੀ ਤੇ ਠੁਕਵੀਂ ਗੱਲ ਨਹੀਂ।

### ਓਮਲ ਤੇ ਸਾਰੰਗਲ

ਓਮਲ ਤੇ ਸਾਰੰਗਲ ਗੱਖੜਾਂ ਦੇ ਗੋਤ ਸਨ। ਓਮਲ ਤੇ ਸਾਰੰਗਲ ਆਜ਼ਾਦੀ-ਪਸੰਦ, ਦਲੇਰ ਤੇ ਨਿਡਰ ਸਨ। ਸ਼ਹਾਬੁਦੀਨ ਗੌਰੀ ਦੇ ਹਮਲਿਆਂ ਨੇ ਇਨ੍ਹਾਂ ਨੂੰ ਕਾਫੀ ਕਮਜ਼ੋਰ ਕਰ ਦਿੱਤਾ। ਬਾਅਦ ਵਿਚ ਗੱਖੜਾਂ ਦੀਆਂ ਇਹ ਦੋਵੇਂ ਕੌਮਾਂ ਮਜ਼ਹਬ ਬਦਲ ਕੇ ਮੁਸਲਮਾਨ ਹੋ ਗਈਆਂ। ਇਹ ਅੱਜ ਕਲ੍ਹ ਜਿਹਲਮ ਦੇ ਆਲੇ-ਦੁਆਲੇ ਰਹਿ ਰਹੇ ਹਨ। ਇਹ ਗੱਖੜ ਤੇ ਕਿਆਨੀਆਂ ਦੇ ਬੜੇ ਨੇੜੇ ਹਨ। ਇਸ ਕੌਮ ਦੇ ਲੋਕ ਆਪਣੇ ਆਪ ਨੂੰ ਰਾਜਾ ਅਖਵਾਉਂਦੇ ਹਨ। ਬਹੁਤ ਸਾਰੀਆਂ ਰਵਾਇਤਾਂ ਵਿਚ ਇਹ ਵੀ ਮਿਲਦਾ ਹੈ ਕਿ ਸਾਰੰਗਲ ਨਾਂ ਵਿਗੜ ਕੇ ਸਾਂਦਲ ਬਣ ਗਿਆ। ਇਥੋਂ ਹੀ ਇਸ ਇਲਾਕੇ ਦਾ ਨਾਂ ਸਾਂਦਲ ਪੈ ਗਿਆ, ਪਰ ਇਹ ਗੱਲ ਵੀ ਯਕੀਨ ਕਰਨ ਵਾਲੀ ਨਹੀਂ। ਇਸ ਦੇ ਨਾਲ ਇਕ ਹੋਰ ਗੱਲ ਕਹੀ ਜਾਂਦੀ ਹੈ ਕਿ ਸੈਂਡਾ ਬਾਲੀ ਜੋ ਦਰਿਆ ਚਨਾਬ ਦਾ ਪੁਰਾਣਾ ਨਾਂ ਹੈ। ਪ੍ਰਸਿਧ ਖੋਜਕਾਰ ਟਾਲਮੀ, ਚਨਾਬ ਦਾ ਇਹੀ ਨਾਂ ਲਿਖਦਾ ਰਿਹਾ ਹੈ। ਦਰਿਆ ਚਨਾਬ ਦਾ ਇਹ ਪੁਰਾਣਾ ਨਾਂ ਕਈ ਹਵਾਲਿਆਂ ਨਾਲ ਸਾਂਦਲ ਦੇ ਨਾਂ ਨੂੰ ਪੱਕਾ ਕਰਦਾ ਹੈ, ਪਰ ਇਹ ਕਿਹੜਾ ਵੇਲਾ ਹੈ, ਇਸ ਬਾਰੇ ਕੋਈ ਇਲਮ ਨਹੀਂ।

ਇਹ ਸਾਰੀਆਂ ਜਾਣਕਾਰੀਆਂ ਲੱਭਣ ਤੋਂ ਬਾਅਦ ਇਕ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਸਾਂਦਲ ਕਿਸੇ ਬੰਦੇ ਦਾ ਨਾਂ ਸੀ ਅਤੇ ਇਸ ਨਾਂ ਕਰ ਕੇ ਇਲਾਕੇ ਦਾ ਨਾਂ ਸਾਂਦਲ ਪਿਆ। ਇਸ ਬਾਰੇ ਜਾਣਕਾਰੀ ਹੈ ਕਿ ਇਹ ਈਸਾ ਪੂਰਬ ਦਾ ਸੀ। ਬਾਕੀ ਸਭ ਰਵਾਇਤਾਂ ਕਮਜ਼ੋਰ ਹਨ। ਇਹ ਦ੍ਰਵਿੜ ਕੌਮ ਦਾ ਜਵਾਨ ਆਦਮੀ, ਬੜਾ ਤਾਕਤਵਰ ਸੀ। ਇਸ ਦੀ ਹਕੂਮਤ ਇਥੇ ਲੰਮੇ ਵਕਤ ਤੱਕ ਰਹੀ। ਆਪਣੀ ਇਸ ਚੌਧਰ ਦੀ ਵਜ੍ਹਾ ਨਾਲ ਇਲਾਕਾ ਬਾਅਦ ਵਿਚ ਸਾਂਦਲ ਬਾਰ ਬਣ ਗਿਆ। ਅੱਜ ਕੱਲ੍ਹ ਜ਼ਿਲ੍ਹਾ ਨਨਕਾਣਾ ਸਾਹਿਬ ਦੇ ਇਲਾਕੇ ਨੂੰ ਸਾਂਦਲ ਬਾਰ ਦੀ ਧੁੰਨੀ ਕਿਹਾ ਜਾਂਦਾ ਹੈ।

### ਬਾਰ

ਬਾਰ ਉਸ ਜਗ੍ਹਾ ਨੂੰ ਕਹਿੰਦੇ ਹਨ, ਜਿਹੜੀ

(ਬਾਕੀ ਅਗਲੇ ਸਫੇ 'ਤੇ)

ਉਚੀ ਹੋਵੇ, ਉਥੇ ਪਾਣੀ ਨਾ ਲਾਇਆ ਜਾ ਸਕੇ ਤੇ ਬਾਰਿਸ਼ ਦੇ ਪਾਣੀ ਨਾਲ ਹੀ ਫਸਲ ਪੈਦਾ ਹੁੰਦੀ ਹੋਵੇ। ਦੂਜੀ ਦਲੀਲ 'ਬਾਰ' ਲਫਜ਼ ਵਿਗੜ ਕੇ ਬਰਾਨੀ ਬਣਨ ਦੀ ਹੈ। ਮਤਲਬ, ਉਹ ਗ਼ੈਰ-ਆਬਾਦ ਇਲਾਕਾ ਜਿਥੇ ਸਿਰਫ ਕੁਦਰਤੀ ਬਨਸਪਤੀ ਹੀ ਹੁੰਦੀ ਹੋਵੇ, ਉਸ ਨੂੰ ਬਾਰ ਕਿਹਾ ਜਾਂਦਾ ਹੈ। ਸੋਹਿੰਦਰ ਸਿੰਘ ਵਣਜਾਰਾ ਬੇਦੀ 'ਲੋਕਧਾਰਾ' ਵਿਚ ਲਿਖਦੇ ਹਨ- 'ਬਾਰ ਦਾ ਮਤਲਬ ਇਹੋ ਜਿਹੀ ਰੇਤਲੀ ਤੇ ਬੰਜਰ ਧਰਤੀ ਹੈ ਜਿਹੜੀ ਸਦੀਆਂ ਤੋਂ ਗ਼ੈਰ-ਆਬਾਦ ਪਈ ਹੋਵੇ।'

ਇਹ ਇਲਾਕਾ ਜੰਗਲ ਸੀ। ਜੰਗਲੀ ਜੜ੍ਹੀ-ਬੂਟੀਆਂ ਤੇ ਰੁੱਖ ਆਮ ਸਨ। ਪਾਣੀ ਦਾ ਕੋਈ ਖਾਸ ਪ੍ਰਬੰਧ ਨਾ ਹੋਣ ਕਾਰਨ ਇਹ ਇਲਾਕਾ ਖੇਤੀਬਾੜੀ ਲਈ ਢੁੱਕਵਾਂ ਨਹੀਂ ਸੀ। ਇਹ ਜਗ੍ਹਾ ਉਚੀ ਵੀ ਸੀ। ਇਸ ਲਈ ਇਸ ਨੂੰ ਬਾਰ ਆਖਿਆ ਜਾਂਦਾ ਸੀ ਤੇ ਫਿਰ ਉਹ ਸਾਰੇ ਇਲਾਕੇ ਜੋ ਬੰਜਰ ਤੇ ਬੇ-ਅਬਾਦ ਸਨ, ਉਹ ਬਾਰ ਦੇ ਨਾਂ ਨਾਲ ਮਸ਼ਹੂਰ ਹੋ ਗਏ ਤੇ ਕਈ ਛੋਟੀਆਂ-ਛੋਟੀਆਂ ਬਾਰਾਂ ਪੈਦਾ ਹੋ ਗਈਆਂ; ਜਿਵੇਂ ਗੋਂਦਲ ਬਾਰ, ਗੰਜੀ ਬਾਰ, ਨੀਲੀ ਬਾਰ, ਮਾਨਾਂਵਾਲਾ ਬਾਰ ਤੇ ਕਢਾਣਾ ਬਾਰ। ਇਹ ਸਾਰੀਆਂ ਬਾਰਾਂ ਸਾਂਦਲ ਬਾਰ ਦਾ ਹੀ ਹਿੱਸਾ ਹਨ। ਇਹ ਉਸ ਜ਼ਮਾਨੇ ਦੀਆਂ ਗੱਲਾਂ ਹਨ ਜਦੋਂ ਇਹ ਜ਼ਮੀਨਾਂ ਇਥੋਂ ਦੇ ਵਸਨੀਕਾਂ ਦੀਆਂ ਆਪਣੀਆਂ ਸਨ ਤੇ ਇਹ ਹੀ ਇਨ੍ਹਾਂ ਦੇ ਮਾਲਕ ਸਨ। ਇਨ੍ਹਾਂ ਲੋਕਾਂ ਨੇ ਕਦੀ ਵੀ ਸਿਪਾਹੀ ਤੇ ਪਟਵਾਰੀ ਦਾ ਨਾਂ ਨਹੀਂ ਸੀ ਸੁਣਿਆ। ਇਨ੍ਹਾਂ ਦੇ ਆਪਣੇ ਕਾਨੂੰਨ ਤੇ ਆਪਣੀਆਂ ਸੋਚਾਂ ਸਨ।

ਮੀਂਹ ਵੱਸ ਗਿਆ ਬਾਰਾਂ 'ਤੇ,
ਰੱਬ ਸੋਹਣਾ ਫਜ਼ਲ ਕਰੇ
ਪਰਦੇਸੀ ਯਾਰਾਂ 'ਤੇ।

ਪੁਰਾਣੇ ਸਮਿਆਂ ਵਿਚ ਸਾਂਦਲ ਬਾਰ ਦਾ ਇਲਾਕਾ ਦਿੱਲੀ ਤੋਂ ਲੈ ਕੇ ਡੇਰਾ ਗਾਜ਼ੀ ਖਾਂ ਤੱਕ ਸੀ ਤੇ ਸਾਂਦਲ ਬਾਰ ਦੀ ਤਾਰੀਖ ਬਿਲਕੁਲ ਉਹੀ ਤਾਰੀਖ ਹੈ ਜਿਹੜੀ ਪੰਜਾਬ ਦੀ ਹੈ। ਜੇ ਇਸ ਤਾਰੀਖ ਦਾ ਕੋਈ ਅਨੋਖਾ ਪਹਿਲੂ ਹੋ ਸਕਦਾ ਹੈ, ਤਾਂ ਉਹ ਇਹੋ ਹੈ ਕਿ ਸ਼ਹਿਰਾਂ ਨੂੰ ਛੱਡ ਕੇ ਬਾਰ ਦੇ ਜੰਗਲੀ ਇਲਾਕਿਆਂ ਵਿਚ ਵੱਡੇ-ਵੱਡੇ ਹੁਕਮਰਾਨਾਂ ਨੇ ਆਪਣਾ ਅਮਲ ਦਖਲ ਜ਼ਰੂਰੀ ਨਹੀਂ ਸਮਝਿਆ ਤੇ ਬਾਰ ਵਿਚ ਜਿਹੜੇ ਆਬਾਦ ਲੋਕ ਸਨ, ਇਨ੍ਹਾਂ ਨੂੰ ਉਨ੍ਹਾਂ ਆਪਣੇ ਮਾਤਹਿਤ ਕੀਤਾ। ਇਹੋ ਵਜ੍ਹਾ ਸੀ ਕਿ ਇਥੋਂ ਦੇ ਮੂਲ ਨਿਵਾਸੀ, ਜਿਨ੍ਹਾਂ ਨੂੰ ਆਮ ਭਾਸ਼ਾ ਵਿਚ ਜਾਂਗਲੀ ਕਿਹਾ ਜਾਂਦਾ ਸੀ, ਉਨ੍ਹਾਂ ਦੀਆਂ ਵਫ਼ਾਦਾਰੀਆਂ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਵੀ ਵਿਦੇਸ਼ੀ ਹਮਲਾਵਰ ਨਾਲ ਨਹੀਂ ਰਹੀਆਂ। ਬਾਰ ਦਾ ਜਿਹੜਾ ਜੰਗਲੀ ਇਲਾਕਾ ਸੀ, ਇਹ ਹਕੂਮਤੀ ਕਰਿੰਦਿਆਂ ਦੀ ਅੱਖੜਜਾਤ ਨੂੰ ਪੂਰਾ ਨਹੀਂ ਸੀ ਕਰਦਾ। ਸਾਂਦਲ ਬਾਰ ਦੇ ਜਿਹੜੇ ਸ਼ਹਿਰੀ ਇਲਾਕੇ ਸਨ, ਉਨ੍ਹਾਂ 'ਤੇ ਉਨ੍ਹਾਂ ਨੇ ਆਪਣਾ ਕਬਜ਼ਾ ਜ਼ਰੂਰੀ ਸਮਝਿਆ ਜਦ ਕਿ ਜੰਗਲਾਂ ਵਿਚ ਉਨ੍ਹਾਂ ਦੀ ਕੋਈ ਹਕੂਮਤ ਨਹੀਂ ਸੀ ਹੁੰਦੀ। ਇਨ੍ਹਾਂ ਗੱਲਾਂ ਨੇ ਹੀ ਇਥੋਂ ਦੀਆਂ ਬਾਰੀ ਕੌਮਾਂ ਨੂੰ ਮਕਸੂਸ ਖੂਬੀ ਬਖਸ਼ੀ, ਜਿਸ ਤਹਿਤ ਉਹ ਸਿਰਫ ਆਪਣੇ ਨਾਇਕਾਂ ਨੂੰ ਹੀ ਸਾਰੀਆਂ ਖੂਬੀਆਂ ਦਾ ਮਾਲਕ ਕਹਿੰਦੇ ਰਹੇ ਤੇ ਕਿਸੇ ਬਾਹਰਲੇ ਵਿਦੇਸ਼ੀ ਦੇ ਨਿਜ਼ਾਮ ਦੇ ਮਾਤਹਿਤ ਨਹੀਂ ਹੋਏ। ਵੱਡੇ-ਵੱਡੇ ਸ਼ਹਿਰਾਂ 'ਤੇ ਹੁਕਮਰਾਨਾਂ ਦੇ ਕਬਜ਼ੇ ਰਹੇ, ਪਰ ਜੰਗਲ ਦੀ ਫ਼ਿਜ਼ਾ ਨੂੰ ਕੋਈ ਫਰਕ ਨਹੀਂ ਪਿਆ।

ਹਾਂ, ਸਾਂਦਲ ਬਾਰ ਦੀ ਧਰਤੀ ਨੇ ਸ਼ਾਹੀ ਕਾਫ਼ਲੇ ਅਤੇ ਸਿਆਹ ਸੈਰ-ਓ-ਤਫਰੀ ਕਰਨ ਵਾਲਿਆਂ ਪੈਰਾਂ ਦੀ ਆਵਾਜ਼ ਜ਼ਰੂਰ ਸੁਣੀ ਤੇ ਕਦੀ-ਕਦੀ ਇਸ ਜੰਗਲ ਵਿਚ ਬੇਤਾਜ ਬਾਦਸ਼ਾਹਾਂ ਨੇ ਵੀ ਆਪਣੇ ਡੇਰੇ ਲਾਈ ਰੱਖੇ ਤੇ ਵੱਡੇ-ਵੱਡੇ ਜਰਨੈਲਾਂ ਨੇ ਵੀ ਇਨ੍ਹਾਂ ਜੰਗਲਾਂ ਵਿਚ ਪਨਾਹ ਲੈਣਾ ਪਸੰਦ ਕੀਤਾ। ਪੰਜਾਬ ਦੀ ਤਾਰੀਖ ਦੇ ਹਵਾਲੇ ਨਾਲ ਹੋਰ ਗੱਲ ਮਿਲਦੀ ਹੈ ਕਿ ਸ਼ਾਹ ਜਮਾਨ ਨੇ 1855 ਬਿਕਰਮੀ ਵਿਚ ਜਦੋਂ ਠੰਢ ਦਾ ਮੌਸਮ ਸੀ, ਉਦੋਂ ਸਹਿੰਚੀ ਖਾਂ ਦੇ ਕਤਲ ਦਾ ਬਦਲਾ ਲੈਣ ਲਈ ਕਾਬੁਲ ਤੋਂ ਬੜੀ ਵੱਡੀ ਫ਼ੌਜ ਨਾਲ ਪੰਜਾਬ 'ਤੇ ਚੜ੍ਹਾਈ ਕੀਤੀ ਤੇ ਸਿੱਖ ਜੰਗਲਾਂ ਵਿਚ ਜਾ ਵੜੇ। ਇਹੀ ਨਹੀਂ, ਇਨ੍ਹਾਂ ਜੰਗਲਾਂ ਵਿਚ ਸੂਫੀਆਂ ਤੇ ਦਰਵੇਸ਼ਾਂ ਦੇ ਡੇਰੇ ਵੀ ਰਹੇ ਹਨ ਜਿਥੋਂ ਲੋਕਾਈ ਨੂੰ ਇਨਸਾਨੀਅਤ ਦਾ ਸੁਨੇਹਾ ਦਿੱਤਾ ਗਿਆ।

ਸਾਂਦਲ ਬਾਰ ਦੀ ਧਰਤੀ ਦਾ ਜ਼ਿਕਰ ਸਿਕੰਦਰ-ਏ-ਆਜ਼ਮ ਦੇ ਫੌਜੀ ਮਾਅਰਕਿਆਂ ਵਿਚ ਵੀ ਮਿਲਦਾ ਹੈ, ਜਦੋਂ ਉਹ ਪੰਜਾਬ 'ਤੇ ਹਮਲਾਵਰ ਹੋਇਆ ਤੇ ਉਸ ਨੂੰ ਮੂੰਹ ਦੀ ਖਾਣੀ ਪਈ। ਤਾਰੀਖੀ ਤੌਰ 'ਤੇ ਇਹ ਉਹੋ ਸਾਂਦਲ ਬਾਰ ਹੈ ਜਿਥੇ ਉਸ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਉਠਾਉਣਾ ਪਿਆ। ਇਥੋਂ ਦੇ ਲੱਗੇ ਫੱਟ ਉਸ ਨੂੰ ਅਗਾਂਹ ਤੁਰਨ ਤੋਂ ਵਰਜਦੇ ਰਹੇ ਤੇ ਅਖੀਰ ਉਹ ਇਥੋਂ ਹੀ ਪੰਜਾਬ ਤੋਂ ਸਿੰਧ ਤੇ ਸਿੰਧ ਤੋਂ ਵਾਪਸ ਵਤਨ ਚਲਾ ਗਿਆ। ਸਾਂਦਲ ਬਾਰ ਦੇ ਲੋਕ ਬਾਹਰ ਦੇ ਹਮਲਾਵਰਾਂ ਨੂੰ ਮਲੀਚ ਸਮਝਦੇ ਹੋਏ ਉਨ੍ਹਾਂ ਨੂੰ ਚੰਗਾ ਨਹੀਂ ਸਨ ਜਾਣਦੇ, ਕਿਉਂਕਿ ਇਹ ਆਜ਼ਾਦ ਰਹਿਣ ਦੇ ਆਦੀ ਸਨ। ਇਨ੍ਹਾਂ ਲੋਕਾਂ ਦਾ ਆਪਣਾ ਸਭਿਆਚਾਰ ਤੇ ਆਪਣੇ ਕਾਨੂੰਨ ਸਨ। ਸਿਕੰਦਰ ਦੇ ਵੇਲੇ ਦੇ ਸੰਨਿਆਸੀਆਂ ਦੀ ਗੱਲਬਾਤ ਤੋਂ ਵੀ ਪਤਾ ਲਗਦਾ ਹੈ ਕਿ ਇਹ ਲੋਕ ਸਿਕੰਦਰ ਨੂੰ ਮਲੀਚ ਸਮਝਦੇ ਸਨ।

ਹੁਣ ਮੈਂ ਇਸ ਧਰਤੀ 'ਤੇ ਕੁਝ ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਸ ਤੋਂ ਪਤਾ ਲੱਗੇਗਾ ਕਿ ਸਾਂਦਲ ਬਾਰ ਦੀ ਜਾਂਗਲੀ ਕੌਮ ਕਿੰਨੀ ਦਲੇਰ, ਤਕੜੀ ਤੇ ਗ਼ੈਰਤਮੰਦ ਸੀ। ਸਾਂਦਲ ਬਾਰ ਦੇ ਬਾਰੀ ਲੋਕ ਕੱਦ ਦੇ ਲੰਮੇ, ਖ਼ੂਬਸੂਰਤ ਚਿਹਰੇ, ਚੌੜੇ ਸੀਨੇ ਤੇ ਉਚੇ ਲੰਮੇ ਗੱਭਰੂ ਜਵਾਨ ਸਨ। ਪੰਜਾਬ ਦੀ ਧਰਤੀ 'ਤੇ ਸਭ ਤੋਂ ਪਹਿਲਾ ਹਮਲਾ ਮਿਸਰ ਫਰੋਨ ਓਸਰਸ ਅਤੇ ਦੂਜਾ ਹਮਲਾ ਸਾਮ ਮੁਲਕ ਦੇ ਸਮਰਾਟ ਨੇ ਕੀਤਾ। ਇਹ ਜੰਗ ਇੰਨੀ ਖਤਰਨਾਕ ਸੀ ਕਿ ਉਸ ਦੇ ਸਿਰਫ 20 ਸਿਪਾਹੀ ਹੀ ਬਚੇ, ਜਿਨ੍ਹਾਂ ਨੂੰ ਲੈ ਕੇ ਉਹ ਆਪਣੀ ਜਾਨ ਬਚਾ ਕੇ ਨੱਸ ਗਿਆ। ਤੀਸਰਾ ਹਮਲਾ ਮਸਟੋਰੀਅਸ ਅਤੇ ਚੌਥਾ ਹਮਲਾ 538 ਈਸਾ ਪੂਰਬ ਵਿਚ ਇਰਾਨ ਸਾਇਰਸ ਨੇ ਕੀਤਾ। ਇਹ ਹੁਕਮਰਾਨ ਵੀ ਸਿਰਫ 7 ਸਿਪਾਹੀ ਬਚਾ ਕੇ ਵਾਪਸ ਚਲਾ ਗਿਆ ਤੇ ਬਾਕੀਆਂ ਦਾ ਹਸ਼ਰ ਵੀ ਪਹਿਲਾਂ ਜਿਹਾ ਹੀ ਹੋਇਆ। ਇਸ ਤੋਂ ਬਾਅਦ ਇਰਾਨ ਦਾ ਦਾਰਾ ਇਥੇ ਆ ਵੜਿਆ ਤੇ ਇਥੋਂ ਜ਼ਲੀਲ ਹੋ ਕੇ ਨੱਸਣ ਲਈ ਮਜਬੂਰ ਹੋ ਗਿਆ।

***ਪੁਰਾਣੇ ਸਮਿਆਂ ਵਿਚ ਸਾਂਦਲ ਬਾਰ ਦਾ ਇਲਾਕਾ ਦਿੱਲੀ ਤੋਂ ਲੈ ਕੇ ਡੇਰਾ ਗਾਜ਼ੀ ਖਾਂ ਤੱਕ ਸੀ ਤੇ ਸਾਂਦਲ ਬਾਰ ਦੀ ਤਾਰੀਖ ਬਿਲਕੁਲ ਉਹੀ ਤਾਰੀਖ ਹੈ ਜਿਹੜੀ ਪੰਜਾਬ ਦੀ ਹੈ। ਜੇ ਇਸ ਤਾਰੀਖ ਦਾ ਕੋਈ ਅਨੋਖਾ ਪਹਿਲੂ ਹੋ ਸਕਦਾ ਹੈ, ਤਾਂ ਉਹ ਇਹੋ ਹੈ ਕਿ ਸ਼ਹਿਰਾਂ ਨੂੰ ਛੱਡ ਕੇ ਬਾਰ ਦੇ ਜੰਗਲੀ ਇਲਾਕਿਆਂ ਵਿਚ ਵੱਡੇ-ਵੱਡੇ ਹੁਕਮਰਾਨਾਂ ਨੇ ਆਪਣਾ ਅਮਲ ਦਖਲ ਜ਼ਰੂਰੀ ਨਹੀਂ ਸਮਝਿਆ ਤੇ ਬਾਰ ਵਿਚ ਜਿਹੜੇ ਆਬਾਦ ਲੋਕ ਸਨ, ਇਨ੍ਹਾਂ ਨੂੰ ਉਨ੍ਹਾਂ ਆਪਣੇ ਮਾਤਹਿਤ ਕੀਤਾ। ਇਹੋ ਵਜ੍ਹਾ ਸੀ ਕਿ ਇਥੋਂ ਦੇ ਮੂਲ ਨਿਵਾਸੀ, ਜਿਨ੍ਹਾਂ ਨੂੰ ਆਮ ਭਾਸ਼ਾ ਵਿਚ ਜਾਂਗਲੀ ਕਿਹਾ ਜਾਂਦਾ ਸੀ, ਉਨ੍ਹਾਂ ਦੀਆਂ ਵਫ਼ਾਦਾਰੀਆਂ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਵੀ ਵਿਦੇਸ਼ੀ ਹਮਲਾਵਰ ਨਾਲ ਨਹੀਂ ਰਹੀਆਂ।***

ਮੁਗਲ ਸਮਰਾਟ ਬਾਬਰ ਦੀ ਸਵੈ-ਜੀਵਨੀ 'ਤੁਜ਼ਕੇ ਬਾਬਰੀ' ਵਿਚ ਲਿਖਿਆ ਖੁਸਾਬ, ਚਨਾਬ ਤੇ ਪੇਰੇ ਦਾ ਇਲਾਕਾ ਕਈ ਸਾਲਾਂ ਤੋ ਅਮੀਰ-ਏ-ਤੈਮੂਰ ਦੀ ਹਕੂਮਤ ਵਿਚ ਰਿਹਾ ਸੀ। ਬਾਬਰ ਨੇ ਹੁਕਮ ਦਿੱਤਾ ਸੀ ਕਿ ਇਸ ਇਲਾਕੇ ਦੇ ਕਿਸੇ ਵੀ ਵਸਨੀਕ ਨੂੰ ਨਾ ਕੋਈ ਦੁੱਖ ਦਿੱਤਾ ਜਾਵੇ ਤੇ ਨਾ ਹੀ ਉਨ੍ਹਾਂ ਦੇ ਭੇਡ, ਬੱਕਰੀ ਤੇ ਮੱਝ-ਗਾਂ ਨੂੰ ਕਿਸੇ ਦੀ ਮਲਕੀਅਤ ਸਮਝਿਆ ਜਾਵੇ। ਇਸ ਦੀ ਦੂਜੀ ਵਜ੍ਹਾ ਇਹ ਸੀ ਕਿ ਜੰਜੂਆ ਕੌਮ ਦੇ 23 ਸਾਲਾ ਨੌਜਵਾਨ ਸਰਦਾਰ ਮਲਕ ਹਸਤ ਨੇ ਬਾਬਰ ਦੀ ਬਾਦਸ਼ਾਹਤ ਕਬੂਲ ਲਈ ਸੀ। ਬਾਬਰ ਨੇ ਇਸ ਇਲਾਕੇ ਦਾ ਦੂਜੀ ਵਾਰੀ ਤਜਕਰਾ ਉਦੋਂ ਕੀਤਾ ਜਦੋਂ ਹਿੰਦਾਲ ਜੰਮਿਆਂ। ਹਿੰਦਾਲ ਉਦੋਂ ਪੈਦਾ ਹੋਇਆ ਜਦੋਂ ਬਾਬਰ ਨੇ ਹਿੰਦੋਸਤਾਨ ਫਤਹਿ ਕੀਤਾ। ਇਸੇ ਵਜ੍ਹਾ ਕਰ ਕੇ ਉਸ ਦਾ ਨਾਂ ਹਿੰਦਾਲ ਰੱਖਿਆ ਗਿਆ। ਇਥੋਂ ਹੀ ਇਸ ਦੀ ਪੈਦਾਇਸ਼ ਦੀ ਖ਼ਬਰ ਸੁਣ ਕੇ ਵੱਡੀ ਦਾਅਵਤ ਦਿੱਤੀ। ਇਸ ਤੋਂ ਬਾਅਦ ਚਨਾਬ ਦਾ ਸਾਰਾ ਇਲਾਕਾ ਜੋ ਸਾਂਦਲ ਬਾਰ ਸੀ, ਹੁਸੈਨ ਕਿਰਾਰ ਨੂੰ ਦੇ ਦਿੱਤਾ। ਕਿਸੇ ਵੀ ਇਲਾਕੇ ਦੀ ਸ਼ਾਨੋ-ਸ਼ੌਕਤ ਦਾ ਅੰਦਾਜ਼ਾ ਉਥੋਂ ਦੇ ਅਦੀਬਾਂ ਦੀਆਂ ਨਸਰਾਂ ਤੇ ਨਜ਼ਮਾਂ, ਸ਼ਾਇਰਾਂ ਤੇ ਖੋਜਕਾਰਾਂ ਦੀਆਂ ਲਿਖਤਾਂ ਤੋਂ ਲਗਾਇਆ ਜਾ ਸਕਦਾ ਹੈ। ਸਾਂਦਲ ਬਾਰ ਦਾ ਇਲਾਕਾ ਇਸ ਹਵਾਲੇ ਨਾਲ ਪਾਕਿਸਤਾਨੀ ਪੰਜਾਬ ਦੇ ਦੂਸਰੇ ਇਲਾਕਿਆਂ ਤੋਂ ਬਹੁਤ ਅੱਗੇ ਹੈ। ਇਸ ਦੀ ਵਜ੍ਹਾ ਇਹ ਹੈ ਕਿ ਸਾਂਦਲ ਬਾਰ ਦਾ ਜ਼ਿਕਰ ਇਥੋਂ ਦੇ ਬਾਦਸ਼ਾਹਾਂ ਦੀਆਂ ਹਕੂਮਤਾਂ, ਸਫ਼ਰਨਾਮਿਆਂ ਤੇ ਮਾਜੀ ਦੇ ਜਿਹੜੇ ਸੂਫੀ ਤੇ ਸ਼ਾਇਰ ਸਨ, ਉਨ੍ਹਾਂ ਦੇ ਕਲਾਮਾਂ ਵਿਚ ਵੀ ਮਿਲਦਾ ਹੈ। ਇਥੋਂ ਇਹ ਵੀ ਮਾਲੂਮ ਹੁੰਦਾ ਹੈ ਕਿ ਸਾਂਦਲ ਬਾਰ ਦਾ ਇਲਾਕਾ ਲੋਕ ਕਦਰਾਂ ਦਾ ਵੱਡਾ ਕੇਂਦਰ ਸੀ। ਤਾਰੀਖ ਦੇ ਹਰ ਦੌਰ ਵਿਚ ਹੁਕਮਰਾਨਾਂ ਤੇ ਅਹਿਲ-ਏ-ਕਲਮ ਲੋਕਾਂ ਨੇ ਸਾਂਦਲ ਬਾਰ ਨੂੰ ਪੁਰ-ਕਸ਼ਿਸ਼ ਪਾਇਆ।

ਸਾਂਦਲ ਬਾਰ ਦੀ ਧਰਤੀ ਕਿੰਨੀ ਪੁਰਾਣੀ ਹੈ, ਇਸ ਗੱਲ ਦਾ ਅੰਦਾਜ਼ਾ ਤੁਸੀਂ ਇਥੋਂ ਲਾ ਸਕਦੇ ਹੋ ਕਿ ਸਾਂਦਲ ਬਾਰ ਦਾ ਜਿਹੜਾ ਕਦੀਮ-ਤਰੀਨ ਖੰਡਰ ਹੈ, ਜੋ ਨਨਕਾਣਾ ਸਾਹਿਬ ਤੋਂ ਦੋ ਕਿਲੋਮੀਟਰ ਦੂਰ ਹੈ, ਪੂਰਬ ਵਾਲੇ ਪਾਸੇ ਮਿਲਿਆ ਹੈ। ਇਸ ਜਗ੍ਹਾ ਤੇ ਛੋਟੇ-ਵੱਡੇ ਖੱਡੇ ਹੋਣ ਕਾਰਨ ਇਸ ਜਗ੍ਹਾ ਦਾ ਨਾਂ ਖੱਡਾਂ ਵਾਲਾ ਪੈ ਗਿਆ। ਇਹ ਸਾਰੀਆਂ ਈਸਾ ਪੂਰਵ ਦੀਆਂ ਖੰਡਰਾਤ ਨੇ ਤੇ ਦੂਜੀ ਗੱਲ ਸ਼ਾਹ ਕੋਟ, ਜੋ ਨਨਕਾਣਾ ਸਾਹਿਬ ਦੀ ਤਹਿਸੀਲ ਹੈ, ਇਥੋਂ ਪੰਜਵੀਂ ਸਦੀ ਵਿਚ ਸਿਕਿਆਂ ਦਾ ਭਰਿਆ ਜਨਾਨੀ ਤਰਜ਼ ਦਾ ਬਰਤਨ ਮਿਲਿਆ ਸੀ ਤੇ ਉਸ ਵਕਤ ਇਹ ਜ਼ਿਲ੍ਹਾ ਝੰਗ ਵਿਚ ਸ਼ਾਮਿਲ ਸੀ।

ਪੰਜਾਬ ਦੀਆਂ ਮਸ਼ਹੂਰ ਲੋਕ ਦਾਸਤਾਨਾਂ-ਹੀਰ-ਰਾਂਝਾ, ਸੋਹਣੀ-ਮਹੀਂਵਾਲ ਤੇ ਮਿਰਜ਼ਾ-ਸਾਹਿਬਾਂ ਸਾਂਦਲ ਬਾਰ ਦੀ ਧਰਤੀ 'ਤੇ ਹੀ ਹੋਈਆਂ। ਇਥੇ ਸਿਰਫ ਨਿਰੀਆਂ-ਪੁਰੀਆਂ ਇਸ਼ਕ-ਮੁਸ਼ਕ ਦੀਆਂ ਕਹਾਣੀਆਂ ਹੀ ਨਹੀਂ ਬਣੀਆਂ, ਸਗੋਂ ਬੜੇ ਵੱਡੇ ਸੂਫ਼ੀ ਬਜ਼ੁਰਗ, ਬੜੇ ਦਲੇਰ ਸੂਰਮੇ ਵੀ ਇਸ ਧਰਤੀ ਨੇ ਪੈਦਾ ਕੀਤੇ। ਸਾਂਦਲ ਬਾਰ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਸ੍ਰੀ ਗੁਰੂ ਨਾਨਕ ਪੈਦਾ ਹੋਏ। ਸ਼ੇਖ਼ੂਪੁਰਾ ਦੇ ਨਾਲ ਹੀ ਜੰਡਿਆਲਾ ਸ਼ੇਰ ਖਾਂ ਵਿਚ ਹੀਰ ਦੇ ਲਿਖਾਰੀ ਵਾਰਿਸ਼ ਸ਼ਾਹ ਦਾ ਜਨਮ ਹੋਇਆ। ਯੂਸਫ ਜੁਲੈਖਾਂ ਦੇ ਲਿਖਾਰੀ ਮੌਲਵੀ ਅਬਦੁਲ ਸਿਤਾਰ ਦਾ ਜਨਮ ਵੀ ਸ਼ੇਖ਼ੂਪੁਰਾ ਵਿਖੇ ਹੀ ਹੋਇਆ। ਇਹ ਸਾਰਾ ਇਲਾਕਾ ਸਾਂਦਲ ਬਾਰ ਦਾ ਹੈ। ਇਸ ਤੋਂ ਇਲਾਵਾ ਸੁਲਤਾਨ ਬਾਹੂ, ਰਾਜਾ ਪੋਰਸ, ਵੀਰੂ ਰਸਲ, ਭਗਤ ਸਿੰਘ, ਰਾਏ ਅਹਿਮਦ ਖਾਂ ਖਰਲ, ਮੁਰਾਦ ਫਤਿਆਣਾ, ਬਹਾਦਰ ਸ਼ਾਹ ਦੀ ਮਾਂ, ਜਨਰਲ ਬਖਤ ਖਾਂ, ਦੁੱਲਾ ਭੱਟੀ, ਰਾਏ ਬੁਲਾਰ, ਮੀਆਂ ਬਹਾਦਰ ਬਲੋਚ, ਨੁਕਰਾ ਬਲੋਚ ਮੀਆਂ ਰਾਜਾ ਆਦਿ ਉਹ ਲੋਕ ਹਨ, ਜੋ ਇਥੇ ਜੰਮੇ-ਪਲੇ ਜਾਂ ਕਿਸੇ ਤਰ੍ਹਾਂ ਇਸ ਧਰਤੀ ਨਾਲ ਉਨ੍ਹਾਂ ਦਾ ਤਾਅਲੁਕ ਰਿਹਾ। ਇਨ੍ਹਾਂ ਵਿਚੋਂ ਕਈ ਸ਼ਾਇਰ, ਸੁਤੰਤਰਤਾ ਸੰਗਰਾਮੀ ਤੇ ਕਈ ਧਾਰਮਿਕ ਖੇਤਰ ਨਾਲ ਸਬੰਧਤ ਹਨ।

ਅਖੀਰ ਵਿਚ ਮੈਂ ਸਾਂਦਲ ਬਾਰ ਦੇ ਨਾਇਕਾਂ ਨੂੰ ਅਕੀਦਤ ਦੇ ਫੁੱਲ ਭੇਟ ਕਰਦਿਆਂ ਲੇਖ ਖਤਮ ਕਰਦਾ ਹਾਂ:

ਜਿਹੜੇ ਹੋਣ ਦਿਨਾਂ ਦੇ ਪੂਰੇ,
ਉਹ ਮਾਪਿਆਂ ਦੀ ਪੱਗ ਬਣਦੇ।
ਸਿਰ ਵਾਰ ਕੇ ਸਾਂਦਲ ਜਿੱਤ ਲਈ,
ਆਹਮੇ ਦੀਆਂ ਪੈਣ ਝੂਮਰਾਂ।

# ਕਾਵਿ ਜਗਤ

## ਮਾਂ ਬੋਲੀ

ਮਾਂ ਮੇਰੀ ਪੰਜਾਬੀ ਬੋਲੀ
ਅੱਖਰਾਂ ਨਾਲ ਭਰੀ ਮੇਰੀ ਝੋਲੀ।
ਅੱਖਰ ਇਸ ਦੇ ਪਿਆਰੇ ਅੱਖਰ
ਅੱਖਰ ਆਕਾਸ਼ ਦੇ ਤਾਰੇ ਅੱਖਰ।
ਸਤਿਗੁਰ ਨੇ ਸਤਿਕਾਰੇ ਅੱਖਰ
ਮੈਨੂੰ ਜਾਨ ਤੋਂ ਪਿਆਰੇ ਅੱਖਰ।
ਅੱਖਰਾਂ ਨੇ ਮੈਨੂੰ ਬੋਲਣ ਲਾਇਆ
ਅੱਖਰਾਂ ਮੈਨੂੰ ਜਿਉਣ ਸਿਖਾਇਆ।

ਅੱਖਰਾਂ ਜਿਹੀ ਹੈ ਰੀਸ ਨਾ ਕੋਈ
ਅੱਖਰਾਂ ਜਿਹੀ ਬਖਸ਼ੀਸ਼ ਨਾ ਕੋਈ।
ਅੱਖਰਾਂ ਨੂੰ ਪੱਟੀ 'ਤੇ ਲਿਖਿਆ
ਅੱਖਰਾਂ ਨੇ ਮੈਨੂੰ ਦਿਤੀ ਸਿਖਿਆ।
ਮਾਂ ਬੋਲੀ ਅੱਖਰਾਂ ਵਿਚ ਬੋਲੇ
ਅੱਖਰਾਂ ਤੋਂ ਮੈਂ ਜਾਵਾਂ ਘੋਲੇ।
ਅੱਖਰਾਂ ਦੀ ਕੀਹ ਕਹਾਂ ਕਹਾਣੀ
ਅੱਖਰ ਅੱਗ, ਧਰਤੀ ਤੇ ਪਾਣੀ।

ਅੱਖਰਾਂ ਵਿਚ ਮੈਂ ਲੋਰੀਆਂ ਗਾਵਾਂ
ਅੱਖਰਾਂ ਵਿਚ ਮੈਂ ਘੋੜੀਆਂ ਗਾਵਾਂ।
ਅੱਖਰਾਂ ਵਿਚ ਮੈਂ ਪੜ੍ਹਾਂ ਕਿਤਾਬ
ਅੱਖਰਾਂ ਵਿਚ ਮੈਂ ਕਰਾਂ ਹਿਸਾਬ।
ਅੱਖਰਾਂ ਤੋਂ ਮੈਂ ਵਾਰੇ ਜਾਵਾਂ
ਵਾਰੇ ਕੀ, ਬਲਿਹਾਰੇ ਜਾਵਾਂ।
ਅੱਖਰਾਂ ਨੇ ਮੇਰਾ ਮਾਣ ਬਣਾਇਆ
ਅੱਖਰਾਂ ਨੇ ਮੇਰਾ ਤਾਣ ਬਣਾਇਆ।

ਅੱਖਰਾਂ ਵਿਚ ਲਿਖਦੀ ਗੁਰਬਾਣੀ
ਅੱਖਰਾਂ ਵਿਚ ਮੈਂ ਲਿਖਾਂ ਕਹਾਣੀ।
ਅੱਖਰਾਂ ਦੇ ਵਿਚ ਗੀਤ ਲਿਖਾਂ ਮੈਂ
ਅੱਖਰਾਂ ਵਿਚ ਸੰਗੀਤ ਸਿਖਾਂ ਮੈਂ।
ਅੱਖਰਾਂ ਦੇ ਵਿਚ ਗਜ਼ਲ ਲਿਖਾਂ ਮੈਂ
ਸੋਹਣੇ ਰਬ ਦਾ ਫਜ਼ਲ ਲਿਖਾਂ ਮੈ।
ਜਦ ਅੱਖਰਾਂ ਵਿਚ ਲਿਖਦੀ ਲੇਖ
ਕਲਮ ਰੇਖ ਵਿਚ ਮਾਰੇ ਮੇਖ।

ਅੱਖਰਾਂ ਦੀ ਹੈ ਕਥਾ ਨਿਆਰੀ
ਅੱਖਰਾਂ ਤੋਂ ਜਾਵਾਂ ਬਲਿਹਾਰੀ।
ਅੱਖਰ ਮੈਨੂੰ ਦੇਣ ਜ਼ੁਬਾਨ
ਅੱਖਰਾਂ ਤੋਂ ਜਾਵਾਂ ਕੁਰਬਾਨ।
ਅੱਖਰਾਂ ਮੇਰੀ ਆਨ ਬਣਾਈ
ਅੱਖਰਾਂ ਮੇਰੀ ਸ਼ਾਨ ਬਣਾਈ।
ਬਿਨ ਅੱਖਰਾਂ ਔਕਾਤ ਨਾ ਕੋਈ
ਬਿਨ ਅੱਖਰਾਂ ਮੇਰੀ ਜ਼ਾਤ ਨਾ ਕੋਈ।

ਅੱਖਰ ਜਦੋਂ ਕਲਮ ਨਾਲ ਵਾਹਵਾਂ
ਅੱਖਰਾਂ ਨੂੰ ਫਿਰ ਲਿਖਦੀ ਜਾਵਾਂ।
ਅੱਖਰਾਂ ਦੇ ਜਦ ਸ਼ਬਦ ਬਣਾਵਾਂ
ਅੱਖਰਾਂ ਨਾਲ ਮੈਂ ਤਖਤ ਹਿਲਾਵਾਂ।
ਅੱਖਰ ਜਦ ਕਾਗਜ਼ 'ਤੇ ਪਾਵਾਂ
ਸੁੱਤਾ ਪਿਆ ਸਮਾਜ ਜਗਾਵਾਂ।
ਅੱਖਰਾਂ ਦੇ ਨਾਲ ਫਰਕਣ ਬਾਹਵਾਂ
ਅੱਖਰਾਂ ਨਾਲ ਮੈਂ ਭੁਚਾਲ ਲਿਆਵਾਂ।

ਮਾਂ ਬੋਲੀ ਦੀ ਮੈਂ ਇੱਕ ਧੀ ਹਾਂ
ਅੱਖਰਾਂ ਨਾਲ ਰਹੀ ਮੈਂ ਜੀ ਹਾਂ।
ਅੱਖਰਾਂ ਨਾਲ ਪਿਆਰ ਹੈ ਮੇਰਾ
ਅੱਖਰਾਂ ਵਿਚ ਸਤਿਗੁਰ ਦਾ ਚਿਹਰਾ।
ਅੱਖਰਾਂ ਦੇ ਨਾਲ ਸੱਚ ਮੈਂ ਬੋਲਾਂ
ਸੱਚ ਲਿਖਦੀ ਮੈਂ ਕਦੀ ਨਾ ਡੋਲਾਂ।
ਅੱਖਰਾਂ ਨਾਲ ਪ੍ਰੀਤ ਪਈ ਹੈ।
ਤਾਂ ਜਿਉਂਦੀ 'ਸੁਰਜੀਤ' ਪਈ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

## ਦਿਲ ਨੂੰ ਛੋਟਾ ਨਾ ਕਰ

ਐਵੇਂ ਦਿਲ ਨੂੰ ਛੋਟਾ ਨਾ ਕਰ
ਔਖੇ ਵੇਲੇ ਰਾਹ ਬੜੇ ਨੇ।
ਲੜਦਾ ਲੜਦਾ ਮੁਕ ਜਾਵੇਂਗਾ
ਘੱਟਦੇ ਛੇਤੀ ਸਾਹ ਬੜੇ ਨੇ।
ਦਾਵੇ ਕਰਦਾ ਉਚੇ ਉਚੇ
ਵੇਖੇ ਡਿਗਦੇ ਸ਼ਾਹ ਬੜੇ ਨੇ।
ਜਿਨ੍ਹਾਂ ਨੂੰ ਤੂੰ ਮਿੱਤਰ ਕਹਿਨਾਂ
ਔਖ ਵੇਲੇ ਨੰਗ ਬੜੇ ਨੇ।

ਪੱਗ ਵਟਾ ਕੇ ਭਾਈ ਬਣਦੇ
ਇਨ੍ਹਾਂ ਪਿਛੇ ਛੱਲ ਬੜੇ ਨੇ।
ਢੱਠੇ ਖੂਹ ਤੇ ਢੱਠੇ ਖੰਡਰ
ਡੂੰਘੇ ਲੁਕਵੇਂ ਰਾਜ ਬੜੇ ਨੇ।
ਦਰਿਆਵਾਂ ਦੇ ਸੁੱਕੇ ਪਾਣੀ
ਵੇਖੇ ਇਨ੍ਹਾਂ ਹੜ੍ਹ ਬੜੇ ਨੇ।
ਚੜ੍ਹਦੇ ਚੜ੍ਹਦੇ ਟੀਸੀ ਚੜ੍ਹ'ਗੇ
ਉਤਰਨ ਵੇਲੇ ਵਲ ਬੜੇ ਨੇ।
ਬਹੁਤਿਆਂ ਦਾ ਕੋਈ ਦਾਵਾ ਨਾ ਕਰ
ਚੰਗੇ ਸੱਜਣ ਚਾਰ ਬੜੇ ਨੇ।

ਪੱਕੇ ਵੇਖ ਨਾ ਕੱਚੇ ਢਾਵੀਂ
ਕੱਚੇ ਗਿਣਤੀ ਵਿਚ ਬੜੇ ਨੇ।
ਜਿਹੜੇ ਬਹੁਤੀਆਂ ਕਸਮਾਂ ਖਾਂਦੇ
ਇੱਥੇ ਸੱਜਣ ਠੱਗ ਬੜੇ ਨੇ।
ਚੰਗੇ ਮਾੜੇ ਦੁਨੀਆਂ ਦੇ ਵਿਚ
ਫੁੱਲਾਂ ਦੇ ਨਾਲ ਖਾਰ ਬੜੇ ਨੇ।
ਦਰਦ ਵਿਛੋੜਾ ਕੁਝ ਨਹੀਂ ਕਹਿੰਦਾ
ਦੁਖਾਂ ਤਾਂ ਗੁਝੇ ਹੋਰ ਬੜੇ ਨੇ।

ਉਚੀ ਉਚੀ ਰੌਲਾ ਨਾ ਪਾ
ਚੁੱਪ ਰਹਿਣ ਵਿਚ ਮਜ਼ੇ ਬੜੇ ਨੇ।
ਹਫੜਾ-ਦਫੜੀ ਚਾਰ-ਚੁਫੇਰੇ
ਮੰਡੀ ਵਿਕਦੇ ਯਾਰ ਬੜੇ ਨੇ।
ਜੇ ਦਿੱਲੀ ਕਮਦਿਲਿਆਂ ਦੀ ਨਗਰੀ
ਸ਼ਾਹੀ ਕਿਲੇ ਵਿਚ ਚੋਰ ਬੜੇ ਨੇ।
ਲਾਹੌਰ ਵੀ ਧਰਮੇ ਘੱਟ ਨਹੀਂ
ਵਰਤੇ ਕਹਿਰ ਅਜ਼ਾਬ ਬੜੇ ਨੇ।

***-ਧਰਮ ਸਿੰਘ ਗੋਰਾਇਆ***

---

## ਦੋ ਗਜ਼ਲਾਂ

ਕੁਝ ਆਵਣ ਕੁਝ ਜਾਵਣ ਲੋਕ,
ਉਮਰਾਂ ਭੋਗੀ ਜਾਵਣ ਲੋਕ।

ਅੱਗ ਲੱਗੀ-ਲੱਗੀ ਫਿਰਦੇ ਨੇ,
ਉੱਕਾ ਨਾ ਸ਼ਰਮਾਵਣ ਲੋਕ।

ਬਰਸਾਤਾਂ ਨੇ ਦੁਨੀਆਂ ਡੋਬੀ,
ਫਿਰ ਵੀ ਮੰਗਣ ਸਾਵਣ ਲੋਕ।

ਸ਼ਕਲ ਸੂਰਤੋਂ ਬੀਬੇ-ਰਾਣੇ,
ਬਗਲੋਂ ਛੁਰੀ ਚਲਾਵਣ ਲੋਕ।

ਤੌਬਾ ਏਨੇ ਭੁੱਖੇ ਹੋ ਗਏ,
'ਗਿੱਲ' ਨੂੰ ਖਾਵਣ ਲੋਕ।

---

ਫੁੱਲਾਂ ਦੀ ਖੁਸ਼ਬੋਈ ਯਾਰਾ,
ਸੂਲਾਂ ਵਿਚ ਪਰੋਈ ਯਾਰਾ।

ਬੇ-ਆਦਲ ਨੇ ਹਾਕਮ ਏਥੇ,
ਕੌਣ ਸੁਣੇ ਅਰਜੋਈ ਯਾਰਾ।

ਜਿਸ ਦੀ ਅਸਾਂ ਅਕੀਦਤ ਕੀਤੀ,
ਉਸ ਕੀਤੀ ਬਦਖੋਈ ਯਾਰਾ।

ਅਣਹੋਣੀ ਤੋਂ ਭੱਜਿਆ 'ਯੌਰਕ',
ਸਾਹਵੇ ਆਣ ਖਲੋਈ ਯਾਰਾ।

ਕਿਸੇ ਨਾਲ ਨਾ ਐਸੀ ਹੋਵੇ,
'ਗਿੱਲ' ਨਾਲ ਜੋ ਹੋਈ ਯਾਰਾ।

***-ਜੁਗਰਾਜ ਗਿੱਲ, ਯੌਰਕ***

---

## ਝੜੀ

ਲੱਗ ਗਈ ਝੜੀ
ਪਸ਼ੂ ਭੁੱਖੇ ਅੜਿੰਗਦੇ
ਜਿੱਧਰ ਦੇਖੋ ਗੋਡੇ ਗੋਡੇ ਪਾਣੀ
ਨਾ ਘਰ ਆਟਾ, ਨਾ ਦਾਣਾ।
ਭੁੱਖੇ ਸਭ ਕੁਰਲਾਵਣ।
ਟਾਂਡੇ ਕੱਟ ਸਿਰ 'ਤੇ ਲੱਦ
ਪਾਣੀ ਉਤੋਂ ਚੋਵੇ।
ਟੁੱਟ ਕੇ ਪੈ ਗਏ ਪਸ਼ੂ
ਖਾ ਗਏ ਸਭ ਗਿੱਲਾ ਸੁੱਕਾ।

'ਕੱਟਾ ਭੁੱਖਾ, ਤੂੜੀ ਗਿੱਲੀ'
ਵਾਲੀ ਗੱਲ ਹੋਈ।
ਛਤੜਾ ਚੋਵੇ, ਛੱਤ ਡਿੱਗ ਪਈ
ਘਰ ਦੇ ਅਤੇ ਪਸ਼ੂ ਸਭ ਦਹਾੜਨ
ਚਰਲ ਚਰਲ ਮੀਂਹ ਪਵੇ
ਨਹੀਂ ਆਸ ਕੋਈ ਰੁਕਣ ਦੀ।
ਲੋਕੀ ਪੂਜਣ ਭਰਮ
ਕੁਝ ਖਿੱਤੇ ਕੰਧਾਂ ਛਾਪਣ
ਇੰਜ ਨਾ ਰੁਕਦੇ ਮੀਂਹ
ਕੌਣ ਇਨ੍ਹਾਂ ਨੂੰ ਸਮਝਾਵੇ।
ਮੀਂਹ ਰੁਕਿਆ, ਗੜੈਂ ਗੜੈਂ ਕਰਨ ਡੱਡੂ
ਚੀਚ-ਵਹੁਟੀ ਨੇ ਵੀ ਰੰਗ ਦਿਖਾਇਆ
ਹਰਿਆਲੀ ਆ ਗਈ
ਹਰ ਸ਼ੈਅ ਹਰੀ ਭਰੀ ਭਾਸੇ।

***-ਦਰਸ਼ਨਪਾਲ ਦੋਸਾਂਝ***

---

## ਮੁਹੱਬਤ

ਕਿਸੇ ਨੂੰ ਪਾ ਲੈਣਾ ਹੀ ਮੁਹੱਬਤ ਨਹੀਂ
ਮੁਹੱਬਤ ਇਕ ਅਹਿਸਾਸ ਹੈ
ਜੋ ਸਰੀਰਕ ਮਿਲਾਪ ਦਾ ਮੁਹਤਾਜ ਨਹੀਂ
ਸੋਚ ਵਿਚਾਰਾਂ ਦੀ ਸਾਂਝ
ਬੁੱਲੀਆਂ ਦੀ ਖਾਮੋਸ਼ੀ ਪੜ੍ਹਨਾ
ਮੋਹ ਪਿਆਰ, ਬਿਨਾ ਮਤਲਬ ਤੋਂ
ਚਾਹੁਣਾ ਹੀ ਮੁਹੱਬਤ ਹੈ।

ਸੱਚੀ ਮੁਹੱਬਤ ਵਿਚ ਯਾਰ ਦਾ ਨਾਮ ਵੀ
ਖ਼ੁਦਾ ਦੀ ਇਬਾਦਤ ਵਰਗਾ ਲਗਦਾ ਹੈ
ਉਸ ਬਾਰੇ ਸੋਚਣ ਨਾਲ ਹੀ
ਚਾਰੇ ਪਾਸੇ ਉਸ ਦੀ ਸੂਰਤ ਦਿਸਣ ਲਗਦੀ ਹੈ
ਵਗਦੀਆਂ ਹਵਾਵਾਂ, ਖਿੜੇ ਫੁੱਲ,
ਚਹਿਕਦੇ ਪੰਛੀ
ਇਹ ਦਿਲ ਦਿਆਂ ਭਾਵਾਂ ਦਾ
ਅਦਾਨ ਪ੍ਰਦਾਨ ਕਰਦੇ ਰਹਿੰਦੇ ਨੇ।
ਰੂਹਾਂ ਇਕ ਹੋ ਜਾਂਦੀਆਂ ਨੇ ਤੇ
ਹਰ ਗੱਲ 'ਤੇ ਸਹਿਮਤੀ ਬਣੀ ਰਹਿੰਦੀ ਹੈ
ਸਬੰਧਾਂ ਵਾਲੀ ਡੋਰ ਤਣੀ ਰਹਿੰਦੀ ਹੈ।

ਇਹ ਲਫਜ਼ਾਂ ਦੇ ਜਾਲ ਜੋ ਮੈਂ ਹੁਣ ਬੁਣਦਾ ਹਾਂ
ਕਈ ਖਿਆਲਾਂ ਨੂੰ ਵਾਂਗ ਪਾਣੀ ਪੁਣਦਾ ਹਾਂ
ਦਰਦਾਂ ਦੀ ਮਹਿਫਿਲ ਵਿਚ ਬੈਠ ਲਿਖਦਾ ਹਾਂ
ਦਰਦ ਜਿਹਾ ਹੋ ਕੇ ਕੁਝ ਹਰਫ ਮੈਂ ਚੁਣਦਾ ਹਾਂ।

***-ਰਵਿੰਦਰ ਲਾਲਪੁਰੀ***
***ਫੋਨ: 91-94634-52261***

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਮੌਤ-ਮਲੰਗੀ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਵਾਰਤਕ ਹੈ ਜਾਂ ਕਵਿਤਾ। ਡਾ. ਭੰਡਾਲ ਨੇ ਪਿਛਲੇ ਲੇਖ ਵਿਚ ਕੁਦਰਤ ਦੀਆਂ ਵੱਖ ਵੱਖ ਨਿਆਮਤਾਂ ਦਾ ਵਿਖਿਆਨ ਕਰਦਿਆਂ ਦੱਸਿਆ ਸੀ ਕਿ ਬੱਦਲ ਹਨ ਤਾਂ ਬਾਰਸ਼ ਹੈ। ਬਾਰਸ਼ ਹੈ ਤਾਂ ਜਿੰਦਗੀ ਹੈ, ਜੀਵ-ਜੰਤੂ ਹਨ, ਬਨਸਪਤੀ ਹੈ, ਮੌਲਦੀ ਕੁਦਰਤ ਹੈ। ਹਥਲੇ ਲੇਖ ਵਿਚ ਉਨ੍ਹਾਂ ਮੌਤ ਦੇ ਸੱਚ ਉਤੇ ਚਾਨਣ ਪਾਉਂਦਿਆਂ ਗੁਰਬਾਣੀ ਦਾ ਫੁਰਮਾਨ ਚੇਤੇ ਕਰਵਾਇਆ ਹੈ, "ਪਹਿਲਾ ਮਰਨ ਕਬੂਲ ਕਰ ਜੀਵਨ ਕੀ ਛਡ ਆਸ॥" ਡਾ. ਭੰਡਾਲ ਕਹਿੰਦੇ ਹਨ, "ਮੌਤ ਬਹੁ-ਕਿਸਮੀ। ਸਰੀਰਕ ਵੀ ਤੇ ਮਾਨਸਿਕ ਵੀ। ਕੁਝ ਲੋਕ ਸਰੀਰਕ ਮੌਤ ਤੋਂ ਪਹਿਲਾਂ ਹੀ ਮਾਨਸਿਕ ਮਾਤਮ ਦਾ ਸ਼ਿਕਾਰ ਹੋ, ਵੈਣ-ਰੁੱਤ ਨੂੰ ਹੰਢਾਉਣ ਲੱਗ ਪੈਂਦੇ। ਸਾਡੀ ਮਾਨਸਿਕਤਾ ਹੀ ਸਰੀਰਕ ਤੰਦਰੁਸਤੀ ਜਾਂ ਮੌਤ ਦਾ ਸਬੱਬ ਬਣਦੇ।...ਮਰੋ ਇਸ ਤਰ੍ਹਾਂ ਕਿ ਜਿਉਣਾ ਸਦਾ ਯਾਦ ਰਹੇ ਅਤੇ ਜੀਵੋ ਇਸ ਤਰ੍ਹਾਂ ਕਿ ਮਰਨਾ ਕਦੇ ਨਾ ਵਿਸਰੇ।" -ਸੰਪਾਦਕ*

ਮੌਤ, ਸਾਹ-ਸੰਗੀਤ ਦਾ ਬੰਦ ਹੋ ਜਾਣਾ, ਸਰੀਰਕ ਹਿਲਜੁਲ 'ਚ ਸਿੱਥਲਤਾ ਅਤੇ ਚੌਗਿਰਦੇ ਵਿਚ ਮਾਤਮੀ ਖਾਮੋਸ਼ੀ ਦਾ ਛਾ ਜਾਣਾ।

ਮੌਤ, ਹੁਸੀਨ ਯਾਤਰਾ ਦਾ ਆਖਰੀ ਪੜਾਅ। ਜੀਵਨ-ਯਾਦਾਂ ਤੇ ਪ੍ਰਾਪਤੀਆਂ ਦੇ ਸੁਖਨ ਨੂੰ ਮਾਣ ਅਤੇ ਪੂਰਨਤਾ ਵੰਨੀਂ ਧਰਿਆ ਆਖਰੀ ਕਦਮ।

ਮੌਤ, ਜੀਵਨ-ਤਕਲੇ ਦੀ ਟੁੱਟੀ ਤੰਦ, ਬੋਲਾਂ 'ਚ ਪਨਪੀ ਸਦੀਵੀ ਚੁੱਪ, ਨੈਣਾਂ 'ਚ ਸੁਪਨਿਆਂ ਦੀ ਕਬਰ ਦਾ ਉਸਰਨਾ ਅਤੇ ਸਰੀਰਕ ਕ੍ਰਿਆਵਾਂ ਦਾ ਅੰਤਿਮ ਵਿਸ਼ਰਾਮ।

ਮੌਤ, ਮਿੱਟੀ ਤੋਂ ਮਿੱਟੀ ਤੀਕ ਦਾ ਸਫਰ। ਮਿੱਟੀ ਵਿਚੋਂ ਮਿੱਟੀ ਦਾ ਪਨਪਣਾ, ਮਿੱਟੀ ਦਾ ਕੁੱਜੇ ਵਿਚ ਬੰਦ ਹੋ ਕੇ ਨਵਾਂ ਮੁਹਾਂਦਰਾ ਦੇਣਾ। ਰਾਖ ਵਿਚੋਂ ਨਵੀਨਤਮ ਕੀਰਤੀਆਂ ਦੀ ਸਿਰਜਣਾ। ਇਹ ਮਿੱਟੀ ਦਾ ਮਿੱਟੀ ਨਾਲ ਬੇਸਬਰਾ ਮੋਹ ਹੀ ਹੁੰਦਾ ਜੋ ਮਿੱਟੀ 'ਚ ਰਲਣ ਲਈ ਕਾਹਲਾ ਹੋ, ਉਡਦੀ ਰਾਖ ਦਾ ਵਾ-ਵਰੋਲਾ ਬਣ ਜਾਂਦਾ।

ਮੌਤ, ਜੀਵਨ ਤੋਂ ਅਜੀਵਨ ਤੀਕ ਦਾ ਸਫਰ। ਖੁਦ ਤੋਂ ਖੁਦੀ ਤੇ ਫਿਰ ਖੁਦ ਤੀਕ ਦਾ ਸਫਰਨਾਮਾ। ਇਸ ਦੇ ਰਾਹਾਂ 'ਤੇ ਉਕਰਿਆ ਹੁੰਦਾ ਕੀਰਤੀਮਾਨਾਂ ਦਾ ਉਹ ਇਤਿਹਾਸ ਜੋ ਬਣਦਾ ਕਦੇ ਮਿਥਿਹਾਸ ਅਤੇ ਕਦੇ ਖੁਦ ਸੰਗ ਸੰਵਾਦ।

ਮੌਤ, ਮਰਨ ਦੀ ਆਖਰੀ ਮੰਜ਼ਿਲ। ਕਈ ਲੋਕ ਇਸ ਤੋਂ ਪਹਿਲਾਂ ਵੀ ਕਈ ਵਾਰ ਜਿਉਂਦਿਆਂ ਮਰਦੇ। ਇਸ ਦੇ ਵਿਸਥਾਰ ਵਿਚੋਂ ਹੀ ਮਨੁੱਖੀ ਸ਼ਖਸੀਅਤ ਦੇ ਬਹੁਤ ਸਾਰੇ ਗੁਣਾਂ ਅਤੇ ਔਗੁਣਾਂ ਦੀ ਨਿਸ਼ਾਨਦੇਹੀ ਹੁੰਦੀ।

ਮੌਤ-ਮੰਨਤ ਮੰਗਣ ਦੀ ਨੌਬਤ ਜਦ ਕਿਸੇ ਸੋਚ ਵਿਚ ਪਨਪਦੀ ਤਾਂ ਜੱਗ-ਜਾਹਰ ਹੁੰਦੀ ਕਮਜੋਰ ਮਾਨਸਿਕਤਾ, ਫਰਜਾਂ ਤੋਂ ਕੁਤਾਹੀ, ਜ਼ਿੰਮੇਵਾਰੀਆਂ ਤੋਂ ਭਗੌੜੇ ਹੋਣਾ, ਖੁਦ ਦੀ ਸਮਰੱਥਾ ਅਤੇ ਤਾਕਤ 'ਤੇ ਖੁਣਿਆ ਪ੍ਰਸ਼ਨ ਜੋ ਸਰੀਰਕ ਮੌਤ ਤੋਂ ਪਹਿਲਾਂ ਹੀ ਮਰਨ ਦਾ ਰਾਗ ਅਲਾਪਣ ਲਈ ਮਜਬੂਰ ਕਰਦਾ।

ਮੌਤ, ਕੁਦਰਤੀ ਵੀ ਤੇ ਗੈਰ-ਕੁਦਰਤੀ ਵੀ, ਅਚਨਚੇਤੀ ਵੀ ਤੇ ਮਿੱਥ ਕੇ ਵੀ, ਅਲਾਮਤਾਂ ਨਾਲ ਵੀ ਅਤੇ ਅਰੋਗਤਾ ਕਾਰਨ ਵੀ, ਖਾਸ ਮਕਸਦ ਦੀ ਪ੍ਰਾਪਤੀ ਲਈ ਵੀ ਅਤੇ ਅਕਾਰਥ ਹੀ ਜੀਵਨ-ਸਫਰ ਨੂੰ ਖੋਟਾ ਕਰਨ ਦਾ ਨਾਮ ਵੀ। ਮੌਤ ਖੁਦ ਵੀ ਹੁੰਦੀ ਜਾਂ ਕਈ ਵਾਰ ਕਿਸੇ 'ਤੇ ਇਲਜ਼ਾਮ ਵੀ।

ਮੌਤ ਬਹੁ-ਕਿਸਮੀ। ਸਰੀਰਕ ਵੀ ਤੇ ਮਾਨਸਿਕ ਵੀ। ਕੁਝ ਲੋਕ ਸਰੀਰਕ ਮੌਤ ਤੋਂ ਪਹਿਲਾਂ ਹੀ ਮਾਨਸਿਕ ਮਾਤਮ ਦਾ ਸ਼ਿਕਾਰ ਹੋ, ਵੈਣ-ਰੁੱਤ ਨੂੰ ਹੰਢਾਉਣ ਲੱਗ ਪੈਂਦੇ। ਸਾਡੀ ਮਾਨਸਿਕਤਾ ਹੀ ਸਰੀਰਕ ਤੰਦਰੁਸਤੀ ਜਾਂ ਮੌਤ ਦਾ ਸਬੱਬ ਬਣਦੇ। ਸਰੀਰਕ ਮੌਤ ਤੋਂ ਪਹਿਲਾਂ ਮਾਨਸਿਕ ਮੌਤ ਦੀ ਕਬਰ 'ਚ ਪੈਣ ਵਾਲੇ, ਮਨਹੂਸ ਪਲਾਂ ਦਾ ਪੀਹੜਾ ਮਨ-ਦਰ 'ਤੇ ਡਾਹੀ ਰੱਖਦੇ।

ਮੌਤ, ਮੰਗਿਆ ਨਹੀਂ ਮਿਲਦੀ। ਕੁਦਰਤੀ ਵਰਤਾਰੇ ਦਾ ਇਕ ਪੜਾਅ। ਜੇ ਅਸੀਂ ਇਸ ਪੜਾਅ ਨੂੰ ਉਡੀਕਦਿਆਂ, ਸਹਿਜ ਰੂਪ ਵਿਚ ਮੌਤ-ਰੱਥ 'ਤੇ ਸ਼ਾਹਾਨਾ ਸਵਾਰੀ ਕਰਾਂਗੇ ਤਾਂ ਜਿਉਣ ਦੀ ਆਖਰੀ ਅਲਵਿਦਾ ਪ੍ਰਭਾਵਸ਼ਾਲੀ ਹੋਵੇਗੀ।

ਮੌਤ, ਜਿਉਣ ਦਾ ਦੂਸਰਾ ਨਾਮ। ਕੁਝ ਲੋਕ ਮਰਨ ਵਿਚੋਂ ਹੀ ਜਿਉਣ ਦੇ ਅਰਥਾਂ ਦੀ ਨਿਸ਼ਾਨਦੇਹੀ ਕਰਦੇ। ਉਨ੍ਹਾਂ ਦਾ ਮਰਨਾ, ਅਧਮੋਇਆਂ ਲਈ ਸੰਜੀਵਨੀ ਬੂਟੀ। ਉਹ ਜਿਉਣ ਵਿਚੋਂ ਹੀ ਮੌਤ ਦੀਆਂ ਕੰਨੀਆਂ ਲੱਭਣ ਅਤੇ ਇਸ ਦੀਆਂ ਵਾਗਾਂ ਨੂੰ ਆਪਣੀ ਸੋਚ ਅਨੁਸਾਰ ਮੋੜਨ ਦੇ ਸਮਰੱਥ ਹੁੰਦੇ। ਸ਼ਹੀਦ, ਲੋਕ-ਨਾਇਕ ਅਤੇ ਇਨਕਲਾਬੀ, ਸਿਰਾਂ 'ਤੇ ਕੱਫਣ ਬੰਨੀ ਮੌਤ ਨੂੰ ਹੱਸ ਕੇ ਮਿਲਦੇ। ਉਨ੍ਹਾਂ ਲਈ ਮਰਨਾ ਹੀ ਜਿਉਣ ਦਾ ਸੁੱਚਮ ਹੁੰਦਾ। ਤਾਹੀਂ ਤਾਂ ਪ੍ਰੋ. ਪੂਰਨ ਸਿੰਘ ਨੇ ਕਿਹਾ ਹੈ, 'ਮੌਤ ਨਾਲ ਇਹ ਕਰਨ ਮਖੌਲਾਂ, ਜਾਨ ਥੀਂ ਆਪਣੀ ਵਾਰ ਦਿੰਦੇ।' ਜਦ ਅਜਿਹੇ ਸੂਰਮਿਆਂ ਦੇ ਸਾਹਵੇਂ ਮੌਤ ਲਿੱਲਕੜੀਆਂ ਕੱਢਣ ਲਈ ਮਜ਼ਬੂਰ ਹੋ ਜਾਵੇ ਤਾਂ ਜ਼ੁਲਮ ਵੀ ਸਹਿਮ ਜਾਂਦਾ। ਸਮੇਂ ਦੇ ਨਾਦਰਸ਼ਾਹੀ ਹੁਕਮਰਾਨ ਅਲੋਪ ਹੋ ਰਹੇ ਹਨੇਰਿਆਂ ਦੀ ਅਉਧ ਬਣ ਜਾਂਦੇ।

ਮੌਤ ਨਾਲ ਮਨੁੱਖ ਨਹੀਂ ਮਰਦਾ, ਆਪਣੀ ਕੁਤਾਹੀਆਂ, ਖੁਨਾਮੀਆਂ, ਕੁਕਰਮਾਂ ਅਤੇ ਕੋਹਜਾਂ ਨਾਲ ਜਦ ਮਰਨ ਦੇ ਰਾਹ ਤੁਰ ਪਵੇ ਤਾਂ ਉਸ ਲਈ ਸਰੀਰਕ ਮੌਤ ਦੇ ਕੋਈ ਅਰਥ ਨਹੀਂ ਰਹਿੰਦੇ।

ਮੌਤ ਨਾਲ ਮਰ ਕੇ ਵੀ ਕੁਝ ਬੰਦੇ ਨਹੀਂ ਮਰਦੇ। ਉਨ੍ਹਾਂ ਦੇ ਕਰਮਾਂ, ਪੈੜਾਂ, ਕੀਰਤੀਮਾਨਾਂ ਅਤੇ ਨਵੀਨਤਮ ਧਰਾਤਲਾਂ ਕਾਰਨ ਉਹ ਹਮੇਸ਼ਾ ਲੋਕ-ਚੇਤਿਆਂ ਵਿਚ ਵੱਸਦੇ। ਅਜਿਹੇ ਲੋਕ ਵਿਰਾਸਤ ਦਾ ਸਰਮਾਇਆ ਅਤੇ ਇਨ੍ਹਾਂ ਦੀ ਯਾਦ-ਜੂਹ ਵਿਚ ਹਰ ਮਸਤਕ ਝੁਕਦਾ।

ਮੌਤ ਨੂੰ ਬਗਲ ਵਿਚ ਬਹਿ ਅਤੇ ਜਰਾ ਕੁ ਠਹਿਰ ਜਾ ਕਹਿਣ ਵਾਲੇ ਉਹ ਲੋਕ ਹੁੰਦੇ ਜਿਨ੍ਹਾਂ ਲਈ ਮੌਤ ਇਕ ਮੁਕੱਦਸ ਜਗ੍ਹਾ, ਦਰਗਾਹੀ ਆਗੋਸ਼, ਸੁੱਚਮ ਤੇ ਸੁਖਨ ਦਾ ਅਲੌਕਿਕ ਜਲਵਾ, ਜਿਸ ਦੀ ਆਭਾ 'ਚ ਮਨੁੱਖੀ ਬਿਰਤੀਆਂ ਨੂੰ ਸੁਹਜ, ਸੰਵੇਦਨਾ ਅਤੇ ਸਹਿਜ ਦਾ ਨਗਮਾ ਗੁਣਗੁਣਾਉਣ ਦਾ ਮੌਕਾ ਮਿਲਦਾ।

ਮੌਤ ਦੀ ਗੋਦ ਦਾ ਨਿੱਘ ਮਾਣਨ ਲਈ ਕੁਝ ਲੋਕ ਕਾਹਲੇ, ਹੱਸ ਹੱਸ ਜ਼ਹਿਰ ਪਿਆਲਾ ਪੀਂਦੇ। ਸੂਲੀ ਚੁੰਮਦੇ ਅਤੇ ਨੰਗੀਆਂ ਸ਼ਮਸ਼ੀਰਾਂ ਸਾਹਵੇਂ ਹਿੱਕ ਡਾਹ, ਖੁਦ ਨੂੰ ਸ਼ਮਸ਼ੀਰ-ਗਾਹ ਬਣਾਉਣ ਲਈ ਪਲ ਨਹੀਂ ਲਾਉਂਦੇ। ਮੌਤ-ਨੈਣਾਂ ਵਿਚ ਝਾਕਣ, ਉਸ ਨੂੰ ਵੰਗਾਰਨਾ, ਉਨ੍ਹਾਂ ਦਾ ਯੋਗ-ਕਰਮ। ਮੌਤ ਦੇ ਵਣਜ ਨੂੰ ਨਿੱਜ ਤੋਂ ਉਪਰ ਸਮਝ, ਇਸ ਨੂੰ ਭਲਿਆਈ ਤੇ ਚੰਗਿਆਈ ਦਾ ਪੰਘੂੜਾ ਬਣਾਉਂਦੇ।

ਮੌਤ, ਸਿਵੇ ਵਿਚ ਸੜ ਕੇ ਸੁਆਹ ਦੀ ਢੇਰੀ ਬਣਨਾ ਨਹੀਂ ਅਤੇ ਨਾ ਹੀ ਰਾਖ ਨੂੰ ਪਾਣੀ ਦੇ ਸਪੁਰਦ ਕਰਨ ਦਾ ਨਾਮ ਏ। ਇਸ ਰਾਖ ਦੇ ਕਣ ਤਾਂ ਬਹੁਤ ਦੇਰ ਤੀਕ ਇਸ ਫਿਜ਼ਾ ਵਿਚ ਟਿਕੇ ਰਹਿੰਦੇ, ਜਿਨ੍ਹਾਂ ਦੀ ਹੋਂਦ ਵਿਚੋਂ ਅਸੀਂ ਮਨੁੱਖੀ ਹੋਂਦ ਨੂੰ ਕਿਆਸ ਸਕਦੇ। ਮੰਮੀਆਂ ਦੇ ਡੀ. ਐਨ. ਏ. ਵਿਚੋਂ ਉਸ ਵਕਤ ਦੇ ਮਨੁੱਖ ਦੀਆਂ ਵਿਸ਼ੇਸ਼ਤਾਈਆਂ ਅਤੇ ਸਰੀਰਕ ਬਾਰੀਕ-ਬੀਨੀਆਂ ਨੂੰ ਤਲਾਸ਼ਣਾ, ਮੌਤ ਦੀ ਸਦੀਵੀ ਸਥਿਰਤਾ ਵੱਲ ਇਕ ਕਦਮ ਹੀ ਹੈ ਕਿ ਮਨੁੱਖ ਕਿਸੇ ਨਾ ਕਿਸੇ ਰੂਪ ਵਿਚ ਮਰ ਕੇ ਵੀ ਹਾਜ਼ਰ ਰਹਿੰਦਾ ਏ।

ਮੌਤ, ਮੰਨਤ ਤੇ ਅਰਦਾਸ। ਮੌਤ, ਜੀਵਨ ਦੀ ਤੜੱਕ ਕਰਕੇ ਟੁੱਟੀ ਆਸ। ਮੌਤ, ਖੁਰ ਰਹੇ ਕੰਢਿਆਂ ਨੂੰ ਥੋਥਾ ਧਰਵਾਸ। ਮੌਤ, ਘੜੀ ਪਲ ਲਈ ਖੁਦ ਦਾ ਖੁਦ ਦੇ ਹੋਣਾ ਪਾਸ। ਮੌਤ ਕੁਝ ਲਈ ਆਮ ਤੇ ਕੁਝ ਲਈ ਖਾਸ। ਮੌਤ ਹੁੰਦੀ ਏ ਕੁਝ ਕੁ ਲਈ ਪਾਕ-ਪਰਵਾਸ। ਮੌਤ ਦੀ ਜੂਹ ਉਨ੍ਹਾਂ ਕਰਮਾਂ ਦਾ ਵਾਸ, ਜਿਨ੍ਹਾਂ ਦਾ ਹੁੰਦਾ ਏ ਤੁਹਾਡੇ ਜਾਣ ਤੋਂ ਬਾਅਦ ਹਰ ਵਿਹੜੇ 'ਚ ਜਾਪ। ਇਹ ਜਾਪ ਕਿਸ ਰੂਪ ਅਤੇ ਕਿਹੋ ਜਿਹਾ ਹੁੰਦਾ, ਇਹ ਤੁਹਾਡੀ ਜੀਵਨ-ਜਾਚਨਾ, ਕੁਰਬਾਨੀਆਂ, ਖੁਨਾਮੀਆਂ ਅਤੇ ਕਿਰਤ-ਕਾਮਨਾਵਾਂ 'ਤੇ ਨਿਰਭਰ।

ਵਿਅਕਤੀ ਦੀ ਮੌਤ ਹੁੰਦੀ ਤਾਂ ਬਹੁਤ ਸਾਰੇ ਲੋਕ ਉਸ ਦੇ ਨੜੋਏ ਵਿਚ ਸ਼ਾਮਲ ਹੋ, ਉਸ ਦੇ ਦਰਸ਼ਨ ਕਰਦੇ, ਉਸ ਦੀਆਂ ਸਿਫਤਾਂ ਕਰਦੇ, ਆਦਤਾਂ ਦਾ ਵਰਣਨ ਕਰਦੇ, ਚੰਗਿਆਈਆਂ ਦਾ ਗੁਣ-ਗਾਨ ਕਰਦੇ ਅਤੇ ਉਸ ਨਾਲ ਬਿਤਾਏ ਸਮੇਂ ਦੀਆਂ ਛਿੱਲਤਰਾਂ ਫਰੋਲਦੇ। ਇਕ ਸ਼ਿਕਵਾ ਤੇ ਝੋਰਾ ਉਨ੍ਹਾਂ ਦੀ ਗੱਲਬਾਤ ਤੇ ਸੋਚ ਵਿਚ ਹਾਵੀ ਹੁੰਦਾ ਕਿ ਕਾਸ਼! ਪਹਿਲਾਂ ਮਿਲ ਲੈਂਦੇ। ਇਹ ਝੋਰਾ ਖਾਸ ਕਰਕੇ ਸੰਵੇਦਨਸ਼ੀਲ ਪਰਵਾਸੀਆਂ ਦੇ ਮਨ-ਮਸਤਕ ਨੂੰ ਵਾਰ ਵਾਰ ਠਕੋਰਦਾ, ਜੋ ਬੁੱਢੇ ਬਾਪ ਜਾਂ ਡੰਗੋਰੀ-ਹੀਣ ਮਾਂ ਦੀਆਂ ਆਖਰੀ ਰਸਮਾਂ ਨਿਭਾਉਣ ਦੇਸ਼ ਪਰਤਦੇ। ਕੁਝ ਕੁ ਕੋਲ ਤਾਂ ਇਸ ਲਈ ਵੀ ਸਮਾਂ ਨਹੀਂ ਹੁੰਦਾ। ਉਹ ਨਮੋਸ਼ੀ ਅਤੇ ਮਾਤਮੀ ਉਦਾਸੀ ਵਿਚ ਲਿਪਟੇ, ਮਾਪਿਆਂ ਦੀਆਂ ਸਿਫਤਾਂ ਕਰਨ ਤੋਂ ਵੀ ਹਿਚਕਚਾਉਂਦੇ। ਉਨ੍ਹਾਂ ਦਾ ਮਨ ਹੀ ਉਨ੍ਹਾਂ ਨੂੰ ਲਾਹਨਤਾਂ ਪਾਉਂਦਾ। ਕਾਸ਼! ਮਾਪਿਆਂ ਨਾਲ ਜਿਉਂਦੇ ਜੀਅ ਕੁਝ ਸਮਾਂ ਬਿਤਾਇਆ ਹੁੰਦਾ। ਮਾਪੇ, ਬੱਚੇ ਨੂੰ ਰੱਜ ਕੇ ਨਿਹਾਰਦੇ, ਗਲ ਨਾਲ ਲਾਉਂਦੇ ਤਾਂ ਕਿ ਬੱਚਿਆਂ ਨੂੰ ਰੱਜ ਕੇ ਨਿਹਾਰਨ ਦੀ ਲੋੜ ਪੂਰੀ ਕੀਤੀ ਹੁੰਦੀ ਅਤੇ ਉਸ ਦੇ ਆਖਰੀ ਸਾਹ ਦੀ ਅਲਵਿਦਾ ਵੇਲੇ ਬੱਚਿਆਂ ਦਾ ਬਿੰਬ ਮਾਪਿਆਂ ਦੇ ਨੈਣਾਂ ਵਿਚ ਹੁੰਦਾ।

ਮੌਤ ਬਾਰੇ ਓਸ਼ੋ ਦਾ ਕਹਿਣਾ ਹੈ, "ਮੇਰੀ ਮੌਤ ਪਿਛੋਂ ਮੈਨੂੰ ਦੇਖਣ ਆਉਣ ਵਾਲਿਓ! ਮੈਨੂੰ ਜਿਉਂਦੇ ਜੀਅ ਹੀ ਮਿਲ ਲੈਂਦੇ ਤਾਂ ਚੰਗਾ ਸੀ। ਹੁਣ ਤਾਂ ਮਿੱਟੀ ਹੀ ਮਿਲੇਗੀ। ਮੌਤ ਪਿਛੋਂ ਮੇਰੀਆਂ ਸਿਫਤਾਂ ਕਰਨ ਵਾਲਿਓ! ਕਦੇ ਮੇਰੇ ਜਿਉਂਦੇ ਜੀਅ ਸਿਫਤਾਂ ਕਰਦੇ ਤਾਂ ਮੈਨੂੰ ਜਿਉਣ ਦਾ ਹੁਲਾਰ ਮਿਲਦਾ। ਮੇਰੇ ਨਾਲ ਹੋਰ ਸਮਾਂ ਬਿਤਾਉਣ ਦੀ ਇਛਾ ਮਨ ਵਿਚ ਪਾਲਣ ਵਾਲਿਓ! ਮੇਰੇ ਜਿਉਂਦੇ ਜੀਅ ਮੇਰੇ ਕੋਲ ਬਹਿ ਜਾਂਦੇ, ਆਪਾਂ ਦੁੱਖ-ਸੁੱਖ ਸਾਂਝਾ ਕਰਦੇ। ਮੌਤ ਪਿਛੋਂ ਤਾਂ ਮੈਂ ਨਹੀਂ ਹੋਵਾਂਗਾ। ਤੁਸੀਂ ਕਿਸ ਨੂੰ ਸੁਣਾਵੋਗੇ ਮੇਰੀਆਂ ਸਿਫਤਾਂ? ਤੁਹਾਡੇ ਨਾਲ ਬਿਤਾਏ ਪਲਾਂ ਦਾ ਚਸ਼ਮਦੀਦ ਨਹੀਂ ਹੋਵੇਗਾ। ਕੌਣ ਤੁਹਾਡੀਆਂ ਬਾਤਾਂ ਦਾ ਹੁੰਗਾਰਾ ਬਣੇਗਾ? ਮਰਨ-ਮਿੱਟੀ ਤਾਂ ਕਦੇ ਵੀ ਹੁੰਗਾਰਾ ਨਹੀਂ ਭਰਦੀ।

ਮੌਤ ਜ਼ਿੰਦਗੀ ਦਾ ਉਤਮ ਪੜਾਅ, ਸੁਚਾਰੂ ਰਹਿਤਲ ਦੀ ਚੋਟੀ। ਇਸ ਦੀ ਪਾਰਦਰਸ਼ਤਾ, ਪਾਕੀਜ਼ਗੀ ਅਤੇ ਸ਼ਫਾਫਤ ਵਿਚੋਂ ਤੁਰ ਗਿਆਂ ਦੀਆਂ ਯਾਦਾਂ ਦਾ ਕਾਫਲਾ ਹਰ ਰੋਂਦੀ ਅੱਖ ਵਿਚ ਤਰਦਾ ਅਤੇ ਮਰ ਗਏ ਦਾ ਤੱਸਵਰ ਚੇਤਿਆਂ ਦੀ ਸਰਜਮੀਂ 'ਤੇ ਸਦੀਵ ਖੁਣਿਆ ਜਾਂਦਾ।

ਮੌਤ ਦਾ ਸਮਾਂ, ਸਥਾਨ ਤੇ ਸਥਿਤੀ ਨਿਸਚਿੱਤ। ਪਰ ਕਈ ਵਾਰ ਅਸੀਂ ਮੌਤ ਨੂੰ ਝਕਾਨੀ ਦੇ ਕੇ ਇਸ ਦਾ ਸਮਾਂ, ਸਥਾਨ ਤੇ ਸਥਿਤੀ ਖੁਦ ਮਿੱਥਦੇ। ਅਜਿਹੀ ਮੌਤ ਅਲਾਹੁਣੀਆਂ ਦੀ ਰੁੱਤ, ਵਿਹੜਿਆਂ ਦੇ ਨਾਮ ਕਰਦੀ, ਸੂਹੀਆਂ ਚੁੰਨੀਆਂ ਨੂੰ ਚਿੱਟੀਆਂ ਚੁੰਨੀਆਂ 'ਚ ਬਦਲਦੀ। ਵੱਸਦੇ-ਰੱਸਦੇ ਘਰਾਂ ਵਿਚ ਮਕਾਣਾਂ ਅਤੇ ਕੀਰਨਿਆਂ ਦਾ ਮਾਰੂ ਰਾਗ ਗੂੰਜਦਾ, ਜੋ ਕੰਧਾਂ ਤੇ ਕਮਰਿਆਂ ਨੂੰ ਸਿਸਕਣ ਲਾ ਦਿੰਦਾ। ਦੁਨੀਆਂ ਦੇ ਹਰ ਕੋਨੇ 'ਚ ਅਣਆਈਆਂ ਅਤੇ ਗੈਰ-ਕੁਦਰਤੀ ਮੌਤਾਂ ਦਾ ਵਰਤਾਰਾ, ਇਕ ਨਮੋਸ਼ੀ ਭਰਿਆ ਅਤੇ ਸਵੈ-ਮਾਰੂ ਰੁਝਾਨ, ਜੋ ਮਨੁੱਖਤਾ ਦੇ ਮੱਥੇ 'ਤੇ ਕੁਲਹਿਣਾ ਨਿਸ਼ਾਨ। ਇਸ ਨੇ ਕੀਤਾ ਸਮੁੱਚੀ ਮਾਨਵਤਾ ਦਾ ਘਾਣ। ਸਭ ਤੋਂ ਮਾੜਾ ਏ ਧਰਮ ਦੇ ਨਾਮ 'ਤੇ ਅਧਰਮੀ ਕਾਰਿਆਂ ਰਾਹੀਂ ਮਾਨਵੀ ਕਦਰਾਂ-ਕੀਮਤਾਂ ਦਾ ਕਤਲੇਆਮ। ਮਨੁੱਖੀ ਕਿਰਦਾਰ ਤੇ ਸਮਾਜਕ ਤਾਣੇ-ਬਾਣੇ ਵਿਚ ਪੈਦਾ ਕੀਤੀਆਂ ਇਨ੍ਹਾਂ ਉਲਝਣਾਂ ਨੇ, ਮੌਤ ਦਾ ਫੰਦਾ ਬਣ, ਸਮੁੱਚੀ ਦੁਨੀਆਂ ਨੂੰ ਸੂਲੀ 'ਤੇ ਲਟਕਾ ਦਿਤਾ ਏ।

*ਮੌਤ ਬਾਰੇ ਓਸ਼ੋ ਦਾ ਕਹਿਣਾ ਹੈ, "ਮੇਰੀ ਮੌਤ ਤੋਂ ਬਾਅਦ ਮੈਨੂੰ ਦੇਖਣ ਆਉਣ ਵਾਲਿਓ! ਮੈਨੂੰ ਜਿਉਂਦੇ ਜੀਅ ਹੀ ਮਿਲ ਲੈਂਦੇ ਤਾਂ ਚੰਗਾ ਸੀ। ਹੁਣ ਤਾਂ ਤੁਹਾਨੂੰ ਮਿੱਟੀ ਹੀ ਮਿਲੇਗੀ। ਮੌਤ ਬਾਅਦ ਮੇਰੀਆਂ ਸਿਫਤਾਂ ਕਰਨ ਵਾਲਿਓ! ਕਦੇ ਮੇਰੇ ਜਿਉਂਦੇ ਜੀਅ ਸਿਫਤਾਂ ਕਰਦੇ ਤਾਂ ਮੈਨੂੰ ਜਿਉਣ ਦਾ ਹੁਲਾਰ ਮਿਲਦਾ। ਮੇਰੇ ਨਾਲ ਹੋਰ ਸਮਾਂ ਬਿਤਾਉਣ ਦੀ ਇਛਾ ਮਨ ਵਿਚ ਪਾਲਣ ਵਾਲਿਓ! ਮੇਰੇ ਜਿਉਂਦੇ ਜੀਅ ਮੇਰੇ ਕੋਲ ਬਹਿ ਜਾਂਦੇ, ਆਪਾਂ ਦੁੱਖ-ਸੁੱਖ ਸਾਂਝਾ ਕਰਦੇ। ਮੌਤ ਤੋਂ ਬਾਅਦ ਤਾਂ ਮੈਂ ਨਹੀਂ ਹੋਵਾਂਗਾ। ਤੁਸੀਂ ਕਿਸ ਨੂੰ ਸੁਣਾਵੋਗੇ ਮੇਰੀਆਂ ਸਿਫਤਾਂ?*

ਮੌਤ, ਮਾਂਗਵੀ ਜਾਂ ਮਸਨੂਈ ਨਹੀਂ। ਇਹ ਅਟੱਲ ਤੇ ਸਦੀਵ-ਸੱਚਾਈ। ਜਿਉਣਾ ਝੂਠ ਤੇ ਮਰਨਾ ਸੱਚ ਅਤੇ ਇਸ ਸੱਚ ਦੇ ਰੂਬਰੂ ਹੋਣ ਤੋਂ ਅਸੀਂ ਕੰਨੀ ਕਤਰਾਉਂਦੇ। ਮੌਤ ਦੇ ਜ਼ਨਾਜੇ ਵਿਚ ਸ਼ਾਮਲ ਹਰੇਕ ਵਿਅਕਤੀ ਇਹ ਸੋਚਦਾ ਕਿ ਇਹ ਹੀ ਮਰ ਗਿਆ। ਮੈਂ ਤਾਂ ਮਰਨਾ ਹੀ ਨਹੀਂ। ਅਗਰ ਅਸੀਂ ਇਸ ਸੱਚਾਈ ਨੂੰ ਮਨ 'ਚ ਵਸਾ ਕੇ, ਆਪਣੀ ਜੀਵਨ-ਜਾਚ ਨੂੰ ਸੁਚਾਰੂ, ਉਸਾਰੂ ਅਤੇ ਹਾਂ-ਵਾਚਕ ਨਜ਼ਰੀਏ ਨਾਲ ਵਿਉਂਤੀਏ ਤਾਂ ਮੌਤ ਭੈ-ਭੀਤ ਨਹੀਂ ਕਰੇਗੀ। ਮੌਤ ਤਾਂ ਜੀਵਨ-ਪਲੈਟਫਾਰਮ ਏ, ਜਿਥੇ ਕੁਝ ਨੇ ਚੜ੍ਹਨਾ ਅਤੇ ਕੁਝ ਨੇ ਉਤਰਨਾ।

ਮੌਤ ਨੂੰ ਜੇ 'ਪਹਿਲਾ ਮਰਨ ਕਬੂਲ ਕਰ ਜੀਵਨ ਕੀ ਛੱਡ ਆਸ' ਦੇ ਸਿਧਾਂਤ ਅਨੁਸਾਰ ਸਮਝਈਏ ਤਾਂ ਸਾਡੇ ਜੀਵਨ ਵਿਚ ਕੁਝ ਅਜਿਹਾ ਸਿਰਜਣ ਤੇ ਕਰਨ ਦਾ ਉਤਸ਼ਾਹ ਪੈਦਾ ਹੋਵੇਗਾ, ਜਿਸ ਨੂੰ ਦੁਨਿਆਵੀ ਰੂਪ 'ਚ ਨਿਵੇਕਲੀਆਂ ਪੈੜਾਂ ਤੇ ਸਿਰਨਾਵਿਆਂ ਦੀ ਤਸ਼ਬੀਹ ਮਿਲੇਗੀ।

ਮੌਤ, ਸਾਹ ਆਉਣ ਤੇ ਸਾਹ ਰੁਕਣ ਵਿਚਲਾ ਅੰਤਰ। ਇਕ ਖਿਣ ਦਾ ਦੂਸਰੇ ਖਿਣ ਤੀਕ ਦਾ ਫਰਕ। ਅੱਖ ਝਪਕਣ ਜਿੰਨੀ ਦੇਰ ਨਾਲ ਕੁਝ ਦਾ ਕੁਝ ਹੋ ਜਾਂਦਾ। ਐਕਸੀਡੈਂਟ, ਸੈਲਫੀਆਂ ਲੈਣਾ ਜਾਂ ਮਸ਼ੀਨਰੀ ਦਾ ਨੁਕਸ, ਧੜਕਣ ਨੂੰ ਪਲ 'ਚ ਸਥਲ ਕਰਦਾ ਅਤੇ ਮਨੁੱਖ ਇਕ ਲੋਥ ਬਣ ਧਰਤੀ ਨਾਲ ਸਦੀਵੀ ਸਾਂਝ ਪਾਉਂਦਾ।

ਮੌਤ ਤੋਂ ਪਹਿਲਾਂ ਹਰ ਪਲ ਨੂੰ ਮਾਣਨਾ, ਜ਼ਿੰਦਾਦਿਲੀ। ਡੁੱਬ ਰਹੇ ਟਾਈਟੈਨਿਕ ਸਮੁੰਦਰੀ ਜਹਾਜ 'ਚ ਇਕ ਮੁਸਾਫਰ ਬੇਫਿਕਰੀ ਨਾਲ ਪੁਸਤਕ ਪੜ੍ਹ ਰਿਹਾ ਸੀ ਤਾਂ ਸਾਥੀਆਂ ਨੇ ਪੁਛਿਆ ਕਿ ਅੱਧੇ ਘੰਟੇ ਤੱਕ ਇਹ ਜਹਾਜ ਡੁੱਬ ਜਾਵੇਗਾ। ਤੈਨੂੰ ਡਰ ਨਹੀਂ ਲੱਗ ਰਿਹਾ ਮੌਤ ਦਾ? ਉਸ ਦਾ ਜਵਾਬ ਸੀ, ਮੌਤ ਤਾਂ ਅੱਧੇ ਘੰਟੇ ਨੂੰ ਆਉਣੀ ਆ। ਮੈਂ ਇਸ ਅੱਧੇ ਘੰਟੇ ਨੂੰ ਖਰਾਬ ਕਿਉਂ ਕਰਾਂ? ਤੇ ਉਹ ਪੁਸਤਕ ਪੜ੍ਹਨ 'ਚ ਰੁੱਝ ਗਿਆ।

ਮੌਤ-ਦਰਗਾਹੇ ਸਜ਼ਦਾ ਕਰਦੇ, ਅੱਲ੍ਹਾ ਦੇ ਫੱਕਰ-ਫਕੀਰ। ਮੌਤ-ਵਣਜ ਦਾ ਲਾਹਾ ਲੈਂਦੇ, ਕੁਝ ਕੁ ਫੜ ਸ਼ਮਸ਼ੀਰ। ਮੌਤ ਦੀ ਵਹਿੰਗੀ ਮੋਢੇ ਚਾਈ ਤੁਰਦੇ ਨੇ ਕੁਝ ਲੋਕ। ਉਨ੍ਹਾਂ ਦੇ ਰਾਹਾਂ ਵਿਚ ਉਗਦੀ, ਯੁੱਗ-ਜਿਉਣ ਦੀ ਝੋਕ। ਕੁਝ ਕੁ ਖੁਣ ਲੈਂਦੇ ਮੱਥੇ, ਜਦ ਮੌਤ ਦਾ ਸਿਰਨਾਵਾਂ; ਤਾਂ ਕਦਮਾਂ ਵਿਚ ਫੈਲ ਜਾਂਦੀਆਂ, ਮੰਜ਼ਿਲਾਂ ਦੀਆਂ ਰਾਹਵਾਂ। ਮੌਤ ਇਕ ਮਰਦਾਨਗੀ ਬਣ ਕੇ, ਢੁਕਦੀ ਕੁਝ ਦੇ ਕੋਲ। ਤਾਂ ਸਮਿਆਂ ਦੀ ਬੀਹੀ ਗੂੰਜੇ, ਇਕ ਅਗੰਮੜਾ ਬੋਲ। ਮੌਤ ਬਣ ਅਸੀਸ ਸੁਖਾਵੀਂ, ਵਿਹੜੇ ਦੇ ਵਿਚ ਵੜ੍ਹਦੀ। ਤਾਂ ਉਸ ਘਰ ਦੇ ਸੁੰਨੇ ਬਨੇਰੀਂ, ਕਿਰਨ-ਅਲਾਹੀ ਚੜ੍ਹਦੀ। ਮੌਤ-ਮੁਹਾਰਨੀ ਜਦ ਹੋਠਾਂ 'ਤੇ, ਪਹਿਰਾ ਆ ਕੇ ਪਾਉਂਦੀ। ਤਾਂ ਮਰਨਹਾਰੀ ਜਿੰਦ ਵਿਚਾਰੀ, ਮੁੜ ਕੇ ਜਿਉਣਾ ਚਾਹੁੰਦੀ। ਮੌਤ-ਮੁੱਲਾਂ 'ਤੇ ਪਹਿਰਾ ਦੇ ਕੇ, ਇਸ ਦੇ ਨਕਸ਼ ਨਿਹਾਰੋ। ਖੁਦਕੁਸ਼ੀਆਂ ਦੀ ਮਾਤਮੀ ਰੱਤ ਨੂੰ, ਜੜ੍ਹ ਤੋਂ ਰਲ ਉਖਾੜੋ। ਮੌਤ ਤਾਂ ਇਕ ਮਾਂ ਵਰਗੀ ਏ, ਜਿਸ ਦੀ ਗੋਦ ਸੁਖਾਵੀਂ। ਮਕਤਲ ਵਿਚ ਸਿਰ ਧਰ ਕੇ ਸੌਣ ਦਾ, ਸੁੱਚਾ ਕਰਮ ਨਿਭਾਵੀਂ। ਲੀਰਾਂ ਲਿਪਟੇ ਤਨ ਦੇ ਵਿਹੜੇ, ਮੌਤੇ ਕਦੇ ਨਾ ਜਾਵੀਂ। ਨਾ ਹੀ ਕਿਸੇ ਹੱਸਦੇ ਬੱਚੇ ਦੇ, ਨੈਣੀਂ ਹੰਝ ਟਿਕਾਵੀਂ। ਮੌਤੇ ਨੀ ਖੇਤੀਂ ਖੁਦਕੁਸ਼ੀਆਂ ਦਾ, ਛੱਡ ਦੇ ਹੁਣ ਤੂੰ ਖਹਿੜਾ। ਵੈਣਾਂ ਵਿਚ ਭਿੱਜ ਗਿਆ ਏ, ਹੱਸਦਾ-ਰੱਸਦਾ ਵਿਹੜਾ। ਮੌਤੇ ਨੀ ਕਦੇ ਸੱਖਣੀ ਡਿਗਰੀ ਨੂੰ, ਮਰਨ ਦੀ ਇੱਛਾ ਨਾ ਹੋਵੇ। ਪੁੱਤ ਜੀਵੇ ਜੋ ਕੱਚੀਆਂ ਕੰਧਾਂ ਦੇ, ਯੁੱਗਾਂ ਦੇ ਧੋਣੇ ਧੋਵੇ। ਮੌਤੇ ਨੀ ਉਸ ਬਾਪ ਦੇ ਦੁੱਖ ਦਾ ਹਾਲ ਕਦੇ ਤੂੰ ਜਾਣੀ। ਜਿਸ ਕੋਲ ਆਪਣੇ ਲਾਡਲੇ ਦੀ, ਲਾਸ਼ ਨਾ ਗਈ ਪਛਾਣੀ। ਮੌਤੇ ਨੀ ਉਸ ਦਰ ਨਾ ਜਾਵੀਂ, ਜਿਥੇ ਰਹਿੰਦੀਆਂ ਧੀਆਂ। ਕੁੱਖ 'ਚੋਂ ਬਚ ਕੇ ਹੁਣ ਚੱਲੀਆਂ ਨੇ, ਰਲ ਮਨਾਵਣ ਤੀਆਂ। ਮੌਤੇ ਨੇ ਮੇਰੀ ਉਮਰਾ ਵੀ ਉਸ ਘਰ ਨੂੰ ਲਾਵੀਂ, ਜਿਸ ਦੀਆਂ ਕੰਧਾਂ ਨੇ ਆਪਣੇ ਸਿਰ ਲਈਆਂ ਸਨ ਬਲਾਵੀਂ। ਮੌਤੇ ਨੀ ਜੇ ਤੇਰੇ ਦਰ ਤੋਂ, ਮੰਗੇ ਜੀਵਨ ਦੀ ਆਸ, ਤਾਂ ਭਰ ਭਰ ਕੇ ਝੋਲੀਆਂ ਵੰਡੀ ਕਰੀਂ ਨਾ ਕੋਈ ਨਿਰਾਸ਼।

ਮੌਤ ਕੋਈ ਕਹਿਰ ਨਹੀਂ। ਕਹਿਰ ਤਾਂ ਉਸ ਸਮੇਂ ਵਰਤਦਾ ਏ ਜਦ ਅਸੀਂ ਜਿਉਂਦੇ-ਜੀਅ ਅੰਦਰੋਂ ਮਰ ਜਾਂਦੇ ਹਾਂ ਅਤੇ ਜਿਉਣ ਦਾ ਢਕਵੰਜ ਕਰਦੇ। ਇਸ ਕਹਿਰ ਦਾ ਕੀ ਰੱਖੀਏ ਨਾਂ? ਕਿਹੜਾ ਧਰਮ ਤੇ ਕਿਹੜਾਂ ਗਰਾਂ? ਕੌਣ ਜਿਉਂਦਾ ਤੇ ਕੌਣ ਫਨਾਹ?

ਮੌਤ ਨਾਲ ਬੰਦਾ ਨਹੀਂ ਮਰਦਾ। ਕਈ ਵਾਰ ਉਹ ਸਰੀਰਕ ਤੌਰ 'ਤੇ ਨਾ ਰਹੇ ਪਰ ਉਹ ਜਿਉਂਦਿਆਂ ਦੀਆਂ ਯਾਦਾਂ ਵਿਚ ਹਮੇਸ਼ਾ ਸੰਜੀਵ ਰਹਿੰਦਾ। ਉਸ ਨਾਲ ਜੁੜੀਆਂ ਯਾਦਾਂ ਦੀਆਂ ਤਹਿਆਂ ਵਿਚ ਨਿਕਲਦੀ ਸੁਗੰਧ, ਮਾਣਮੱਤਾ ਅਹਿਸਾਸ ਭਵਿੱਖ ਦੇ ਨਾਮ ਕਰਦੀ। ਆਪਣੇ ਬਜੁਰਗਾਂ, ਪੀਰਾਂ, ਗੁਰੂਆਂ, ਪੈਗੰਬਰਾਂ, ਸ਼ਹੀਦਾਂ ਅਤੇ ਨਾਇਕ ਸਾਡੇ ਚੇਤਿਆਂ 'ਚ ਹਮੇਸ਼ ਵੱਸਦੇ।

ਮੌਤ ਨੂੰ ਮਾਣੋ। ਮੌਤ ਦਾ ਕੋਈ ਵਸਾਹ ਨਹੀਂ। ਅੱਜ ਨੂੰ ਖੂਬ ਮਾਣੋ। ਲੰਮੀ ਉਮਰ ਦੀ ਕਾਮਨਾ ਵਿਚ ਹੀ ਸਾਹਾਂ ਦੀ ਸੰਪਤੀ ਖਤਮ ਕਰਨ ਵਾਲਿਆਂ ਦੇ ਪੱਲੇ ਵਿਚ ਸਿਰਫ ਪਛਤਾਵਾ ਰਹਿ ਜਾਂਦਾ। ਮੌਤ ਵਿਚੋਂ ਜ਼ਿੰਦਗੀ ਦਾ ਰਸ ਚੱਖਣ ਵਾਲੇ ਅਤੇ ਹਰ ਪਲ 'ਚੋਂ ਸੁਖਨ, ਸਹਿਜ ਤੇ ਸੰਤੁਸ਼ਟੀ ਦਾ ਸੁਪਨ-ਸਜਾਉਣ ਵਾਲੇ ਜੀਵਨ-ਭਰਪੂਰਤਾ ਦਾ ਸੱਚ ਹੁੰਦੇ।

ਮੌਤ ਸਾਡੇ 'ਤੇ ਹੱਸਦੀ। ਮਨੁੱਖੀ ਸੋਚ 'ਤੇ ਵਿਅੰਗ ਕੱਸਦੀ। ਮਨੁੱਖੀ ਕਾਰਨਾਮਿਆਂ 'ਤੇ ਕਟਾਕਸ਼ ਕਰਦੀ ਅਤੇ ਮਨੁੱਖ ਮਾਯੂਸੀ ਦੇ ਆਲਮ ਵਿਚ ਜਿਉਂਦਾ। ਹੱਸਦੀ ਮੌਤ ਨੂੰ ਹੱਸ ਕੇ ਦਿਖਾਓ। ਮੌਤ, ਤੁਹਾਨੂੰ ਜਿਉਣ ਦਾ ਸਬਕ ਦੇ ਜਾਵੇਗੀ।

ਮੌਤ, ਜ਼ਿੰਦਗੀ ਦਾ ਅਹਿਮ ਹਿੱਸਾ। ਇਸ ਤੋਂ ਅਲਹਿਦਗੀ ਸੰਭਵ ਨਹੀਂ ਅਤੇ ਨਾ ਹੀ ਜੀਵਨ ਦਾ ਪੂਰਕ ਆ। ਇਸ ਵਿਚੋਂ ਜੀਵਨ ਨੂੰ ਪਰਿਭਾਸ਼ਤ ਕਰੋਗੇ ਤਾਂ ਜੀਵਨ ਦੀ ਸਾਰਥਕਤਾ ਤੇ ਅਹਿਮੀਅਤ ਦਾ ਅਹਿਸਾਸ ਪੈਦਾ ਹੋਵੇਗਾ। ਮੌਤ, ਕਸ਼ਟ ਨਹੀਂ। ਕਈ ਵਾਰ ਮਿੱਤਰਾਂ, ਸਬੰਧੀਆਂ ਅਤੇ ਸਕਿਆਂ ਵਲੋਂ ਲਾਏ ਫੱਟ, ਦਿਤੇ ਗਮ ਅਤੇ ਮਾਰੇ ਬੋਲ ਜ਼ਿਆਦਾ ਦੁਖਦਾਈ ਤੇ ਕਸ਼ਟਮਈ ਹੁੰਦੇ। ਮੌਤ ਤਾਂ ਇਨ੍ਹਾਂ ਕਸ਼ਟਾਂ ਤੋਂ ਨਿਜ਼ਾਤ ਹੁੰਦੀ।

ਮੌਤ ਇਕ ਨਿਆਮਤ ਤੇ ਵਰਦਾਨ ਜੋ ਜੀਵਨ ਦੇ ਸੁੱਖਦਾਈ ਅੰਤ ਅਤੇ ਸਹਿਜ ਵਰਤਾਰੇ ਵਿਚੋਂ ਆਪਣੀ ਦ੍ਰਿਸ਼ਟੀ ਦਾ ਬਿੰਬ ਕਰਮ-ਧਰਾਤਲ ਦੇ ਨਾਮ ਕਰਦੀ। ਮੌਤ ਵਿਚੋਂ ਜਿਉਣ, ਰੋਣ ਵਿਚੋਂ ਹੱਸਣ, ਦੁੱਖ ਵਿਚੋਂ ਸੁੱਖ, ਹਾਰ ਵਿਚੋਂ ਜਿੱਤ, ਨਾ-ਕਾਮਯਾਬੀ ਵਿਚੋਂ ਕਾਮਯਾਬੀ ਅਤੇ ਭੁੱਖ ਵਿਚੋਂ ਰੱਜ ਨੂੰ ਚਿੱਤਵਣ ਵਾਲੇ ਲੋਕ ਹੀ ਇਨਸਾਨੀਅਤ ਦੇ ਮਾਰਗੀ ਅਤੇ ਉਨ੍ਹਾਂ ਦੀ ਜ਼ਹਿਨੀਅਤ ਸਰਬਾਂਗੀ ਗੁਣਾਂ ਦਾ ਖਜਾਨਾ।

ਮਰੋ ਇਸ ਤਰ੍ਹਾਂ ਕਿ ਜਿਉਣਾ ਸਦਾ ਯਾਦ ਰਹੇ ਅਤੇ ਜੀਵੋ ਇਸ ਤਰ੍ਹਾਂ ਕਿ ਮਰਨਾ ਕਦੇ ਨਾ ਵਿਸਰੇ। ਹੱਸੋ ਇਸ ਤਰ੍ਹਾਂ ਕਿ ਰੋਣਾ ਯਾਦ ਰਹੇ ਅਤੇ ਰੋਵੋ ਇਸ ਤਰਾਂ ਕਿ ਹੱਸਣਾ ਵੀ ਤੁਹਾਡੀ ਸੋਚ-ਜੂਹ ਵਿਚ ਵੱਸਿਆ ਰਹੇ। ਵੱਸੋ ਇਸ ਤਰ੍ਹਾਂ ਕਿ ਉਜੜਨ ਦਾ ਖਿਆਲ ਵੀ ਰਹੇ ਅਤੇ ਉਜੜੋ ਇਸ ਤਰ੍ਹਾਂ ਕਿ ਤੁਹਾਡਾ ਵੱਸਣਾ ਯਾਦਗਾਰੀ ਹੋਵੇ। ਮਿਲੋ ਇਸ ਤਰ੍ਹਾਂ ਕਿ ਵਿਛੜਨ ਦਾ ਚੇਤਾ ਵੀ ਰਹੇ ਅਤੇ ਵਿਛੜੋ ਇਸ ਤਰ੍ਹਾਂ ਕਿ ਤੁਹਾਡਾ ਮਿਲਣਾ ਕਿਸੇ ਦੇ ਚੇਤਿਆਂ ਵਿਚ ਘਰ ਕਰ ਜਾਵੇ। ਬੋਲੋ ਇਸ ਤਰ੍ਹਾਂ ਕਿ ਤੁਹਾਡੀ ਚੁੱਪ ਵੀ ਪ੍ਰਸ਼ਨ ਪੈਦਾ ਕਰੇ ਅਤੇ ਚੁੱਪ ਇਸ ਤਰ੍ਹਾਂ ਹੋਵੋ ਕਿ ਇਹ ਬਹੁਤ ਕੁਝ ਅਣਬੋਲਿਆ ਵਕਤ ਦੇ ਬੋਲੇ ਕੰਨਾਂ ਨੂੰ ਸੁਣਾ ਦੇਵੇ। ਲਿਖੋ ਇਸ ਤਰ੍ਹਾਂ ਕਿ ਹਰਫ ਮਿੱਟ ਕੇ ਦੱਗਦੇ ਰਹਿਣ ਅਤੇ ਹਰਫਾਂ ਨੂੰ ਮਿਟਾਓ ਇਸ ਤਰ੍ਹਾਂ ਕਿ ਉਨ੍ਹਾਂ ਦੇ ਨਕਸ਼ ਸਮੇਂ ਦੀ ਧੜਕਣ ਬਣੇ ਰਹਿਣ। ਤੁਰੋ ਇਸ ਤਰ੍ਹਾਂ ਕਿ ਕਿਸੇ ਮੋੜ 'ਤੇ ਰੁਕਣਾ ਤੇ ਮੁੜਨਾ ਵੀ ਯਾਦ ਰਹੇ ਤੇ ਰੁਕੋ ਇੰਜ ਕਿ ਤੁਰਨਾ ਤੇ ਮੋੜ ਕੱਟਣਾ ਤੁਹਾਡੇ ਕਦਮਾਂ 'ਚ ਮਚਲਦਾ ਰਹੇ।

ਮੌਤ ਦੇ ਮਾਣਮੱਤੇ ਮੁਹਾਂਦਰੇ ਬਾਰੇ ਗੁਰਬਾਣੀ ਦਾ ਫੁਰਮਾਨ ਹੈ, "ਮੁਇਆ ਉਨ ਤੇ ਕੋ ਵਰਸਾਂਨੇ ॥੧॥" ਯਾਨਿ ਜੇ ਚੰਗਿਆਈ ਕਰਨੀ ਏ ਤਾਂ ਜਿਉਂਦੇ ਜੀ ਕਰੋ। ਮਰਨ ਤੋਂ ਬਾਅਦ ਤਾਂ ਕੁਝ ਵੀ ਮਨੁੱਖ ਦੇ ਵੱਸ ਨਹੀਂ ਰਹਿਣਾ। ਸਭ ਅਕਾਰਥ ਹੋਵੇਗਾ।

ਦਰਅਸਲ ਸਰੀਰਕ ਮੌਤ ਤੋਂ ਅਹਿਮ ਹੈ ਸਾਡੇ ਵਿਕਾਰਾਂ, ਘਟੀਆ ਸੋਚ ਅਤੇ ਮਨੁੱਖ ਦੀਆਂ ਮਾਰੂ ਬਿਰਤੀਆਂ ਦੀ ਮੌਤ ਦਾ ਸਵਾਲ, ਜਿਨ੍ਹਾਂ ਦੀ ਮੌਤ ਦੇ ਜਸ਼ਨਾਂ ਬਾਰੇ ਗੁਰਬਾਣੀ ਫੁਰਮਾਉਂਦੀ ਏ, "ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥" ਮੌਤ ਨੂੰ ਸ਼ਾਬਦਿਕ ਅਰਥਾਂ ਤੀਕ ਸੀਮਤ ਕਰਨ ਦੀ ਥਾਂ ਇਸ ਦੀ ਜੀਵਨ-ਸਾਰਥਕਤਾ ਤੇ ਜੀਵਨ-ਸੇਧ ਵੰਨੀਂ ਪ੍ਰੇਰਿਤ ਹੋਣ ਅਤੇ ਇਸ ਦੀਆਂ ਸਰਬਮੁਖੀ ਪਰਤਾਂ ਨੂੰ ਫਰੋਲਣ ਤੇ ਇਸ ਨੂੰ ਜੀਵਨ ਆਧਾਰ ਬਣਾਉਣ ਦੀ ਲੋੜ ਏ।

ਮੌਤ-ਮਲੰਗੀ ਨੂੰ ਮਾਣੋ। ਇਸ ਮਲੰਗੀ ਵਿਚੋਂ ਜੀਵਨ ਤਰਜ਼ੀਹਾਂ, ਸੰਭਾਵਨਾਵਾਂ, ਸੁਪਨਿਆਂ ਅਤੇ ਸਫਲਤਾਵਾਂ ਨੂੰ ਸੋਚ-ਸਰਦਲ ਦਾ ਹਿੱਸਾ ਬਣਾਉਣ ਤੇ ਤੁਹਾਨੂੰ ਮੌਤ-ਨਿਆਮਤ ਵਿਚੋਂ ਸੁੱਚੀਆਂ-ਸੱਚੀਆਂ ਸੂਹਜ ਭਰਪੂਰ ਸੁਖਨ ਮਾਰਗਾਂ ਦਾ ਸਿਰਨਾਵਾਂ ਮਿਲੇਗਾ।

# ਅਸਲੀ ਜ਼ਿੰਦਗੀ, ਫਿਲਮੀ ਕਹਾਣੀ

ਅਜੇ ਦੇਵਗਨ ਦੀ ਫਿਲਮ 'ਰੇਡ' ਅਤੇ ਸੰਜੇ ਦੱਤ ਦੀ ਬਾਇਓਪਿਕ 'ਸੰਜੂ' ਨੇ ਆਲੋਚਕਾਂ ਨੂੰ ਹੈਰਾਨ ਕੀਤਾ ਹੈ। ਪਰਦੇ 'ਤੇ ਜੀਵੰਤ ਕਹਾਣੀ ਨੂੰ ਦੇਖਣ ਦਾ ਅਲੱਗ ਹੀ ਮਜ਼ਾ ਹੁੰਦਾ ਹੈ ਅਤੇ ਇਹ ਦੋਨੋਂ ਫਿਲਮਾਂ ਇਸ ਦੀ ਤਾਜ਼ਾ ਮਿਸਾਲ ਹਨ। ਇਹੀ ਕਾਰਨ ਹੈ ਕਿ ਅੱਜ ਦੇ ਨਿਰਮਾਤਾ ਫਿਲਮ ਬਣਾਉਣ ਲਈ ਅਸਲ ਕਹਾਣੀ ਦੀ ਭਾਲ ਵਿਚ ਹਨ ਕਿਉਂਕਿ ਕਲਪਨਾ ਦੇ ਆਧਾਰ 'ਤੇ ਫਿਲਮਾਂ ਬਣਾ ਕੇ ਦਰਸ਼ਕਾਂ ਨੂੰ ਕਿੰਨਾ ਕੁ ਚਿਰ ਜੋੜਿਆ ਜਾ ਸਕਦਾ ਹੈ।




ਅਜੇ ਦੇਵਗਨ ਦੀ 'ਰੇਡ' ਵਿਚ ਅਭੈ ਪਟਨਾਇਕ ਨਾਲ ਦਰਸ਼ਕ ਪਹਿਲੇ ਦ੍ਰਿਸ਼ ਤੋਂ ਹੀ ਜੁੜ ਜਾਂਦੇ ਹਨ। ਕਹਾਣੀ ਸਿਰਫ ਇੱਕ ਰੇਡ 'ਤੇ ਕੇਂਦਰਿਤ ਹੈ। ਫਿਲਮ ਦਾ ਨਾਇਕ ਅਭੈ ਪਟਨਾਇਕ ਹੈ। 1980 ਦੇ ਇਸ ਇਮਾਨਦਾਰ ਆਈ.ਟੀ. ਅਫਸਰ ਨੂੰ ਬਹੁਤ ਘੱਟ ਲੋਕ ਜਾਣਦੇ ਸਨ, ਪਰ ਅੱਜ ਆਲਮ ਇਹ ਹੈ ਕਿ ਅਜਿਹੇ ਹੀ ਨਾਮਚੀਨ ਲੋਕਾਂ ਦੀ ਫਿਲਮਸਾਜ਼ਾਂ ਨੂੰ ਤਲਾਸ਼ ਹੈ।

'ਰੇਡ' ਦੇ ਨਿਰਦੇਸ਼ਕ ਰਾਜ ਕੁਮਾਰ ਗੁਪਤਾ ਦੱਸਦੇ ਹਨ, "ਅਜਿਹੇ ਸਾਧਾਰਨ ਲੋਕਾਂ ਦੀ ਸਫਲਤਾ ਰੋਚਕ ਕਹਾਣੀ ਬਿਆਨ ਕਰਦੀ ਹੈ। ਮੈਂ ਆਪਣੀਆਂ ਫਿਲਮਾਂ ਵਿਚ ਅਜਿਹੀ ਕਹਾਣੀ ਅਤੇ ਲੋਕਾਂ ਨੂੰ ਪੇਸ਼ ਕਰਨਾ ਪਸੰਦ ਕਰਦਾ ਹਾਂ। ਚਕਾਚੌਂਧ ਤੋਂ ਦੂਰ ਪਰ ਕੁਝ ਕਰ ਗੁਜ਼ਰਨ ਵਾਲੇ ਕਿਰਦਾਰ ਨੂੰ ਆਮ ਦਰਸ਼ਕ ਵੀ ਝੱਟ ਕਬੂਲ ਕਰ ਲੈਂਦੇ ਹਨ। ਕਈ ਵਾਰ ਕੁਝ ਚਰਚਿਤ ਲੋਕ ਵੀ ਇਹ ਕਮਾਲ ਕਰ ਜਾਂਦੇ ਹਨ, ਮੇਰੀ ਨਜ਼ਰ ਇਨ੍ਹਾਂ 'ਤੇ ਵੀ ਹੁੰਦੀ ਹੈ। ਇਸ ਦਾ ਸੁਖਦ ਪੱਖ ਹੈ ਕਿ ਵਿਸ਼ੇ ਦੀ ਚਿੰਤਾ ਛੱਡ ਕੇ ਤੁਸੀਂ ਸਿਰਫ ਇਸ ਦੀ ਪ੍ਰਸਤੁਤੀ 'ਤੇ ਆਪਣਾ ਧਿਆਨ ਕੇਂਦਰਿਤ ਕਰਦੇ ਹੋ।" 'ਸੰਜੂ' ਦੇ ਨਿਰਦੇਸ਼ਕ ਰਾਜਕੁਮਾਰ ਹਿਰਾਨੀ ਦਾ ਕਹਿਣਾ ਹੈ ਕਿ ਉਸ ਨੇ ਸੰਜੇ ਦੱਤ ਦੀਆਂ ਜ਼ਿਆਦਾਤਰ ਸੱਚੀਆਂ ਘਟਨਾਵਾਂ ਨੂੰ ਕੈਮਰੇ ਵਿਚ ਕੈਦ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਸ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਹੈ।

ਕੇਸਰੀ: ਸ਼ਾਇਦ ਬਹੁਤ ਲੋਕਾਂ ਨੂੰ 1897 ਦੀ ਸਾਰਾਗੜ੍ਹੀ ਦੀ ਵੱਡੀ ਲੜਾਈ ਯਾਦ ਹੋਏਗੀ। ਅੰਗਰੇਜ਼ੀ ਹਕੂਮਤ ਦੀ ਤਰਫ ਤੋਂ ਲੜਦੇ ਹੋਏ ਇਸ ਯਾਦਗਾਰ ਲੜਾਈ ਵਿਚ 21 ਸਿੱਖ ਸੈਨਿਕਾਂ ਨੇ 10 ਹਜ਼ਾਰ ਅਫਗਾਨੀ ਸੈਨਿਕਾਂ ਦੇ ਦੰਦ ਖੱਟੇ ਕਰ ਦਿੱਤੇ ਸਨ। ਇਸ ਦੇ ਬਾਅਦ ਇਸ ਲੜਾਈ ਦੇ ਨਾਇਕ ਦੇ ਤੌਰ 'ਤੇ ਹੌਲਦਾਰ ਈਸ਼ਰ ਸਿੰਘ ਨੇ ਇਤਿਹਾਸ ਵਿਚ ਆਪਣਾ ਨਾਂ ਦਰਜ ਕਰਵਾ ਲਿਆ। ਸਵਾ ਸੌ ਸਾਲ ਪਹਿਲਾਂ ਦੀ ਇਸ ਮਹਾਨ ਯੁੱਧ ਕਥਾ 'ਤੇ ਗਾਹੇ ਬਗਾਹੇ ਫਿਲਮਸਾਜ਼ਾਂ ਦੀ ਨਜ਼ਰ ਪੈਂਦੀ ਰਹੀ ਹੈ।

ਪਿਛਲੇ ਦਿਨਾਂ ਵਿਚ ਛੋਟੇ ਪਰਦੇ 'ਤੇ ਇਸੇ ਵਿਸ਼ੇ ਵਿਚ ਲੜੀਵਾਰ ਵੀ ਆ ਚੁੱਕਾ ਹੈ। ਦੂਜੀ ਦਰਫ ਪਿਛਲੇ ਸਾਲ ਇਹ ਫਿਰ ਉਦੋਂ ਚਰਚਾ ਵਿਚ ਆ ਗਈ ਜਦੋਂ ਧਰਮਾ ਪ੍ਰੋਡਕਸ਼ਨ ਦੇ ਕਰਨ ਜੌਹਰ ਨੇ ਇਸ ਨੂੰ 'ਕੇਸਰੀ' ਨਾਂ ਨਾਲ ਬਣਾਉਣ ਬਾਰੇ ਸੋਚਿਆ। ਪਹਿਲਾਂ ਸਲਮਾਨ ਖਾਨ ਇਸ ਮੁੱਖ ਭੂਮਿਕਾ ਨੂੰ ਨਿਭਾਉਣ ਵਾਲਾ ਸੀ, ਪਰ ਫੀਸ ਆਦਿ ਨੂੰ ਲੈ ਕੇ ਕੁਝ ਅਜਿਹੀ ਅੜਚਣ ਆਈ ਕਿ ਸਲਮਾਨ ਨੇ ਇਹ ਫਿਲਮ ਛੱਡ ਦਿੱਤੀ। ਫਿਰ ਅਕਸ਼ੈ ਕੁਮਾਰ ਦੀ ਇਸ ਫਿਲਮ ਲਈ ਚੋਣ ਹੋਈ। ਹੁਣ ਅਨੁਰਾਗ ਸਿੰਘ ਨਿਰਦੇਸ਼ਿਤ ਇਹ ਫਿਲਮ ਤੇਜ਼ੀ ਨਾਲ ਪੂਰੀ ਹੋ ਰਹੀ ਹੈ ਅਤੇ ਮਾਰਚ 2019 ਵਿਚ ਰਿਲੀਜ਼ ਹੋ ਰਹੀ ਹੈ।

ਗੋਲਡ: ਅਕਸ਼ੈ ਕੁਮਾਰ ਦੀ 'ਕੇਸਰੀ' ਦੀ ਫਿਲਮ ਵਾਂਗ ਹੀ ਦੂਜੀ ਫਿਲਮ 'ਗੋਲਡ' ਵੀ ਅਸਲ ਕਹਾਣੀ ਤੋਂ ਪ੍ਰੇਰਿਤ ਹੈ। ਅਕਸ਼ੈ ਦੀ ਨਜ਼ਰ ਅੱਜ ਕੱਲ੍ਹ ਅਸਲ ਕਹਾਣੀਆਂ 'ਤੇ ਹੀ ਹੈ। ਇਨ੍ਹਾਂ ਤੋਂ ਪਹਿਲਾਂ 'ਪੈਡਮੈਨ' ਆ ਚੁੱਕੀ ਹੈ। ਹੁਣ ਉਹ 15 ਅਗਸਤ ਨੂੰ ਰਿਲੀਜ਼ ਹੋਈ ਫਿਲਮ 'ਗੋਲਡ' ਵਿਚ ਉਘੇ ਹਾਕੀ ਖਿਡਾਰੀ ਬਲਬੀਰ ਸਿੰਘ ਦੇ ਰੂਪ ਵਿਚ ਨਜ਼ਰ ਆਇਆ ਹੈ। ਆਜ਼ਾਦੀ ਦੇ ਬਾਅਦ 1948 ਦੀਆਂ ਓਲੰਪਿਕ ਖੇਡਾਂ ਵਿਚ ਭਾਰਤ ਲਈ ਪਹਿਲਾ ਗੋਲਡ ਮੈਡਲ ਜਿਤਾਉਣ ਵਾਲੇ ਇਸ ਮਹਾਨ ਖਿਡਾਰੀ ਦਾ ਖੇਡ ਜੀਵਨ ਉਪਲਬਧੀਆਂ ਨਾਲ ਭਰਿਆ ਹੋਇਆ ਹੈ ਅਤੇ ਪਹਿਲਾ ਓਲੰਪਿਕ ਦਾ ਗੋਲਡ ਮੈਡਲ ਦਿਵਾਉਣ ਵਿਚ ਉਨ੍ਹਾਂ ਦਾ ਮੁੱਖ ਯੋਗਦਾਨ ਸੀ। ਇਹ ਚੰਗੀ ਗੱਲ ਹੈ ਕਿ 97 ਸਾਲ ਦੇ ਬਲਬੀਰ ਸਿੰਘ ਹੁਣ ਵੀ ਸਾਡੇ ਵਿਚਕਾਰ ਮੌਜੂਦ ਹਨ ਜੋ ਫਿਰ ਤੋਂ ਆਪਣੀਆਂ ਉਪਲਬਧੀਆਂ ਨੂੰ ਜੀਵਤ ਹੁੰਦਾ ਦੇਖ ਰਹੇ ਹਨ ਪਰ ਇਹ ਫਿਲਮ ਸਿਰਫ ਉਨ੍ਹਾਂ 'ਤੇ ਹੀ ਕੇਂਦਰਿਤ ਨਹੀਂ ਹੈ। ਇਸ ਵਿਚ ਹਾਕੀ ਦੀ ਰੋਚਕ ਦਾਸਤਾਂ ਹੈ।


ਫਿਲਮ 'ਸੁਪਰ 30' 'ਚ ਰਿਤਿਕ ਰੌਸ਼ਨ

ਇਕ ਹੋਰ ਉਘੇ ਖਿਡਾਰੀ ਧਿਆਨ ਚੰਦ ਦਾ ਉਦੈ ਇਥੋਂ ਹੀ ਸ਼ੁਰੂ ਹੁੰਦਾ ਹੈ। 'ਗੋਲਡ' ਵਿਚ ਕੁਣਾਲ ਕਪੂਰ ਧਿਆਨ ਚੰਦ ਦੇ ਕਿਰਦਾਰ ਵਿਚ ਹੈ।

83: ਅਗਲੇ ਸਾਲ ਦੇ ਮੱਧ ਵਿਚ ਰਿਲੀਜ਼ ਹੋਣ ਵਾਲੀ ਕਬੀਰ ਖਾਨ ਦੀ ਫਿਲਮ '83' ਹੁਣ ਤੋਂ ਹੀ ਚਰਚਾ ਦਾ ਵਿਸ਼ਾ ਬਣ ਚੁੱਕੀ ਹੈ। ਇਸ ਵਿਚ 1983 ਦੇ ਕ੍ਰਿਕਟ ਵਿਸ਼ਵ ਕੱਪ ਵਿਚ ਭਾਰਤ ਦੀ ਜਿੱਤ ਦਾ ਚਿੱਤਰਨ ਕੀਤਾ ਜਾਏਗਾ। ਨਿਸ਼ਚਤ ਤੌਰ 'ਤੇ ਇਸ ਜਿੱਤ ਦੇ ਮਹਾਂਨਾਇਕ ਕਪਿਲ ਦੇਵ ਸਨ ਅਤੇ ਕਪਿਲ ਦੇਵ ਦੀ ਇਸ ਭੂਮਿਕਾ ਨੂੰ ਅਭਿਨੇਤਾ ਰਣਵੀਰ ਸਿੰਘ ਨਿਭਾਏਗਾ। ਵੈਸੇ ਤਾਂ ਭਾਰਤ ਨੇ ਇਸ ਤੋਂ ਬਾਅਦ ਵੀ ਵਿਸ਼ਵ ਕੱਪ ਜਿੱਤਿਆ ਹੈ, ਪਰ ਇਹ ਜਿੱਤ ਹਮੇਸ਼ਾਂ ਭਾਰਤ ਲਈ ਯਾਦਗਾਰ ਅਤੇ ਇਤਿਹਾਸਕ ਰਹੇਗੀ।

ਸੁਪਰ 30: ਅਭਿਨੇਤਾ ਰਿਤਿਕ ਰੌਸ਼ਨ ਅੱਜ ਕੱਲ੍ਹ ਤੇਜ਼ੀ ਨਾਲ 'ਸੁਪਰ-30' ਦੀ ਸ਼ੂਟਿੰਗ ਕਰ ਰਿਹਾ ਹੈ। ਜਨਵਰੀ 2019 ਵਿਚ ਇਹ ਫਿਲਮ ਰਿਲੀਜ਼ ਹੋਏਗੀ। ਆਈ.ਆਈ.ਟੀ. ਦੇ ਪਾਸ ਆਊਟ ਅਧਿਆਪਕ ਆਨੰਦ ਕੁਮਾਰ ਸਿੱਖਿਆ ਜਗਤ ਲਈ ਉਦਾਹਰਨ ਹਨ। ਉਨ੍ਹਾਂ ਦੀ ਜੀਵਨੀ 'ਤੇ ਇਹ ਫਿਲਮ ਆਧਾਰਿਤ ਹੈ। ਰਿਤਿਕ ਇਸ ਵਿਚ ਪ੍ਰੋਫੈਸਰ ਆਨੰਦ ਕੁਮਾਰ ਦਾ ਕਿਰਦਾਰ ਨਿਭਾ ਰਿਹਾ ਹੈ।

ਬਾਇਓਪਿਕ 'ਤੇ ਨਜ਼ਰ: ਅਸਲ ਕਹਾਣੀ 'ਤੇ ਆਧਾਰਿਤ ਕਿਹੜੀਆਂ ਕਿਹੜੀਆਂ ਫਿਲਮਾਂ ਦਾ ਜ਼ਿਕਰ ਕੀਤਾ ਜਾਏ। ਹਕੀਕਤ ਇਹ ਹੈ ਕਿ ਸੱਚ ਦੀ ਤਲਾਸ਼ ਵਿਚ ਹੁਣ ਨਿਰਮਾਤਾਵਾਂ ਦੀ ਨਜ਼ਰ ਬਾਇਓਪਿਕ 'ਤੇ ਹੈ। ਇਨ੍ਹਾਂ ਦਿਨਾਂ ਵਿਚ ਸਾਇਨਾ ਨੇਹਵਾਲ, ਸਾਨੀਆ ਮਿਰਜ਼ਾ ਆਦਿ ਤੋਂ ਇਲਾਵਾ ਹੋਰ ਕਈ ਬਾਇਓਪਿਕ ਬਣ ਰਹੀਆਂ ਹਨ। ਇਧਰ ਸ਼ਾਹਰੁਖ ਦੀ ਨਜ਼ਰ ਵੀ ਪ੍ਰਸਿਧ ਪੁਲਾੜ ਯਾਤਰੀ ਰਾਕੇਸ਼ ਸ਼ਰਮਾ ਦੀ ਬਾਇਓਪਿਕ 'ਤੇ ਹੈ।

ਆਮਿਰ ਖਾਨ 'ਠੱਗਜ਼ ਆਫ ਹਿੰਦੁਸਤਾਨ' ਤੋਂ ਬਾਅਦ ਆਪਣੇ ਜੀਵਨ ਦੇ ਪੂਰੇ ਦਸ ਸਾਲ ਮਹਾਂਭਾਰਤ ਨੂੰ ਦੇਣਾ ਚਾਹੁੰਦਾ ਹੈ। ਖੁਦ ਆਮਿਰ ਇਸ ਪੌਰਾਣਿਕ ਕਥਾ ਵਿਚ ਵੀਰ ਕਰਨ ਜਾਂ


ਫਿਲਮ 'ਕੇਸਰੀ' ਦਾ ਪੋਸਟਰ।

ਭਗਵਾਨ ਕ੍ਰਿਸ਼ਨ ਦੀ ਭੂਮਿਕਾ ਨਿਭਾਉਣ ਦੀ ਗੱਲ ਕਈ ਵਾਰ ਦੁਹਰਾ ਚੁੱਕਿਆ ਹੈ।

ਕ੍ਰਿਕਟਰ ਸੁਨੀਲ ਗਾਵਸਕਰ 'ਤੇ ਵੀ ਫਿਲਮ ਬਣਾਉਣ ਦੀ ਗੱਲ ਚੱਲ ਰਹੀ ਹੈ। ਅਭਿਨੇਤਰੀ ਪ੍ਰਿਅੰਕਾ ਚੋਪੜਾ ਨੇ ਪੀ.ਟੀ. ਊਸ਼ਾ 'ਤੇ ਬਣਨ ਵਾਲੀ ਬਾਇਓਪਿਕ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ।

**–ਅਸੀਮ ਚਕਰਵਰਤੀ**

# 'ਕੁੜਮਾਈਆਂ': ਵਿਰਾਸਤੀ ਮਹਿਕ ਸਾਂਭਣ ਦਾ ਇਕ ਯਤਨ

ਗੁਰਮੀਤ ਸਾਜਨ ਪੰਜਾਬੀ ਫਿਲਮਾਂ ਦਾ ਇੱਕ ਨਾਮਵਰ ਅਦਾਕਾਰ ਹੈ ਜਿਸ ਨੇ ਪੰਜਾਬੀ ਤੇ ਹਿੰਦੀ ਫਿਲਮਾਂ ਵਿਚ ਵੱਖ ਵੱਖ ਕਿਰਦਾਰ ਨਿਭਾਏ ਹਨ ਪਰ ਪੇਂਡੂ ਕਿਰਦਾਰਾਂ ਦੀ ਸਫਲ ਪੇਸ਼ਕਾਰੀ ਕਰਦਿਆਂ ਹਾਸ ਵੰਨਗੀ ਵਾਲੇ ਸੰਵਾਦ ਅਤੇ ਅੰਦਾਜ਼ ਕਰਕੇ ਗੁਰਮੀਤ ਸਾਜਨ ਦੀ ਇੱਕ


ਗੁਰਮੀਤ ਸਾਜਨ

ਵੱਖਰੀ ਪਛਾਣ ਬਣੀ ਹੈ। ਪਿਛਲੇ ਲੰਮੇ ਸਮੇਂ ਤੋਂ ਕਲਾ ਦੇ ਖੇਤਰ ਵਿਚ ਸਰਗਰਮ ਗੁਰਮੀਤ ਸਾਜਨ ਅਦਾਕਾਰ ਦੇ ਨਾਲ ਨਾਲ ਇੱਕ ਚੰਗਾ ਲੇਖਕ ਵੀ ਹੈ। ਆਪਣੀ ਹੋਮ ਪ੍ਰੋਡਕਸ਼ਨ ਦੀਆਂ ਬਹੁਤੀਆਂ ਫਿਲਮਾਂ ਦੀਆਂ ਕਹਾਣੀਆ ਤੇ ਡਾਇਲਾਗ ਉਹ ਆਪ ਹੀ ਲਿਖਦਾ ਹੈ। ਛੋਟੀਆਂ ਫਿਲਮਾਂ ਦੇ ਸਰਗਰਮ ਦੌਰ ਵਿਚ ਗੁਰਮੀਤ ਸਾਜਨ ਨੇ ਜਿੱਥੇ ਸਭ ਤੋਂ ਵੱਧ ਫਿਲਮਾਂ ਬਣਾਈਆ, ਉਥੇ ਆਪਣੀਆਂ ਫਿਲਮਾਂ ਰਾਹੀਂ ਕਈ ਨਵੇਂ ਕਲਾਕਾਰ ਪੈਦਾ ਕੀਤੇ, ਜਿਨ੍ਹਾਂ ਦਾ ਅੱਜ ਕਲਾ ਦੇ ਖੇਤਰ ਵਿਚ ਚੰਗਾ ਨਾਂ ਹੈ।

'ਰੱਬ ਦਾ ਰੇਡੀਓ', 'ਅੰਗਰੇਜ਼', 'ਨਿੱਕਾ ਜ਼ੈਲਦਾਰ' (ਦੋਵੇਂ), 'ਵੇਖ ਬਰਾਤਾਂ ਚੱਲੀਆਂ', 'ਮੋਟਰ ਮਿੱਤਰਾਂ ਦੀ', 'ਸ੍ਹਾਬ ਬਹਾਦਰ', 'ਤੂਫਾਨ ਸਿੰਘ' ਆਦਿ ਅਣਗਿਣਤ ਪੰਜਾਬੀ ਫਿਲਮਾਂ ਵਿਚ ਵੱਖ ਵੱਖ ਕਿਰਦਾਰ ਨਿਭਾਉਣ ਵਾਲੇ ਗੁਰਮੀਤ ਸਾਜਨ ਨੂੰ 'ਅੰਗਰੇਜ਼' ਫਿਲਮ ਦੇ 'ਫੁੱਫੜ' ਵਾਲੇ ਕਿਰਦਾਰ ਨੇ ਕੌਮਾਂਤਰੀ ਪਛਾਣ ਦਿਵਾਈ।

ਪੰਜਾਬੀ ਫਿਲਮਾਂ ਦਾ ਇਹ ਪਰਪੱਕ ਕਲਾਕਾਰ ਗੁਰਮੀਤ ਸਾਜਨ ਹੁਣ ਨਿਰਮਾਤਾ, ਨਿਰਦੇਸ਼ਕ ਤੇ ਅਦਾਕਾਰ ਬਣ ਕੇ ਆਪਣੇ ਭਾਈਵਾਲ ਨਿਰਮਾਤਾ ਗੁਰਮੇਲ ਬਰਾੜ ਨਾਲ ਇੱਕ ਬਹੁਤ ਹੀ ਖੂਬਸੂਰਤ ਵਿਸ਼ੇ 'ਤੇ ਪੰਜਾਬੀ ਫਿਲਮ 'ਕੁੜਮਾਈਆਂ' ਲੈ ਕੇ ਆ ਰਿਹਾ ਹੈ ਜੋ ਪੰਜਾਬ ਦੀ ਧਰਾਤਲ ਨਾਲ ਜੁੜੀ ਪੰਜਾਬ ਪੰਜਾਬੀਅਤ ਦੀਆਂ ਕਥਾ-ਕਹਾਣੀਆਂ, ਰੀਤ ਰਿਵਾਜ਼ਾਂ ਨੂੰ ਬਹੁਤ ਨੇੜਿਓਂ ਬੜੀ ਰੌਚਕਤਾ ਨਾਲ ਪਰਦੇ 'ਤੇ ਰੂਪਮਾਨ ਕਰੇਗੀ। ਗੁਰਮੀਤ ਸਾਜਨ ਨੇ ਦੱਸਿਆ ਕਿ ਇਹ ਫਿਲਮ ਵਿਆਹ ਦੇ ਮਾਮਲੇ ਵਿਚ ਉਲਝੀ ਇੱਕ ਪਰਿਵਾਰਕ ਕਹਾਣੀ ਦਾ ਆਧਾਰ ਹੈ, ਜੋ ਦੋ ਦਿਲਾਂ ਵਿਚਲੇ ਪਿਆਰ, ਪਰਿਵਾਰਕ ਸਾਂਝਾਂ, ਮਨੋਰੰਜਨ, ਸਾਰਥਕ ਕਾਮੇਡੀ ਤੇ ਸੰਗੀਤ ਦਾ ਸੁਚੱਜਾ ਸੁਮੇਲ ਹੈ।

ਨਾਮੀ ਗਾਇਕ ਹਰਜੀਤ ਹਰਮਨ ਇਸ ਫਿਲਮ ਰਾਹੀਂ ਬਤੌਰ ਨਾਇਕ ਪੰਜਾਬੀ ਸਿਨੇਮੇ ਦਾ ਸ਼ਿੰਗਾਰ ਬਣਨ ਜਾ ਰਿਹਾ ਹੈ। ਕਈ ਸਾਲ ਪਹਿਲਾਂ ਹਰਮਨ, ਬੱਬੂ ਮਾਨ ਨਾਲ ਫਿਲਮ 'ਦੇਸੀ ਰੋਮਿਓ' ਵਿਚ ਸੈਕਿੰਡ ਲੀਡ 'ਚ ਨਜ਼ਰ ਆਇਆ ਸੀ। ਫਿਲਮ 'ਕੁੜਮਾਈਆਂ' ਨਾਲ ਹਰਜੀਤ ਹਰਮਨ ਦੀ ਮੁੜ ਵਾਪਸੀ ਹੋ ਰਹੀ ਹੈ। ਰੌਸ਼ਨ ਪ੍ਰਿੰਸ ਨਾਲ 'ਫੇਰ ਮਾਮਲਾ ਗੜਬੜ ਗੜਬੜ' ਫਿਲਮ ਨਾਲ ਚਰਚਾ ਵਿਚ ਆਈ ਅਦਾਕਾਰਾ ਜਪੁਜੀ ਖਹਿਰਾ ਇਸ ਫਿਲਮ ਵਿਚ ਹਰਜੀਤ ਹਰਮਨ ਦੀ ਨਾਇਕਾ ਬਣੀ ਹੈ।

ਵਿਨਰਜ਼ ਫਿਲਮ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਫਿਲਮ 'ਕੁੜਮਾਈਆਂ' 14 ਸਤੰਬਰ ਨੂੰ ਰਿਲੀਜ਼ ਹੋ ਰਹੀ ਹੈ। ਫਿਲਮ ਵਿਚ ਹਰਜੀਤ ਹਰਮਨ ਤੇ ਜਪੁਜੀ ਖਹਿਰਾ ਤੋਂ ਇਲਾਵਾ ਨਿਰਮਲ ਰਿਸ਼ੀ, ਅਨੀਤਾ ਦੇਵਗਨ, ਗੁਰਮੀਤ ਸਾਜਨ, ਪਰਮਿੰਦਰ ਕੌਰ ਗਿੱਲ, ਵੀਤ ਬਲਜੀਤ, ਰਾਖੀ ਹੁੰਦਲ, ਹਰਬੀ ਸੰਘਾ, ਹੌਬੀ ਧਾਲੀਵਾਲ, ਹਰਦੀਪ ਗਿੱਲ, ਰਮਣੀਕ ਸੰਧੂ, ਜਸ਼ਨਜੀਤ ਗੋਸ਼ਾ, ਅਨਮੋਲ ਵਰਮਾ, ਅਮਨ ਸੇਖੋਂ, ਪ੍ਰਕਾਸ਼ ਗਾਧੂ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਗੁਰਮੀਤ ਸਾਜਨ ਨੇ ਆਪਣੇ ਤਜਰਬੇ ਵਰਤਦਿਆਂ ਅਦਾਕਾਰੀ ਦੇ ਨਾਲ ਨਾਲ ਬਤੌਰ ਨਿਰਦੇਸ਼ਕ ਵੀ ਮਨਜੀਤ ਸਿੰਘ ਟੋਨੀ ਦਾ ਸਾਥ ਦਿੱਤਾ ਹੈ। ਕਹਾਣੀ ਮਨਜੀਤ ਸਿੰਘ ਟੋਨੀ ਨੇ ਲਿਖੀ ਹੈ। ਸਕਰੀਨ ਪਲੇਅ ਰਾਜੂ ਵਰਮਾ ਨੇ ਤਿਆਰ ਕੀਤਾ ਹੈ ਜਦਕਿ ਡਾਇਲਾਗ ਗੁਰਮੀਤ ਸਾਜਨ ਨੇ ਖੁਦ ਲਿਖੇ ਹਨ। ਐਸ. ਐਸ. ਬੱਤਰਾ ਤੇ ਗੁਰਮੀਤ ਫੋਟੋਜੈਨਿਕ ਇਸ ਫਿਲਮ ਦੇ ਸਹਿ ਨਿਰਮਾਤਾ ਹਨ। ਬਚਨ ਬੇਦਿਲ, ਵਿੱਕੀ ਧਾਲੀਵਾਲ, ਗੁਰਮੇਲ ਬਰਾੜ ਤੇ ਰਾਜੂ ਵਰਮਾ ਦੇ ਲਿਖੇ ਗੀਤਾਂ ਨੂੰ ਅਤੁਲ ਸ਼ਰਮਾ ਅਤੇ ਮਿਕਸ ਸਿੰਘ ਦੇ ਸੰਗੀਤ ਵਿਚ ਗਾਇਕ ਨਛੱਤਰ ਗਿੱਲ, ਹਰਜੀਤ ਹਰਮਨ, ਰਜ਼ਾ ਹੀਰ, ਗੁਰਨਾਮ ਭੁੱਲਰ, ਮੰਨਤ ਨੂਰ, ਜਸਪਿੰਦਰ ਨਰੂਲਾ ਅਤੇ ਗੁਰਮੇਲ ਬਰਾੜ ਨੇ ਗਾਇਆ ਹੈ।




ਗੁਰਮੀਤ ਸਾਜਨ, ਗੁਰਮੇਲ ਬਰਾੜ ਤੇ ਮਨਜੀਤ ਟੋਨੀ ਅਨੁਸਾਰ ਦਰਸ਼ਕ ਹੁਣ ਚੰਗੇ ਵਿਸ਼ੇ ਦੀਆਂ ਮਨੋਰੰਜਕ ਫਿਲਮਾਂ ਹੀ ਪਸੰਦ ਕਰਦਾ ਹੈ। ਹਲਕੇ ਪੱਧਰ ਦੀਆਂ ਦੋਅਰਥੀ ਸੰਵਾਦਾਂ ਵਾਲੀਆਂ ਫਿਲਮਾਂ ਅਸਲ ਸਿਨਮੇ ਦਾ ਹਿੱਸਾ ਨਹੀਂ ਬਣ ਸਕਦੀਆਂ। 'ਕੁੜਮਾਈਆਂ' ਆਮ ਫਿਲਮਾਂ ਤੋਂ ਹਟ ਕੇ ਬਣੀ ਪੰਜਾਬੀ ਸੱਭਿਆਚਾਰ ਤੇ ਵਿਰਾਸਤੀ ਦਸਤਾਵੇਜ਼ ਨੂੰ ਸਾਂਭਦੀ ਫਿਲਮ ਹੈ।

**–ਸੁਰਜੀਤ ਜੱਸਲ**
**ਫੋਨ: 91-98146-07737**

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

## ਸਮੂਹ ਸੰਗਤ ਨੂੰ
## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
## ਪ੍ਰਥਮ ਪ੍ਰਕਾਸ਼ ਪੁਰਬ ਦੀ

# ਕੋਟਾਨਿ ਕੋਟਿ ਵਧਾਈ



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼ ਪੁਰਬ 10 ਸਤੰਬਰ 2018 ਨੂੰ ਆ ਰਿਹਾ ਹੈ। ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੇਮੀਆਂ ਵਲੋਂ ਘਰੋ ਘਰੀ ਕੀਤੇ ਗਏ ਸਹਿਜ ਪਾਠਾਂ ਦੇ ਸਮੂਹਿਕ ਭੋਗ ਗੁਰਦੁਆਰਾ ਸੰਤ ਸਾਗਰ ਵਿਖੇ 16 ਸਤੰਬਰ, ਐਤਵਾਰ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਦਿਨ ਭਰ ਦੀਵਾਨ ਸਜੇਗਾ।

ਦੀਵਾਨ ਵਿਚ ਪੰਥ ਪ੍ਰਸਿਧ ਰਾਗੀ ਭਾਈ ਜਰਨੈਲ ਸਿੰਘ ਮਹਿਕ ਦੇਹਰਾਦੂਨ ਵਾਲੇ ਤੇ ਭਾਈ ਗੁਰਵਿੰਦਰਬੀਰ ਸਿੰਘ ਸਾਬਕਾ ਹਜੂਰੀ ਰਾਗੀ ਦਰਬਾਰ ਸਾਹਿਬ ਗੁਰਬਾਣੀ ਕੀਰਤਨ ਅਤੇ ਕਥਾਵਾਚਕ ਗਿਆਨੀ ਪੂਰਨ ਸਿੰਘ ਲੁਧਿਆਣਾ ਵਾਲੇ ਕਥਾ ਵਿਆਖਿਆ ਨਾਲ ਸੰਗਤ ਨੂੰ ਨਿਹਾਲ ਕਰਨਗੇ।

ਇਸ ਸਾਰੇ ਪ੍ਰੋਗਰਾਮ ਦਾ ਯੂ ਟਿਊਬ 'ਤੇ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ।



ਹੋਰ ਜਾਣਕਾਰੀ ਫੋਨ: 718-343-1030 ਰਾਹੀਂ ਲਈ ਜਾ ਸਕਦੀ ਹੈ

ਬੇਨਤੀ ਕਰਤਾ: ਦਾਸ ਭਾਈ ਸੱਜਣ ਸਿੰਘ, ਸਾਬਕਾ ਹਜੂਰੀ ਰਾਗੀ, ਦਰਬਾਰ ਸਾਹਿਬ।